ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 12 | Issue 13 | 31 March 2022 to 06 April 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਸ਼੍ਰੋਮਣੀ ਕਮੇਟੀ ’ਚ ਅਰਬਾਂ ਦੇ ਹੋਏ ਘਪਲੇ

## ✪ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਲਗਾਏ ਦੋਸ਼ ✪ ਸਿਰੋਪਾਉ ਭੇਂਟ ਕਰਨ ਲਈ 18 ਕਰੋੜ 7 ਲੱਖ ਰੁਪਏ ਤੋਂ ਵੱਧ ਦਾ ਕਪੜਾ ਖ਼ਰੀਦ ਕੇ ਤਕਰੀਬਨ 36 ਲੱਖ 15 ਹਜ਼ਾਰ ਦੇ ਕਰੀਬ ਸਿਰੋਪਾਉ ਦਿੱਤੇ

**ਐੱਸ. ਏ. ਐੱਸ. ਨਗਰ/ਏ.ਟੀ.ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਦਰ ਫੈਲੇ ਭ੍ਰਿਸ਼ਟਾਚਾਰ ਦੀ ਜੇਕਰ ਜਾਂਚ ਕਾਰਵਾਈ ਜਾਵੇ ਤਾਂ ਇਹ ਪੰਜਾਬ ਸਰਕਾਰ ਵਿਚ ਫੈਲੇ ਭ੍ਰਿਸ਼ਟਚਾਰ ਨਾਲੋਂ ਉਨੀ ਨਹੀਂ, ਬਲਕਿ ਇੱਕੀ ਗੁਣਾਂ ਵੱਧ ਸਾਬਤ ਹੋਵੇਗਾ । ਇਹ ਦੋਸ਼ ਕਿਸੇ ਹੋਰ ਨੇ ਨਹੀਂ ਸਗੋਂ ਡੇਢ ਦਰਜ਼ਨ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਮੁਹਾਲੀ ਵਿਖੇ ਸੱਦੇ ਗਏ ਇਕ ਪੱਤਰਕਾਰ ਸੰਮੇਲਨ ਦੌਰਾਨ ਲਗਾਏ। ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਮੈਂਬਰ ਮਾਸਟਰ ਮਿੱਠੂ ਸਿੰਘ ਕਾਹਨੇਕੇ, ਗੁਰਪ੍ਰੀਤ ਸਿੰਘ ਰੰਧਾਵੇ ਵਾਲੇ, ਮਲਕੀਤ ਸਿੰਘ ਚੰਗਾਲ, ਹਰਦੇਵ ਸਿੰਘ ਰੋਗਲਾ, ਜੈਪਾਲ ਸਿੰਘ ਮੰਡੀਆਂ, ਰਾਮਪਾਲ ਸਿੰਘ ਬਹਿਣੀਵਾਲ, ਨਿਰਮੈਲ ਸਿੰਘ ਜੌਲਾਂਕਲਾਂ, ਬਾਬਾ ਗੁਰਮੀਤ ਸਿੰਘ ਤਿਰਲੋਕੇ ਵਾਲੇ, ਮੁਹਿੰਦਰ ਸਿੰਘ ਹੁਸੈਨਪੁਰ ਅਤੇ ਹਰਪ੍ਰੀਤ ਸਿੰਘ ਗਰਚਾ ਆਦਿ ਨੇ ਕਿਹਾ ਕਿ ਬਾਦਲ ਪਰਿਵਾਰ ਦੀ ਮਾਲਕੀ ਵਾਲੇ ਪੀ. ਟੀ. ਸੀ. ਚੈਨਲ ਵਲੋਂ ਸ੍ਰੀ ਦਰਬਾਰ ਸਾਹਿਬ ਤੋਂ ਹੋਣ ਵਾਲੇ ਪ੍ਰਸਾਰਣ ਅਤੇ ਗੁਰਬਾਣੀ ਕੀਰਤਨ ਉਤੇ ਏਕਾਧਿਕਾਰ ਕਾਇਮ ਕਰਨਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀਆਂ ਬੇਅਦਬੀਆਂ ਅਤੇ ਛਪਾਈ ਵਿਚ ਘਪਲੇਬਾਜ਼ੀਆਂ ਅਤੇ ਸ਼੍ਰੋਮਣੀ ਕਮੇਟੀ ਦੇ ਬਰਾਬਰ ਇਕ ਹੋਰ ਨਵਾਂ ਟਰੱਸਟ ਪ੍ਰਬੰਧ ਸਥਾਪਤ ਕਰਨਾ ਅਜਿਹੀਆਂ ਮੰਦਭਾਗੀਆਂ ਅਤੇ ਨਾ ਸਹਿਣਯੋਗ ਘਟਨਾਵਾਂ ਹਨ, ਜਿਨਾਂ ਵਿਚ ਸਿੱਖ ਕੌਮ ਨੂੰ ਅਜੇ ਤੱਕ ਇਨਸਾਫ਼ ਨਹੀਂ ਮਿਲਿਆ। ਉਨਾਂ ਕਿਹਾ ਕਿ ਕਮੇਟੀ ਅਧੀਨ ਚੱਲ ਰਹੇ ਗੁਰਦੁਆਰਾ ਸਾਹਿਬਾਨਾਂ ਦਾ ਪ੍ਰਬੰਧ, ਵਿੱਦਿਅਕ ਅਦਾਰੇ ਅਤੇ ਹੋਰ ਅਦਾਰੇ ਕਰੋੜਾਂ ਰੁਪਏ ਦੇ ਘਾਟੇ ਵਿਚ ਚੱਲ ਰਹੇ ਹਨ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰ ਮਾਸਟਰ ਮਿੱਠੂ ਸਿੰਘ ਕਾਹਨੇਕੇ ਨੇ ਕਿਹਾ ਚਾਲੂ ਮਾਲੀ ਸਾਲ 2022-23 ਦਾ 29 ਕਰੋੜ 70 ਲੱਖ ਦੇ ਘਾਟੇ ਵਾਲਾ ਬਜਟ 30 ਮਾਰਚ ਨੂੰ ਅੰਮ੍ਰਿਤਸਰ ਵਿਖੇ ਪੇਸ਼ ਹੋਣ ਜਾ ਰਿਹਾ ਹੈ । ਉਨਾਂ ਦੋਸ਼ ਲਗਾਇਆ ਕਿ ਇਹ ਬਜਟ ਸ਼੍ਰੋਮਣੀ ਗੁਰਦੁਆਰਾ ਐਕਟ 1925 ਅਤੇ ਪ੍ਰਬੰਧ ਸਕੀਮ ਐਕਟ ਮੁਤਾਬਕ ਤਿਆਰ ਨਹੀਂ ਕੀਤਾ ਗਿਆ। ਉਨਾਂ ਕਿਹਾ ਕਿ ਬਜਟ ਅਨੁਮਾਨ ਵਿਚ ਮਾਝੇ ਖੇਤਰ ਵਿਚ 2991 ਏਕੜ ਦੀ ਜ਼ਮੀਨ ਤੋਂ ਅਸਲ ਆਮਦਨ 4 ਕਰੋੜ 89 ਲੱਖ 50 ਹਜ਼ਾਰ ਦਰਸਾਈ ਗਈ ਹੈ, ਜੋ ਕਿ ਬਹੁਤ ਘੱਟ ਹੈ। ਜ਼ਿਕਰਯੋਗ ਹੈ ਗੁਰਦੁਆਰਾ ਬਾਬਾ ਬੁੱਢਾ ਜੀ ਪਿੰਡ ਤੇਜਾਕਲਾਂ ਦੀ 1015 ਏਕੜ ਜ਼ਮੀਨ, ਗੁਰਦੁਆਰਾ ਬਾਬਾ ਬੁੱਢਾ ਜੀ ਰਾਮਦਾਸਪੁਰਾ ਦੀ 1300 ਏਕੜ ਜ਼ਮੀਨ ਅਤੇ ਗੁਰਦੁਆਰਾ ਸਾਹਿਬ ਡੇਰਾ ਬਾਬਾ ਨਾਨਕ ਦੀ 676 ਏਕੜ ਜ਼ਮੀਨ ਹੈ। ਉਨਾਂ ਦੱਸਿਆ ਕਿ ਇਨਾਂ ਜ਼ਮੀਨਾਂ ਦਾ ਔਸਤਨ ਠੇਕਾ 15-16 ਹਜ਼ਾਰ ਪ੍ਰਤੀ ਏਕੜ ਦੇ ਲਗਭਗ ਬਣਦਾ ਹੈ, ਜਦਕਿ ਸ਼੍ਰੋਮਣੀ ਕਮੇਟੀ ਦੀਆਂ ਜ਼ਮੀਨਾਂ ਦਾ ਮਾਲਵਾ ਖੇਤਰ ਅੰਦਰ ਠੇਕਾ 60-65 ਹਜ਼ਾਰ ਪ੍ਰਤੀ ਏਕੜ ਚੱਲ ਰਿਹਾ ਹੈ।

**ਸਿਰੋਪਾ ਸਾਹਿਬ ਦੀ ਦੁਰਵਰਤੋਂ**

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵਲੋਂ

ਬਾਕੀ ਸਫ਼ਾ 33 ’ਤੇ

### ਬੇਅਦਬੀਆਂ ਨੂੰ ਲੈ ਕੇ ਸ਼੍ਰੋਮਣੀ ਪ੍ਰਧਾਨ ਦੀ ਕਾਰਵਾਈ ਤੋਂ ਜਨਰਲ ਸਕੱਤਰ ਅਸੰਤੁਸ਼ਟ

**ਅੰਮ੍ਰਿਤਸਰ :** ਦਰਬਾਰ ਸਾਹਿਬ ਵਿਖੇ ਬੀਤੇ ਦਿਨੀਂ ਹੋਈਆਂ ਬੇਅਦਬੀ ਘਟਨਾਵਾਂ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਮੁਲਾਜ਼ਮਾਂ ’ਤੇ ਕੀਤੀਆਂ ਕਾਰਵਾਈਆਂ ਤੋਂ ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ ਸੰਤੁਸ਼ਟ ਨਹੀਂ ਹਨ। ਜਥੇਦਾਰ ਪੰਜੋਲੀ ਨੇ ਕਿਹਾ ਕਿ ਦਰਬਾਰ ਸਾਹਿਬ ਵਿਖੇ ਹੋ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਚਿੰਤਾਜਨਕ ਹਨ। ਇਸ ਲਈ ਜਿੱਥੇ ਬੇਅਦਬੀਆਂ ਲਈ ਪ੍ਰਬੰਧਕ ਜ਼ਿੰਮੇਵਾਰ ਹਨ, ਉਥੇ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਵੀ ਜ਼ਿੰਮੇਵਾਰ ਹਨ। ਉਨਾਂ ਕਿਹਾ ਕਿ ਜਿੱਥੇ ਦਰਬਾਰ ਸਾਹਿਬ ਦਾ ਉਦੋਂ ਦਾ ਮੈਨੇਜਰ ਜ਼ਿੰਮੇਵਾਰ ਸੀ, ਉੱਥੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਵੀ ਜ਼ਿੰਮੇਵਾਰ ਹਨ। ਪੰਜੋਲੀ ਨੇ ਕਿਹਾ ਕਿ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੂੰ ਆਪ ਹੀ ਅਹੁਦੇ ਤੋਂ ਪਿੱਛੇ ਹਟ ਜਾਣਾ ਚਾਹੀਦਾ ਹੈ। ਉਨਾਂ ਕਿਹਾ ਕਿ ਬੇਅਦਬੀਆਂ ਨੂੰ ਰੋਕਣ ਲਈ ਪਾਵਨ ਸਰੂਪ ’ਤੇ ਬਾਰਕੋਡ ’ਤੇ ਚਿੱਪ ਸਿਸਟਮ ਲਾਉਣ ਲਈ ਗੱਲਬਾਤ ਚੱਲ ਰਹੀ ਹੈ। ਜੇ ਇਸ ਤਰਾਂ ਹੁੰਦਾ ਹੈ ਤਾਂ ਪਾਵਨ ਸਰੂਪ ਜਿਸ ਸੰਸਥਾ ਜਾਂ ਪਰਿਵਾਰ ਪਾਸ ਹੋਵੇਗਾ, ਦਾ ਡੈਟਾ ਵੀ ਸ਼੍ਰੋਮਣੀ ਕਮੇਟੀ ਪਾਸ ਹੋਵੇਗਾ। ਇਸ ਤੋਂ ਬਾਅਦ ਪਾਵਨ ਸਰੂਪ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਸੰਸਥਾ ਜਾਂ ਪਰਿਵਾਰ ਦੀ ਜ਼ਿਆਦਾ ਹੋਵੇਗੀ। ਬੇਅਦਬੀ ਨੂੰ ਰੋਕਣ ਲਈ ਹਰ ਸੰਸਥਾ ਚਿੰਤਤ ਹੈ ਕਿ ਇਸ ’ਤੇ ਜਲਦ ਹੀ ਕੋਈ ਫੈਸਲਾ ਹੋਣਾ ਚਾਹੀਦਾ ਹੈ।

# ਪੰਜਾਬ ਦੀ ਰਾਜਧਾਨੀ ਚੰਡੀਗੜ ਉਤੇ ਕੇਂਦਰ ਸਰਕਾਰ ਕਬਜਾ ਕਰਨ ਲੱਗੀ

## ✪ ਚੰਡੀਗੜ ਵਿਚ ਹੁਣ ਕੇਂਦਰੀ ਸਰਵਿਸ ਨਿਯਮ ਹੋਣਗੇ ਲਾਗੂ : ਅਮਿਤ ਸ਼ਾਹ ਨੇ ਕੀਤਾ ਐਲਾਨ ✪ ਪੰਜਾਬ ਚੰਡੀਗੜ ’ਤੇ ਆਪਣੇ ਬਣਦੇ ਦਾਅਵੇ ਲਈ ਪੂਰੀ ਤਾਕਤ ਨਾਲ ਲੜੇਗਾ : ਭਗਵੰਤ ਮਾਨ ✪ ਕੇਂਦਰ ਸਰਕਾਰ ਪੰਜਾਬ ਦੇ ਸੰਘੀ ਅਧਿਕਾਰਾਂ ਨੂੰ ਖੋਰਾ ਲਾ ਰਹੀ : ਖਹਿਰਾ ✪ ਚੰਡੀਗੜ ਵਿਚ ਮੁਲਾਜ਼ਮਾਂ ‘ਤੇ ਕੇਂਦਰ ਸਰਕਾਰ ਦੇ ਨਿਯਮ ਲਾਗੂ ਕਰਨਾ ਪੰਜਾਬ ਦੇ ਹੱਕਾਂ ‘ਤੇ ਡਾਕਾ : ਡਾ. ਚੀਮਾ

**ਚੰਡੀਗੜ :** ਬੀਤੇ ਦਿਨੀਂ ਪੰਜਾਬ ਦੀ ਰਾਜਧਾਨੀ ਚੰਡੀਗੜ ਵਿਚ ਪਹੁੰਚੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਚੰਡੀਗੜ ਦੇ ਮੁਲਾਜ਼ਮਾਂ ਨੂੰ ਲੈ ਕੇ ਵੱਡਾ ਐਲਾਨ ਕੀਤਾ। ਅਮਿਤ ਸ਼ਾਹ ਨੇ ਕਿਹਾ ਕਿ ਹੁਣ ਚੰਡੀਗੜ ਦੇ ਮੁਲਾਜ਼ਮਾਂ ’ਤੇ ਪੰਜਾਬ ਦੀ ਥਾਂ ਕੇਂਦਰੀ ਸਰਵਿਸ ਨਿਯਮ ਲਾਗੂ ਹੋਣਗੇ। ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜਾਵੇਗਾ। ਕੇਂਦਰੀ ਸਰਵਿਸ ਨਿਯਮ ਅਨੁਸਾਰ ਮੁਲਾਜ਼ਮ ਹੁਣ 60 ਸਾਲ ਦੀ ਉਮਰ ਵਿਚ ਸੇਵਾ-ਮੁਕਤ ਹੋਣਗੇ।

ਯਾਦ ਰਹੇ ਕਿ ਭਾਰਤੀ ਜਨਤਾ ਪਾਰਟੀ ਦੀ ਸਿਆਸਤ ਵਿਚ ਫੈਡਰਲਿਜ਼ਮ ਲਈ ਸੰਵੇਦਨਸ਼ੀਲਤਾ ਬਹੁਤ ਘੱਟ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਚੰਡੀਗੜ ਫੇਰੀ ਦੌਰਾਨ ਚੰਡੀਗੜ ਦੇ ਮੁਲਾਜ਼ਮਾਂ ਦੀਆਂ ਸੇਵਾ ਸ਼ਰਤਾਂ ’ਤੇ ਕੇਂਦਰੀ ਸਿਵਲ ਸੇਵਾਵਾਂ ਨਿਯਮ ਲਾਗੂ ਕਰਨਾ ਅਜਿਹਾ ਹੀ ਫ਼ੈਸਲਾ ਹੈ। ਹੁਣ ਤਕ ਚੰਡੀਗੜ ਦੇ ਮੁਲਾਜ਼ਮਾਂ ’ਤੇ ਪੰਜਾਬ ਸਿਵਲ ਸੇਵਾਵਾਂ ਦੇ ਨਿਯਮ ਹੀ ਲਾਗੂ ਹੁੰਦੇ ਰਹੇ ਹਨ। ਨਵੇਂ ਨਿਯਮ ਪਹਿਲੀ ਅਪ੍ਰੈਲ ਤੋਂ ਲਾਗੂ ਹੋਣਗੇ।

ਚੰਡੀਗੜ ਦੇ ਮੁਲਾਜ਼ਮਾਂ ’ਤੇ ਪੰਜਾਬ ਸਿਵਲ ਸੇਵਾਵਾਂ ਦੇ ਨਿਯਮ ਲਾਗੂ ਹੋਣਾ ਇਸ ਤੱਥ ਦਾ ਪ੍ਰਤੀਕ ਸੀ ਕਿ ਪੰਜਾਬ ਚੰਡੀਗੜ ਦੀ ਰਾਜਧਾਨੀ ਹੈ ਅਤੇ ਚੰਡੀਗੜ ’ਤੇ ਮੁੱਢਲਾ ਹੱਕ ਉਸੇ ਦਾ ਹੈ। ਚੰਡੀਗੜ ਪੁਆਧੀ ਪੰਜਾਬੀ ਬੋਲਣ ਵਾਲੇ 50 ਪਿੰਡਾਂ ਦੀ ਜ਼ਮੀਨ ’ਤੇ ਬਣਾਇਆ ਗਿਆ ਹੈ। ਵੱਡੇ ਸੰਘਰਸ਼ ਤੋਂ ਬਾਅਦ ਭਾਸ਼ਾ ਦੇ ਆਧਾਰ ’ਤੇ ਹੁਣ ਵਾਲਾ ਪੰਜਾਬ ਪਹਿਲੀ ਨਵੰਬਰ 1966 ਨੂੰ ਹੋਂਦ ਵਿਚ ਆਇਆ। ਚੰਡੀਗੜ ਬਾਰੇ ਕੋਈ ਫ਼ੈਸਲਾ ਨਾ ਹੋ ਸਕਿਆ ਤੇ ਇਸ ਨੂੰ ਕੇਂਦਰੀ ਸ਼ਾਸਿਤ ਪ੍ਰਦੇਸ਼ ਦਾ ਦਰਜਾ ਦੇ ਦਿੱਤਾ ਗਿਆ। ਚੰਡੀਗੜ ਪੰਜਾਬ ਨੂੰ ਦੇਣ ਬਾਰੇ ਲਹਿਰ ਉੱਠੀ ਜਿਸ ਵਿਚ ਸੰਤ ਫਤਹਿ ਸਿੰਘ ਨੇ ਆਪਣੇ ਆਪ ਨੂੰ ਅੱਗ ਲਾ ਕੇ ਬਲੀਦਾਨ ਦੇਣ ਦਾ ਐਲਾਨ ਕੀਤਾ ਪਰ ਬਾਅਦ ਵਿਚ ਇਹ ਫ਼ੈਸਲਾ ਵਾਪਸ ਲੈ ਲਿਆ। ਇਸ ਮੰਗ ਨੂੰ ਮਨਾਉਣ ਵਾਸਤੇ ਦਰਸ਼ਨ ਸਿੰਘ ਫੇਰੂਮਾਨ ਨੇ ਸ਼ਹਾਦਤ ਵੀ ਦਿੱਤੀ।

1985 ਵਿਚ ਤਤਕਾਲੀਨ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਰਮਿਆਨ ਹੋਏ ਰਾਜੀਵ-ਲੌਂਗੋਵਾਲ ਸਮਝੌਤੇ ਦੌਰਾਨ ਇਹ ਤੈਅ ਹੋਇਆ ਕਿ ਚੰਡੀਗੜ ਪੰਜਾਬ ਨੂੰ ਦੇ ਦਿੱਤਾ ਜਾਏਗਾ। ਇਸ ਸਮਝੌਤੇ ਦੀਆਂ ਕੁਝ ਹੋਰ ਸ਼ਰਤਾਂ ਅਤੇ ਗੁੰਝਲਾਂ ਸਨ ਜਿਨਾਂ ਦਾ ਹੱਲ ਨਾ ਲੱਭਿਆ ਜਾ ਸਕਿਆ ਅਤੇ ਚੰਡੀਗੜ ਪੰਜਾਬ ਨੂੰ ਮਿਲਦਾ ਮਿਲਦਾ ਰਹਿ ਗਿਆ। ਪੰਜਾਬ ਸੰਤਾਪ ਨੇ ਪੰਜਾਬ ਤੇ ਪੰਜਾਬੀਆਂ ਨੂੰ ਏਨਾ ਵਲੂੰਧਰਿਆ ਕਿ ਕੁਝ ਸਾਲਾਂ ਲਈ ਚੰਡੀਗੜ ਉਨਾਂ ਨੂੰ ਭੁੱਲ ਹੀ ਗਿਆ। ਬਾਅਦ ਵਿਚ ਇਹ ਮੰਗ ਵਾਰ ਵਾਰ ਉੱਠਦੀ ਰਹੀ ਹੈ। ਦੇਸ਼ ਦੀ ਸਿਆਸਤ ਦਾ ਵੱਡਾ ਦੁਖਾਂਤ ਹੈ ਕਿ ਉਹ ਸੂਬਾ ਜਿਸ ਨੇ ਦੇਸ਼ ਦੀ ਆਜ਼ਾਦੀ ਲਈ ਵੱਡੀਆਂ ਕੁਰਬਾਨੀਆਂ ਦਿੱਤੀਆਂ ਅਤੇ ਉਸ ਸਮੇਂ ਹੋਈ ਵੰਡ ਕਾਰਨ ਅਪਾਰ ਦੁੱਖ ਸਹੇ, ਅਜੇ ਤਕ ਰਾਜਧਾਨੀ ਤੋਂ ਵਾਂਝਾ ਚਲਿਆ ਆ ਰਿਹਾ ਹੈ। ਦੇਸ਼ ਦੇ ਸਿਆਸਤਦਾਨ ਇਸ ਮਾਮਲੇ ਨੂੰ ਸੁਲਝਾਉਣ ਦੀ ਬਜਾਇ ਹੋਰ ਉਲਝਾ ਰਹੇ ਹਨ। 1952 ਤੋਂ ਲੈ ਕੇ ਹੁਣ ਤਕ ਸਾਰੇ ਸੁਹਿਰਦ ਸਿਆਸਤਦਾਨ ਇਸ ਗੱਲ ’ਤੇ ਮੋਹਰ ਲਗਾਉਂਦੇ ਰਹੇ ਹਨ ਕਿ ਚੰਡੀਗੜ ਦਾ ਪੰਜਾਬ ਨਾਲ ਨਾਤਾ ਸਜੀਵ ਅਤੇ ਜੀਵੰਤ ਹੈ।

ਹਿੰਦੋਸਤਾਨ ਦੀਆਂ ਮੁੱਖ ਸਿਆਸੀ ਪਾਰਟੀਆਂ ਦਾ ਕਰੂਰਾ ਆਪਸ ਵਿਚ ਰਲਦਾ ਹੈ ਅਤੇ ਉਹ ਇਸ ਗੱਲ ’ਤੇ ਪ੍ਰਤੱਖ/ਅਪ੍ਰਤੱਖ ਰੂਪ ਵਿਚ ਸਹਿਮਤ ਲੱਗਦੀਆਂ ਹਨ ਕਿ ਪੰਜਾਬ ਦਾ ਇਹ ਪਛਾਣ ਚਿੰਨ ਪੰਜਾਬ ਨੂੰ ਕਦੇ ਨਾ ਮਿਲੇ। ਪਿਛਲੇ ਸਮਿਆਂ ਵਿਚ ਕੇਂਦਰ ਸਰਕਾਰ ਦੀਆਂ ਨੀਤੀਆਂ ਦਾ ਕੇਂਦਰੀ ਧੁਰਾ ਇਹ ਰਿਹਾ ਕਿ ਚੰਡੀਗੜ ਵਿਚੋਂ ਇਸ ਦੇ ਪੰਜਾਬੀ ਕਿਰਦਾਰ ਅਤੇ ਪੰਜਾਬੀ ਸਥਾਨਿਕਤਾ ਨੂੰ ਉੱਕਾ ਹੀ ਮਿਟਾ ਦਿੱਤਾ ਜਾਵੇ। ਹੁਣ ਕੀਤਾ ਗਿਆ ਐਲਾਨ ਵੀ ਅਜਿਹੇ ਕਦਮਾਂ ਦੀ ਲੜੀ ਵਿਚ ਰੱਖਿਆ ਜਾ ਸਕਦਾ ਹੈ।

ਬਾਕੀ ਸਫ਼ਾ 34 ’ਤੇ

# 57 ਸਾਲਾ ਬਾਬਾ ਕੁਲਵਿੰਦਰ ਸਿੰਘ ਚੁਣਿਆ ਸੁਪਰ ਸਿੱਖ ਮੈਰਾਥਨ ਅੰਬੈਸਡਰ

**ਅਨੰਦਪੁਰ ਸਾਹਿਬ/ਏ.ਟੀ.ਨਿਊਜ਼ :-** ਜਿੰਦਗੀ ਤੇ ਮੌਤ ਦੀ ਲੜਾਈ ਲੜਦਿਆਂ ਇਸ 57 ਸਾਲਾ ਬਾਬਾ ਕੁਲਵਿੰਦਰ ਸਿੰਘ ਨੇ ਜਦੋਂ ਆਪਣੀ ਮਿਹਨਤ ਤੇ ਜਨੂੰਨ ਦੇ ਨਾਲ ਮੌਤ ਨੂੰ ਹਰਾ ਕੇ ਜਿੰਦਗੀ ਨੂੰ ਨਵਾਂ ਰੂਪ ਦਿੱਤਾ ਤਾਂ ਇਸ ਨੇ ਪ੍ਰਾਪਤੀਆਂ ਦੀ ਝੜੀ ਲਾ ਦਿੱਤੀ। ਚਾਹੇ ਕੋਈ ਮੈਰਾਥਨ ਹੋਵੇ ਤੇ ਜਾਂ ਸਾਈਕਲਿੰਗ, ਇਨਾਂ ਨੇ ਹਰ ਥਾਂ ਜਾ ਕੇ ਆਪਣੀ ਧਾਂਕ ਜਮਾਈ ਤੇ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਦਾ ਨਾਮ ਚਮਕਾਇਆ। ਜਿੱਥੇ ਬਾਬਾ ਕੁਲਵਿੰਦਰ ਸਿੰਘ ਨੇ ਹੋਰ ਪ੍ਰਾਪਤੀਆਂ ਕੀਤੀਆਂ ਉਥੇ ਸੰਸਾਰ ਭਰ ਵਿਚ ਮਸ਼ਹੂਰ ਸੁਪਰ ਸਿੱਖਸ ਵਲੋਂ ਸੰਨ 2022 ਲਈ ਸੁਪਰ ਸਿੱਖ ਮੈਰਾਥਨ ਅੰਬੈਸਡਰ ਚੁਣਿਆ ਗਿਆ ਹੈ। ਸੁਪਰ ਸਿੱਖਸ ਵਲੋਂ ਲੋਕਾਂ ਨੂੰ ਆਪਣੀ ਸਿਹਤ ਪ੍ਰਤੀ ਜਾਗਰੂਕ ਕਰਨ ਦੇ ਲਈ ਵੱਖ ਵੱਖ ਜਗਾ ਤੇ ਮੈਰਾਥਨ ਕਰਵਾਈ ਜਾਂਦੀ ਹੈ ਤੇ ਇਸ ਵਾਰ ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਤੇ ਮੌਕੇ ਸ੍ਰੀ ਅਨੰਦਪੁਰ ਸਾਹਿਬ




ਵਿਖੇ ਵੀ ਇਹ ਮੈਰਾਥਨ ਕਰਵਾਈ ਜਾਵੇਗੀ। ਇਸ ਮੈਰਾਥਨ ਵਿਚ 5 ਕਿਲੋਮੀਟਰ, 10, 21 ਅਤੇ 42 ਕਿਲੋਮੀਟਰ ਮੈਰਾਥਨ ਕਰਵਾਈ ਜਾਵੇਗੀ ਜਿਸ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਮੈਰਾਥਨ ਲਈ ਜਿੱਥੇ ਹੋਰ ਬਹੁਤ ਸਾਰੇ ਖੇਡ ਪ੍ਰੇਮੀਆਂ ਦਾ ਸਹਿਯੋਗ ਮਿਲਦਾ ਹੈ ਉਥੇ ਇਲਾਕੇ ਦੇ ਉਘੇ ਹੱਡੀਆਂ ਦੇ ਮਾਹਿਰ ਡਾਕਟਰ ਕਹਿਲ ਦਾ ਵੱਡਾ ਸਹਿਯੋਗ ਰਹਿੰਦਾ ਹੈ।

ਇਸ ਪ੍ਰਾਪਤੀ ਤੇ ਬਾਬਾ ਕੁਲਵਿੰਦਰ ਸਿੰਘ ਨੇ ਕਿਹਾ ਕਿ ਮੈਰਾਥਨ ਅਤੇ ਸਾਈਕਲ ਨੇ ਮੈਨੂੰ ਨਵੀਂ ਜਿੰਦਗੀ ਦਿੱਤੀ ਹੈ। ਉਨਾਂ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੀ ਜਿੰਦਗੀ ਨੂੰ ਖੂਬਸੂਰਤ ਬਣਾਉਣ ਦੇ ਲਈ ਰੋਜ਼ਾਨਾ ਆਪਣੇ ਲਈ ਸਮਾਂ ਜ਼ਰੂਰ ਕੱਢੋ ਤੇ ਇਸ ਸਮੇਂ ਵਿਚ ਸੈਰ, ਕਸਰਤ, ਸਾਈਕਲ, ਜਿੰਮ ਆਦਿ ਜਾ ਕੇ ਆਪਣੀ ਸਿਹਤ ਦਾ ਖਿਆਲ ਰੱਖੋ ਤਾਂ ਜੋ ਅਸੀਂ ਤੰਦਰੁਸਤੀ ਭਰੀ ਜਿੰਦਗੀ ਜੀਅ ਸਕੀਏ।


U.S.A. REJUVENATION TOUR CONTINUES...
APRIL - MAY 2022
SATINDER SARTAAJ
LIVE IN CONCERT
APRIL 15 FRI.
CHICAGO, IL
COPERNICUS CENTRE
APRIL 16 SAT.
INDIANAPOLIS, IN
MURAT THEATRE
APRIL 17 SUN.
HOUSTON, TX
STAFFORD CENTRE
APRIL 22 FRI.
MODESTO, CA
GALLO CENTRE
APRIL 23 SAT.
DENVER, CO
PARKER ARTS
APRIL 29 FRI.
PHOENIX, AZ
SCOTTSDALE ARTS CTR
APRIL 30 SAT.
BAKERSFIELD, CA
FOX THEATRE
MAY 01 SUN.
DALLAS, TX
GRAND CENTRAL
MAY 6 FRI.
SEATTLE, WA
FEDERAL WAY ARTS CTR.
MAY 7 SAT.
SACRAMENTO, CA
CREST THEATRE
MAY 8 SUN.
ORANGE, CA
MUSCO CTR
MAY 13 FRI.
RAHWAY, NJ
UNION COUNTY ARTS CENTER
MAY 14 SAT.
WASHINGTON, DC
HIGH POINT AUDITORIUM
MAY 15 SUN.
NEW YORK, NY
COLDEN AUDITORIUM
For online tickets
www.satindersartaaj.com
For more info
sartaajusatour@gmail.com

# ਕੇਂਦਰ ਸਰਕਾਰ ਸ਼੍ਰੋਮਣੀ ਕਮੇਟੀ ਦੇ ਐਕਟ ਦਾ ਸਮੁੱਚਾ ਪ੍ਰਬੰਧ ਪੰਜਾਬ ਸਰਕਾਰ ਹਵਾਲੇ ਕਰੇ : ਪੁਰੇਵਾਲ, ਖਾਲਸਾ




ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਚੇਅਰਮੈਨ ਰਜਿੰਦਰ ਸਿੰਘ ਪੁਰੇਵਾਲ, ਪ੍ਰਧਾਨ ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ, ਪੰਥਕ ਆਗੂ ਤੇ ਵਿਦਵਾਨ ਪਾਲ ਸਿੰਘ ਫਰਾਂਸ ਨੇ ਆਖਿਆ ਕਿ ਕੇਂਦਰ ਸਰਕਾਰ ਸ਼੍ਰੋਮਣੀ ਕਮੇਟੀ ਦੇ ਐਕਟ ਦਾ ਸਮੁਚਾ ਪ੍ਰਬੰਧ ਪੰਜਾਬ ਸਰਕਾਰ ਦੇ ਹਵਾਲੇ ਕਰੇ। ਪੰਜਾਬ ਸਰਕਾਰ ਨੂੰ ਅਪੀਲ ਕਰਦਿਆਂ ਉਨਾਂ ਕਿਹਾ ਕਿ ਉਹ ਕੇਂਦਰ ਸਰਕਾਰ ਅਗੇ ਇਹ ਮਾਮਲਾ ਚੁਕਣ। ਉਨਾਂ ਕਿਹਾ ਕਿ ਇਹ ਪ੍ਰਬੰਧ ਕੇਂਦਰ ਕੋਲ ਹੋਣ ਕਾਰਨ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਦੇਰੀ ਹੋ ਰਹੀ ਹੈ। ਚੋਣਾਂ ਸਮੇਂ ਅਨੁਸਾਰ ਨਾ ਹੋਣ ਕਾਰਣ ਪ੍ਰਬੰਧਾਂ ਵਿਚ ਵਿਗਾੜ ਆ ਰਿਹਾ ਹੈ। ਸੰਵਿਧਾਨ ਦੀ ਉਲੰਘਣਾ ਹੋ ਰਹੀ ਹੈ। ਚੋਣਾਂ ਸੰਵਿਧਾਨ ਅਨੁਸਾਰ ਪੰਜ ਸਾਲਾਂ ਦੇ ਵਕਫੇ ਅਨੁਸਾਰ ਹੋਣੀਆਂ ਚਾਹੀਦੀਆਂ ਹਨ। ਉਨਾਂ ਇਹ ਵੀ ਕਿਹਾ ਕਿ ਸਿਆਸੀ ਪਾਰਟੀਆਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਹਿਸਾ ਨਾ ਲੈਣ ਤੇ ਨਾਹੀ ਦਖਲਅੰਦਾਜ਼ੀ ਕਰਨ। ਉਨਾਂ ਕਿਹਾ ਕਿ ਰਾਜਨੀਤਕ ਸਿੱਖ ਆਗੂ ਗੁਰੂ ਡੰਮੀ ਡੇਰਿਆਂ ਅੱਗੇ ਝੁਕਦੇ ਹਨ ਤਾਂ ਸਮੂਹ ਖਾਲਸਾ ਪੰਥ ਨੂੰ ਠੇਸ ਪਹੁੰਚਦੀ ਹੈ। ਉਨਾਂ ਕਿਹਾ ਕਿ ਧਾਰਮਿਕ ਸਿੱਖ ਜਥੇਬੰਦੀਆਂ, ਪੰਥਕ ਬੁੱਧੀਜੀਵੀ ਹੀ ਇਨਾਂ ਚੋਣਾਂ ਦੇ ਉਮੀਦਵਾਰ ਹੋਣੇ ਚਾਹੀਦੇ ਹਨ। ਸ਼੍ਰੋਮਣੀ ਕਮੇਟੀ ਰਾਜਨੀਤਕ ਪਾਰਟੀਆਂ ਅਨੁਸਾਰ ਚੱਲਣ ਦੀ ਥਾਂ ਪੰਥ ਦੀ ਚੜਦੀ ਕਲਾ ਲਈ ਪ੍ਰਚਾਰ ਕਰਨ ਤੇ ਗੁਰੂ ਡੰਮ, ਧਰਮ ਬਦਲੀ, ਨਸ਼ਿਆਂ ਨੂੰ ਰੋਕਣ ਲਈ ਸਿੱਖ ਜਾਗ੍ਰਿਤੀ ਲਹਿਰ ਚਲਾਉਣ। ਇਸ ਮੌਕੇ ਸੰਤੋਖ ਸਿੰਘ ਦਿੱਲੀ ਪੇਂਟ, ਸਰਪ੍ਰਸਤ ਸੁਰਿੰਦਰਪਾਲ ਸਿੰਘ ਗੋਲਡੀ ਸੀਨੀਅਰ ਮੀਤ ਪ੍ਰਧਾਨ, ਪ੍ਰੋਫੈਸਰ ਬਲਵਿੰਦਰਪਾਲ ਸਿੰਘ ਸਕਤਰ ਜਰਨਲ, ਸੰਦੀਪ ਸਿੰਘ ਚਾਵਲਾ ਜਨਰਲ ਸਕੱਤਰ, ਦਵਿੰਦਰ ਸਿੰਘ ਅਨੰਦ ਸਰਪੰਚ ਗੁਰਮੁਖ ਸਿੰਘ, ਜਰਨਲ ਸਕੱਤਰ, ਹਰਿਭਜਨ ਸਿੰਘ ਬੈਂਸ, ਅਰਿੰਦਰਜੀਤ ਸਿੰਘ ਚੱਢਾ ਮੀਤ ਪ੍ਰਧਾਨ, ਸਾਹਿਬ ਸਿੰਘ ਆਰਟਿਸਟ ਮੀਡੀਆ ਸਕੱਤਰ, ਹਰਦੇਵ ਸਿੰਘ ਗਰਚਾ ਮੀਤ ਪ੍ਰਧਾਨ, ਬਾਵਾ ਸਿੰਘ ਖਰਬੰਦਾ ਆਦਿ ਸ਼ਾਮਲ ਸਨ।

# ਸ਼੍ਰੋਮਣੀ ਕਮੇਟੀ ਸਾਕਾ ਪੰਜਾ ਸਾਹਿਬ ਦੀ ਸ਼ਤਾਬਦੀ ਮਨਾਏਗੀ

## ਕਮੇਟੀ ਵਲੋਂ ਨਾਨਕਸ਼ਾਹੀ ਕੈਲੰਡਰ ਵਿਵਾਦ ਕਾਰਨ ਸ਼ਹੀਦੀ ਪੁਰਬ ’ਤੇ ਜੱਥਾ ਪਾਕਿ ਭੇਜਣ ਬਾਰੇ ਸਥਿਤੀ ਬੇਯਕੀਨੀ

**ਅੰਮ੍ਰਿਤਸਰ/ਏ.ਟੀ.ਨਿਊਜ਼** :- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਕਾ ਸ੍ਰੀ ਪੰਜਾ ਸਾਹਿਬ ਦੀ 100 ਸਾਲਾ ਸ਼ਤਾਬਦੀ ਮਨਾਉਣ ਦਾ ਫ਼ੈਸਲਾ ਲਿਆ ਹੈ। ਇਹ ਸ਼ਹੀਦੀ ਸਾਕਾ 30 ਅਕਤੂਬਰ 1922 ਨੂੰ ਗੁਰਦੁਆਰਾ ਸ੍ਰੀ ਪੰਜਾ ਸਾਹਿਬ, ਪਾਕਿਸਤਾਨ ਵਿਖੇ ਵਾਪਰਿਆ ਸੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਦੌਰਾਨ ਸਾਕੇ ਦੀ ਪਹਿਲੀ ਸ਼ਤਾਬਦੀ ਮੌਕੇ ਭਾਰਤ ਅਤੇ ਪਾਕਿਸਤਾਨ ਵਿੱਚ ਵੱਖ-ਵੱਖ ਗੁਰਮਤਿ ਸਮਾਗਮ ਕਰਵਾਉਣ, ਧਾਰਮਿਕ ਸਾਹਿਤ ਛਪਵਾਉਣ ਆਦਿ ਸਬੰਧੀ ਵੱਖ-ਵੱਖ ਕਮੇਟੀਆਂ ਬਣਾਉਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸ਼ਹੀਦੀ ਸਾਕੇ ਦਾ 100 ਸਾਲਾ ਦਿਹਾੜਾ ਪੰਥਕ ਰਵਾਇਤਾਂ ਅਨੁਸਾਰ ਮਨਾਇਆ ਜਾਵੇਗਾ। ਇਸ ਸ਼ਤਾਬਦੀ ਨੂੰ ਸਮਰਪਿਤ ਕੀਤੇ ਜਾਣ ਵਾਲੇ ਸਮਾਗਮਾਂ ਦੀ ਰੂਪ-ਰੇਖਾ ਅਤੇ ਵਿਉਂਤਬੰਦੀ ਲਈ ਸਬ-ਕਮੇਟੀਆਂ ਬਣਾਈਆਂ ਜਾਣਗੀਆਂ। ਉਨਾਂ ਕਿਹਾ ਕਿ ਯਤਨ ਕੀਤਾ ਜਾਵੇਗਾ ਕਿ ਇਸ ਮੌਕੇ ਗੁਰਮਤਿ ਸਮਾਗਮਾਂ ਦੇ ਨਾਲ-ਨਾਲ ਸ਼ਹੀਦੀ ਸਾਕੇ ਦੇ ਵੱਖ-ਵੱਖ ਪਹਿਲੂਆਂ ਦਾ ਸਾਹਿਤ ਅਤੇ ਡਿਜੀਟਲ ਵਿਧੀ ਰਾਹੀਂ ਵੀ ਪ੍ਰਚਾਰ ਕੀਤਾ ਜਾਵੇ।

ਨਾਨਕਸ਼ਾਹੀ ਕੈਲੰਡਰ ਵਿਵਾਦ ਕਾਰਨ ਇਸ ਵਾਰ ਗੁਰੂ ਅਰਜਨ ਦੇਵ ਦੇ ਸ਼ਹੀਦੀ ਪੁਰਬ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜਣ ਸਬੰਧੀ ਸਥਿਤੀ ਬੇਯਕੀਨੀ ਵਾਲੀ ਬਣੀ ਹੋਈ ਹੈ। ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਇਹ ਸ਼ਹੀਦੀ ਪੁਰਬ 16 ਜੂਨ ਨੂੰ ਲਾਹੌਰ ਦੇ ਗੁਰਦੁਆਰਾ ਡੇਰਾ ਸਾਹਿਬ ਵਿਖੇ ਮਨਾਇਆ ਜਾਣਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਜਾਣ ਦੇ ਇੱਛੁਕ ਸ਼ਰਧਾਲੂਆਂ ਕੋਲੋਂ ਪਾਸਪੋਰਟ ਵੀ ਮੰਗਵਾਏ ਜਾ ਚੁੱਕੇ ਹਨ, ਪਰ ਸ਼ਹੀਦੀ ਪੁਰਬ ਦੀਆਂ ਤਰੀਕਾਂ ਵਿੱਚ ਲਗਭਗ ਦੋ ਹਫ਼ਤੇ ਦੇ ਫ਼ਰਕ ਕਾਰਨ ਜਥਾ ਪਾਕਿਸਤਾਨ ਜਾਣ ਤੋਂ ਵਾਂਝਾ ਰਹਿ ਸਕਦਾ ਹੈ। ਪਾਕਿਸਤਾਨ ਵਿੱਚ ਪੀਐੱਸਜੀਪੀਸੀ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਸ਼ਰਧਾਲੂਆਂ ਨੂੰ ਸਮਾਗਮਾਂ ਲਈ ਵੀਜ਼ੇ ਜਾਰੀ ਕੀਤੇ ਜਾਂਦੇ ਹਨ। ਸ਼ਹੀਦੀ ਪੁਰਬ ਲਈ ਵੀ ਉਨਾਂ ਵੱਲੋਂ 16 ਜੂਨ ਮੁਤਾਬਕ ਵੀਜ਼ੇ ਦਿੱਤੇ ਜਾਣਗੇ ਪਰ ਸ਼੍ਰੋਮਣੀ ਕਮੇਟੀ ਮੂਲ ਨਾਨਕਸ਼ਾਹੀ ਕੈਲੰਡਰ ਵਿੱਚ ਸ਼ਹੀਦੀ ਪੁਰਬ ਦੀ ਤਰੀਕ 3 ਜੂਨ ਮੁਤਾਬਕ ਵੀਜ਼ਿਆਂ ਦੀ ਮੰਗ ਕਰੇਗੀ ਜਿਹੜੇ ਕਿ ਮਿਲਣੇ ਲਗਭਗ ਮੁਸ਼ਕਿਲ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰੂ ਅਰਜਨ ਦੇਵ ਦੇ ਸ਼ਹੀਦੀ ਪੁਰਬ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਭੇਜੇ ਜਾਣ ਦਾ ਪ੍ਰੋਗਰਾਮ ਲਗਭਗ ਰੱਦ ਕਰ ਦਿੱਤਾ ਗਿਆ ਹੈ।

# ਪੰਜਾਬ ’ਚ ੮੭ ਫ਼ੀਸਦੀ ਡਰੱਗਸ ਦੋਸ਼ੀ ਫ਼ਰਾਰ, ਸੁਪਰੀਮ ਕੋਰਟ ਵੱਲੋਂ ਹੁਕਮ ਸੂਬਾ ਸਰਕਾਰ ਤੁਰੰਤ ਕਦਮ ਚੁੱਕੇ

**ਨਵੀਂ ਦਿੱਲੀ** : ਪੰਜਾਬ ਵਿਚ ਨਸ਼ੇ ਦੇ ਕਾਰੋਬਾਰ ’ਤੇ ਲਗਾਮ ਲਾਉਣਾ ਨਾ ਸਿਰਫ਼ ਕਾਨੂੰਨ-ਵਿਵਸਥਾ ਦਾ, ਬਲਕਿ ਸਿਆਸੀ ਮੁੱਦਾ ਵੀ ਹੈ। ਡਰੱਗਸ ਨਾਲ ਸਬੰਧਤ ਨਾਰਕੋਟਿਕਸ ਡਰੱਗਸ ਸਾਇਕੋਟ੍ਰੋਪਿਕ ਸਬਸਟੈਂਸ (ਐੱਨਡੀਪੀਐੱਸ) ਐਕਟ ਇਕ ਗੈਰ-ਜ਼ਮਾਨਤੀ ਸਖ਼ਤ ਕਾਨੂੰਨ ਹੈ। ਪਰ ਸਚਾਈ ਇਹ ਹੈ ਕਿ ਪੰਜਾਬ ’ਚ ਇਸ ਕਾਨੂੰਨ ਵਿਚ ਮੁਲਜ਼ਮ ਜ਼ਿਆਦਾਤਰ ਦੋਸ਼ੀ ਫ਼ਰਾਰ ਹਨ। ਐੱਨਡੀਪੀਐੱਸ ਐਕਟ ਵਿਚ ਮੁਲਜ਼ਮ ਸਿਰਫ਼ 13 ਫ਼ੀਸਦੀ ਦੋਸ਼ੀ ਹੀ ਗ੍ਰਿਫ਼ਤਾਰ ਹੋਏ ਹਨ। 87 ਫ਼ੀਸਦੀ ਮੁਲਜ਼ਮ ਫ਼ਰਾਰ ਹਨ।

ਇਸ ਗੱਲ ਦੀ ਜਾਣਕਾਰੀ ਪੰਜਾਬ ਸਰਕਾਰ ਵੱਲੋਂ ਸੁਪਰੀਮ ਕੋਰਟ ਵਿਚ ਦਾਖਲ ਤਾਜ਼ਾ ਸਥਿਤ ਰਿਪੋਰਟ ਤੋਂ ਮਿਲੀ ਹੈ। ਇਸ ’ਤੇ ਕੋਰਟ ਨੇ ਚਿੰਤਾ ਪ੍ਰਗਟਾਉਂਦੇ ਹੋਏ ਕਿਹਾ ਕਿ ਕਿਹਾ ਕਿ ਮਾਮਲਾ ਬਹੁਤ ਗੰਭੀਰ ਹੈ। ਅਦਾਲਤ ਨੂੰ ਆਸ ਹੈ ਕਿ ਭਗੌੜੇ ਦੋਸ਼ੀਆਂ ਨੂੰ ਫੜਨ ਵਿਚ ਕੁਝ ਠੋਸ ਕਾਰਵਾਈ ਹੋਵੇਗੀ।ਇਹ ਮਾਮਲਾ ਸੁਪਰੀਮ ਕੋਰਟ ਵੱਲੋਂ ਪੰਜਾਬ ਵਿਚ ਐੱਨਡੀਪੀਐੱਸ ਐਕਟ ’ਚ ਮੁਲਜ਼ਮ ਦੋਸ਼ੀਆਂ ਦੇ ਫ਼ਰਾਰ ਹੋਣ ਨਾਲ ਸਬੰਧਤ ਹੈ। ਸੁਪਰੀਮ ਕੋਰਟ ਇਸ ਮਾਮਲੇ ਵਿਚ ਖ਼ੁਦ ਨੋਟਿਸ ਲੈ ਕੇ ਸੁਣਵਾਈ ਕਰ ਰਹੀ ਹੈ।

ਇਸ ਮਾਮਲੇ ਵਿਚ ਜਸਟਿਸ ਏਐੱਮ ਖਾਨਵਿਲਕਰ ਤੇ ਅਭੇ ਐੱਸ ਓਕਾ ਦੇ ਬੈਂਚ ਨੇ ਪੰਜਾਬ ਸਰਕਾਰ ਵੱਲੋਂ 24 ਮਾਰਚ ਨੂੰ ਦਾਖਲ ਸਥਿਤੀ ਰਿਪੋਰਟ ਦੇਖ ਕੇ ਕਿਹਾ ਕਿ ਐੱਨਡੀਪੀਐੱਸ ਐਕਟ ਵਿਚ ਦਰਜ ਕੁੱਲ ਮਾਮਲਿਆਂ ਵਿਚ ਸਿਰਫ਼ 13 ਫ਼ੀਸਦੀ ਦੋਸ਼ੀ ਹੀ ਗ੍ਰਿਫ਼ਤਾਰ ਹੋਏ ਹਨ। ਬਾਕੀ ਭੱਜੇ ਹੋਏ ਹਨ। ਇਹ ਬਹੁਤ ਹੀ ਗੰਭੀਰ ਮਾਮਲਾ ਹੈ। ਤੱਤਕਾਲ ਕਦਮ ਚੁੱਕਣ ਦੀ ਲੋੜ ਹੈ। ਬੈਂਚ ਨੇ ਸਟੇਟਸ ਰਿਪੋਰਟ ਦੇਖ ਕੇ ਕਿਹਾ ਕਿ 225 ਤੋਂ ਜ਼ਿਆਦਾ ਦੋਸ਼ੀ ਲੰਬੇ ਸਮੇਂ ਤੋਂ ਫ਼ਰਾਰ ਹਨ। ਉਹ ਭਗੌੜੇ ਐਲਾਨੇ ਜਾ ਚੁੱਕੇ ਹਨ ਤੇ ਉਨਾਂ ਨੂੰ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਹੈ।

ਬੈਂਚ ਨੇ ਪੰਜਾਬ ਸਰਕਾਰ ਵੱਲੋਂ ਪੇਸ਼ ਵਕੀਲ ਨੂੰ ਇਹ ਵੀ ਕਿਹਾ ਕਿ ਹੁਣ ਸੂਬੇ ਵਿਚ ਨਵੀਂ ਸਰਕਾਰ ਆਈ ਹੈ। ਤੁਸੀਂ ਛੇਤੀ ਕੁਝ ਕੰਮ ਕਰ ਸਕਦੇ ਹੋ ਤੇ ਸਾਨੂੰ ਇਹੀ ਉਮੀਦ ਹੈ। ਕੋਰਟ ਨੇ ਕਿਹਾ ਕਿ ਪੰਜਾਬ ਵਿਚ ਹਾਲੀਆ ਹੋਈਆਂ ਚੋਣਾਂ ਵਿਚ ਪੁਲਿਸ ਪ੍ਰਸ਼ਾਸਨ ਦੇ ਰੁਝੇਵੇਂ ਰਹਿਣ ਕਾਰਨ ਫ਼ਰਾਰ ਦੋਸ਼ੀਆਂ ਨੂੰ ਫੜਨ ’ਚ ਦੱਸੀਆਂ ਗਈਆਂ ਦਿੱਕਤਾਂ ਨੂੰ ਉਹ ਸਮਝਦੀ ਹੈ। ਕੋਰਟ ਨੇ ਮਾਮਲੇ ਦੀ ਸੁਣਵਾਈ 29 ਅਪ੍ਰੈਲ ਤਕ ਟਾਲ ਦਿੱਤੀ। ਪਰ ਸੂਬਾ ਸਰਕਾਰ ਨੂੰ ਨਿਰਦੇਸ਼ ਦਿੱਤਾ ਕਿ ਉਹ 28 ਅਪ੍ਰੈਲ ਤਕ ਇਸ ਬਾਰੇ ਨਵੀਂ ਸਟੇਟਸ ਰਿਪੋਰਟ ਦਾਖਲ ਕਰੇ।

# ਮਾਮਲਾ ਕਾਨਪੁਰ ਦੇ ਸਿੱਖ ਵਿਰੋਧੀ ਕਤਲੇਆਮ ਦਾ ਸਿਟ ਜਾਂਚ ਲਈ ਲੁਧਿਆਣਾ ਪਹੁੰਚੀ

## ਇੰਸਪੈਕਟਰ ਨੇ ਕਿਹਾ-ਲੋਕ ਬਿਆਨ ਦਰਜ ਕਰਵਾਉਣ ਤੋਂ ਝਿਜਕ ਰਹੇ ਨੇ

**ਲੁਧਿਆਣਾ/ਏ.ਟੀ.ਨਿਊਜ਼** :- ਕਾਨਪੁਰ ’ਚ ਸਿੱਖ ਵਿਰੋਧੀ ਦੰਗਿਆਂ ਦੀ ਜਾਂਚ ਲਈ ਪੰਜਾਬ ਪਹੁੰਚੀ ਵਿਸ਼ੇਸ਼ ਜਾਂਚ ਟੀਮ ਦੇ ਅਧਿਕਾਰੀ ਐਤਵਾਰ ਨੂੰ ਮੁੜ ਲੁਧਿਆਣਾ ਪਹੁੰਚ ਗਏ। ਦੰਗਾ ਪੀੜਤ ਭਲਾਈ ਕਮੇਟੀ ਦੇ ਚੇਅਰਮੈਨ ਸੁਰਜੀਤ ਸਿੰਘ ਨੇ ਕਿਹਾ ਕਿ ਉੱਤਰ ਪ੍ਰਦੇਸ਼ ਵਿੱਚ ਵੱਸਦੇ ਸਿੱਖਾਂ ਨੂੰ ਧਮਕੀਆਂ ਮਿਲ ਰਹੀਆਂ ਹਨ, ਜਿਸ ਕਾਰਨ ਪੀੜਤ ਸਿੱਖ ਐਸਆਈਟੀ ਸਾਹਮਣੇ ਆਪਣੇ ਬਿਆਨ ਦਰਜ ਕਰਵਾਉਣ ਤੋਂ ਕੰਨੀਂ ਕਤਰਾਉਂਦੇ ਹਨ। ਸੁਰਜੀਤ ਨੇ ਦੱਸਿਆ ਕਿ ਉੱਤਰ ਪ੍ਰਦੇਸ਼ ਵਿੱਚ ਰਹਿੰਦੇ ਸਿੱਖਾਂ ਨੇ ਇਸ ਦੀ ਸੂਚਨਾ ਇੱਥੇ ਆਪਣੇ ਰਿਸ਼ਤੇਦਾਰਾਂ ਨੂੰ ਦੇ ਦਿੱਤੀ ਹੈ, ਪਰ ਉਹ ਆਪਣਾ ਨਾਂ ਨਹੀਂ ਦੱਸਣਾ ਚਾਹੁੰਦੇ। ਦੂਜੇ ਪਾਸੇ ਟੀਮ ਨੇ ਕਈ ਲੋਕਾਂ ਤੋਂ ਪੁੱਛਗਿੱਛ ਕਰਕੇ ਉਨਾਂ ਦੇ ਬਿਆਨ ਦਰਜ ਕੀਤੇ ਹਨ। ਕੁਝ ਲੋਕਾਂ ਨੇ ਸਬੂਤ ਵਜੋਂ ਦਸਤਾਵੇਜ਼ ਵੀ ਜਮਾਂ ਕਰਵਾਏ ਹਨ।

ਦੰਗਾ ਪੀੜਤ ਭਲਾਈ ਕਮੇਟੀ ਦੀ ਮੈਂਬਰ ਗੁਰਦੀਪ ਕੌਰ ਦੇ ਗ੍ਰਹਿ ਵਿਖੇ ਸਿਟ ਨੇ ਲੋਕਾਂ ਨਾਲ ਗੱਲਬਾਤ ਕੀਤੀ। ਟੀਮ ਪੰਜਾਬ ਦੇ ਉਨਾਂ ਪੰਜਾਹ ਪਰਿਵਾਰਾਂ ਦੀ ਭਾਲ ਕਰ ਰਹੀ ਹੈ ਜਿਨਾਂ ਦੇ ਰਿਸ਼ਤੇਦਾਰਾਂ ਨੂੰ ਕਾਨਪੁਰ ਵਿੱਚ ਮਾਰਿਆ ਗਿਆ ਜਾਂ ਉਨਾਂ ਨਾਲ ਬਦਸਲੂਕੀ ਕੀਤੀ ਗਈ। ਟੀਮ ਨੇ ਉਨਾਂ ਜ਼ਿਆਦਾਤਰ ਪਰਿਵਾਰਾਂ ਨੂੰ ਲੱਭ ਲਿਆ ਹੈ, ਜਿਨਾਂ ’ਤੇ ਅਪਰਾਧਿਕ ਮਾਮਲੇ ਦਰਜ ਸਨ।

ਲੁਧਿਆਣਾ ਪਹੁੰਚੇ ਇੰਸਪੈਕਟਰ ਐਸ.ਪੀ.ਸਿੰਘ ਦਾ ਕਹਿਣਾ ਹੈ ਕਿ 38 ਸਾਲ ਬਾਅਦ ਵੀ ਲੋਕ ਡਰੇ ਅਤੇ ਡਰੇ ਹੋਏ ਹਨ, ਕਈ ਲੋਕ ਜਾਣਕਾਰੀ ਦੇ ਰਹੇ ਹਨ, ਪਰ ਬਿਆਨ ਦਰਜ ਕਰਨ ਤੋਂ ਕੰਨੀਂ ਕਤਰਾਉਂਦੇ ਹਨ। ਬਹੁਤ ਸਾਰੇ ਲੋਕ ਅਦਾਲਤ ਵਿੱਚ ਨਹੀਂ ਜਾਣਾ ਚਾਹੁੰਦੇ, ਪਰ ਅਸੀਂ ਉਨਾਂ ਤੋਂ ਜਾਣਕਾਰੀ ਲੈ ਰਹੇ ਹਾਂ ਤਾਂ ਜੋ ਅਦਾਲਤਾਂ ਵਿੱਚ ਕੇਸਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੱਖਿਆ ਜਾ ਸਕੇ।

# ਆਪ ਸਰਕਾਰ ਕੀਰਤਪੁਰ ਤੇ ਅਨੰਦਪੁਰ ਸਾਹਿਬ ਨੂੰ ਸੈਲਾਨੀ ਕੇਂਦਰ ਵਜੋਂ ਵਿਕਸਿਤ ਕਰੇਗੀ : ਹਰਜੋਤ ਬੈਂਸ



**ਸ੍ਰੀ ਆਨੰਦਪੁਰ ਸਾਹਿਬ/ਏ.ਟੀ.ਨਿਊਜ਼** :- ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਲਦੀ ਹੀ ਰੂਪਨਗਰ ਤੇ ਸਰਹੱਦੀ ਸ਼ਹਿਰ ਨੰਗਲ ਨੂੰ ਸੈਰ ਸਪਾਟਾ ਕੇਂਦਰ ਅਤੇ ਕੀਰਤਪੁਰ ਸਾਹਿਬ ਤੇ ਸ੍ਰੀ ਆਨੰਦਪੁਰ ਸਾਹਿਬ ਨੂੰ ਸੈਲਾਨੀ ਕੇਂਦਰ ਵਜੋਂ ਵਿਕਸਤ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਉਨਾਂ ਕਿਹਾ ਕਿ ਸ੍ਰੀ ਆਨੰਦਪੁਰ ਸਾਹਿਬ ਤੋਂ ਮਾਤਾ ਨੈਣਾ ਦੇਵੀ ਮੰਦਰ ਤੱਕ ਕਈ ਸਾਲਾਂ ਤੋਂ ਲਟਕਿਆ ਰੋਪੜ ਦਾ ਪ੍ਰਾਜੈਕਟ ਮੁੜ ਲੀਹ ’ਤੇ ਲਿਆ ਕੇ ਚਾਲੂ ਕਰਵਾਇਆ ਜਾਵੇਗਾ। ਇਸੇ ਤਰਾਂ ਇਤਿਹਾਸਕ ਸ਼ਹਿਰ ਕੀਰਤਪੁਰ ਸਾਹਿਬ ਦੇ ਬਾਜ਼ਾਰਾਂ ਅਤੇ ਇੱਥੋਂ ਦੇ ਧਾਰਮਿਕ ਸਥਾਨਾਂ ਦੇ ਸੁੰਦਰੀਕਰਨ ਦੀ ਵੀ ਕੋਸ਼ਿਸ਼ ਕੀਤੀ ਜਾਵੇਗੀ।

ਉਨਾਂ ਕਿਹਾ ਕਿ ਇਤਿਹਾਸਕ ਤੇ ਧਾਰਮਿਕ ਪੱਖ ਤੋਂ ਆਨੰਦਪੁਰ ਸਾਹਿਬ ਦੀ ਕਾਫੀ ਮਹੱਤਤਾ ਹੈ। ਜ਼ਿਲਾ ਰੂਪਨਗਰ ਦੇ ਇਸ ਖਿੱਤੇ ਨੂੰ ਦੁਨੀਆ ਭਰ ਦੇ ਸੈਲਾਨੀਆਂ ਵੱਲੋਂ ਖਾਸ ਤੌਰ ’ਤੇ ਪਸੰਦ ਕੀਤਾ ਜਾਂਦਾ ਹੈ ਪਰ ਇੱਥੇ ਸੰਭਾਵਨਾਵਾਂ ਤਲਾਸ਼ਣ ਦੀ ਲੋੜ ਹੈ, ਜਿਸ ਵਾਸਤੇ ਜਲਦੀ ਹੀ ਵਿਸ਼ੇ ਦੇ ਮਾਹਿਰ ਲੋਕਾਂ ਨਾਲ ਸਲਾਹ ਕਰ ਕੇ ਇਕ ਪੂਰਾ ਪ੍ਰੋਗਰਾਮ ਤਿਆਰ ਕੀਤਾ ਜਾਵੇਗਾ ਅਤੇ ਇਹ ਖਿੱਤਾ ਸੈਲਾਨੀ ਕੇਂਦਰ ਵਜੋਂ ਵਿਕਸਿਤ ਕੀਤਾ ਜਾਵੇਗਾ।

# ਮਾਮਲਾ ਲੁਧਿਆਣਾ ਕੋਰਟ ਕੰਪਲੈਕਸ ਬਲਾਸਟ ਮਾਮਲੇ ਦਾ ਐਨ ਆਈਏ ਵੱਲੋਂ ਮੁੱਖ ਦੋਸ਼ੀ ਦੇ ਘਰ ‘ਤੇ ਛਾਪੇਮਾਰੀ

ਖੰਨਾ-ਲੁਧਿਆਣਾ ਦੇ ਕੋਰਟ ਕੰਪਲੈਕਸ ਵਿਚ ਹੋਏ ਬੰਬ ਧਮਾਕੇ ਦੇ ਮਾਮਲੇ ਵਿਚ ਬੀਤੇ ਦਿਨੀਂ ਐਨ ਆਈਏ ਦੀ ਟੀਮ ਨੇ ਖੰਨਾ ਵਿਚ ਛਾਪਾ ਮਾਰਿਆ। ਟੀਮ ਦੇ ਨਾਲ ਵੱਡੀ ਗਿਣਤੀ ਵਿੱਚ ਪੰਜਾਬ ਪੁਲਿਸ ਵੀ ਹੈ। ਟੀਮ ਨੇ ਇਹ ਛਾਪੇਮਾਰੀ ਲਲਹੇੜੀ ਰੋਡ ‘ਤੇ ਸਥਿਤ ਗੁਰੂ ਤੇਗ਼ ਬਹਾਦਰ ਨਗਰ ਸਥਿਤ ਇਕ ਘਰ ਵਿਚ ਕੀਤੀ। ਇਹ ਰੇਡ ਟੀਮ ਨੇ ਬੰਬ ਧਮਾਕੇ ਦੇ ਮੁੱਖ ਦੋਸ਼ੀ ਪੰਜਾਬ ਪੁਲਿਸ ਦੇ ਸਾਬਕਾ ਕਾਂਸਟੇਬਲ ਗਗਨਦੀਪ ਸਿੰਘ ਦੇ ਪੁਰਾਣੇ ਘਰ ਵਿਚ ਕੀਤੀ ਹੈ। ਧਮਾਕੇ ਦੌਰਾਨ ਗਗਨਦੀਪ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਗਗਨਦੀਪ ਪ੍ਰੋਫੈਸਰ ਕਲੋਨੀ ਵਿੱਚ ਨਵੇਂ ਮਕਾਨ ਵਿੱਚ ਸ਼ਿਫ਼ਟ ਹੋਣ ਤੋਂ ਪਹਿਲਾਂ ਪਰਿਵਾਰ ਸਮੇਤ ਇਸ ਥਾਂ ’ਤੇ ਰਹਿੰਦਾ ਸੀ। ਦੱਸਿਆ ਜਾਂਦਾ ਹੈ ਕਿ ਉਦੋਂ ਤੋਂ ਇਹ ਘਰ ਕੁਝ ਸਾਲਾਂ ਤੋਂ ਬੰਦ ਸੀ। ਇਸ ਬੰਦ ਘਰ ਵਿੱਚ ਧਮਾਕੇ ਦੇ ਮਾਮਲੇ ਦੀ ਜਾਂਚ ਕਰ ਰਹੀ ਐਨ ਆਈਏ ਟੀਮ ਦਾ ਇਹ ਅਚਾਨਕ ਛਾਪਾ ਕਿਸੇ ਵੱਡੇ ਸੁਰਾਗ ਵੱਲ ਇਸ਼ਾਰਾ ਕਰ ਰਿਹਾ ਹੈ। ਹਾਲਾਂਕਿ ਕਿਸੇ ਨੂੰ ਵੀ ਘਰ ਦੇ ਨੇੜੇ ਨਹੀਂ ਜਾਣ ਦਿੱਤਾ ਜਾ ਰਿਹਾ ਹੈ ਅਤੇ ਅਧਿਕਾਰੀ ਕੋਈ ਜਾਣਕਾਰੀ ਨਹੀਂ ਦੇ ਰਹੇ ਹਨ।

ਧਿਆਨ ਯੋਗ ਹੈ ਕਿ ਕੁਝ ਸਾਲ ਪਹਿਲਾਂ ਨਸ਼ਾ ਤਸਕਰੀ ਦੇ ਮਾਮਲੇ ਵਿੱਚ ਫੜੇ ਗਏ ਖੰਨਾ ਸਦਰ ਥਾਣੇ ਦੇ ਸਾਬਕਾ ਮੁਨਸ਼ੀ ਗਗਨਦੀਪ ਨੇ ਲੁਧਿਆਣਾ ਕੋਰਟ ਕੰਪਲੈਕਸ ਵਿੱਚ ਬੰਬ ਧਮਾਕੇ ਦੀ ਘਟਨਾ ਨੂੰ ਅੰਜਾਮ ਦਿੱਤਾ ਸੀ। ਇਸ ਵਿੱਚ ਗਗਨਦੀਪ ਦੀ ਵੀ ਮੌਤ ਹੋ ਗਈ। ਕੁਝ ਦਿਨਾਂ ਬਾਅਦ ਗਗਨਦੀਪ ਦੀ ਲਾਸ਼ ਦੀ ਸ਼ਨਾਖ਼ਤ ਹੁੰਦੇ ਹੀ ਪੰਜਾਬ ਪੁਲਿਸ ਵਿਚ ਹੜਕੰਪ ਮਚ ਗਿਆ। ਇਸ ਤੋਂ ਬਾਅਦ ਐਨ ਆਈਏ ਦੀ ਟੀਮ ਨੇ ਗਗਨਦੀਪ ਦੇ ਪਰਿਵਾਰ ਅਤੇ ਉਸ ਦੀ ਇਕ ਪ੍ਰੇਮਿਕਾ ਤੋਂ ਵੀ ਪੁੱਛਗਿੱਛ ਕੀਤੀ। ਪਰ ਇਸ ਸਾਰੀ ਜਾਂਚ ਵਿੱਚ ਕਿਤੇ ਵੀ ਇਸ ਪੁਰਾਣੇ ਘਰ ਦਾ ਜ਼ਿਕਰ ਨਹੀਂ ਆਇਆ।

# ਮੋਦੀ ਸਰਕਾਰ ਵੱਲੋਂ ਪੰਜਾਬ ਸਰਕਾਰ ਨੂੰ ਝਟਕਾ, ਰੂਰਲ ਡਿਵੈਲਪਮੈਂਟ ਫ਼ੰਡ ‘ਤੇ ਲਾਈ ਰੋਕ




**ਚੰਡੀਗੜ :** ਪੰਜਾਬ ਵਿਚ ਪ੍ਰਚੰਡ ਬਹੁਮਤ ਤੋਂ ਬਾਅਦ ਸੱਤਾ ‘ਚ ਆਈ ‘ਆਪ’ ਸਰਕਾਰ ਲਈ ਹੁਣ ਦਿਨ-ਬ-ਦਿਨ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਇਕ ਪਾਸੇ ਜਨਤਾ ਲਈ ਕੀਤੇ ਗਏ ਵੱਡੇ-ਵੱਡੇ ਵਾਅਦੇ ਪੂਰੇ ਕਰਨ ਦਾ ਟੀਚਾ ਹੈ ਤਾਂ ਦੂਸਰੇ ਪਾਸੇ ਕੇਂਦਰ ਸਰਕਾਰ ਨੇ ਵੀ ਪੰਜਾਬ ਲਈ ਰੁਟੀਨ ਹੈਲਪ ਕਰਨ ਤੋਂ ਹੱਥ ਖਿੱਚਣਾ ਸ਼ੁਰੂ ਕਰ ਦਿੱਤਾ ਹੈ। ਇਸੇ ਦੌਰਾਨ ਕੇਂਦਰ ਸਰਕਾਰ ਨੇ ਪੰਜਾਬ ਦੀ ਨਵੀਂ ਆਮ ਆਦਮੀ ਪਾਰਟੀ ਸਰਕਾਰ ਨੂੰ ਇਕ ਹੋਰ ਵੱਡਾ ਝਟਕਾ ਦਿੱਤਾ ਹੈ। ਕੇਂਦਰ ਸਰਕਾਰ ਨੇ ਰੂਰਲ ਡਿਵੈਲਪਮੈਂਟ ਫ਼ੰਡ ਦੀ ਰਕਮ ਰੋਕ ਲਈ ਹੈ। ਕੇਂਦਰ ਸਰਕਾਰ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਪਹਿਲਾਂ ਪੰਜਾਬ ਦਿਹਾਤੀ ਵਿਕਾਸ ਐਕਟ 1987 ਵਿਚ ਸੋਧ ਕਰੇ, ਉਸ ਤੋਂ ਬਾਅਦ ਫ਼ੰਡ ਜਾਰੀ ਹੋਵੇਗਾ। ਅਸਲ ਵਿਚ ਪਿਛਲੀ ਕਾਂਗਰਸ ਸਰਕਾਰ ਨੇ ਗ੍ਰਾਮੀਣ ਵਿਕਾਸ ਲਈ ਮਿਲੇ ਫ਼ੰਡ ਨੂੰ ਕਿਸਾਨਾਂ ਦੀ ਕਰਜ਼ ਮਾਫ਼ੀ ਵਿਚ ਖ਼ਰਚ ਕਰ ਦਿੱਤਾ ਸੀ ਜਿਸ ਤੋਂ ਬਾਅਦ ਕੇਂਦਰ ਸਰਕਾਰ ਨੇ ਇਹ ਸਖ਼ਤੀ ਦਿਖਾਈ ਹੈ। ਕੇਂਦਰ ਸਰਕਾਰ ਦਾ ਕਹਿਣਾ ਹੈ ਕਿ ਜਿਸ ਕੰਮ ਲਈ ਪੈਸਾ ਹੈ, ਉਸੇ ਵਿਚ ਖ਼ਰਚ ਹੋਵੇ। ਇਸ ਦੇ ਲਈ ਪੰਜਾਬ ਸਰਕਾਰ ਨੂੰ ਆਪਣੇ ਪੰਜਾਬ ਗ੍ਰਾਮੀਣ ਵਿਕਾਸ ਐਕਟ 1987 ‘ਚ ਸੋਧ ਕਰਨਾ ਚਾਹੀਦਾ ਹੈ। ਇਸ ਤੋਂ ਬਾਅਦ ਹੀ ਫ਼ੰਡ ਜਾਰੀ ਹੋਵੇਗਾ।

**ਵਿੱਤ ਮੰਤਰੀ ਦਾ ਐਲਾਨ :** ਖ਼ਜ਼ਾਨਾ ਦਫ਼ਤਰਾਂ ’ਵਿਚ ਇਕ ਸੀਟ ’ਤੇ ਇਕ ਸਾਲ ਤੋਂ ਜ਼ਿਆਦਾ ਨਹੀਂ ਹੋਵੇਗੀ ਤਾਇਨਾਤੀ, ਮੁਲਾਜ਼ਮਾਂ ਦੇ ਬਿੱਲ ਪਾਸ ਕਰਨ ਲਈ ਕਿਹਾ

ਇਹ ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ ਪਿਛਲੀ ਕਾਂਗਰਸ ਸਰਕਾਰ ਵੇਲੇ ਵੀ 1200 ਕਰੋੜ ਰੁਪਏ ਦਾ ਫ਼ੰਡ ਰੋਕ ਲਿਆ ਸੀ। ਉਸ ਵੇਲੇ ਇਹ ਸਾਹਮਣੇ ਆਇਆ ਕਿ ਸਰਕਾਰ ਨੇ ਗ੍ਰਾਮੀਣ ਵਿਕਾਸ ਦਾ ਪੈਸਾ ਕਿਸਾਨਾਂ ਦੀ ਕਰਜ਼ ਮਾਫ਼ੀ ਵਿਚ ਵੰਡ ਦਿੱਤਾ ਗਿਆ। ਉਸ ਵੇਲੇ ਪੰਜਾਬ ਸਰਕਾਰ ਨੇ ਭਰੋਸਾ ਦਿੱਤਾ ਕਿ ਉਹ ਐਕਟ ਵਿਚ ਸੋਧ ਕਰ ਲੈਣਗੇ। ਇਸ ਦੇ ਬਾਵਜੂਦ ਪੰਜਾਬ ਸਰਕਾਰ ਨੇ ਕੋਈ ਕਦਮ ਨਹੀਂ ਉਠਾਇਆ।

# ਕੇਜਰੀਵਾਲ ਖਿਲਾਫ ਡਟੇ ਨਵਜੋਤ ਸਿੰਘ ਸਿੱਧੂ

## ਮਾਮਲਾ ਸ੍ਰੀ ਗੁਰੂ ਗਰੰਥ ਸਾਹਿਬ ਜੀ ਬੇਅਦਬੀ ਕਾਂਡ ਦਾ




**ਅੰਮ੍ਰਿਤਸਰ ਟਾਈਮਜ਼/ਅੰਮ੍ਰਿਤਸਰ:** ਆਮ ਆਦਮੀ ਪਾਰਟੀ ਦੀ ਪੰਜਾਬ ਵਿੱਚ ਸਰਕਾਰ ਬਣਨ ਤੋਂ ਬਾਅਦ ਅੱਜ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਦਿੱਲੀ ਦੇ ਮੁੱਖ ਮੰਤਰੀ ਅਤੇ ‘ਆਪ’ ਦੇ ਮੁਖੀ ਅਰਵਿੰਦ ਕੇਜਰੀਵਾਲ ਨੂੰ 2015 ਵਿੱਚ ਹੋਏ ਬਰਗਾੜੀ ਕਾਂਡ ਦੀ ਜਾਂਚ ਦਾ ਮਾਮਲਾ ਯਾਦ ਕਰਵਾਇਆ ਹੈ। ਉਨਾਂ ਆਪਣੇ ਸੋਸ਼ਲ ਮੀਡੀਆ ਖਾਤੇ ’ਤੇ ਸ੍ਰੀ ਕੇਜਰੀਵਾਲ ਦੀ ਇਸ ਸਬੰਧੀ ਇੱਕ ਵੀਡੀਓ ਅਪਲੋਡ ਕੀਤੀ ਅਤੇ ਆਖਿਆ ਕਿ ਹੁਣ ਇਸ ਮਾਮਲੇ ਵਿੱਚ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਤੋਂ ਉਨਾਂ ਨੂੰ ਕੋਈ ਨਹੀਂ ਰੋਕ ਰਿਹਾ ਹੈ।

ਬੇਅਦਬੀ ਕਾਂਡ ਵਿੱਚ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਨੂੰ ਨਾਮਜ਼ਦ ਕੀਤਾ ਗਿਆ ਹੈ, ਜਿਸ ਮਗਰੋਂ ਨਵਜੋਤ ਸਿੰਘ ਸਿੱਧੂ ਨੇ ਵੀ ਆਪਣੇ ਟਵਿੱਟਰ ਖਾਤੇ ਵਿੱਚ ‘ਆਪ’ ਸਰਕਾਰ ਨੂੰ ਕਿਹਾ ਕਿ ਉਹ ਹੁਣ ਇਸ ਮਾਮਲੇ ਵਿੱਚ ਕਾਰਵਾਈ ਕਰੇ। ਉਨਾਂ ਲਿਖਿਆ ਕਿ ਹੁਣ ਉਨਾਂ ਨੂੰ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਤੋਂ ਕੋਈ ਨਹੀਂ ਰੋਕ ਰਿਹਾ ਹੈ। ਇਸ ਸਬੰਧੀ ਅਪਲੋਡ ਕੀਤੀ 37 ਸਕਿੰਟਾਂ ਦੀ ਵੀਡੀਓ ਵਿੱਚ ਸ੍ਰੀ ਕੇਜਰੀਵਾਲ ਕਹਿ ਰਹੇ ਹਨ, “ਬੇਅਦਬੀ ਮਾਮਲੇ ਵਿੱਚ ਸਾਰੇ ਪੰਜਾਬ ਦੇ ਲੋਕ ਨਾਰਾਜ਼ ਹਨ, ਪੰਜਾਬ ਦੇ ਲੋਕ ਚਾਹੁੰਦੇ ਹਨ ਕਿ ਬਰਗਾੜੀ ਕਾਂਡ ਦੇ ‘ਮਾਸਟਰਮਾਈਂਡ’ ਖ਼ਿਲਾਫ਼ ਕਾਰਵਾਈ ਹੋਵੇ। ਇਹ ਸਾਰੇ ਜਾਣਦੇ ਹਨ ਕਿ ਮਾਸਟਰਮਾਈਂਡ ਕੌਣ ਹੈ, ਸ੍ਰੀ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਜਾਂਚ ਰਿਪੋਰਟ ਵਿੱਚ ਇਸ ਦਾ ਜ਼ਿਕਰ ਸ਼ਾਮਲ ਹੈ। ਮੁੱਖ ਮੰਤਰੀ ਇਸ ਰਿਪੋਰਟ ਵਿੱਚੋਂ ਦੋਸ਼ੀਆਂ ਦੇ ਨਾਂ ਦੇਖ ਸਕਦੇ ਹਨ ਅਤੇ 24 ਘੰਟਿਆਂ ਵਿੱਚ ਉਨਾਂ ਖ਼ਿਲਾਫ਼ ਕਾਰਵਾਈ ਹੋ ਸਕਦੀ ਹੈ, ਉਨਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ।”

ਸਿੱਧੂ ਨੇ ਹੁਣ ਅਸਿੱਧੇ ਢੰਗ ਨਾਲ ‘ਆਪ’ ਸਰਕਾਰ ਨੂੰ ਆਖਿਆ ਕਿ ਹੁਣ ਉਨਾਂ ਦੀ ਪੰਜਾਬ ਵਿੱਚ ਸਰਕਾਰ ਹੈ ਅਤੇ ਉਹ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰਨ। ਹੁਣ ਉਨਾਂ ਨੂੰ ਇਸ ਮਾਮਲੇ ਵਿੱਚ ਕਾਰਵਾਈ ਕਰਨ ਤੋਂ ਕੋਈ ਨਹੀਂ ਰੋਕੇਗਾ ਅਤੇ ਨਾ ਹੀ ਕੋਈ ਅੜਿੱਕਾ ਹੋਵੇਗਾ। ਇੱਥੇ ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਬਾਅਦ ਹੁਣ ਤੱਕ ਭਗਵੰਤ ਸਿੰਘ ਮਾਨ ਵੱਲੋਂ ਇਸ ਮਾਮਲੇ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ। ਬੇਅਦਬੀ ਕਾਂਡ 2015 ਵਿੱਚ ਤਤਕਾਲੀ ਅਕਾਲੀ ਦਲ-ਭਾਜਪਾ ਸਰਕਾਰ ਵੇਲੇ ਵਾਪਰਿਆ ਸੀ ਅਤੇ ਹੁਣ ਸੱਤ ਸਾਲ ਬਾਅਦ 2022 ਵਿੱਚ ਵੀ ਇਹ ਮਾਮਲਾ ਲਟਕ ਰਿਹਾ ਹੈ।

# ਪੰਜਾਬੀ ਗਾਇਕ ਗੈਂਗਸਟਰਾਂ ਦੇ ਨਿਸ਼ਾਨੇ ’ਤੇ

## ਗੈਂਗਸਟਰ ਲੱਕੀ ਪਟਿਆਲ ਦਾ ਖ਼ਾਸ ਗਿਰੋਹ ਹਥਿਆਰਾਂ ਸਣੇ ਗ੍ਰਿਫ਼ਤਾਰ

**ਮੋਹਾਲੀ/ਏ.ਟੀ.ਨਿਊਜ਼ :-** ਮੋਹਾਲੀ ਪੁਲਿਸ ਨੇ ਗੈਂਗਸਟਰ ਲੱਕੀ ਪਟਿਆਲ ਦੇ ਖ਼ਾਸ ਸਾਥੀ ਨੂੰ ਗ੍ਰਿਫ਼ਤਾਰ ਕੀਤਾ ਹੈ। ਗੈਂਗਸਟਰ ਕੋਲੋਂ ਨਾਜਾਇਜ਼ ਹਥਿਆਰ ਬਰਾਮਦ ਹੋਏ ਹਨ। ਇਸ ਗੱਲ ਦੀ ਪੁਸ਼ਟੀ ਮੋਹਾਲੀ ਦੇ ਐੱਸ. ਐੱਸ. ਪੀ. ਹਰਜੀਤ ਸਿੰਘ ਨੇ ਕੀਤੀ ਹੈ। ਐੱਸ. ਐੱਸ. ਪੀ. ਮੋਹਾਲੀ ਨੇ ਦੱਸਿਆ ਕਿ ਬੰਬੀਹਾ ਗਰੁੱਪ ਅਤੇ ਅਰਮੀਨੀਆ ਜੇਲ ਵਿੱਚ ਬੰਦ ਲੱਕੀ ਪਟਿਆਲ ਦੇ ਖ਼ਾਸ ਗੁਰਗੇ ਯੋਧਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਉਨਾਂ ਦੱਸਿਆ ਕਿ ਹੁਣ ਗੈਂਗਸਟਰਾਂ ਦੇ ਨਿਸ਼ਾਨੇ ਉਤੇ ਕਈ ਪੰਜਾਬੀ ਗਾਇਕ ਹੈ। ਪੰਜਾਬੀ ਗਾਇਕਾਂ ਦੀ ਰੇਕੀ ਕੀਤੀ ਗਈ।

ਪੁਲਿਸ ਨੂੰ ਕਬੱਡੀ ਖਿਡਾਰੀ ਕਤਲ ਕਾਂਡ ਵਿਚ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਜਾਂ ਪ੍ਰੋਡਕਸ਼ਨ ਵਾਰੰਟ ’ਤੇ ਲਿਆਂਦੇ ਗਏ ਗੈਂਗਸਟਰਾਂ ਤੋਂ ਪੁੱਛਗਿੱਛ ਦੌਰਾਨ ਕਈ ਵੱਡੇ ਖ਼ੁਲਾਸੇ ਸਾਹਮਣੇ ਆ ਰਹੇ ਹਨ। ਪੁਲਿਸ ਸੂਤਰਾਂ ਮੁਤਾਬਕ ਪੁੱਛਗਿੱਛ ਵਿਚ ਕਈ ਖ਼ੁਲਾਸੇ ਹੋਏ ਹਨ ਕਿ ਜੇਲ ਵਿਚ ਬੰਦ ਗੈਂਗਸਟਰ ਕਿਸ ਤਰਾਂ ਡਰਾਉਣ ਦੀ ਯੋਜਨਾ ਬਣਾ ਰਹੇ ਹਨ। ਪੰਜਾਬ ਪੁਲਿਸ ਦੇ ਸੂਤਰਾਂ ਅਨੁਸਾਰ ਪੰਜਾਬੀ ਗਾਇਕ ਮਨਕੀਰਤ ਔਲਖ ਨੂੰ ਪਿਛਲੇ ਦਿਨੀਂ ਧਮਕੀਆਂ ਮਿਲੀਆਂ ਸਨ। ਗਾਇਕ ਮਨਕੀਰਤ ਔਲਖ ਸਮੇਤ ਤਿੰਨ ਤੋਂ ਚਾਰ ਪੰਜਾਬੀ ਗਾਇਕ ਗੈਂਗਸਟਰਾਂ ਦੇ ਨਿਸ਼ਾਨੇ ’ਤੇ ਹਨ। ਹਾਲਾਂਕਿ ਪੁਲਸ ਅਧਿਕਾਰੀ ਇਸ ਮਾਮਲੇ ਵਿਚ ਕੁਝ ਵੀ ਕਹਿਣ ਨੂੰ ਤਿਆਰ ਨਹੀਂ ਹਨ। ਸੂਤਰਾਂ ਅਨੁਸਾਰ ਜਲਦ ਹੀ ਮਨਕੀਰਤ ਔਲਖ ਸਮੇਤ ਤਿੰਨ ਤੋਂ ਚਾਰ ਗਾਇਕ ਸੁਰੱਖਿਆ ਮਾਮਲੇ ਨੂੰ ਲੈ ਕੇ ਮੁੱਖ ਮੰਤਰੀ ਨਾਲ ਮੁਲਾਕਾਤ ਕਰ ਸਕਦੇ ਹਨ।

# ਆਪ ਵਿਧਾਇਕ ਦੇ ਦਬਾਅ ਮਗਰੋਂ ਪੁਲਿਸ ਨੇ ਬਿਨਾਂ ਕਾਰਵਾਈ ਦੇ ਡਰੱਗ ਵੇਚਣ ਵਾਲਾ ਛੱਡਿਆ

**ਫਰੀਦਕੋਟ/ਏ.ਟੀ.ਨਿਊਜ਼ :-** ਚੋਰੀ ਦੇ ਦੋਸ਼ਾਂ ਹੇਠ ਹਿਰਾਸਤ ਵਿੱਚ ਲਏ ਗਏ ਇੱਕ ਡਰੱਗ ਵੇਚਣ ਵਾਲੇ ਨੌਜਵਾਨ ਨੂੰ ਹਾਕਮ ਧਿਰ ਦੇ ਇੱਕ ਵਿਧਾਇਕ ਦੇ ਕਥਿਤ ਦਬਾਅ ਮਗਰੋਂ ਪੁਲਿਸ ਨੇ ਬਿਨਾਂ ਕਾਰਵਾਈ ਕੀਤਿਆਂ ਛੱਡ ਦਿੱਤਾ ਹੈ ਅਤੇ ਇਸ ਨੌਜਵਾਨ ਨੂੰ ਫੜਨ ਵਾਲੇ ਏਐੱਸਆਈ ਦਾ ਤਬਾਦਲਾ ਕਰ ਦਿੱਤਾ ਗਿਆ। ਇਸ ਅਧਿਕਾਰੀ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਵਿਧਾਇਕ ਦੀ ਗਾਰਦ ਵਿੱਚ ਤਾਇਨਾਤ ਕੀਤਾ ਜਾਵੇ। ਪੁਲਿਸ ਮੁਲਾਜ਼ਮ ਨੇ ਵਿਧਾਇਕ ਦੇ ਘਰ ਅੱਗੇ ਗਾਰਦ ਵਿੱਚ ਤਾਇਨਾਤ ਹੋਣ ਤੋਂ ਇਨਕਾਰ ਕਰ ਦਿੱਤਾ ਹੈ ਜਿਸ ਕਾਰਨ ਵਿਭਾਗ ਨੇ ਉਸ ਨੂੰ ਡਿਊਟੀ ਤੋਂ ਗੈਰਹਾਜ਼ਰ ਐਲਾਨ ਦਿੱਤਾ ਹੈ। ਇਸੇ ਤਰਾਂ ਦੂਸਰੇ ਪੁਲਿਸ ਮੁਲਾਜ਼ਮ ਨੂੰ ਥਾਣਾ ਸਿਟੀ ਕੋਟਕਪੂਰਾ ਵਿੱਚੋਂ ਬਦਲ ਕੇ ਲਾਈਨ ਹਾਜ਼ਰ ਕਰ ਦਿੱਤਾ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਪੀੜਤ ਪੁਲਿਸ ਅਧਿਕਾਰੀ ਦੇ ਪਿਤਾ ਨੇ ਵਿਧਾਇਕ ਖ਼ਿਲਾਫ਼ ਜ਼ਿਲਾ ਪੁਲਿਸ ਮੁਖੀ ਨੂੰ ਇਸ ਸਬੰਧੀ ਲਿਖਤੀ ਸ਼ਿਕਾਇਤ ਵੀ ਦਿੱਤੀ ਹੈ। ਪੀੜਤ ਪੁਲਿਸ ਮੁਲਾਜ਼ਮ ਦੇ ਪਿਤਾ ਹਰਮੇਲ ਸਿੰਘ ਨੇ ਲਿਖਤੀ ਸ਼ਿਕਾਇਤ ਦੇਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਉਸ ਨੇ ਆਪਣੇ ਲੜਕੇ ਇਕਬਾਲ ਸਿੰਘ ਦੀ ਵਿਧਾਇਕ ਦੀ ਗਾਰਦ ਵਿਚੋਂ ਬਦਲੀ ਕਰਵਾਉਣ ਤੇ ਉਸ ਦੀ ਜਾਨ ਮਾਲ ਦੀ ਰਾਖੀ ਲਈ ਉੱਚ ਪੁਲਿਸ ਅਧਿਕਾਰੀਆਂ ਨੂੰ ਲਿਖਤੀ ਸ਼ਿਕਾਇਤ ਦਿੱਤੀ ਹੈ। ਇਸ ਸਬੰਧੀ ਸਬੰਧਤ ਵਿਧਾਇਕ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਪ੍ਰੰਤੂ ਵਾਰ ਵਾਰ ਕੋਸ਼ਿਸ਼ ਕਰਨ ਦੇ ਬਾਵਜੂਦ ਉਨਾਂ ਫੋਨ ’ਤੇ ਕਿਸੇ ਵੀ ਤਰਾਂ ਦੀ ਕੋਈ ਗੱਲਬਾਤ ਨਹੀਂ ਕੀਤੀ ਅਤੇ ਨਾ ਹੀ ਇਸ ਸਮੁੱਚੀ ਘਟਨਾ ਬਾਰੇ ਕੋਈ ਪ੍ਰਤੀਕਿਰਿਆ ਦਿੱਤੀ। ਵਿਧਾਇਕ ਦਾ ਫੋਨ ਲਗਾਤਾਰ ਬੰਦ ਆ ਰਿਹਾ ਹੈ।

**ਮਾਮਲੇ ਦੀ ਪੜਤਾਲ ਕਰ ਰਹੇ ਹਾਂ : ਐੱਸਐੱਸਪੀ**

ਜ਼ਿਲਾ ਪੁਲਿਸ ਮੁਖੀ ਵਰੁਣ ਸ਼ਰਮਾ ਨੇ ਕਿਹਾ ਕਿ ਪੁਲਿਸ ਨੇ ਪਿੰਡ ਸੰਧਵਾਂ ਵਿੱਚ ਛਾਪਾ ਮਾਰਿਆ ਸੀ ਤੇ ਉੱਥੇ ਇੱਕ ਵਿਅਕਤੀ ਦੇ ਘਰੋਂ ਸ਼ੱਕੀ ਮੋਟਰਸਾਈਕਲ ਮਿਲੇ ਹਨ ਜਿਨਾਂ ਦੇ ਰਿਕਾਰਡ ਦੀ ਪੜਤਾਲ ਕੀਤੀ ਜਾ ਰਹੀ ਹੈ। ਇਸ ਮਗਰੋਂ ਅਗਲੀ ਕਾਰਵਾਈ ਅਮਲ ’ਚ ਲਿਆਂਦੀ ਜਾਵੇਗੀ। ਉਨਾਂ ਕਿਹਾ ਕਿ ਛਾਪੇ ਦੌਰਾਨ ਕਿਸੇ ਵੀ ਤਰਾਂ ਦਾ ਨਸ਼ਾ ਜਾਂ ਸ਼ਰਾਬ ਆਦਿ ਨਹੀਂ ਮਿਲੀ। ਪੁਲਿਸ ਮੁਖੀ ਨੇ ਕਿਹਾ ਕਿ ਛਾਪੇ ਮਾਰਨ ਵਾਲੇ ਪੁਲਿਸ ਅਧਿਕਾਰੀ ਦੇ ਤਬਾਦਲੇ ਬਾਰੇ ਜਾਣਕਾਰੀ ਨਹੀਂ ਹੈ।

**ਸਬੰਧਤ ਵਿਧਾਇਕ ਖ਼ਿਲਾਫ਼ ਕਾਰਵਾਈ ਹੋਵੇ : ਬੰਟੀ ਰੋਮਾਣਾ**

ਯੂਥ ਅਕਾਲੀ ਦਲ ਦੇ ਸੂਬਾ ਪ੍ਰਧਾਨ ਪਰਮਬੰਸ ਸਿੰਘ ਬੰਟੀ ਰੋਮਾਣਾ ਨੇ ਕਿਹਾ ਕਿ ਨਸ਼ਾ ਤਸਕਰਾਂ ਦੀ ਮਦਦ ਕਰਨ ਵਾਲੇ ਵਿਧਾਇਕ ਖ਼ਿਲਾਫ਼ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ ਅਤੇ ਨਸ਼ੇ ਦੇ ਤਸਕਰਾਂ ਨੂੰ ਨੱਥ ਪਾਈ ਜਾਵੇ। ਬੰਟੀ ਰੋਮਾਣਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨਸ਼ਾਮੁਕਤ ਪੰਜਾਬ ਦਾ ਨਾਅਰਾ ਦੇ ਕੇ ਸੱਤਾ ਵਿਚ ਆਈ ਹੈ ਅਤੇ ਹੁਣ ਇਸ ਦੇ ਵਿਧਾਇਕ ਤਸਕਰਾਂ ਦੀ ਮਦਦ ਕਰ ਰਹੇ ਹਨ ਜਿਸ ਨੂੰ ਕਿਸੇ ਵੀ ਕੀਮਤ ’ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਪੰਜਾਬ 'ਚ ਬਿਜਲੀ ਸੰਕਟ ਮੰਡਰਾਇਆ, ਕੋਲੇ ਦੀ ਸਮੱਸਿਆ ਬਰਕਰਾਰ

## ਕੇਂਦਰ ਸਰਕਾਰ ਪੰਜਾਬ ਨੂੰ ਕੋਇਲਾ ਦੇਣ ਤੋਂ ਇਨਕਾਰੀ

**ਚੰਡੀਗੜ੍ਹ/ਏ.ਟੀ.ਨਿਊਜ਼** :- ਪੰਜਾਬ ਨੂੰ ਗੰਭੀਰ ਬਿਜਲੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦਾ ਕਾਰਨ ਹੈ ਬਿਜਲੀ ਦੀ ਘੱਟ ਪੂਰਤੀ ਤੇ ਵੱਧ ਲੋੜ। ਘੱਟ ਬਿਜਲੀ ਹੋਣ ਦਾ ਵੱਡਾ ਕਾਰਨ ਕੋਲੇ ਦੀ ਕਮੀ ਹੈ ਜੋ ਕੋਲੇ ਦੀਆਂ ਵਧੀਆਂ ਕੀਮਤਾਂ ਕਾਰਨ ਦੱਸੀ ਜਾ ਰਹੀ ਹੈ। ਜਿੱਥੇ ਇਹ ਕਿਸਾਨਾਂ ਸਮੇਤ ਆਮ ਲੋਕਾਂ ਲਈ ਚਿੰਤਾ ਦਾ ਵਿਸ਼ਾ ਹੈ ਉੱਥੇ ਇਹ ਪੰਜਾਬ ਦੀ ਨਵੀਂ ਬਣੀ ਆਮ ਆਦਮੀ ਪਾਰਟੀ ਲਈ ਇੱਕ ਪਹਿਲੀ ਵੱਡੀ ਚੁਣੌਤੀ ਵੀ ਹੈ।ਪੰਜਾਬ ਦੇ ਕਈ ਖੇਤਰਾਂ ਵਿੱਚ ਬਿਜਲੀ ਦੀ ਘਾਟ ਹੋਣ ਕਰਕੇ ਬਿਜਲੀ ਦੇ ਕੱਟ ਲੱਗਣੇ ਸ਼ੁਰੂ ਹੋ ਗਏ ਹਨ। ਲੁਧਿਆਣਾ ਵਿੱਚ ਕਿਸਾਨਾਂ ਨੇ ਬੀਤੇ ਦਿਨੀਂ ਇਸ ਸਬੰਧ ਵਿੱਚ ਧਰਨਾ ਵੀ ਲਗਾਇਆ ਸੀ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਅਧਿਕਾਰਤ ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਪ੍ਰਾਈਵੇਟ ਥਰਮਲ ਪਾਵਰ ਜਨਰੇਟਰਾਂ ਤੋਂ ਬਿਜਲੀ ਦੀ ਉਪਲਬਧਤਾ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਉਹ ਆਪਣੇ ਥਰਮਲ ਪਲਾਂਟਾਂ 'ਤੇ ਕੋਲੇ ਦਾ ਲੋੜੀਂਦਾ ਭੰਡਾਰ ਨਹੀਂ ਰੱਖ ਰਹੇ ਹਨ। ਪਿਛਲੇ ਸਾਲ ਅਕਤੂਬਰ ਵਿੱਚ ਵੀ ਕੋਲੇ ਦੀ ਕਮੀ ਕਾਰਨ ਪੰਜਾਬ ਨੂੰ ਬਹੁਤ ਵੱਡੇ ਬਿਜਲੀ ਸੰਕਟ ਦਾ ਸਾਹਮਣਾ ਕਰਨਾ ਪਿਆ ਸੀ।ਆਲ ਇੰਡੀਆ ਪਾਵਰ ਇੰਜੀਨੀਅਰ ਫੈਡਰੇਸ਼ਨ ਦੇ ਬੁਲਾਰੇ ਵੀਕੇ ਗੁਪਤਾ ਨੇ ਕਿਹਾ ਕਿ ਪੰਜਾਬ ਵਿੱਚ ਪ੍ਰਾਈਵੇਟ ਜਨਰੇਟਰਾਂ ਦੇ ਥਰਮਲ ਪਲਾਂਟਾਂ ਵਿੱਚ ਕੋਲੇ ਦਾ ਸਟਾਕ ਸੁੱਕ ਰਿਹਾ ਹੈ ਕਿਉਂਕਿ ਉਹ ਲਗਭਗ ਰੋਜ਼ਾਨਾ ਦੇ ਹਿਸਾਬ ਨਾਲ ਕੋਲੇ ਦਾ ਸਟਾਕ ਰੱਖਦੇ ਹਨ।

ਉਹ ਕਹਿੰਦੇ ਹਨ, 'ਇਹ ਇਸ ਤੱਥ ਦੇ ਬਾਵਜੂਦ ਹੈ ਕਿ ਬਿਜਲੀ ਮੰਤਰਾਲੇ ਨੇ ਸਾਰੇ ਕੋਲਾ ਆਧਾਰਤ ਥਰਮਲ ਜਨਰੇਟਿੰਗ ਸਟੇਸ਼ਨਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਆਪਣੀਆਂ ਜ਼ਿੰਮੇਵਾਰੀਆਂ ਦੇ ਅਨੁਸਾਰ ਕੋਲੇ ਦੇ ਢੁਕਵੇਂ ਸਟਾਕ ਨੂੰ ਕਾਇਮ ਰੱਖਣ ਅਤੇ ਇਹ ਯਕੀਨੀ ਬਣਾਉਣ ਲਈ ਲੋੜਾਂ ਅਨੁਸਾਰ ਬਿਜਲੀ ਪੈਦਾ ਕਰਨ।'

ਬਿਜਲੀ ਮੰਤਰੀ ਹਰਭਜਨ ਸਿੰਘ ਦਾ ਕਹਿਣਾ ਹੈ ਕਿ ਸਰਕਾਰ ਕੋਲੇ ਦੀ ਕਮੀ ਤੋਂ ਜਾਣੂ ਹੈ। ਉਨ੍ਹਾਂ ਨੇ ਕਿਹਾ ਕਿ ਅਧਿਕਾਰੀਆਂ ਨੂੰ ਝਾਰਖੰਡ ਕੋਲਾ ਖ਼ਾਨ ਦੀ ਸਥਿਤੀ ਦੇਖਣ ਲਈ ਭੇਜਿਆ ਗਿਆ ਹੈ ਤਾਂ ਜੋ ਸਥਿਤੀ ਨੂੰ ਕਾਬੂ ਵਿੱਚ ਲਿਆਂਦਾ ਜਾ ਸਕੇ। ਉਨ੍ਹਾਂ ਨੇ ਦੱਸਿਆ ਕਿ ਗਰਮੀਆਂ ਅਤੇ ਝੋਨੇ ਦੇ ਸੀਜ਼ਨ ਵਿੱਚ ਬਿਜਲੀ ਦੀ ਮੰਗ ਵਧੇਗੀ।

ਹਾਲਾਂਕਿ ਵੀ ਕੇ ਗੁਪਤਾ ਨੇ ਚੇਤਾਵਨੀ ਦਿੱਤੀ ਕਿ ਪੀਐਸਪੀਸੀਐਲ ਨੂੰ ਝੋਨੇ ਦੇ ਸੀਜ਼ਨ ਦੌਰਾਨ ਕੋਲੇ ਦੀ ਕਮੀ ਦਾ ਨੁਕਸਾਨ ਝੱਲਣਾ ਪੈ ਸਕਦਾ ਹੈ। ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਪਾਵਰ ਐਕਸਚੇਂਜ ਰਾਹੀਂ ਮਹਿੰਗੀ ਬਿਜਲੀ ਖ਼ਰੀਦ ਕਰਨੀ ਪਵੇਗੀ।

ਤੁਹਾਨੂੰ ਦੱਸ ਦੇਈਏ ਤਲਵੰਡੀ ਸਾਬੋ ਦਾ ਨਿੱਜੀ ਖੇਤਰ ਦਾ ਥਰਮਲ ਪਲਾਂਟ ਦਾ ਯੂਨਿਟ ਨੰਬਰ 3 ਜੋ ਕਿ ਕੋਲੇ ਦੀ ਮਾਮੂਲੀ ਜਿਹੀ ਆਮਦ ਤੋਂ ਬਾਅਦ ਮੁੜ ਚੱਲ ਪਿਆ ਸੀ ਉਹ ਤਕਨੀਕੀ ਖਰਾਬੀ ਕਾਰਨ ਮੁੜ ਬੰਦ ਹੋ ਗਿਆ। ਸਰਕਾਰੀ ਰੋਪੜ ਥਰਮਲ ਪਲਾਂਟ ਦਾ ਇਕ ਯੂਨਿਟ ਨੰਬਰ ਤਿੰਨ ਐਮਰਜੈਂਸੀ ਲਈ ਬੰਦ ਰੱਖਿਆ ਗਿਆ ਹੈ ਜਦਕਿ ਯੂਨਿਟ ਨੰਬਰ ਚਾਰ ਬੁਆਇਲਰ ਲੀਕੇਜ ਕਰਕੇ ਬੰਦ ਹੋ ਗਿਆ ਹੈ। ਲਹਿਰਾ ਮੁਹੱਬਤ ਪਲਾਂਟ ਦਾ ਯੂਨਿਟ ਨੰਬਰ ਦੋ ਤੇ ਚਾਰ ਐਮਰਜੈਂਸੀ ਵਿਚ ਚਲਾਉਣ ਲਈ ਬੰਦ ਰੱਖਿਆ ਹੈ ਤੇ ਯੂਨਿਟ ਨੰਬਰ ਤਿੰਨ ਪਾਣੀ ਦੀ ਘਾਟ ਕਰਕੇ ਬੰਦ ਹੈ। ਪੰਜਾਬ ਵਿਚ ਸਥਾਪਤ ਥਰਮਲਾਂ ਵਿਚ ਸਮਰੱਥਾ ਨਾਲੋਂ ਕਰੀਬ 2 ਹਜ਼ਾਰ ਮੈਗਾਵਾਟ ਬਿਜਲੀ ਉਤਪਾਦਨ ਘੱਟ ਹੋ ਰਿਹਾ ਹੈ। ਪੰਜਾਬ ਦੇ ਵੱਖ-ਵੱਖ ਥਰਮਲਾਂ ਦੇ ਛੇ ਯੂਨਿਟ ਬੰਦ ਹੋਣ ਕਰਕੇ 1400 ਮੈਗਾਵਾਟ ਤੋਂ ਵੱਧ ਬਿਜਲੀ ਦਾ ਉਤਪਾਦਨ ਪ੍ਰਭਾਵਿਤ ਹੋ ਰਿਹਾ ਹੈ।

ਪੰਜਾਬ ਸਰਕਾਰ ਦੀ ਪੂਰੀ ਕੋਸ਼ਿਸ਼ ਦੇ ਬਾਵਜੂਦ ਕੋਲੇ ਦੀ ਸਮੱਸਿਆ ਬਰਕਰਾਰ ਹੈ। ਕੋਲਾ ਤੈਅ ਮੁੱਲ 'ਤੇ ਨਹੀਂ ਮਿਲ ਰਿਹਾ ਹੈ ਤੇ ਰੇਲਵੇ ਵੱਲੋਂ ਖਾਲੀ ਰੈਕ ਦੇਣ ਤੋਂ ਵੀ ਪਾਸਾ ਵੱਟਿਆ ਜਾ ਰਿਹਾ ਹੈ। ਇਸੇ ਦੌਰਾਨ ਪੰਜਾਬ ਦੇ ਨਵੇਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪ੍ਰਧਾਨ ਮੰਤਰੀ ਨੂੰ ਮਿਲਣ ਦੀ ਖਾਤਿਰ ਸਮੇਂ ਦੀ ਮੰਗ ਕੀਤੀ ਹੈ। ਕੇਂਦਰ ਸਰਕਾਰ ਨੇ ਇਸ ਬਾਰੇ ਹਾਮੀ ਨਹੀਂ ਭਰੀ।

# ਅਮਰੀਕਾ ਵਿਚ ਬਿਨਾਂ ਆਗਿਆ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਛਾਪਣ ਦਾ ਮਾਮਲਾ

## ✪ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਲਿਆ ਸਖਤ ਨੋਟਿਸ

## ✪ ਸਿੱਖ ਵਿਦਵਾਨਾਂ ਦੀ ਇਕ ਕਮੇਟੀ ਬਣਾਈ

**ਅੰਮ੍ਰਿਤਸਰ/ਏ.ਟੀ.ਨਿਊਜ਼** :- ਅਮਰੀਕਾ ਦੀ ਇੱਕ ਸੰਸਥਾ 'ਸਿੱਖ ਬੁੱਕ ਕਲੱਬ' ਵੱਲੋਂ ਬਿਨਾਂ ਆਗਿਆ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਛਾਪਣ ਤੇ ਗੁਰਬਾਣੀ ਨਾਲ ਛੇੜ-ਛਾੜ ਕਰਨ ਅਤੇ ਉਸ ਦੀ ਪੀਡੀਐੱਫ ਬਣਾ ਕੇ ਵੈੱਬਸਾਈਟ 'ਤੇ ਪਾਉਣ ਦਾ ਅਕਾਲ ਤਖ਼ਤ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਸਖ਼ਤ ਨੋਟਿਸ ਲਿਆ ਹੈ। ਉਨ੍ਹਾਂ ਇਸ ਮਾਮਲੇ ਵਿਚ ਸਿੱਖ ਵਿਦਵਾਨਾਂ ਦੀ ਇਕ ਕਮੇਟੀ ਬਣਾਈ ਹੈ, ਜੋ ਪੜਤਾਲ ਕਰ ਕੇ ਇੱਕ ਹਫ਼ਤੇ ਅੰਦਰ ਰਿਪੋਰਟ ਪੇਸ਼ ਕਰੇਗੀ। ਜਥੇਦਾਰ ਨੇ ਕਿਹਾ ਕਿ ਇਸ ਸਬੰਧ ਵਿੱਚ ਅਕਾਲ ਤਖ਼ਤ 'ਤੇ ਸ਼ਿਕਾਇਤਾਂ ਪੁੱਜੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖ ਬੁੱਕ ਕਲੱਬ ਦੇ ਪ੍ਰਕਾਸ਼ਕ ਥਮਿੰਦਰ ਸਿੰਘ ਅਨੰਦ ਵੱਲੋਂ ਅਮਰੀਕਾ ਵਿੱਚ ਬਿਨਾਂ ਪ੍ਰਵਾਨਗੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਛਾਪੇ ਗਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਇਹ ਕਿਸੇ ਸੋਚੀ-ਸਮਝੀ ਸਾਜ਼ਿਸ਼ ਤਹਿਤ ਕੀਤਾ ਗਿਆ ਕੰਮ ਹੈ। ਥਮਿੰਦਰ ਨੇ ਕੁਝ ਸਾਲ ਪਹਿਲਾਂ ਵੀ ਚੀਨ ਵਿੱਚ ਸਰੂਪ ਛਪਵਾ ਕੇ ਅਮਰੀਕਾ ਭੇਜਣ ਦਾ ਯਤਨ ਕੀਤਾ ਸੀ। ਉਸ ਵੇਲੇ ਸ਼੍ਰੋਮਣੀ ਕਮੇਟੀ ਵੱਲੋਂ ਅੰਮ੍ਰਿਤਸਰ ਦੇ ਥਾਣਾ ਈ-ਡਿਵੀਜ਼ਨ ਵਿੱਚ ਕੇਸ ਦਰਜ ਕਰਵਾਇਆ ਗਿਆ ਸੀ। ਉਨ੍ਹਾਂ ਦੱਸਿਆ ਕਿ ਸਿੱਖ ਵਿਦਵਾਨਾਂ ਦੀ ਇੱਕ ਕਮੇਟੀ ਬਣਾਈ ਗਈ ਹੈ, ਜੋ ਇੱਕ ਹਫ਼ਤੇ ਵਿੱਚ ਰਿਪੋਰਟ ਤਿਆਰ ਕਰ ਕੇ ਭੇਜੇਗੀ। ਉਨ੍ਹਾਂ ਸਮੂਹ ਗੁਰਦੁਆਰਾ ਕਮੇਟੀਆਂ, ਸਿੱਖ ਸੰਪਰਦਾਵਾਂ, ਜਥੇਬੰਦੀਆਂ ਤੇ ਸਿੱਖ ਸੰਗਤ ਨੂੰ ਅਪੀਲ ਕੀਤੀ ਹੈ ਕਿ ਅਜਿਹੇ ਪ੍ਰਕਾਸ਼ਕ ਖ਼ਿਲਾਫ਼ ਵੱਡੀ ਪੱਧਰ 'ਤੇ ਮੁਹਿੰਮ ਆਰੰਭੀ ਜਾਵੇ। ਜ਼ਿਕਰਯੋਗ ਹੈ ਕਿ ਅਮਰੀਕਾ ਵਿੱਚ ਹੀ ਓਅੰਕਾਰ ਸਿੰਘ ਨਾਂ ਦੇ ਵਿਅਕਤੀ ਵੱਲੋਂ ਵੀ ਲਿਪੀ ਅੰਤਰਨ ਅਧੀਨ ਗੁਰਬਾਣੀ ਨਾਲ ਛੇੜਛਾੜ ਕੀਤੇ ਜਾਣ ਦੀ ਸ਼ਿਕਾਇਤ ਅਕਾਲ ਤਖ਼ਤ ਕੋਲ ਪਹੁੰਚੀ ਸੀ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਸ 'ਤੇ ਵੀ ਰੋਕ ਲਾਈ ਗਈ ਸੀ, ਪਰ ਪਤਾ ਲੱਗਾ ਹੈ ਕਿ ਇਸ ਵਿਅਕਤੀ ਨੇ ਹਾਲੇ ਤੱਕ ਇਹ ਕੰਮ ਬੰਦ ਨਹੀਂ ਕੀਤਾ ਹੈ।

### ਸ਼੍ਰੋਮਣੀ ਕਮੇਟੀ ਵੱਲੋਂ ਸਖ਼ਤ ਕਾਰਵਾਈ ਦੀ ਅਪੀਲ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਗੁਰਬਾਣੀ ਨਾਲ ਛੇੜਛਾੜ ਕਰਨ ਦੇ ਦੋਸ਼ ਹੇਠ ਥਮਿੰਦਰ ਸਿੰਘ ਅਨੰਦ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਉਕਤ ਵੱਲੋਂ ਤਿਆਰ ਕੀਤੀ ਗਈ ਪੀਡੀਐੱਫ ਵਿੱਚ ਵਾਧੂ ਲਗਾਂ-ਮਾਤਰਾਵਾਂ ਅਤੇ ਬਿੰਦੀਆਂ ਲਾਈਆਂ ਗਈਆਂ ਹਨ।

# ਮਾਮਲਾ ਰਾਜੋਆਣਾ ਨੂੰ ਮੁਆਫੀ ਬਾਰੇ

## ਸੁਪਰੀਮ ਕੋਰਟ ਵੱਲੋਂ ਫੈਸਲਾ 30 ਅਪ੍ਰੈਲ ਤੱਕ ਲੈਣ ਦੇ ਹੁਕਮ



**ਦਿੱਲੀ/ਏ.ਟੀ.ਨਿਊਜ਼** :- ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ ਵਿਚ ਸਜ਼ਾ ਭੁਗਤ ਰਹੇ ਬਲਵੰਤ ਸਿੰਘ ਰਾਜੋਆਣਾ ਨੂੰ ਮੁਆਫੀ ਦੇਣ ਬਾਰੇ 30 ਅਪ੍ਰੈਲ ਤੱਕ ਫੈਸਲਾ ਲੈਣ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਨੇ ਨਾਰਾਜ਼ਗੀ ਜ਼ਾਹਰ ਕਰਦਿਆਂ ਕਿਹਾ ਕਿ ਜੇਕਰ ਉਸ ਸਮੇਂ ਤੱਕ ਫੈਸਲਾ ਨਾ ਲਿਆ ਗਿਆ ਤਾਂ ਕੇਂਦਰੀ ਗ੍ਰਹਿ ਸਕੱਤਰ ਨੂੰ ਅਗਲੀ ਤਰੀਕ (2 ਮਈ) ਨੂੰ ਨਿੱਜੀ ਤੌਰ 'ਤੇ ਪੇਸ਼ ਹੋਣਾ ਪਵੇਗਾ। ਸੁਪਰੀਮ ਕੋਰਟ ਨੇ ਇਹ ਹੁਕਮ ਰਾਜੋਆਣਾ ਦੀ ਪਟੀਸ਼ਨ 'ਤੇ ਦਿੱਤਾ ਹੈ। ਰਾਜੋਆਣਾ ਨੇ ਦੋ ਸਾਲ ਪਹਿਲਾਂ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦੇ ਕੇਂਦਰੀ ਗ੍ਰਹਿ ਮੰਤਰਾਲੇ ਦੇ ਸਤੰਬਰ 2019 ਦੇ ਫੈਸਲੇ ਨੂੰ ਲਾਗੂ ਕਰਨ ਲਈ ਸੁਪਰੀਮ ਕੋਰਟ ਦਾ ਰੁਖ ਕੀਤਾ ਸੀ। ਬਲਵੰਤ ਸਿੰਘ ਰਾਜੋਆਣਾ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦਾ ਦੋਸ਼ੀ ਹੈ। 31 ਅਗਸਤ 995 ਨੂੰ ਪੰਜਾਬ ਸਿਵਲ ਸਕੱਤਰੇਤ ਦੇ ਬਾਹਰ ਇਕ ਧਮਾਕੇ ਵਿਚ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਕਰ ਦਿੱਤੀ ਗਈ ਸੀ।

# ਲੰਬੀ ਵਿਚ ਪੁਲਿਸ ਵੱਲੋਂ ਕਿਸਾਨਾਂ ਉਪਰ ਲਾਠੀਚਾਰਜ

## ✪ ਕਈ ਕਿਸਾਨ ਤੇ ਮਜ਼ਦੂਰ ਜ਼ਖ਼ਮੀ, ਕਿਸਾਨ ਨੇਤਾਵਾਂ ਖ਼ਿਲਾਫ਼ ਕੇਸ ਦਰਜ ✪ ਪੁਲਿਸ ਵੱਲੋਂ ਲਾਠੀਚਾਰਜ ਤੋਂ ਇਨਕਾਰ

**ਲੰਬੀ/ਏ.ਟੀ.ਨਿਊਜ਼** :-ਬੀਤੇ ਦਿਨ ਭਾਰੀ ਗਿਣਤੀ ਪੁਲਿਸ ਨੇ ਮੁਆਵਜ਼ੇ ਲਈ ਸਬ ਤਹਿਸੀਲ ਲੰਬੀ ਦਾ ਘਿਰਾਓ ਕਰਨ ਵਾਲੇ ਮਰਦ-ਔਰਤ ਕਿਸਾਨਾਂ 'ਤੇ ਲਾਠੀਚਾਰਜ ਕਰਕੇ ਦਫ਼ਤਰ ਵਿਚ ਤਾੜੇ ਨਾਇਬ ਤਹਿਸੀਲਦਾਰ ਅਤੇ ਅਮਲੇ ਨੂੰ ਛੁਡਵਾ ਲਿਆ। ਲਾਠੀਚਾਰਜ ਵਿਚ ਛੇ ਕਿਸਾਨ ਅਤੇ ਇੱਕ ਖੇਤ ਮਜ਼ਦੂਰ ਆਗੂ ਜ਼ਖ਼ਮੀ ਹੋਇਆ ਹੈ, ਜਿਨ੍ਹਾਂ ਨੂੰ ਸਰਕਾਰੀ ਸਿਹਤ ਕੇਂਦਰ ਲੰਬੀ ਵਿਚ ਦਾਖ਼ਲ ਕਰਵਾਇਆ ਗਿਆ ਹੈ, ਜਦੋਂਕਿ ਬਲਾਕ ਪ੍ਰਧਾਨ ਗੁਰਪਾਸ਼ ਸਮੇਤ ਦੋ ਦਰਜਨ ਕਿਸਾਨਾਂ ਦੇ ਹਲਕੀਆਂ ਸੱਟਾਂ ਹਨ। ਦੂਜੇ ਪਾਸੇ ਰਾਤ ਨੂੰ ਪਟਵਾਰੀ ਯੂਨੀਅਨ ਨੇ ਨਾਇਬ ਤਹਿਸੀਲਦਾਰ ਨੂੰ ਤਾੜਨ ਖ਼ਿਲਾਫ਼ ਪਟਵਾਰੀਆਂ ਨੇ ਲੰਬੀ-ਗਿੱਦੜਬਾਹਾ ਤਿੰਨ ਕੋਨੀ 'ਤੇ ਸੜਕ ਜਾਮ ਕਰ ਦਿੱਤਾ। ਦੁਪਹਿਰ ਵੇਲੇ ਕਿਸਾਨਾਂ ਵੱਲੋਂ ਦਫ਼ਤਰ ਵਿਚ ਨਾਇਬ ਤਹਿਸੀਲਦਾਰ, ਤਿੰਨ ਪਟਵਾਰੀ, ਤਿੰਨ ਕਲਰਕ ਅਤੇ ਦੋ ਅਪਰੇਟਰ ਅਤੇ ਡਰਾਈਵਰ ਸਮੇਤ 10 ਜਣੇ ਦਫ਼ਤਰ ਵਿਚ ਘੇਰ ਲਏ ਸਨ। ਡੀਐੱਸਪੀ ਜਸਪਾਲ ਸਿੰਘ ਨੇ ਲਾਠੀਚਾਰਜ ਦੇ ਦੋਸ਼ਾਂ ਨੂੰ ਖਾਰਜ ਕਰਦੇ ਆਖਿਆ ਕਿ ਐੱਸਡੀਐੱਮ ਦੀ ਮੌਜੂਦਗੀ ਵਿਚ ਅੰਦਰ ਬੰਦ ਕੀਤੇ ਨਾਇਬ ਤਹਿਸੀਲਦਾਰ ਅਤੇ ਅਮਲੇ ਨੂੰ ਬਾਹਰ ਕੱਢਿਆ ਗਿਆ। ਇਸ ਦੌਰਾਨ ਗੁਲਾਬੀ ਸੁੰਡੀ ਮੁਆਵਜ਼ੇ ਸਬੰਧੀ ਕਿਸਾਨਾਂ ਵੱਲੋਂ ਸਬ ਤਹਿਸੀਲ ਲੰਬੀ 'ਚ ਨਾਇਬ ਤਹਿਸੀਲਦਾਰ ਅਤੇ ਅਮਲੇ ਦੇ ਘਿਰਾਓ ਮਾਮਲੇ ਵਿਚ ਲੰਬੀ ਪੁਲਿਸ ਨੇ 9 ਆਗੂਆਂ ਨੂੰ ਨਾਮਜ਼ਦ ਕਰਕੇ ਦਸ ਖ਼ਿਲਾਫ਼ ਅੱਠ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤਾ।

# ਪੱਗ ਉਪਰ ਗਾਂ ਦੀ ਪੂਛ ਰਾਹੀਂ ਅਸ਼ੀਰਵਾਦ ਲੈਣ ਦਾ ਮਸਲਾ

## ਸਪੀਕਰ ਸੰਧਵਾਂ ਵੱਲੋਂ ਅਕਾਲ ਤਖ਼ਤ 'ਤੇ ਖਿਮਾ ਯਾਚਨਾ ਅਤੇ ਪੰਥ ਕੋਲੋਂ ਮਾਫੀ ਮੰਗੀ






**ਅੰਮ੍ਰਿਤਸਰ/ਏ.ਟੀ.ਨਿਊਜ਼** :- ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ 'ਆਪ' ਆਗੂ ਕੁਲਤਾਰ ਸਿੰਘ ਸੰਧਵਾਂ ਨੇ ਅਕਾਲ ਤਖ਼ਤ ਦੇ ਜਥੇਦਾਰ ਦੇ ਨਾਂ ਪੱਤਰ ਦੇ ਕੇ ਹੋਈ ਗਲਤੀ ਲਈ ਖਿਮਾ ਯਾਚਨਾ ਕੀਤੀ ਹੈ। ਉਨ੍ਹਾਂ ਪੱਤਰ ਵਿੱਚ ਲਿਖਿਆ ਕਿ ਇਕ ਸੱਦੇ 'ਤੇ ਉਹ ਗਊਸ਼ਾਲਾ ਗਏ ਸਨ ਜਿੱਥੇ ਗਊ ਪੂਜਾ ਚੱਲ ਰਹੀ ਸੀ ਤੇ ਪੁਜਾਰੀ ਨੇ ਉਸ ਮੌਕੇ ਗਊ ਦੀ ਪੂਛ ਉਨ੍ਹਾਂ ਦੀ ਦਸਤਾਰ ਨਾਲ ਛੁਹਾਈ ਸੀ। ਉਨ੍ਹਾਂ ਕਿਹਾ ਕਿ ਅਣਜਾਣੇ ਵਿੱਚ ਹੋਈ ਇਸ ਗਲਤੀ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁੱਜੀ ਹੈ ਅਤੇ ਉਹ ਇਸ ਲਈ ਖਿਮਾ ਯਾਚਨਾ ਕਰਦੇ ਹਨ। ਉਨ੍ਹਾਂ ਖਿਮਾ ਯਾਚਨਾ ਲਈ ਅਕਾਲ ਤਖ਼ਤ 'ਤੇ ਵੀ ਅਰਦਾਸ ਕੀਤੀ ਤੇ ਸਮੁੱਚੇ ਪੰਥ ਕੋਲੋਂ ਮਾਫੀ ਮੰਗੀ। ਇਸ ਸਬੰਧੀ ਇਕ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਸੋਸ਼ਲ ਮੀਡੀਆ ਉਪਰ ਸਿੱਖਾਂ ਨੇ ਤਿੱਖਾ ਵਿਰੋਧ ਕੀਤਾ ਸੀ।

# ਸ਼ਾਰਟ ਸਰਕਟ ਕਾਰਨ ਢੁੱਡੀਕੇ ਦੇ ਗੁਰਦੁਆਰੇ ਵਿਚ ਤਿੰਨ ਪਾਵਨ ਸਰੂਪ ਅਗਨ ਭੇਟ

**ਅਜੀਤਵਾਲ/ਏ.ਟੀ.ਨਿਊਜ਼** :- ਪਿੰਡ ਢੁੱਡੀਕੇ ਦੇ ਗੁਰਦੁਆਰਾ ਬਾਬਾ ਜੀਵਨ ਸਿੰਘ ਵਿੱਚ ਸ਼ਾਰਟ ਸਰਕਟ ਨਾਲ ਲੱਗੀ ਅੱਗ ਕਾਰਨ ਗੁਰੂ ਗ੍ਰੰਥ ਸਾਹਿਬ ਦੇ ਤਿੰਨ ਸਰੂਪ ਅਗਨ ਭੇਟ ਹੋ ਗਏ। ਨਿਹਾਲ ਸਿੰਘ ਵਾਲਾ ਦੇ ਡੀਐੱਸਪੀ ਸਰਫਰਾਜ਼ ਆਲਮ ਦੀ ਅਗਵਾਈ ਵਿੱਚ ਪਹੁੰਚੀ ਪੁਲਿਸ ਦੀ ਟੀਮ ਨੇ ਮੌਕੇ ਦਾ ਜਾਇਜ਼ਾ ਲਿਆ ਅਤੇ ਦੱਸਿਆ ਕਿ ਸੁੱਖ ਆਸਣ ਵਿਚ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ 'ਚੋਂ ਇੱਕ 80 ਫੀਸਦੀ ਅਗਨ ਭੇਟ ਹੋ ਗਿਆ ਅਤੇ ਦੋ ਸਰੂਪਾਂ ਨੂੰ ਅੱਗ ਦਾ ਸੇਕ ਲੱਗਾ ਹੈ। ਮੁੱਢਲੀ ਪੜਤਾਲ ਤੋਂ ਪਤਾ ਲੱਗਿਆ ਇਹ ਅੱਗ ਸ਼ਾਰਟ ਸਰਕਟ ਕਾਰਨ ਲੱਗੀ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਿੰਦੀਆਂ ਤੇ ਹੋਰ ਮਨਮਤੀ ਸੋਧਾਂ ਵਾਲੇ ਸਰੂਪ ਦੀ ਛਪਾਈ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਤੁਰੰਤ ਰੋਕੇ








**ਚੰਡੀਗੜ/ਏ.ਟੀ.ਨਿਊਜ਼:-** ਚੀਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਛਪਵਾ ਕੇ ਡਾਕ ਰਾਹੀ ਵਿਦੇਸ਼ਾਂ ਵਿੱਚ ਵੰਡਣ ਕਰਕੇ ਅਮਰੀਕਾ ਦੇ ਵਿਵਾਦਿਤ ਸਿੱਖ ਬੁਕ ਕਲੱਬ (sikhbookclub. Com) ਵਾਲੇ ਥਮਿੰਦਰ ਸਿੰਘ ਆਨੰਦ ਨੇ ਹੁਣ ਇਕ ਨਵਾਂ ਕਾਰਨਾਮਾ ਕਰ ਦਿਖਾਇਆ ਹੈ ਜੋ ਕਿ ਸ਼੍ਰੋਮਣੀ ਕਮੇਟੀ ਵੱਲੋਂ ਪੰਥ ਪ੍ਰਵਾਨਤ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਤੋਂ ਅਲੱਗ ਬਿੰਦੀਆਂ ਤੇ ਨਵੀਆਂ ਲਗਾ- ਮਾਤਰਾਵਾਂ ਲਗਾ ਕੇ ਇਕ ਸਰੂਪ ਸੋਧੇ ਹੋਏ ਸਰੂਪ ਦਾ ਨਾਮ ਦੇ ਕੇ ਆਨਲਾਈਨ ਅਤੇ ਛਾਪ ਕੇ ਅਮਰੀਕਾ ਵਿਚ ਵੀ ਵੰਡਿਆ ਜਾ ਰਿਹਾ ਹੈ।

ਇਸ ਸਬੰਧੀ ਉਸ ਵੱਲੋਂ ਦਾਅਵਾ ਕੀਤਾ ਜਾ ਰਿਹਾ ਕਿ ਉਸਨੇ ਵੀਹ ਸਾਲ ਪੁਰਾਣੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜੱਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਅਤੇ ਜੋਗਿੰਦਰ ਸਿੰਘ ਤਲਵਾੜਾ ਵਾਲੀ ਕਮੇਟੀ ਦੀ ਰਿਪੋਰਟ ਤੇ ਆਧਾਰ ਤੇ ਇਸ ਸਰੂਪ ਦੇ ਪਾਠਾਂ ਨੂੰ ਸੋਧਿਆ ਹੈ। ਜਦਕਿ ਸ਼੍ਰੋਮਣੀ ਕਮੇਟੀ ਨੇ ਇਸ 26 ਮਾਰਚ 1996 ਵਾਲੀ ਕਮੇਟੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 110 ਅੰਗ ਤੱਕ ਵਾਲੀ ਅਧੂਰੀ ਰਿਪੋਰਟ ਕਦੇ ਵੀ ਪ੍ਰਵਾਨ ਨਹੀਂ ਕੀਤੀ ਹੈ। ਇਸੇ ਤਰਾਂ ਸ਼੍ਰੋਮਣੀ ਕਮੇਟੀ ਨੇ ਛਾਪੇ ਦੀਆਂ ਬੀੜਾ ਵਿੱਚ ਸੁਧਾਈ ਕਰਨ ਲਈ ਹੱਥ ਲਿਖਤ ਅਤੇ ਛਾਪੇ ਦੀਆਂ ਬੀੜਾ ਦੇ ਪਾਠ ਭੇਦਾਂ ਦੀ ਸੂਚੀ ਬਣਾਉਣ ਲਈ 1976 ਵਿੱਚ ਰਣਧੀਰ ਸਿੰਘ ਸਕਾਲਰ, ਗਿਆਨੀ ਗਿਆਨ ਸਿੰਘ 'ਸੁਤੰਤਰ' ਨਿਹੰਗ, ਗਿਆਨੀ ਕੁਦੰਨ ਸਿੰਘ ਦੀ ਕਮੇਟੀ ਬਣਾਈ ਸੀ ਜਿਸਦੀ ਰਿਪੋਰਟ ਵੀ ਕਦੇ ਲਾਗੂ ਨਹੀਂ ਹੋਈ ਸੀ।

ਥਮਿੰਦਰ ਸਿੰਘ ਆਨੰਦ ਨੇ ਨਾ ਸਿਰਫ ਗੁਰਬਾਣੀ ਦੇ ਪਾਠ ਵਿੱਚ ਫਰਕ ਪਾਏ ਹਨ ਬਲਕਿ ਉਸਨੇ 1429 ਅੰਗ ਤੇ ਸਮਾਪਤੀ ਕਰਕੇ ਮੁੰਦਾਵਣੀ ਤੋਂ ਬਾਅਦ ਇਕ ਖਾਲੀ ਅੰਗ ਰੱਖਕੇ ਅਗਲੇ ਬਿਨਾ ਪੇਜ ਨੰਬਰ ਵਾਲੇ ਅੰਗ ਤੇ ਰਾਗਮਾਲਾ ਛਾਪੀ ਹੈ। ਇਸ ਤਰਾਂ ਦੀ ਛੇੜ-ਛਾੜ ਕਰਨ ਦਾ ਕਿਸੇ ਨੂੰ ਵੀ ਅਧਿਕਾਰ ਨਹੀਂ ਹੈ। ਵਰਨਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਨੇ ਥਮਿੰਦਰ ਦੀ ਦੂਸਰੀ ਫ਼ਰਮ 'ਸਿੱਖਲਿੰਕ' ਵੱਲੋਂ ਕੈਨੇਡਾ ਵਾਲੇ ਰਿਪੁਦਮਨ ਸਿੰਘ ਮਲਿਕ ਦੇ ਭਰਾ ਗੁਰਦੀਪ ਮਲਿਕ ਨਾਲ ਮਿਲਕੇ ਚੀਨ ਤੋਂ ਡਾਕ ਰਾਹੀ ਸਰੂਪ ਛਪਾਕੇ ਵੰਡਣ ਕਰਕੇ 295-1 ਦੇ ਅਧੀਨ 2015 ਵਿੱਚ ਪਰਚਾ ਵੀ ਦਰਜ ਕਰਵਾਇਆ ਸੀ। ਇਸ ਨਵੇਂ ਕਾਰੇ ਵਿੱਚ ਵੀ ਉਹ ਸ਼ਾਮਲ ਲੱਗਦੇ ਹਨ।

ਇਸ ਸੰਬਧੀ ਸਿੱਖ ਚਿੰਤਕ ਸਤਿੰਦਰ ਸਿੰਘ ਲੁਧਿਆਣਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਇਸ ਤੇ ਤੁਰੰਤ ਧਿਆਨ ਦੇਵੇ ਅਤੇ ਇਸ ਮਸਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਇਸਦੀ ਛਪਵਾਈ, ਆਨਲਾਈਨ ਵੰਡਣਾ ਅਤੇ ਪ੍ਰਿੰਟਿੰਗ ਤੁਰੰਤ ਬੰਦ ਕਰਵਾਉਣ ਦਾ ਆਦੇਸ਼ ਜਾਰੀ ਕਰੇ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਹਿਲਾਂ ਕਿਸੇ ਨੂੰ ਵੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਛਾਪਣ ਦੀ ਮਨਾਹੀ ਹੈ ਅਤੇ ਸਿਰਫ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਦੁਨੀਆ ਭਰ ਵਿੱਚ ਛਪਵਾਈ ਕਰ ਸਕਦੀ ਹੈ। ਅਗਰ ਇਸ ਤਰਾਂ ਹਰ ਕੋਈ ਆਪਣੇ ਆਪ ਸੁਧਾਈ ਕਰਕੇ ਸਰੂਪ ਛਾਪਣ ਲੱਗ ਜਾਵੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵੀ ਬਾਈਬਲ ਵਾਂਗ ਸੈਂਕੜੇ ਅਲੱਗ ਅਲੱਗ ਤਰਾਂ ਦੇ ਸਰੂਪ ਬਣ ਜਾਣਗੇ।

ਇਸ ਸਬੰਧੀ ਜਲਦ ਹੀ ਭਵਿੱਖ ਵਾਸਤੇ ਕੋਈ ਠੋਸ ਨੀਤੀ ਬਣਾਉਣ ਦੀ ਜ਼ਰੂਰਤ ਹੈ ਤਾਂ ਕਿ ਅਗਰ ਕੋਈ ਕਿਤੇ ਸੁਧਾਈ ਦੀ ਲੋੜ ਹੈ ਵੀ ਤਾਂ ਪੰਥ ਦੀਆਂ ਸਾਰੀਆਂ ਸਿਰਮੌਰ ਸੰਸਥਾਵਾਂ, ਵਿਦਵਾਨ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਅਗਵਾਈ ਵਿੱਚ ਇਕੱਠੇ ਇਕਮੱਤ ਹੋ ਕੇ ਫੈਸਲਾ ਲੈ ਲੈਣ। ਅੱਗੇ ਸੁਝਾਓ ਹੈ ਕਿ ਗੁਰਬਾਣੀ ਦੇ ਫੌਂਟ ਅਤੇ ਗੁਰਬਾਣੀ ਦੇ ਪ੍ਰਮਾਣਿਤ ਪਾਠ ਦੀ PDF ਬਣਾਕੇ ਲੌਕ ਕਰ ਦੇਣੀ ਚਾਹੀਦੀ ਹੈ ਤੇ ਅੱਗੋਂ ਛਾਪੇ ਅਤੇ ਡਿਜੀਟਲ ਰੂਪ ਵਿੱਚ ਸਿਰਫ ਉਸਦੀ ਹੀ ਵਰਤੋ ਹੋਵੇ ਤਾਂ ਕਿ ਮੋਬਾਇਲ ਐਪ ਜਾਂ ਆਨਲਾਈਨ ਜਾਂ ਛਾਪੇ ਵਿਚ ਜੋ ਗਲਤੀਆਂ ਪਾਠ ਭੇਦਾਂ ਵਾਲੀਆਂ ਹੋ ਰਹੀਆਂ ਹਨ ਉਹ ਸਦਾ ਲਈ ਬੰਦ ਹੋ ਜਾਣ।ਉਮੀਦ ਹੈ ਕਿ ਜੱਥੇਦਾਰ ਸਾਹਿਬ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਅਹੁਦੇਦਾਰ ਸਾਹਿਬਾਨ ਜਲਦ ਹੀ ਇਸ ਗੰਭੀਰ ਮਸਲੇ ਉੱਪਰ ਮਿਸਾਲੀ ਕਾਰਵਾਈ ਕਰਨਗੇ।

# ਬਾਦਲ ਤੋਂ ਫਖਰ-ਏ-ਕੌਮ ਦਾ ਐਵਾਰਡ ਵਾਪਸ ਲੈਣ ਦੀ ਮੰਗ, ਅਕਾਲ ਤਖ਼ਤ ਦੇ ਜਥੇਦਾਰ ਨੂੰ ਸੌਂਪਿਆ ਮੰਗ ਪੱਤਰ

**ਅੰਮ੍ਰਿਤਸਰ ਟਾਈਮਜ਼:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਰਪਰਸਤ ਪ੍ਰਕਾਸ਼ ਸਿੰਘ ਬਾਦਲ ਪਾਸੋਂ ਫ਼ਖ਼ਰ ਏ ਕੌਮ ਐਵਾਰਡ ਵਾਪਸ ਲੈਣ ਲਈ ਮੰਗ ਪੱਤਰ ਦਿੱਤਾ।ਸ਼੍ਰੋਮਣੀ ਕਮੇਟੀ ਦੇ ਪੰਜ ਮੈਂਬਰ ਮਿੱਠੂ ਸਿੰਘ ਕਾਨੇਕੇ, ਅਮਰੀਕ ਸਿੰਘ ਸ਼ਾਹਪੁਰ, ਮਲਕੀਤ ਸਿੰਘ ਚੰਗਾਲ, ਹਰਪ੍ਰੀਤ ਸਿੰਘ ਗਰਚਾ, ਅਮਰੀਕ ਸਿੰਘ ਕਿਲਾ ਹਕੀਮਾ ਤੇ ਕਰਨੈਲ ਸਿੰਘ ਦੇ ਵਫਦ ਨੇ ਜਥੇਦਾਰ ਨੂੰ ਮੰਗ ਪੱਤਰ ਦਿੱਤਾ। ਉਨ੍ਹਾਂ ਮੰਗ ਕੀਤੀ ਕਿ ਲੰਘੀ 10 ਮਾਰਚ 2022 ਨੂੰ ਪੰਜਾਬ ਵਿਧਾਨ ਸਭਾ ਚੋਣਾਂ ਦੇ ਆਏ ਨਤੀਜਿਆਂ ਦੌਰਾਨ ਅਕਾਲੀ ਦਲ ਬਾਦਲ ਨੂੰ ਮਿਲੀ ਬੁਰੀ ਹਾਰ ਤੋਂ ਬਾਅਦ ਆਪ ਜੀ ਦਾ ਇਕ ਬਿਆਨ ਆਇਆ ਸੀ ਕਿ, ਅਕਾਲੀ ਦਲ ਦਾ ਖਤਮ ਹੋਣਾ ਸਿੱਖ ਕੌਮ ਲਈ ਘਾਤਕ ਹੈ ਅਤੇ ਅਕਾਲੀ ਦਲ ਨੂੰ ਬਚਾਉਣ ਲਈ ਸਾਰੇ ਅਕਾਲੀ ਧੜੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇਕੱਤਰ ਹੋਣ। ਜਥੇਦਾਰ ਸਾਹਿਬ ਇਸ ਗੱਲ ਨਾਲ ਤਾਂ ਹਰ ਸਿੱਖ ਪੂਰਾ ਇਤਫਾਕ ਰੱਖਦਾ ਹੈ ਕਿ ਪੰਜਾਬ ਵਿਚ ਸਿੱਖਾਂ ਦੇ ਹਿਤਾਂ ਦੀ ਰਾਖੀ ਲਈ ਸ਼੍ਰੋਮਣੀ ਅਕਾਲੀ ਦਲ ਦੀ ਮਜਬੂਤ ਹੋਂਦ ਬਹੁਤ ਜ਼ਰੂਰੀ ਹੈ ਪਰ ਜਦੋਂ ਗੱਲ ਅਕਾਲੀ ਦਲ ਨੂੰ ਬਚਾਉਣ ਦੀ ਕਰਨੀ ਹੋਵੇ ਤਾਂ ਜਥੇਦਾਰ ਸਾਹਿਬ ਅਕਾਲੀ ਦਲ ਨੂੰ ਖਤਮ ਕਰਨ ਲਈ ਜ਼ਿੰਮੇਵਾਰ ਆਗੂਆਂ ਅਤੇ ਉਹਨਾਂ ਦੀਆਂ ਨੀਤੀਆਂ ਨੂੰ ਨਜ਼ਰਅੰਦਾਜ ਕਰਕੇ ਇਹੋ ਜਿਹੇ ਬਿਆਨ ਦੇਣੇ ਕਿ ਜਿਸ ਤੋਂ ਇਹ ਜਾਪਦਾ ਹੋਵੇ ਕਿ ਉਹ ਸਿਰਫ ਇਕ ਪਰਿਵਾਰ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਇਹ ਨਿੰਦਣਯੋਗ ਹੈ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਅਕਾਲੀ ਦਲ ਦੀ ਹਾਰ ਦੀ ਜ਼ਿੰਮੇਵਾਰ ਬਾਦਲ ਐਂਡ ਫੈਮਲੀ ਤੇ ਉਨਾਂ ਦੀ ਜੀ ਹਜ਼ੂਰੀ ਕਰਨ ਵਾਲੀ ਲੀਡਰਸ਼ਿਪ ਨੂੰ ਕਟਹਿਰੇ ਵਿਚ ਖੜਾ ਕਰਨ ਦੀ ਬਜਾਇ ਸਿੱਖਾਂ ਨੂੰ 'ਬਦਤਮੀਜ਼' ਕਹਿਣਾ ਵੀ ਉਨਾਂ ਦੀ ਪਦਵੀ ਮੁਤਾਬਕ ਸ਼ੋਭਾ ਨਹੀਂ ਦਿੰਦਾ। ਜਥੇਦਾਰ ਸਾਹਿਬ ਨੂੰ ਚਾਹੀਦਾ ਤਾਂ ਇਹ ਸੀ ਕਿ ਉਹ ਸਿੱਖਾਂ ਦੀ ਨੁਮਾਇੰਦਾ ਪੰਥਕ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦਾ ਸਿਆਸੀ ਪਤਨ ਕਰਨ ਲਈ ਜ਼ਿੰਮੇਵਾਰ ਪ੍ਰਕਾਸ਼ ਸਿੰਘ ਬਾਦਲ ਅਤੇ ਉਸ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਦਲ ਦਾ ਖਹਿੜਾ ਛੱਡਣ ਲਈ ਕਹਿੰਦੇ ਅਤੇ ਪ੍ਰਕਾਸ਼ ਸਿੰਘ ਬਾਦਲ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦਿੱਤਾ ਗਿਆ 'ਫਖਰ-ਏ-ਕੌਮ' ਦਾ ਖਿਤਾਬ ਵਾਪਸ ਲੈਂਦੇ। ਉਨਾਂ ਕਿਹਾ ਕਿ ਚੰਗਾ ਹੁੰਦਾ ਕਿ ਜੇਕਰ ਤੁਸੀਂ ਬਾਦਲ ਪਰਿਵਾਰ ਦੀ ਸਮੁੱਚੀ ਲੀਡਰਸ਼ਿਪ ਨੂੰ ਰੱਦ ਕਰਨ ਵਾਲੇ ਸਿੱਖਾਂ ਨੂੰ 'ਬਦਤਮੀਜ਼' ਕਹਿਣ ਦੀ ਬਜਾਏ ਪ੍ਰਕਾਸ਼ ਸਿੰਘ ਬਾਦਲ ਵਲੋਂ ਸ਼੍ਰੋਮਣੀ





ਅਕਾਲੀ ਦਲ ਅਤੇ ਪੰਥ ਨਾਲ ਕੀਤੇ ਵਿਸਾਹਘਾਤ ਦੇ ਲੰਬੇ ਇਤਿਹਾਸ ਤੇ ਵੀ ਨਜਰਸਾਨੀ ਕਰਦੇ ਅਤੇ ਪੰਥ ਦੇ ਸਾਹਮਣੇ ਇਸ ਨੂੰ ਨੰਗਿਆਂ ਕਰਦੇ। ਸੰਨ 1978 ਵਿਚ ਅੰਮ੍ਰਿਤਸਰ ਦੀ ਧਰਤੀ 'ਤੇ ਵਾਪਰੇ ਨਕਲੀ ਨਿਰੰਕਾਰੀ ਕਾਂਡ ਦੌਰਾਨ 13 ਸਿੱਖਾਂ ਦੇ ਕਾਤਲ ਗੁਰਬਚਨ ਸਿਹੁੰ ਨਿਰੰਕਾਰੀ ਮੁਖੀ ਨੂੰ ਸੁਰੱਖਿਅਤ ਪੰਜਾਬ ਤੋਂ ਬਾਹਰ ਕੱਢਣ ਵਾਲੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪੰਥ ਨਾਲ ਧੋਖੇਬਾਜੀ ਦੀ ਕਹਾਣੀ ਬਹੁਤ ਲੰਬੀ ਹੈ ਪਰ ਅਸੀਂ ਫਿਰ ਵੀ ਤੁਹਾਡੇ ਧਿਆਨ ਵਿਚ ਸੰਖੇਪ ਵਿਚ ਲਿਆਉਣਾ ਚਾਹੁੰਦੇ ਹਾਂ ਕਿ ਸਤਲੁਜ ਜਮੁਨਾ ਲਿੰਕ ਨਹਿਰ ਨੂੰ ਕਢਵਾਉਣ ਲਈ ਪ੍ਰਕਾਸ਼ ਸਿੰਘ ਬਾਦਲ ਦੇ ਰੋਲ ਤੋਂ ਲੈ ਕੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਿਨਾਂ ਮੰਗਿਆਂ ਮਾਫੀ ਦੇਣ ਅਤੇ ਬਰਗਾੜੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਸ਼ਾਂਤਮਈ ਰੋਸ ਪ੍ਰਗਟ ਕਰਦੀਆਂ ਸੰਗਤਾਂ ਉੱਤੇ ਗੋਲੀਆਂ ਚਲਾਉਣ ਵਾਲੀ ਸਰਕਾਰ ਕਿਸੇ ਹੋਰ ਦੀ ਨਹੀਂ, ਬਲਕਿ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ ਸਰਕਾਰ ਹੀ ਸੀ। ਅਕਾਲੀ ਦਲ ਬਾਦਲ ਦੀ ਲੀਡਰਸ਼ਿਪ ਨੂੰ ਕੀ ਕਦੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤੁਸੀਂ ਤਲਬ ਕਰਨ ਦੀ ਲੋੜ ਨਹੀਂ ਸਮਝੀ?

ਜਥੇਦਾਰ ਸਾਹਿਬ ਗੱਲ ਤੁਹਾਡੇ ਕਾਰਜਕਾਲ ਦੀ ਹੀ ਕਰ ਲਈਏ ਤਾਂ ਤੁਹਾਡੇ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 326 ਲਾਪਤਾ ਸਰੂਪਾਂ ਦੇ ਮਸਲੇ ਤੇ ਐਡਵੋਕੇਟ ਈਸ਼ਰ ਸਿੰਘ ਦੀ ਅਗਵਾਈ ਵਿਚ ਬਣਾਈ ਗਈ ਪੜਤਾਲ ਕਮੇਟੀ ਦੀ 23-8-2020 ਨੂੰ ਜਾਰੀ ਹੋਈ ਰਿਪੋਰਟ 'ਤੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿਗ ਕਮੇਟੀ ਦੀ 27-8-2020 ਨੂੰ ਹੋਈ ਮੀਟਿੰਗ ਵਿਚ ਮਤਾ ਨੰਬਰ 466 ਰਾਹੀਂ ਪੜਤਾਲ ਰਿਪੋਰਟ ਵਿਚ ਨਾਮਜਦ ਕੀਤੇ ਗਏ ਦੋਸ਼ੀ ਕਰਮਚਾਰੀਆਂ ਖਿਲਾਫ਼ ਐਫ.ਆਈ.ਆਰ. ਦਰਜ ਕਰਵਾਉਣ ਦਾ ਫੈਸਲਾ ਕੀਤਾ ਗਿਆ ਸੀ, ਜਿਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਆਰਡਰ ਨੰਬਰ 1305 ਰਾਹੀਂ ਦੋਸ਼ੀਆਂ ਖਿਲਾਫ ਐਫ.ਆਈ.ਆਰ. ਦਰਜ ਕਰਨ ਬਾਰੇ ਕਾਰਵਾਈ ਸ਼ੁਰੂ ਕਰਨ ਬਾਰੇ ਵੀ ਲਿਖ ਦਿੱਤਾ ਗਿਆ ਸੀ ਪਰ ਇਸ ਤੇ ਸਿਆਸੀ ਦਬਾਅ ਕਾਰਨ ਅਮਲ ਨਹੀਂ ਹੋ ਸਕਿਆ। ਕੀ ਤੁਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹੋਣ ਨਾਤੇ ਸ਼੍ਰੋਮਣੀ ਕਮੇਟੀ ਨੂੰ ਇਸ ਵਾਸਤੇ ਕਦੇ ਤਲਬ ਕੀਤਾ ਕਿ ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਲਾਪਤਾ ਕਰਨ ਦੇ ਮਾਮਲੇ ਵਿਚ ਦੋਸ਼ੀ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਦੇ ਵਿਰੁੱਧ ਐਫ. ਆਈ. ਆਰ.ਕਿਉਂ ਦਰਜ ਨਹੀਂ ਕੀਤੀ? ਸ਼ਾਇਦ ਇਸ ਤਰਾਂ ਇਸ ਕਰਕੇ ਨਹੀਂ ਹੋ ਸਕਿਆ ਕਿ ਜੇਕਰ ਦੋਸ਼ੀ ਕਰਮਚਾਰੀਆਂ ਵਿਰੁੱਧ ਪੁਲਿਸ ਮੁਕੱਦਮੇ ਦਰਜ ਹੋ ਗਏ ਤਾਂ ਉਨਾਂ ਦੀ ਪੁੱਛ ਪੜਤਾਲ ਤੋਂ ਉਹ ਅਸਲੀ ਦੋਸ਼ੀ ਸਿਆਸੀ ਆਗੂ ਸਾਹਮਣੇ ਆ ਜਾਣਗੇ, ਜਿਨਾਂ ਦੇ ਇਸ਼ਾਰਿਆਂ ਤੇ ਕਰਮਚਾਰੀਆਂ ਨੇ ਬਿਨਾਂ ਰਿਕਾਰਡ ਦਰਜ ਕੀਤਿਆਂ ਪਾਵਨ ਸਰੂਪ ਅਣਪਛਾਤੇ ਲੋਕਾਂ ਨੂੰ ਦੇ ਦਿੱਤੇ ਸਨ।ਇਸ ਤੋਂ ਵੀ ਪਹਿਲਾਂ ਅਕਾਲੀ ਦਲ ਦੀ ਸਰਕਾਰ ਵੇਲੇ 1997 ਤੋਂ 2002 ਅਤੇ 2007 ਤੋਂ ਲੈ ਕੇ 2017 ਤੱਕ ਅਕਾਲੀ ਦਲ ਦੀਆਂ ਸਰਕਾਰਾਂ ਵੇਲੇ ਸਿਰਫ ਆਪਣੀ ਕੁਰਸੀ ਬਚਾਉਣ ਲਈ ਪੰਥ ਨੂੰ ਬਿਲਕੁਲ ਹੀ ਵਿਸਾਰ ਦੇਣ ਵਾਲੀ ਅਕਾਲੀ ਲੀਡਰਸ਼ਿਪ ਨੂੰ ਨਸੀਹਤ ਕੌਣ ਦੇਵੇਗਾ?

ਜਥੇਦਾਰ ਸਾਹਿਬ, ਬਾਦਲ ਪਰਿਵਾਰ ਤੇ ਇਸ ਦੀ ਜੀ ਹਜ਼ੂਰੀ ਵਾਲੀ ਲੀਡਰਸ਼ਿਪ ਦੀ ਪੰਥ ਤੇ ਪੰਜਾਬ ਨਾਲ ਧੋਖੇਬਾਜੀ ਦੀ ਦਾਸਤਾਨ ਬਹੁਤ ਲੰਬੀ ਹੈ ਜਿਸ ਤੋਂ ਹਰੇਕ ਸਿੱਖ ਭਲੀਭਾਂਤ ਜਾਣੂ ਵੀ ਹੈ ਪਰ ਤੁਹਾਨੂੰ ਵੀ ਉਸ ਨਕਾਰੀ ਜਾ ਚੁੱਕੀ ਲੀਡਰਸ਼ਿਪ ਦੀ ਢਾਲ ਬਣਨ ਦੀ ਬਜਾਇ ਅੱਜ ਜਿਸ ਸਥਿਤੀ ਵਿਚ ਅਕਾਲੀ ਦਲ ਪੁੱਜ ਚੁੱਕਾ ਹੈ, ਇਸ ਥਾਂ ਤੱਕ ਪਹੁੰਚਾਉਣ ਦੇ ਜ਼ਿੰਮੇਵਾਰ ਕਾਰਨਾਂ ਅਤੇ ਆਗੂਆਂ ਦੀ ਨਿਸ਼ਾਨਦੇਹੀ ਕਰਕੇ ਪੰਥ ਦੇ ਸਾਹਮਣੇ ਰੱਖਣਾ ਚਾਹੀਦਾ ਹੈ। ਜਿਸ ਅਕਾਲੀ ਲੀਡਰਸ਼ਿਪ ਨੂੰ ਪੰਥ ਨੇ ਬੁਰੀ ਤਰਾਂ ਰੱਦ ਕਰ ਦਿੱਤਾ ਹੈ ਉਸ 'ਤੇ ਪੰਥਕ ਪਾਰਟੀ ਦੇ ਨਿਸ਼ਾਨ ਤੇ ਚੋਣ ਲੜਣ ਤੇ ਪੂਰਨ ਪਾਬੰਦੀ ਲਾਈ ਜਾਣੀ ਚਾਹੀਦੀ ਹੈ ਅਤੇ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹੋਣ ਨਾਤੇ ਆਪ ਜੀ ਕੋਲੋਂ ਇਹ ਆਸ ਵੀ ਰੱਖਦੇ ਹਾਂ ਕਿ ਜੇਕਰ ਤੁਸੀਂ ਸਚਮੁਚ ਪੰਥ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਨੂੰ ਸੁਰਜੀਤ ਕਰਨਾ ਚਾਹੁੰਦੇ ਹੋ ਤਾਂ ਸਭ ਤੋਂ ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ ਗਿਆ ਫਖਰ-ਏ-ਕੌਮ ਦਾ ਖਿਤਾਬ ਤੁਰੰਤ ਵਾਪਸ ਲਵੋ ਤੇ ਜੇਕਰ ਤੁਸੀਂ ਅਜਿਹਾ ਨਹੀਂ ਕਰ ਸਕਦੇ ਤਾਂ ਫਿਰ ਤੁਹਾਨੂੰ ਸਿੱਖ ਪੰਥ ਦੀ ਸਿਰਮੌਰ ਪਦਵੀ ਨੂੰ ਛੱਡ ਦੇਣਾ ਚਾਹੀਦਾ ਹੈ ਤਾਂ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਪਾਵਨ ਤੇ ਸਰਵਉੱਚ ਅਹੁਦੇ ਤੇ ਕੋਈ ਯੋਗ ਤੇ ਜਰਨੈਲ ਸ਼ਖ਼ਸੀਅਤ ਬੈਠ ਸਕੇ, ਜੋ ਸੱਚ ਨੂੰ ਸੱਚ ਤੇ ਝੂਠ ਨੂੰ ਝੂਠ ਕਹਿਣ ਦੀ ਹਿੰਮਤ ਰੱਖਦੀ ਹੋਵੇ।

# ਪੰਜਾਬ ਸਰਕਾਰ ਦਾ ਲੋਕ ਪੱਖੀ ਫੈਸਲਾ

## ✪ 'ਇੱਕ ਵਿਧਾਇਕ ਨੂੰ ਸਿਰਫ਼ ਇੱਕ ਹੀ ਪੈਨਸ਼ਨ' ✪ ਪੈਨਸ਼ਨਾਂ ਵਿਚ ਕਟੌਤੀ ਕਰਕੇ ਪੈਸੇ ਨੂੰ ਰਾਜ ਦੀ ਭਲਾਈ ਲਈ ਵਰਤਿਆ ਜਾਵੇਗਾ : ਮੁੱਖ ਮੰਤਰੀ ✪ ਵੱਡੇ ਬਾਦਲ ਵਲੋਂ ਪੈਨਸ਼ਨ ਲੈਣ ਤੋਂ ਇਨਕਾਰ

**ਚੰਡੀਗੜ/ਏ.ਟੀ.ਨਿਊਜ਼** :- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਦਾ ਆਰਥਿਕ ਬੋਝ ਘਟਾਉਣ ਲਈ ਵੱਡਾ ਸ਼ਲਾਘਾਯੋਗ ਫ਼ੈਸਲਾ ਲਿਆ ਹੈ ਜਿਸ ਅਧੀਨ ਹੁਣ ਇਕ ਵਿਧਾਇਕ ਨੂੰ ਸਿਰਫ਼ ਇਕ ਹੀ ਪੈਨਸ਼ਨ ਮਿਲੇਗੀ। ਇਸ ਫ਼ੈਸਲੇ ਸਦਕਾ ਪੰਜ ਸਾਲਾਂ ਵਿਚ 80 ਕਰੋੜ ਰੁਪਏ ਬਚਣਗੇ ਅਤੇ ਪੈਨਸ਼ਨ ਲੈਣ ਵਾਲਿਆਂ ਦੇ ਪਰਿਵਾਰਕ ਭੱਤਿਆਂ ਵਿਚ ਵੀ ਕਟੌਤੀ ਕੀਤੀ ਜਾਵੇਗੀ। ਇੱਕੋ ਪੈਨਸ਼ਨ ਦੀ ਵਿਵਸਥਾ ਕਰਨ ਲਈ ਸਰਕਾਰ ਵੱਲੋਂ ਲੋੜੀਂਦੀ ਕਾਰਵਾਈ 'ਤੇ ਅਮਲ ਵੀ ਸ਼ੁਰੂ ਕਰ ਦਿੱਤਾ ਗਿਆ ਹੈ। 'ਆਪ' ਸਰਕਾਰ ਦੇ ਇਸ ਫੈਸਲੇ ਨਾਲ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨਾਲ ਸਬੰਧਤ ਸਾਬਕਾ ਮੁੱਖ ਮੰਤਰੀਆਂ, ਸਾਬਕਾ ਮੰਤਰੀਆਂ ਅਤੇ ਵਿਧਾਇਕਾਂ ਨੂੰ ਵੱਡਾ ਝਟਕਾ ਲੱਗੇਗਾ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਅਸਿੱਧੇ ਤੌਰ 'ਤੇ ਸਾਧਦਿਆਂ ਉਨਾਂ ਕਿਹਾ ਕਿ 'ਰਾਜ ਨਹੀਂ ਸੇਵਾ' ਦਾ ਨਾਅਰਾ ਦੇ ਕੇ ਵੀ ਕਈਆਂ ਨੇ ਕੁਰਸੀਆਂ ਹਾਸਲ ਕੀਤੀਆਂ ਸਨ। ਉਨਾਂ ਕਿਹਾ, 'ਲੋਕਾਂ ਨੂੰ ਹੈਰਾਨੀ ਹੋਵੇਗੀ ਕਿ ਬਹੁਤ ਸਾਰੇ ਵਿਧਾਇਕ ਜੋ 4 ਜਾਂ 5-6 ਵਾਰ ਜਾਂ ਉਸ ਤੋਂ ਵੀ ਵੱਧ ਵਾਰ ਵਿਧਾਨ ਸਭਾ ਦਾ ਮੈਂਬਰ ਰਹਿਣ ਤੋਂ ਬਾਅਦ ਹਾਰ ਗਏ ਜਾਂ ਸਬੰਧਤ ਪਾਰਟੀ ਨੇ ਟਿਕਟ ਨਹੀਂ ਦਿੱਤੀ, ਅਜਿਹੇ ਵਿਧਾਇਕਾਂ ਨੂੰ ਹਰ ਮਹੀਨੇ ਲੱਖਾਂ ਰੁਪਏ ਪੈਨਸ਼ਨ ਦੇ ਰੂਪ ਵਿੱਚ ਮਿਲਦੇ ਹਨ। ਕਈਆਂ ਨੂੰ ਦੋ ਲੱਖ ਤੋਂ ਲੈ ਕੇ 7 ਲੱਖ ਰੁਪਏ ਤੱਕ ਪੈਨਸ਼ਨ ਮਿਲਦੀ ਹੈ। ਇੱਥੋਂ ਤੱਕ ਕਿ ਕਈ ਤਾਂ ਸੰਸਦ ਮੈਂਬਰ ਰਹਿਣ ਦੀ ਵੀ ਪੈਨਸ਼ਨ ਲੈ ਰਹੇ ਹਨ। ਸੇਵਾ ਕਰਨ ਦੀ ਏਨੀ ਜ਼ਿਆਦਾ ਪੈਨਸ਼ਨ ਜਾਇਜ਼ ਨਹੀਂ ਮੰਨੀ ਜਾ ਸਕਦੀ ਹੈ।'

ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਹੁੰਦਿਆਂ ਵੀ ਇਕ ਵਿਧਾਇਕ ਨੂੰ ਇੱਕ ਪੈਨਸ਼ਨ ਦੇਣ 'ਤੇ ਚਰਚਾ ਹੋਈ ਸੀ ਅਤੇ ਉਹ ਇਸ ਪੱਖ ਵਿਚ ਵੀ ਸਨ ਪਰ ਉਸ ਸਮੇਂ ਕਾਂਗਰਸ ਦੇ ਸੀਨੀਅਰ ਵਿਧਾਇਕਾਂ ਨੇ ਇਸ ਦਾ ਵਿਰੋਧ ਕੀਤਾ ਸੀ ਜਿਸ ਕਾਰਨ ਉਹ ਪਿੱਛੇ ਹੱਟ ਗਏ ਸਨ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੁਝ ਦਿਨ ਪਹਿਲਾਂ ਹੀ ਪੈਨਸ਼ਨ ਨਾ ਲੈਣ ਬਾਰੇ ਵਿਧਾਨ ਸਭਾ ਦੇ ਸਪੀਕਰ ਨੂੰ ਲਿਖਿਆ ਸੀ। ਬਾਦਲ ਤੋਂ ਬਾਅਦ ਬੀਬੀ ਰਜਿੰਦਰ ਕੌਰ ਭੱਠਲ, ਲਾਲ ਸਿੰਘ ਅਤੇ ਸਰਵਣ ਸਿੰਘ ਫਲੌਰ ਆਉਂਦੇ ਹਨ ਜੋ 6 ਵਾਰ ਵਿਧਾਇਕ ਬਣਨ ਤੇ 3.25 ਲੱਖ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਲੈ ਰਹੇ ਹਨ। ਬਲਵਿੰਦਰ ਸਿੰਘ ਭੂੰਦੜ 2.75 ਲੱਖ ਰੁਪਏ, ਸੁਖਦੇਵ ਸਿੰਘ ਢੀਂਡਸਾ 2.25 ਲੱਖ ਰੁਪਏ, ਗੁਲਜ਼ਾਰ ਸਿੰਘ ਰਣੀਕੇ ਅਤੇ ਰਣਜੀਤ ਸਿੰਘ ਬ੍ਰਹਮਪੁਰਾ ਵੀ 2.25 ਲੱਖ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਲੈ ਰਹੇ ਹਨ। ਇਸ ਤੋਂ ਇਲਾਵਾ ਹੋਰ ਵੀ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੇ ਸਾਬਕਾ ਮੰਤਰੀ ਤੇ ਵਿਧਾਇਕ ਜੋ ਇਕ ਤੋਂ ਵੱਧ ਪੈਨਸ਼ਨਾਂ ਲੈ ਰਹੇ ਹਨ, ਨੂੰ ਪੰਜਾਬ ਸਰਕਾਰ ਦੇ 'ਇਕ ਵਿਧਾਇਕ ਇਕ ਪੈਨਸ਼ਨ' ਦੇ ਫ਼ੈਸਲੇ ਨਾਲ ਵੱਡਾ ਵਿੱਤੀ ਝਟਕਾ ਲੱਗੇਗਾ।

ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਵਿਧਾਇਕਾਂ ਦੇ ਤਨਖ਼ਾਹਾਂ, ਪੈਨਸ਼ਨਾਂ ਤੇ ਭੱਤਿਆਂ ਸਬੰਧੀ ਕਾਨੂੰਨ ਅਨੁਸਾਰ ਇਕ ਵਾਰ ਵਿਧਾਇਕ ਬਣਨ ਵਾਲੇ ਨੂੰ 75,50 ਰੁਪਏ ਪੈਨਸ਼ਨ ਮਿਲਦੀ ਹੈ। ਸਾਬਕਾ ਵਿਧਾਇਕ ਨੂੰ ਪੈਨਸ਼ਨ ਉਸੇ ਸੂਰਤ ਵਿਚ ਮਿਲਦੀ ਹੈ ਜਦੋਂ ਉਹ ਕਿਸੇ ਵੀ ਸਦਨ ਦਾ ਮੈਂਬਰ ਨਹੀਂ ਹੁੰਦਾ। ਸਾਬਕਾ ਵਿਧਾਇਕ ਨੂੰ ਲੋਕ ਸਭਾ ਜਾਂ ਰਾਜ ਸਭਾ ਦਾ ਮੈਂਬਰ ਰਹਿੰਦੇ ਹੋਏ ਪੈਨਸ਼ਨ ਨਹੀਂ ਮਿਲ ਸਕਦੀ। ਇਸ ਵਾਰ ਦੇ ਵਿਧਾਨ ਸਭਾ ਦੇ ਗਠਨ ਤੋਂ ਪਹਿਲਾਂ ਪੰਜਾਬ ਦੇ 254 ਸਾਬਕਾ ਵਿਧਾਇਕਾਂ ਨੂੰ ਪੈਨਸ਼ਨ ਮਿਲ ਰਹੀ ਸੀ। ਹੁਣ ਬਹੁਤੇ ਵਿਧਾਇਕ ਤੇ ਮੰਤਰੀ ਚੋਣਾਂ ਹਾਰ ਗਏ ਹਨ ਅਤੇ ਹੁਣ 80 ਨਵੇਂ ਵਿਧਾਇਕਾਂ ਦੀ ਸ਼ਮੂਲੀਅਤ ਨਾਲ ਕੁੱਲ 325 ਵਿਧਾਇਕ ਪੈਨਸ਼ਨ ਲੈਣ ਦੇ ਹੱਕਦਾਰ ਹੋਣਗੇ। ਬੇਸ਼ੱਕ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੈਨਸ਼ਨ ਲੈਣ ਤੋਂ ਇਨਕਾਰ ਕਰ ਦਿੱਤਾ ਹੈ ਪਰ ਉਹ 10 ਵਾਰ ਵਿਧਾਇਕ ਰਹੇ ਹੋਣ ਕਰਕੇ 5.25 ਲੱਖ ਰੁਪਏ ਦੀ ਪੈਨਸ਼ਨ ਦੇ ਹੱਕਦਾਰ ਹਨ। ਵਿਧਾਇਕ ਅਤੇ ਸੰਸਦ ਮੈਂਬਰ ਰਹਿ ਚੁੱਕੀਆਂ ਹਸਤੀਆਂ ਨੂੰ ਛੋਟ ਦਿੱਤੀ ਹੈ ਕਿ ਉਹ ਇੱਕੋ ਸਮੇਂ ਸਾਬਕਾ ਵਿਧਾਇਕ ਅਤੇ ਸਾਬਕਾ ਸੰਸਦ ਮੈਂਬਰ ਵਾਲੀ ਭਾਵ ਦੋਵੇਂ ਪੈਨਸ਼ਨਾਂ ਹਾਸਲ ਕਰਨ ਦਾ ਹੱਕ ਰੱਖਦੇ ਹਨ।



### ਅਗਲਾ ਨਿਸ਼ਾਨਾ ਆਮਦਨ ਕਰ

ਪੰਜਾਬ ਦੀ 'ਆਪ' ਸਰਕਾਰ ਦਾ ਅਗਲਾ ਨਿਸ਼ਾਨਾ ਮੰਤਰੀਆਂ ਅਤੇ ਵਿਧਾਇਕਾਂ ਦਾ ਸਰਕਾਰ ਵੱਲੋਂ ਭਰਿਆ ਜਾਂਦਾ ਆਮਦਨ ਕਰ ਦੱਸਿਆ ਜਾਂਦਾ ਹੈ। ਪੰਜਾਬ ਦੇ ਮਾਮਲੇ ਵਿੱਚ ਇਹ ਅਨੋਖੀ ਗੱਲ ਹੈ ਕਿ ਮੰਤਰੀਆਂ ਅਤੇ ਵਿਧਾਇਕਾਂ ਦੀ ਸਰਕਾਰੀ ਆਮਦਨ 'ਤੇ ਲੱਗਣ ਵਾਲਾ ਟੈਕਸ ਸਰਕਾਰੀ ਖ਼ਜ਼ਾਨੇ ਵਿੱਚੋਂ ਅਦਾ ਕੀਤਾ ਜਾਂਦਾ ਹੈ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਕਾਰਜਕਾਲ ਦੌਰਾਨ ਸਵੈ-ਇੱਛਾ ਨਾਲ ਆਮਦਨ ਕਰ ਖੁਦ ਭਰਨ ਦੀ ਬੇਨਤੀ ਕੀਤੀ ਸੀ ਪਰ ਕਿਸੇ ਵੀ ਮੰਤਰੀ ਅਤੇ ਵਿਧਾਇਕ ਨੇ ਇਸ ਬੇਨਤੀ ਨੂੰ ਨਹੀਂ ਮੰਨਿਆ ਸੀ। ਇੱਥੋਂ ਤੱਕ ਕਿ ਬਿਜਲੀ ਸਬਸਿਡੀ ਛੱਡਣ ਦੀ ਬੇਨਤੀ ਵੀ ਸਿਰਫ਼ ਦੋ ਵਿਧਾਇਕਾਂ ਕੁਲਜੀਤ ਸਿੰਘ ਨਾਗਰਾ ਅਤੇ ਸੁਖਪਾਲ ਸਿੰਘ ਖਹਿਰਾ ਨੇ ਹੀ ਮੰਨੀ ਸੀ।

### ਬਾਦਲਾਂ, ਕੈਪਟਨ, ਭੱਠਲ ਸਣੇ ਕਈ ਹੋਰਨਾਂ 'ਤੇ ਪਵੇਗਾ ਅਸਰ

ਪੰਜਾਬ ਸਰਕਾਰ ਦੇ ਇਸ ਫੈਸਲੇ ਨਾਲ ਸੂਬੇ ਦੇ ਜਿਨਾਂ ਸਿਆਸਤਦਾਨਾਂ ਨੂੰ ਵਿੱਤੀ ਝਟਕਾ ਲੱਗੇਗਾ ਉਨਾਂ ਵਿੱਚ ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ, ਬੀਬੀ ਰਾਜਿੰਦਰ ਕੌਰ ਭੱਠਲ, ਲਾਲ ਸਿੰਘ, ਸਰਵਣ ਸਿੰਘ ਫਿਲੌਰ, ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਬਲਵਿੰਦਰ ਸਿੰਘ ਭੂੰਦੜ, ਸੁਖਦੇਵ ਸਿੰਘ ਢੀਂਡਸਾ, ਜਥੇਦਾਰ ਤੋਤਾ ਸਿੰਘ, ਪਰਮਿੰਦਰ ਸਿੰਘ ਢੀਂਡਸਾ, ਮਨਪ੍ਰੀਤ ਸਿੰਘ ਬਾਦਲ, ਓਮ ਪ੍ਰਕਾਸ਼ ਸੋਨੀ, ਨਿਰਮਲ ਸਿੰਘ ਕਾਹਲੋਂ, ਰਾਕੇਸ਼ ਪਾਂਡੇ, ਬਲਬੀਰ ਸਿੰਘ ਘੁੰਨਸ, ਬ੍ਰਹਮ ਮਹਿੰਦਰਾ, ਸਾਧੂ ਸਿੰਘ ਧਰਮਸੋਤ, ਆਦੇਸ਼ ਪ੍ਰਤਾਪ ਸਿੰਘ ਕੈਰੋਂ ਆਦਿ ਸ਼ਾਮਲ ਹਨ।

### ਵਿਰੋਧੀ ਧਿਰਾਂ ਨੇ ਫ਼ੈਸਲੇ ਨੂੰ ਲੋਕਪੱਖੀ ਕਰਾਰ ਦਿੱਤਾ

ਪੰਜਾਬ ਦੇ ਮੁੱਖ ਮੰਤਰੀ ਭਗਤ ਮਾਨ ਵੱਲੋਂ ਵਿਧਾਇਕਾਂ ਨੂੰ ਸਿਰਫ਼ ਇਕ ਪੈਨਸ਼ਨ ਦੇਣ ਦੇ ਐਲਾਨ ਦਾ ਵਿਰੋਧੀ ਧਿਰਾਂ ਦੇ ਆਗੂਆਂ ਨੇ ਵੀ ਸਵਾਗਤ ਕਰਦਿਆਂ ਕਿਹਾ ਹੈ ਕਿ ਇਹ ਲੋਕ ਪੱਖੀ ਫ਼ੈਸਲਾ ਹੈ ਅਤੇ ਇਸ ਨਾਲ ਸੂਬੇ ਦਾ ਮਾਲੀ ਬੋਝ ਵੀ ਕੁਝ ਹੱਦ ਤੱਕ ਘਟੇਗਾ। ਕਾਂਗਰਸ ਵਿਧਾਇਕਾਂ ਸੁਖਪਾਲ ਸਿੰਘ ਖਹਿਰਾ ਅਤੇ ਪਰਗਟ ਸਿੰਘ ਨੇ 'ਆਪ' ਸਰਕਾਰ ਦੇ ਫ਼ੈਸਲੇ ਦੀ ਸ਼ਲਾਘਾ ਕੀਤੀ ਹੈ। ਖਹਿਰਾ ਨੇ ਟਵੀਟ ਕਰਕੇ ਕਿਹਾ, 'ਮੈਂ ਭਗਵੰਤ ਮਾਨ ਵੱਲੋਂ ਸਾਬਕਾ ਵਿਧਾਇਕਾਂ ਨੂੰ ਸਿਰਫ਼ ਇਕ ਪੈਨਸ਼ਨ ਦੇਣ ਦੇ ਫ਼ੈਸਲੇ ਦਾ ਸਵਾਗਤ ਕਰਦਾ ਹਾਂ। ਇਕ ਪੈਨਸ਼ਨ ਜਾਇਜ਼ ਹੈ ਕਿਉਂਕਿ ਬਹੁਤੇ ਵਿਧਾਇਕਾਂ ਨੇ ਆਪਣੀ ਉਮਰ ਸਿਆਸਤ ਦੇ ਲੇਖੇ ਲਗਾ ਦਿੱਤੀ ਹੈ।' ਜਲੰਧਰ ਕੈਂਟ ਤੋਂ ਵਿਧਾਇਕ ਪਰਗਟ ਸਿੰਘ ਨੇ ਵੀ ਕਿਹਾ ਕਿ ਇਸ ਨਾਲ ਪੰਜਾਬ ਦਾ ਵਿੱਤੀ ਬੋਝ ਘਟਾਉਣ 'ਚ ਸਹਾਇਤਾ ਮਿਲੇਗੀ। 'ਮੁੱਖ ਵਿਰੋਧੀ ਧਿਰ ਹੋਣ ਦੇ ਨਾਤੇ ਅਸੀਂ ਉਸਾਰੂ ਅਤੇ ਜ਼ਿੰਮੇਵਾਰ ਭੂਮਿਕਾ ਨਿਭਾਉਣਾ ਜਾਰੀ ਰੱਖਾਂਗੇ। ਪੰਜਾਬ ਸਾਡੇ ਲਈ ਸਭ ਤੋਂ ਉਪਰ ਹੈ।'

ਉਧਰ ਸ਼੍ਰੋਮਣੀ ਅਕਾਲੀ ਦਲ ਆਗੂ ਅਤੇ ਸਾਬਕਾ ਮੰਤਰੀ ਦਲਜੀਤ ਸਿੰਘ ਚੀਮਾ ਨੇ ਵੀ 'ਆਪ' ਸਰਕਾਰ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਉਨਾਂ ਕਿਹਾ ਕਿ ਇਸ ਦਾ ਖਜ਼ਾਨੇ ਨੂੰ ਲਾਭ ਹੋਵੇਗਾ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਆਗੂ ਪਰਮਿੰਦਰ ਸਿੰਘ ਢੀਂਡਸਾ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਾਬਕਾ ਵਿਧਾਇਕਾਂ ਨੂੰ ਇੱਕੋ ਟਰਮ ਦੀ ਪੈਨਸ਼ਨ ਦੇਣ ਦੇ ਐਲਾਨ ਦਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਫ਼ੈਸਲੇ ਨਾਲ ਕੁੱਝ ਹੱਦ ਤੱਕ ਸੂਬੇ ਦਾ ਆਰਥਿਕ ਬੋਝ ਘਟਾਉਣ ਵਿੱਚ ਮਦਦ ਮਿਲੇਗੀ ਪਰ ਸਰਕਾਰ ਨੂੰ ਸੂਬੇ ਦੀ ਮਾਲੀ ਹਾਲਤ ਸੁਧਾਰਨ ਲਈ ਹੋਰ ਵਸੀਲੇ ਪੈਦਾ ਕਰਨ 'ਤੇ ਵੀ ਜ਼ੋਰ ਦੇਣਾ ਪਵੇਗਾ।

ਸਾਬਕਾ ਵਿਧਾਇਕਾਂ ਵੱਲੋਂ ਪੈਨਸ਼ਨ ਕੱਟੇ ਜਾਣ ਦਾ ਵਿਰੋਧ ਇੱਕ ਤੋਂ ਵੱਧ ਪੈਨਸ਼ਨਾਂ ਲੈ ਰਹੇ ਵੱਖ-ਵੱਖ ਸਿਆਸੀ ਪਾਰਟੀਆਂ ਨਾਲ ਸਬੰਧਤ ਸਾਬਕਾ ਵਿਧਾਇਕਾਂ ਨੂੰ 'ਆਪ' ਸਰਕਾਰ ਵੱਲੋਂ ਸਿਰਫ਼ ਇੱਕ ਟਰਮ ਦੀ ਪੈਨਸ਼ਨ ਦੀ ਸਹੂਲਤ ਦੇਣ ਦਾ ਫ਼ੈਸਲਾ ਗਲੇ ਤੋਂ ਹੇਠਾਂ ਨਹੀਂ ਉਤਰ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਆਗੂ ਅਤੇ ਦੋ ਵਾਰ ਵਿਧਾਇਕ ਰਹੇ ਸਾਬਕਾ ਮੰਤਰੀ ਜਗਦੀਸ਼ ਸਿੰਘ ਗਰਚਾ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੇ ਗਏ ਐਲਾਨ ਨੂੰ ਅਣ-ਅਧਿਕਾਰਤ ਬਿਆਨ ਕਰਾਰ ਦਿੱਤਾ। ਉਨਾਂ ਦਾਅਵਾ ਕੀਤਾ ਕਿ ਸੰਵਿਧਾਨ ਦੀ ਧਾਰਾ 211 ਅਨੁਸਾਰ ਪੈਨਸ਼ਨ ਇੱਕ ਮੌਲਿਕ ਅਧਿਕਾਰ ਹੈ ਅਤੇ ਧਾਰਾ 300ਏ ਰਾਹੀਂ ਇਸ ਨੂੰ ਕਮਾਈ ਗਈ ਸੰਪਤੀ ਮੰਨਿਆ ਗਿਆ ਹੈ। ਇਸ ਦੀ ਅਦਾਇਗੀ ਵਿੱਚ ਸੰਵਿਧਾਨਕ ਢੰਗ ਨਾਲ ਹੀ ਤਬਦੀਲੀ ਕੀਤੀ ਜਾ ਸਕਦੀ ਹੈ। ਅਕਾਲੀ ਦਲ ਵੱਲੋਂ ਦੋ ਵਾਰ ਵਿਧਾਇਕ ਰਹੇ ਦਰਸ਼ਨ ਸਿੰਘ ਸ਼ਿਵਾਲਕ ਨੇ ਦਲੀਲ ਦਿੱਤੀ ਕਿ ਕਿਸੇ ਵੀ ਵਿਧਾਇਕ ਦੇ ਸਮਾਜ ਵਿੱਚ ਵਿਚਰਨ ਵੇਲੇ ਹੋਣ ਵਾਲੇ ਖਰਚੇ ਉਸ ਦੀ ਵਿਧਾਨ ਸਭਾ ਵਿਚ ਨੁਮਾਇੰਦਗੀ ਸਮੇਂ ਦੇ ਸਿੱਧੇ ਅਨੁਪਾਤ ਵਿੱਚ ਹੁੰਦੇ ਹਨ। ਉਨਾਂ ਦਾਅਵਾ ਕੀਤਾ ਕਿ ਸਿਆਸੀ ਜੀਵਨ ਦੌਰਾਨ ਲੋਕਾਂ ਦੀ ਆਓ ਭਗਤ ਅਤੇ ਸ਼ਗਨ ਆਦਿ ਦੇਣ ਲਈ ਉਨਾਂ ਨੂੰ ਆਪਣੀ ਸੰਪਤੀ ਦਾ ਵੱਡਾ ਹਿੱਸਾ ਵੇਚਣਾ ਪਿਆ ਹੈ ਅਤੇ ਸਮਾਜ ਨੂੰ ਸਮਾਂ ਦੇਣ ਕਰਕੇ ਪਰਿਵਾਰ ਦਾ ਵਪਾਰ ਵੀ ਠੱਪ ਹੋਇਆ ਹੈ।

---

# ਹੁਣ ਸੱਤ ਵਾਰ ਪਾਕਿਸਤਾਨ ਗੁਰਧਾਮਾਂ ਦੇ ਦਰਸ਼ਨ ਕਰ ਸਕਣਗੇ ਭਾਰਤੀ ਸਿੱਖ

## ✪ ਇਮਰਾਨ ਨੇ ਘੱਟ-ਗਿਣਤੀਆਂ ਲਈ ਕਈ ਕੰਮ ਕੀਤੇ : ਮਹਿੰਦਰਪਾਲ ਸਿੰਘ ✪ ਇਮਰਾਨ ਨੂੰ ਪੂਰਾ ਮੌਕਾ ਮਿਲੇ : ਰਮੇਸ਼ ਸਿੰਘ ਅਰੋੜਾ ✪ ਕਰਤਾਰਪੁਰ ਲਾਂਘਾ ਖੋਲਣਾ ਇਮਰਾਨ ਦਾ ਵੱਡਾ ਕੰਮ : ਬਿਸ਼ਨ ਸਿੰਘ

**ਅੰਮ੍ਰਿਤਸਰ** : ਛੇਤੀ ਹੀ ਸਾਲ ਵਿਚ ਚਾਰ ਦੀ ਥਾਂ ਸੱਤ ਵਾਰ ਵੱਖ-ਵੱਖ ਦਿਹਾੜੇ ਮਨਾਉਣ ਲਈ ਸਿੱਖਾਂ ਦੇ ਜੱਥੇ ਪਾਕਿਸਤਾਨ ਜਾ ਸਕਣਗੇ। ਇਮਰਾਨ ਸਰਕਾਰ ਨੇ ਇਸ ਸਬੰਧੀ ਫ਼ੈਸਲਾ ਲੈ ਲਿਆ ਹੈ। ਉਕਤ ਜਾਣਕਾਰੀ ਦਿੰਦਿਆਂ ਲਹਿੰਦੇ ਪੰਜਾਬ ਤੋਂ ਮੌਜੂਦਾ ਮੰਤਰੀ ਮਹਿੰਦਰਪਾਲ ਸਿੰਘ ਨੇ ਦਿੱਤੀ। ਉਧਰ ਭਾਵੇਂ ਕਿ ਪਾਕਿਸਤਾਨ ਦੀ ਇਮਰਾਨ ਖ਼ਾਨ ਸਰਕਾਰ ਵਿਰੁੱਧ ਬੇਭਰੋਸਗੀ ਦਾ ਮਤਾ ਪੇਸ਼ ਹੋ ਗਿਆ ਹੈ ਤੇ ਇਸ ਸਰਕਾਰ 'ਤੇ ਸੰਕਟ ਦੇ ਬੱਦਲ ਛਾਏ ਹੋਏ ਹਨ ਪਰ ਪਾਕਿਸਤਾਨ ਵਿਚ ਰਹਿੰਦੇ ਸਿੱਖ ਤੇ ਹਿੰਦੂ ਭਾਈਚਾਰੇ ਦੇ ਬਹੁਤੇ ਲੋਕਾਂ ਦਾ ਵਿਚਾਰ ਹੈ ਕਿ ਇਮਰਾਨ ਖ਼ਾਨ ਨੂੰ ਬਤੌਰ ਪ੍ਰਧਾਨ ਮੰਤਰੀ ਕਾਰਜਕਾਲ ਪੂਰਾ ਕਰਨ ਦੇਣਾ ਚਾਹੀਦਾ ਹੈ।

ਮੰਤਰੀ ਮਹਿੰਦਰਪਾਲ ਸਿੰਘ ਨੇ ਇਮਰਾਨ ਸਰਕਾਰ ਦੇ ਕੰਮ ਗਿਣਾਉਂਦਿਆਂ ਕਿਹਾ ਕਿ ਜੋ ਕੰਮ ਇਮਰਾਨ ਖ਼ਾਨ ਨੇ ਘੱਟ-ਗਿਣਤੀਆਂ ਖ਼ਾਸ ਕਰ ਸਿੱਖਾਂ ਵਾਸਤੇ ਕੀਤੇ ਹਨ ਉਹ ਆਜ਼ਾਦੀ ਤੋਂ ਬਾਅਦ ਅੱਜ ਤਕ ਕਿਸੇ ਵੀ ਸਰਕਾਰ ਨੇ ਨਹੀਂ ਕੀਤੇ। ਉਨਾਂ ਕਿਹਾ ਕਿ ਅੱਜ ਪਾਕਿ 'ਚ ਸਿੱਖ, ਹਿੰਦੂ, ਇਸਾਈ ਤੇ ਜੈਨੀ ਆਦਿ ਹਰ ਧਰਮ ਦੇ ਲੋਕਾਂ ਨੂੰ ਮਾਣ ਸਨਮਾਨ ਦਿੰਦਿਆਂ ਉਨਾਂ ਦੇ ਧਾਰਮਿਕ ਅਸਥਾਨਾਂ 'ਤੇ ਕਰੋੜਾਂ ਨਹੀਂ ਮਿਲੀਅਨ ਡਾਲਰਾਂ 'ਚ ਵਿਕਾਸ ਦੇ ਕੰਮ ਕਰਵਾਏ ਜਾ ਰਹੇ ਹਨ। ਉਨਾਂ ਕਿਹਾ ਕਿ ਇਮਰਾਨ ਸਰਕਾਰ ਦੀ ਸਭ ਤੋਂ ਵੱਡੀ ਪ੍ਰਰਾਪਤੀ ਇਹ ਹੋਣ ਜਾ ਰਹੀ ਹੈ ਕਿ ਭਾਰਤ ਤੋਂ ਪਾਕਿਸਤਾਨ ਆਉਣ ਵਾਲੇ ਸਿੱਖ ਯਾਤਰੂਆਂ ਦੇ ਪ੍ਰੋਟੋਕਾਲ ਅਨੁਸਾਰ ਪਹਿਲਾਂ ਚਾਰ ਜੱਥੇ ਆਉਂਦੇ ਰਹੇ ਹਨ ਪਰ ਹੁਣ ਪਾਕਿ ਸਰਕਾਰ ਵੱਲੋਂ ਭਾਰਤ ਦੀ ਸਹਿਮਤੀ ਲੈ ਕੇ ਸੱਤ ਵਾਰ ਭਾਰਤ ਤੋਂ ਸਿੱਖਾਂ ਦੇ ਜੱਥੇ ਪਾਕਿ ਆਉਣ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ।

ਪਾਕਿਸਤਾਨ ਮੁਸਲਿਮ ਲੀਗ ਨਵਾਜ਼ ਸ਼ਰੀਫ ਦੇ ਐੱਨਪੀਏ ਰਮੇਸ਼ ਸਿੰਘ ਅਰੋੜਾ ਨੇ ਕਿਹਾ ਕਿ ਪਾਕਿਸਤਾਨ ਵਿਚ ਭਾਵੇਂ ਇਮਰਾਨ ਦੀ ਕੁਰਸੀ ਜਿੱਥੇ ਖੁਸਣ ਜਾ ਰਹੀ ਹੈ ਪਰ ਪਾਕਿਸਤਾਨ 'ਚ ਵਸਦੇ ਹਿੰਦੂ- ਸਿੱਖ ਇਹ ਮਹਿਸੂਸ ਕਰ ਰਹੇ ਹਨ ਕਿ ਦੇਸ਼ ਦੀ ਭਲਾਈ ਲਈ ਕੰਮ ਕਰਨ ਵਾਲੇ ਕਿਸੇ ਵੀ ਪਾਰਟੀ ਦੇ ਪ੍ਰਧਾਨ ਮੰਤਰੀ ਨੂੰ ਪੂਰਾ ਮੌਕਾ ਦੇਣਾ ਚਾਹੀਦਾ ਹੈ।

ਪੀਪਲਜ਼ ਪਾਰਟੀ ਆਫ ਪਾਕਿਸਤਾਨ ਦੇ ਐੱਮਐੱਨਏ ਰਮੇਸ਼ ਲਾਲ ਸੂਬਾ ਸਿੰਧ ਨੇ ਕਿਹਾ ਕਿ ਇਮਰਾਨ ਖ਼ਾਨ ਨੇ ਦੇਸ਼ ਲਈ ਕੁਝ ਨਹੀਂ ਕੀਤਾ ਇਸ ਲਈ ਕਿ ਦੇਸ਼ ਵਿਚ ਜ਼ਰਦਾਰੀ ਦੀ ਅਗਵਾਈ 'ਚ ਪੀਪਲਜ਼ ਪਾਰਟੀ ਆਫ ਪਾਕਿਸਤਾਨ ਦੀ ਸਰਕਾਰ ਬਣੇਗੀ।

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਿਸ਼ਨ ਸਿੰਘ ਨੇ ਦੱਸਿਆ ਕਿ ਭਾਵੇਂ ਉਹ ਮੁਸਲਿਮ ਲੀਗ ਪਾਰਟੀ ਨਾਲ ਸਬੰਧ ਰੱਖਦੇ ਹਨ ਪਰ ਜੋ ਇਮਰਾਨ ਖ਼ਾਨ ਸਰਕਾਰ ਨੇ ਨਵਜੋਤ ਸਿੱਧੂ ਨਾਲ ਮਿਲ ਕੇ ਕਰਤਾਰਪੁਰ ਲਾਂਘਾ ਖੋਲਿਆ ਹੈ ਉਸ ਲਈ ਦੁਨੀਆ ਭਰ ਦੇ ਸਿੱਖ ਉਨਾਂ ਦੀ ਪ੍ਰਸ਼ੰਸਾ ਕਰਦੇ ਹਨ। 1947 ਦੀ ਵੰਡ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਵਿਛੜੇ ਪਰਿਵਾਰ ਵੀ ਇਸ ਲਾਂਘੇ ਦਾ ਲਾਭ ਲੈਂਦੇ ਹੋਏ ਇਕ ਦੂਸਰੇ ਨੂੰ ਮਿਲ ਰਹੇ ਹਨ। ਉਨਾਂ ਕਿਹਾ ਕਿ ਪਾਕਿ 'ਚ ਹਰ ਧਰਮ ਦੇ ਲੋਕਾਂ ਨੂੰ ਬਰਾਬਰ ਦਾ ਸਤਿਕਾਰ ਦਿੱਤਾ ਜਾ ਰਿਹਾ ਹੈ। ਪਾਕਿਸਤਾਨ ਦੀ ਇਮਰਾਨ ਸਰਕਾਰ ਨੂੰ ਆਪਣਾ ਕਾਰਜਕਾਲ ਪੂਰਾ ਕਰਨ ਦੇਣਾ ਚਾਹੀਦਾ ਹੈ।

ਦੱਸਣਯੋਗ ਹੈ ਕਿ ਪਹਿਲਾਂ ਵਿਸਾਖੀ, ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ, ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਹੀ ਸਿੱਖ ਸ਼ਰਧਾਲੂਆਂ ਦੇ ਜੱਥੇ ਪਾਕਿ ਜਾਂਦੇ ਸਨ ਪਰ ਹੁਣ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ 9 ਅਕਤੂਬਰ ਨੂੰ ਚੂਨਾ ਮੰਡੀ ਲਾਹੌਰ ਵਿਖੇ ਗੁਰਪੁਰਬ ਮਨਾਉਣ ਲਈ, ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤ ਦਿਵਸ (29 ਸਤੰਬਰ) ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਮਨਾਉਣ ਲਈ ਤੇ ਸਾਕਾ ਨਨਕਾਣਾ ਸਾਹਿਬ 21 ਫਰਵਰੀ ਨੂੰ ਮਨਾਉਣ ਲਈ ਵੀ ਸਿੱਖ ਸ਼ਰਧਾਲੂਆਂ ਦੇ ਜੱਥੇ ਪਾਕਿਸਤਾਨ ਜਾ ਸਕਣਗੇ।



ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com

# ਪੰਜਾਬ ਦੀ ਵਿੱਤੀ ਹਾਲਤ ਡਾਵਾਂਡੋਲ, ਸਾਢੇ ਤਿੰਨ ਲੱਖ ਕਰੋੜ ਦਾ ਕਰਜ਼ਾ

ਪੰਜਾਬ ਦੀ ਲਗਾਤਾਰ ਖ਼ਰਾਬ ਹੋ ਰਹੀ ਆਰਥਿਕ ਹਾਲਤ ਨੂੰ ਮੁੜ ਲੀਹ ’ਤੇ ਲਿਆਉਣਾ ਨਵੀਂ ਸਰਕਾਰ ਲਈ ਸਭ ਤੋਂ ਵੱਡੀ ਚੁਣੌਤੀ ਹੈ। ਰਾਜਪਾਲ ਨੇ ਵੀ ਵਿਧਾਨ ਸਭਾ ’ਚ ਇਸੇ ਹਫ਼ਤੇ ਆਪਣੇ ਭਾਸ਼ਣ ਦੌਰਾਨ ਸੂਬੇ ’ਤੇ ਸਾਢੇ ਤਿੰਨ ਲੱਖ ਕਰੋੜ ਰੁਪਏ ਦੇ ਕਰਜ਼ੇ ਨੂੰ ਲੈ ਕੇ ਚਿੰਤਾ ਪ੍ਰਗਟਾਈ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਨੂੰ ਮਿਲ ਕੇ ਸੂਬੇ ਦੀ ਖ਼ਰਾਬ ਵਿੱਤੀ ਹਾਲਤ ਦੀ ਜਾਣਕਾਰੀ ਦਿੰਦਿਆਂ ਵਿਸ਼ੇਸ਼ ਪੈਕੇਜ ਦੀ ਮੰਗ ਕੀਤੀ ਹੈ। ਪ੍ਰਮੁੱਖ ਸਵਾਲ ਇਹ ਹੈ ਕਿ ਕੀ ਕੇਵਲ ਮੰਗ ਕਰਨ ਨਾਲ ਕੇਂਦਰ ਸਰਕਾਰ ਪੈਕੇਜ ਦੇ ਦੇਵੇਗੀ। ਪੰਜਾਬ ਵਿਚ ਸੁਰੱਖਿਆ ਦੇ ਮਾਮਲੇ ਨੂੰ ਸਾਹਮਣੇ ਲਿਆ ਕੇ ਫੰਡਾਂ ਦੀ ਮੰਗ ਕਰਨੀ ਵੱਖਰੀ ਤਰਾਂ ਦਾ ਸਿਆਸੀ ਮਸਲਾ ਹੈ। ਵਿੱਤੀ ਮਾਹਿਰਾਂ ਅਨੁਸਾਰ ਪੰਜਾਬ ਸਰਕਾਰ ਨੂੰ ਸੂਬੇ ਦੀਆਂ ਮੰਗਾਂ ਵਿਧੀਗਤ ਤਰੀਕੇ ਨਾਲ ਕੇਂਦਰ ਸਰਕਾਰ ਸਾਹਮਣੇ ਰੱਖਣੀਆਂ ਚਾਹੀਦੀਆਂ ਹਨ। ਪੰਜਾਬ ਦੇ ਖੇਤੀ ਖੇਤਰ ਲਈ ਪਾਣੀ ਅਤੇ ਹੋਰ ਸਹੂਲਤਾਂ ਦਾ ਪ੍ਰਬੰਧ, ਸਿੱਖਿਆ ਅਤੇ ਮੈਡੀਕਲ ਵਿੱਦਿਆ ਲਈ ਸਹਾਇਤਾ, ਸੂਬੇ ਦੇ ਵਾਤਾਵਰਨ ਨਾਲ ਜੁੜੀਆਂ ਸਮੱਸਿਆਵਾਂ ਅਤੇ ਮੁਸ਼ਕਿਲਾਂ ਦੇ ਸਾਹਮਣੇ ਕਰ ਰਹੇ ਹੋਰ ਖੇਤਰਾਂ ਦੀਆਂ ਸਮੱਸਿਆਵਾਂ ਨੂੰ ਆਧਾਰ ਬਣਾ ਕੇ ਨਿਸ਼ਚਤ ਫੰਡਾਂ ਦੀ ਮੰਗ ਕੀਤੀ ਜਾਣੀ ਚਾਹੀਦੀ ਹੈ। ਟੈਕਸ ਪ੍ਰਣਾਲੀ ਲਗਾਤਾਰ ਕੇਂਦਰ ਦੇ ਹੱਕ ਵਿਚ ਝੁਕਾਅ ਵਾਲੀ ਹੈ ਅਤੇ ਰਾਜ ਸਰਕਾਰਾਂ ਕਮਜ਼ੋਰ ਹੋ ਰਹੀਆਂ ਹਨ। ਇਸੇ ਕਰਕੇ ਰਾਜ ਸਰਕਾਰਾਂ ਖ਼ਾਸ ਤੌਰ ਉੱਤੇ ਖੇਤਰੀ ਧਿਰਾਂ ਵਿੱਤੀ ਫੈਡਰਲਿਜ਼ਮ ਦੀ ਮੰਗ ਕਰ ਰਹੀਆਂ ਹਨ। ਪੰਜਾਬ ਦੇ ਆਰਥਿਕ ਮਾਮਲਿਆਂ ਦੇ ਮਾਹਿਰਾਂ ਅਨੁਸਾਰ ਜੇ ਸੂਬੇ ਦੀ ਟੈਕਸ-ਪ੍ਰਣਾਲੀ ਵਿਚ ਚੋਰ-ਮੋਰੀਆਂ ਬੰਦ ਕੀਤੀਆਂ ਜਾਣ ਤਾਂ ਸੂਬੇ ਦੀ ਆਮਦਨ ਵਿਚ ਵੱਡਾ ਵਾਧਾ ਹੋ ਸਕਦਾ ਹੈ। ਪੈਂਤੀ ਵਰੇ





ਸੱਚੋ ਸੱਚ ਦਸ ਵੇ ਜੋਗੀਆ

ਪਹਿਲਾਂ ਪੰਜਾਬ ਦੀ ਵਿੱਤੀ ਹਾਲਤ ਇੰਨੀ ਵਧੀਆ ਹੁੰਦੀ ਸੀ ਕਿ ਉਸ ਕੋਲ ਵਾਧੂ ਧਨ ਵੀ ਹੁੰਦਾ ਸੀ ਪਰ ਹੌਲੀ-ਹੌਲੀ ਹਾਲਤ ਖ਼ਰਾਬ ਹੁੰਦੀ ਗਈ ਅਤੇ 2015 ਤਕ 1.12 ਲੱਖ ਕਰੋੜ ਰੁਪਏ ਦਾ ਕਰਜ਼ਾ ਚੜ ਗਿਆ। ਸਾਲ 2020 ’ਚ ਇਹ 2.48 ਲੱਖ ਕਰੋੜ ਰੁਪਏ ਤਕ ਪੁੱਜ ਗਿਆ ਸੀ। ਇਸ ਵੇਲੇ ਸੂਬਾ ਸਰਕਾਰ ਨੂੰ ਹਰ ਸਾਲ ਵੀਹ ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਵਿਆਜ ਅਦਾ ਕਰਨਾ ਪੈ ਰਿਹਾ ਹੈ।

ਪੰਜਾਬ ਸਰਕਾਰ ਦੀ ਆਸ ਕੇਂਦਰ ਸਰਕਾਰ ਤੋਂ ਹੈ ਕਿ ਉਹ ਜੇ ਸਹਿਯੋਗ ਕਰੇ ਤਾਂ ਮੁੜ ਤੋਂ ਸੂਬੇ ਦੀ ਆਰਥਿਕ ਹਾਲਤ ਸੁਧਰ ਸਕਦੀ ਹੈ। ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਤੋਂ 50-50



ਹਜ਼ਾਰ ਕਰੋੜ ਰੁਪਏ ਦੋ ਸਾਲ ਦੇਣ ਦੀ ਮੰਗ ਕੀਤੀ ਹੈ। ਕੇਂਦਰ ਸਰਕਾਰ ਦੇ ਸਟੈਂਡ ਬਾਰੇ ਤਾਂ ਭਵਿੱਖ ਵਿਚ ਹੀ ਪਤਾ ਲੱਗੇਗਾ ਪਰ ਸੂਬੇ ਦੀ ਆਰਥਿਕ ਹਾਲਤ ਜੇ ਸੁਧਾਰਨੀ ਹੈ ਤਾਂ ਨਵੀਂ ਸਰਕਾਰ ਨੂੰ ਆਮਦਨ ਵਧਾਉਣ ਲਈ ਵਾਧੂ ਉਪਾਅ ਕਰਨੇ ਹੋਣਗੇ। ਲੋਕ ਭਲਾਈ ਦੀਆਂ ਯੋਜਨਾਵਾਂ ’ਤੇ ਖ਼ਰਚ ਹੋ ਰਹੇ ਹਜ਼ਾਰਾਂ ਕਰੋੜ ਰੁਪਏ ਦਾ ਇੰਤਜ਼ਾਮ ਕਰਨ ਬਾਰੇ ਵੀ ਸੋਚਣਾ ਹੋਵੇਗਾ। ਕਿਸਾਨਾਂ ਤੇ ਵੱਖੋ-ਵੱਖਰੇ ਵਰਗਾਂ ਨੂੰ ਦਿੱਤੀ ਜਾ ਰਹੀ ਸਸਤੀ ਬਿਜਲੀ ’ਤੇ ਹੀ ਸੂਬਾ ਸਰਕਾਰ ਲਗਭਗ 14 ਹਜ਼ਾਰ ਕਰੋੜ ਰੁਪਏ ਖ਼ਰਚ ਕਰ ਰਹੀ ਹੈ। ਲੋੜਵੰਦ ਲੋਕਾਂ ਲਈ ਭਲਾਈ ਯੋਜਨਾਵਾਂ ਤਾਂ ਚਲਾਈਆਂ ਹੀ ਜਾਣੀਆਂ ਚਾਹੀਦੀਆਂ ਹਨ ਪਰ ਇਸ ਦੇ ਨਾਲ ਹੀ ਸਰਕਾਰੀ ਖ਼ਜ਼ਾਨੇ ਦੀ ਵੀ ਚਿੰਤਾ ਜ਼ਰੂਰੀ ਹੈ। ਇਸ ਸਮੇਂ ਹਾਲਾਤ ਇਹ ਹਨ ਕਿ ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ ਘਟਦੀ ਜਾ ਰਹੀ ਹੈ, ਰਾਜ ਵਿਚ ਟੈਕਸਾਂ ਅਤੇ ਟੈਕਸਾਂ ਤੋਂ ਇਲਾਵਾ ਹੋਰਨਾਂ ਸਰੋਤਾਂ ਰਾਹੀਂ ਇਕੱਠੀ ਹੋਣ ਵਾਲੀ ਰਕਮ ਘਟ ਰਹੀ ਹੈ, ਸਬਸਿਡੀਆਂ ਦੇ ਨਾਲ-ਨਾਲ ਬਾਜ਼ਾਰ ਤੋਂ ਲਈਆਂ ਜਾਣ ਵਾਲੀਆਂ ਉਧਾਰੀਆਂ ਵੀ ਵਧਦੀਆਂ ਜਾ ਰਹੀਆਂ ਹਨ। ਵੱਖੋ-ਵੱਖ ਸਿਆਸੀ ਪਾਰਟੀਆਂ ਸੂਬੇ ’ਵਿਚ ਮਕਬੂਲੀਅਤ ਹਾਸਲ ਕਰਨ ਲਈ ਬਹੁਤ ਕੁਝ ਮੁਫ਼ਤ ਦੇਣ ਜਾਂ ਮਾਫ਼ ਕਰਨ ਦੀ ਸਿਆਸਤ ’ਚ ਭਰੋਸਾ ਰੱਖਦੀਆਂ ਹਨ। ਜੇ ਪੰਜਾਬ ਦਾ ਅਰਥਚਾਰਾ ਖੇਤੀ ’ਤੇ ਆਧਾਰਿਤ ਹੈ। ਕਿਸਾਨਾਂ ਦੀ ਉਪਜ ਦਾ ਵੱਧ ਤੋਂ ਵੱਧ ਮੁੱਲ ਪਾਉਣ ਲਈ ਸੂਬੇ ਵਿਚ ਜ਼ਿਆਦਾ ਤੋਂ ਜ਼ਿਆਦਾ ਪ੍ਰੋਸੈਸਿੰਗ ਉਦਯੋਗ ਲਾਉਣ ਦੀ ਲੋੜ ਹੈ। ਤਦ ਹੀ ਕਿਸਾਨ ਖ਼ੁਸ਼ਹਾਲ ਹੋ ਸਕਣਗੇ।

**ਪੰਜਾਬ ਸਰਕਾਰ ਚਲਾਉਣ ਵਿਚ ਰਾਘਵ ਚੱਡਾ ਦੀ ਰਹੇਗੀ ਭੂਮਿਕਾ**

ਆਮ ਆਦਮੀ ਪਾਰਟੀ ਨੇ ਦਿੱਲੀ ਦੇ ਆਪਣੇ ਵਿਧਾਇਕ ਰਾਘਵ ਚੱਢਾ ਨੂੰ ਪੰਜਾਬ ਤੋਂ ਰਾਜ ਸਭਾ ਵਿਚ ਭੇਜ ਦਿੱਤਾ ਹੈ। ਉਹ ਨਿਰਵਿਰੋਧ ਚੁਣੇ ਜਾ ਚੁੱਕੇ ਹਨ। ਸਵਾਲ ਹੈ ਕਿ ਦਿੱਲੀ ਦੇ ਵਿਧਾਇਕ ਨੂੰ ਪੰਜਾਬ ਤੋਂ ਰਾਜ ਸਭਾ ਵਿਚ ਭੇਜਣ ਦਾ ਕੀ ਮਕਸਦ ਹੈ? ਕਈ ਤਰਾਂ ਦੀਆਂ ਕਿਆਸ ਅਰਾਈਆਂ ਅਤੇ ਅਫ਼ਵਾਹਾਂ ਵੀ ਸੁਣਨ ਨੂੰ ਮਿਲ ਰਹੀਆਂ ਹਨ। ਉਨਾਂ ਨੂੰ ਛੱਡੀਏ ਤਾਂ ਵੀ ਇਹ ਤੈਅ ਹੈ ਕਿ ਪੰਜਾਬ ਵਿਚ ਭਗਵੰਤ ਮਾਨ ਦੀ ਸਰਕਾਰ ਚਲਾਉਣ ਵਿਚ ਚੱਢਾ ਦੀ ਭੂਮਿਕਾ ਵਧੇਗੀ। ਉਂਜ ਮਾਨ ਦੇ ਮੁੱਖ ਮੰਤਰੀ ਬਣਨ ਦੇ ਨਾਲ ਹੀ ਇਹ ਕਿਹਾ ਜਾਣ ਲੱਗਾ ਹੈ ਕਿ ਉਨਾਂ ਦੀ ਸਰਕਾਰ ਦਿੱਲੀ ਤੋਂ ਚੱਲੇਗੀ। ਪੰਜਾਬ ਵਿਚ ਦਿੱਲੀ ਸਰਕਾਰ ਦੇ ਮਾਡਲ ਨੂੰ ਲਾਗੂ ਕਰਨ ਦੇ ਜੋ ਨਿਰਦੇਸ਼ ਦਿੱਲੀ ਤੋਂ ਆਉਣਗੇ, ਉਸ ’ਤੇ ਅਮਲ ਦਾ ਕੰਮ ਰਾਘਵ ਚੱਢਾ ਸੰਭਾਲਣਗੇ। ਉਹ ਸਰਕਾਰ ਦੇ ਨਾਲ-ਨਾਲ ਸੂਬੇ ਦੀ ਰਾਜਨੀਤੀ ’ਤੇ ਵੀ ਨਜ਼ਰ ਰੱਖਣਗੇ। ਚੇਤੇ ਰਹੇ ਦਿੱਲੀ ਵਿਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਕੋਲ ਬਹੁਤ ਘੱਟ ਅਧਿਕਾਰ ਹਨ, ਜਦੋਂ ਕਿ ਪੰਜਾਬ ਇਕ ਪੂਰਨ ਸੂਬਾ ਹੈ ਅਤੇ ਮੁੱਖ ਮੰਤਰੀ ਦੇ ਕੋਲ ਪੁਲਿਸ ਤੋਂ ਲੈ ਕੇ ਜ਼ਮੀਨ ਤੱਕ ਹਰ ਚੀਜ਼ ਦਾ ਅਧਿਕਾਰ ਹੈ। ਇਸ ਲਈ ਮਾਨ ਜ਼ਿਆਦਾ ਸ਼ਕਤੀਸ਼ਾਲੀ ਹੋ ਸਕਦੇ ਹਨ ਅਤੇ ਪਾਰਟੀ ਵਿਚ ਰਾਜਨੀਤਕ ਸੰਤੁਲਨ ਵਿਗੜ ਸਕਦਾ ਹੈ। ਸੰਤੁਲਨ ਬਣਾਈ ਰੱਖਣ ਦਾ ਕੰਮ ਰਾਘਵ ਚੱਢਾ ਨੇ ਕਰਨਾ ਹੈ। ਭਾਵ ਉਹ ਇਹ ਯਕੀਨੀ ਬਣਾਉਣਗੇ ਕਿ ਮਾਨ ਸਰਕਾਰ ਚਲਾਉਣ ਪਰ ਪਾਰਟੀ ਅਤੇ ਵਿਧਾਇਕਾਂ ’ਤੇ ਕੰਟਰੋਲ ਦਿੱਲੀ ਦਾ ਰਹੇ।

**ਮੋਦੀ ਸਰਕਾਰ ਪੰਜਾਬ ਸਮੇਤ ਕਈ ਸੂਬਿਆਂ ਵਿਚ ਹਿੰਦੂ ਭਾਈਚਾਰੇ ਨੂੰ ਦੇਵੇਗੀ ਘੱਟਗਿਣਤੀ ਰੁਤਬਾ**

ਪੰਜਾਬ ਸਮੇਤ ਅਜਿਹੇ ਨੌਂ ਸੂਬੇ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਜਿੱਥੇ ਹਿੰਦੂਆਂ ਦੀ ਆਬਾਦੀ ਘੱਟ ਹੈ, ਉੱਥੇ ਸੂਬਾ ਸਰਕਾਰ ਉਨਾਂ ਨੂੰ ਘੱਟ ਗਿਣਤੀ ਲਈ ਨੋਟੀਫਾਈ ਕਰ ਸਕਦੀ ਹੈ। ਅਜਿਹਾ ਕੇਂਦਰ ਸਰਕਾਰ ਵੱਲੋਂ ਸੁਪਰੀਮ ਕੋਰਟ ਨੂੰ ਆਖਿਆ ਗਿਆ ਹੈ। ਭਾਜਪਾ ਆਗੂ ਅਸ਼ਵਿਨੀ ਕੁਮਾਰ ਉਪਾਧਿਆਏ ਨੇ ਇਸ ਬਾਰੇ ਇੱਕ ਪੀਆਈਐਲ ਪਾਈ ਹੈ ਜਿਸ ਉੱਪਰ ਕੇਂਦਰ ਸਰਕਾਰ ਦੇ ਘੱਟ ਗਿਣਤੀ ਮੰਤਰਾਲੇ ਨੇ ਇਹ ਜਾਣਕਾਰੀ ਸੁਪਰੀਮ ਕੋਰਟ ਨੂੰ ਦਿੱਤੀ ਹੈ। ਅਸ਼ਵਨੀ ਉਪਾਧਿਆਏ ਨੇ ਪੰਜਾਬ, ਜੰਮੂ ਅਤੇ ਕਸ਼ਮੀਰ, ਲੱਦਾਖ, ਮਿਜ਼ੋਰਮ, ਨਾਗਾਲੈਂਡ, ਮਨੀਪੁਰ,ਮੇਘਾਲਿਆ, ਅਰੁਣਾਚਲ ਪ੍ਰਦੇਸ਼ ਅਤੇ ਲਕਸ਼ਦੀਪ ਵਿੱਚ ਹਿੰਦੂਆਂ ਨੂੰ ਘੱਟ ਗਿਣਤੀ ਦਾ ਸਟੇਟਸ ਦੇਣ ਲਈ ਪੀਆਈਐੱਲ ਪਾਈ ਹੈ।ਕੇਂਦਰ ਸਰਕਾਰ ਮੁਤਾਬਕ ਭਾਰਤੀ ਸੰਵਿਧਾਨ ਦੇ ਆਰਟੀਕਲ 29 ਅਤੇ 30 ਮੁਤਾਬਕ ਸੂਬਾ ਸਰਕਾਰ ਹਿੰਦੂਆਂ ਨੂੰ ਘੱਟ ਗਿਣਤੀ ਵਿੱਚ ਰੱਖ ਸਕਦੀ ਹੈ। ਇਸ ਦੇ ਨਾਲ ਹੀ ਕੇਂਦਰ ਸਰਕਾਰ ਨੇ ਕਿਹਾ ਹੈ ਕਿ ਘੱਟਗਿਣਤੀ ਐਲਾਨੇ ਜਾਣ ਉੱਤੇ ਉਹ ਆਪਣੇ ਅਦਾਰੇ ਵੀ ਚਲਾ ਸਕਦੇ ਹਨ।ਭਾਰਤੀ ਸੰਵਿਧਾਨ ਮੁਤਾਬਕ ਘੱਟ ਗਿਣਤੀ ਦੀ ਕੋਈ ਪਰਿਭਾਸ਼ਾ ਨਹੀਂ ਹੈ ਪਰ ਕੇਂਦਰ ਸਰਕਾਰ ਦੀ 1993 ਦੀ ਨੋਟੀਫਿਕੇਸ਼ਨ ਮੁਤਾਬਕ ਮੁਸਲਮਾਨ, ਈਸਾਈ, ਸਿੱਖ, ਪਾਰਸੀ ਅਤੇ ਬੁੱਧ ਘੱਟਗਿਣਤੀ ਹਨ। 2014 ਵਿੱਚ ਜੈਨ ਵੀ ਇਸ ਸੂਚੀ ਵਿੱਚ ਰੱਖੇ ਗਏ ਹਨ।

## ਸਾਧ ਭਨਿਆਰਾ ਵਾਲੇ ਦੀ ਕਿਤਾਬ ਬਾਰੇ ਪਟੀਸ਼ਨ ਹਾਈਕੋਰਟ ਵਿਚ ਖ਼ਾਰਜ



ਪਿਆਰਾ ਸਿੰਘ ਭਨਿਆਰਾ ਵਾਲਾ ਵੱਲੋਂ ਲਿਖੀ ਵਿਵਾਦਤ ਕਿਤਾਬ ‘ਭਵ ਸਾਗਰ ਅਮਰ ਵਾਣੀ’ ਜੋ ਕਿ ਲੰਘੇ 11 ਵਰਿਆਂ ਤੋਂ ਹਾਈ ਕੋਰਟ ਵਿਚ ਸੀਲ ਕਰ ਕੇ ਰੱਖੀ ਹੋਈ ਹੈ, ਇਸ ਕਿਤਾਬ ਨੂੰ ਲੋਕ ਅਰਪਣ ਕਰਨ ਦੀ ਮੰਗ ਨੂੰ ਲੈ ਕੇ ਭਨਿਆਰਾ ਵਾਲਾ ਦੇ ਪਰਿਵਾਰ ਨੇ ਹਾਈ ਕੋਰਟ ਵਿਚ ਪਟੀਸ਼ਨ ਪਾਈ ਸੀ। ਉਹ ਪਟੀਸ਼ਨ ਬੀਤੇ ਸ਼ੁੱਕਰਵਾਰ ਨੂੰ ਵਾਪਸ ਲਈ ਗਈ ਹੈ। ਇਸ ਕਿਤਾਬ ਬਾਰੇ ਦਾਇਰ ਪਟੀਸ਼ਨ ’ਤੇ ਹਾਈ ਕੋਰਟ ਦੇ ਬੈਂਚ ਨੇ ਸੁਣਵਾਈ ਕੀਤੀ ਤੇ ਕਿਹਾ ਕਿ ਇਹ ਪਟੀਸ਼ਨ ਅਪਰਾਧਕ ਮਾਮਲੇ ਨੂੰ ਲੈ ਕੇ ਲੰਘੇ ਕਈ ਵਰਿਆਂ ਤੋਂ ਚੱਲ ਰਹੀ ਹੈ। ਇਸ ਪਟੀਸ਼ਨ ਵਿਚ ਇਸ ਤਰਾਂ ਦੀ ਮੰਗ ਨਹੀਂ ਕੀਤੀ ਜਾ ਸਕਦੀ ਹੈ। ਆਪਣੀ ਮੰਗ ਨੂੰ ਲੈ ਕੇ ਪਰਿਵਾਰ ਵੱਖਰੇ ਤੌਰ ’ਤੇ ਹਾਈ ਕੋਰਟ ਵਿਚ ਪਟੀਸ਼ਨ ਪਾ ਸਕਦਾ ਹੈ। ਇਸ ’ਤੇ ਪਰਿਵਾਰ ਨੇ ਨਵੇਂ ਸਿਰੇ ਤੋਂ ਪਟੀਸ਼ਨ ਪਾਉਣ ਦੀ ਛੋਟ ਮਿਲਣ ’ਤੇ ਪਟੀਸ਼ਨ ਵਾਪਸ ਲਈ ਹੈ। ਹਾਈਕੋਰਟ ਨੇ ਪਟੀਸ਼ਨ ਖ਼ਾਰਜ ਕਰ ਦਿੱਤੀ ਹੈ। ਦੱਸਣਯੋਗ ਹੈ ਕਿ ਭਨਿਆਰਾ ਵਾਲੇ ਦੀ ਇਸ ਕਿਤਾਬ ਨੂੰ ਲੈ ਕੇ ਸ਼ੁਰੂ ਤੋਂ ਵਿਵਾਦ ਰਿਹਾ ਹੈ।ਸਿੱਖ ਇਸ ਦਾ ਡਟਕੇ ਵਿਰੋਧ ਕਰਦੇ ਰਹੇ ਹਨ।


CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇਡੀਅਨ ਪਾਸਪੋਰਟ
- ਇਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ

* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਖ਼ੂਨ ਚੂਸ ਰਹੀਆਂ ਜੋਕਾਂ ਨਾਲ ਪੀੜਤ ਪੰਜਾਬ ਤੇ ਆਪ ਸਰਕਾਰ

**ਮੋਹਨ ਸ਼ਰਮਾ**

16 ਮਾਰਚ 2022 ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੀ ਵਾਗਡੋਰ ਸੰਭਾਲੀ ਹੈ। ਪੰਜਾਬ ਦੇ ਮੁੱਖ ਮੰਤਰੀ ਨੂੰ ਵਿਰਸੇ ਵਿੱਚ 3 ਲੱਖ ਕਰੋੜ ਕਰਜ਼ੇ ਦੀ ਪੰਡ, ਹੱਥਾਂ ਵਿੱਚ ਡਿਗਰੀਆਂ ਫੜੀ ਦਰ-ਦਰ ਦੇ ਧੱਕੇ ਖਾਣ ਦੇ ਨਾਲ ਨਾਲ ਪੁਲਿਸ ਦੀ ਡੰਝੀ ਹੋਈ ਬੇਰੁਜ਼ਗਾਰਾਂ ਦੀ ਫੌਜ, ਲੈਂਡ ਮਾਫ਼ੀਆ, ਰੇਤ ਮਾਫ਼ੀਆ, ਸ਼ਰਾਬ ਮਾਫ਼ੀਆ, ਕੇਬਲ ਮਾਫ਼ੀਆ, ਡਰੱਗ ਮਾਫ਼ੀਆ, ਕਿਸਾਨੀ ਸੰਕਟ, ਨਸ਼ਿਆਂ ਕਾਰਨ ਗਲੀਆਂ ਵਿੱਚ ਕੱਖਾਂ ਵਾਂਗ ਰੁਲਦੀ ਜਵਾਨੀ, ਨਸ਼ਈ ਪੁੱਤਾਂ ਤੋਂ ਪੋਟਾ ਪੋਟਾ ਦੁਖੀ ਖ਼ੂਨ ਦੇ ਹੰਝੂ ਕੇਰਦੇ ਮਾਪੇ, ਦਫਤਰਾਂ ਵਿੱਚ ਫੈਲਿਆ ਭ੍ਰਿਸ਼ਟਾਚਾਰ, ਗੈਂਗਵਾਰ ਕਾਰਨ ਦਿਨ ਦਿਹਾੜੇ ਹੁੰਦੇ ਕਤਲ ਅਤੇ ਔਰਤਾਂ ਦੀ ਅਸੁਰੱਖਿਆ ਕਾਰਨ ਇਜ ਲੱਗਦਾ ਹੈ ਜਿਵੇਂ ਗ਼ੁਬਾਰਾ ਅਣਗਿਣਤ ਸੂਈਆਂ ਦੀ ਨੋਕ 'ਤੇ ਖੜਾ ਹੋਵੇ।

ਦਰਅਸਲ ਜੇ ਘੋਖਵੀਂ ਨਜ਼ਰ ਮਾਰੀ ਜਾਵੇ ਤਾਂ 20 ਫਰਵਰੀ 2022 ਨੂੰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਰਵਾਇਤੀ ਪਾਰਟੀਆਂ ਦੀ 75 ਸਾਲਾਂ ਦੀ ਕਾਰਗੁਜ਼ਾਰੀ ਨੂੰ ਪੰਜਾਬ ਦੇ ਲੋਕਾਂ ਨੇ ਬੁਰੀ ਤਰਾਂ ਨਕਾਰਿਆ ਹੈ। ਬਦਲਾਅ ਦੀ ਇੱਛਾ ਨਾਲ ਅਤੇ ਅਰਵਿੰਦ ਕੇਜਰੀਵਾਲ ਦੇ ਦਿੱਲੀ ਮਾਡਲ ਨੂੰ ਵੇਖਦਿਆਂ ਲੋਕਾਂ ਨੇ ਆਸ ਭਰੀਆਂ ਨਜ਼ਰਾਂ ਨਾਲ ਆਮ ਆਦਮੀ ਪਾਰਟੀ ਨੂੰ ਵੋਟਾਂ ਪਾ ਕੇ ਪੰਜਾਬ ਵਿਧਾਨ ਸਭਾ ਵਿੱਚ ਭੇਜਿਆ ਹੈ। ਆਮ ਆਦਮੀ ਪਾਰਟੀ ਦੇ 92 ਜੇਤੂ ਵਿਧਾਨਕਾਰਾਂ ਵਿੱਚੋਂ ਕਈ ਵਿਧਾਨਕਾਰ ਦੂਜੀਆਂ ਰਿਵਾਇਤੀ ਪਾਰਟੀਆਂ ਨੂੰ ਤਿਲਾਂਜਲੀ ਦੇ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਅਤੇ ਜੇਤੂ ਵਿਧਾਨਕਾਰਾਂ ਵਿੱਚ 52 ਦਾਗ਼ੀ ਉਮੀਦਵਾਰਾਂ ਨੇ ਵੀ ਜਿੱਤ ਦਰਜ ਕਰਵਾਈ ਹੈ। ਪੰਜਾਬੀਆਂ ਨੇ ਸਭ ਕੁਝ ਨਕਾਰ ਕੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਫਤਵਾ ਦਿੱਤਾ ਹੈ।

ਦਰਅਸਲ ਲੋਕ ਭਵਿੱਖ ਪ੍ਰਤੀ ਸੁਚੇਤ ਵੀ ਹੋਏ ਹਨ ਅਤੇ ਕਿਸਾਨ ਅੰਦੋਲਨ ਨੇ ਰਾਜਨੀਤਿਕ ਸੂਝ ਵੀ ਦਿੱਤੀ ਹੈ। ਪਿਛਲੀਆਂ ਰਿਵਾਇਤੀ ਪਾਰਟੀਆਂ ਦੇ ਲਾਰਿਆਂ, ਵਾਅਦਿਆਂ ਅਤੇ ਚੋਣਾਂ ਸਮੇਂ ਵੋਟ ਪ੍ਰਾਪਤ ਕਰਨ ਲਈ ਹਰ ਤਰਾਂ ਦੇ ਹੱਥਕੰਡਿਆਂ ਤੋਂ ਉਹ ਚੰਗੀ ਤਰਾਂ ਜਾਣੂ ਹੋ ਗਏ ਸਨ। ਉਨਾਂ ਨੂੰ ਇਹ ਵੀ ਅਹਿਸਾਸ ਹੋ ਗਿਆ ਸੀ ਕਿ ਸਿਆਸੀ ਲੋਕ ਵੋਟਰਾਂ ਦੀ ਕੀਮਤ ਭੇਡ-ਬੱਕਰੀਆਂ ਵਾਂਗ ਪਾ ਕੇ ਉਨਾਂ ਦੇ ਸਿਰ 'ਤੇ ਸਾਰੀ ਉਮਰ ਰਾਜ ਕਰਨ ਦੇ ਨਾਲ ਨਾਲ ਉਨਾਂ ਨੂੰ ਖੱਜਲ ਖੁਆਰ ਵੀ ਕਰਦੇ ਹਨ। ਇਸ ਵਾਰ ਰਵਾਇਤੀ ਪਾਰਟੀਆਂ ਨੇ ਪਹਿਲਾਂ ਦੀ ਤਰਾਂ ਪੈਸੇ, ਨਸ਼ਾ ਅਤੇ ਹੋਰ ਨਿਕਸੁਕ ਜੋ ਵੀ ਦਿੱਤਾ, ਉਹ ਲੋਕਾਂ ਨੇ ਲੈ ਵੀ ਲਿਆ। ਲੀਡਰਾਂ ਦੇ ਵਾਅਦਿਆਂ ਦੀ ਤਰਾਂ ਵੋਟਰਾਂ ਨੇ ਵੀ ਜੇਬ ਗਰਮ ਕਰਕੇ ਵੋਟ ਪਾਉਣ ਦਾ ਵਾਅਦਾ ਤਾਂ ਕਰ ਲਿਆ ਪਰ ਆਪਣੀ ਵੋਟ ਆਮ ਆਦਮੀ ਪਾਰਟੀ ਨੂੰ ਹੀ ਪਾਈ। ਇੰਜ ਲੋਕਾਂ ਨੇ ਅਹਿਸਾਸ ਕਰਵਾ ਦਿੱਤਾ ਕਿ ਝੂਠੇ ਲਾਰੇ, ਵਾਅਦੇ ਅਤੇ ਦਿਲਜੋਈਆਂ ਦੇ ਤੁਸੀਂ ਹੀ ਮਾਹਿਰ ਨਹੀਂ, ਸਾਨੂੰ ਵੀ ਹੁਣ ਚੰਗੀ ਤਰਾਂ ਜਵਾਬ ਦੇਣਾ ਆ ਗਿਆ ਹੈ। ਰਿਵਾਇਤੀ ਪਾਰਟੀਆਂ ਨੂੰ ਮੂਧੇ ਮੂੰਹ ਮਾਰ ਕੇ ਲੋਕ ਇਨਕਲਾਬੀ ਬਦਲਾਅ ਤੇ ਖੁਸ਼ੀ ਵਿੱਚ ਭੰਗੜਾ ਪਾਉਂਦੇ ਰਹੇ। ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਕਿ ਜੇਕਰ ਲੁੱਟਣ ਵਾਲੇ ਇੱਕ ਪਲੇਟ ਫਾਰਮ 'ਤੇ ਇਕੱਠੇ ਹੋ ਕੇ ਤਿਜੌਰੀਆਂ ਭਰ ਰਹੇ ਨੇ, ਫਿਰ ਲੁੱਟੇ ਜਾਣ ਵਾਲਿਆਂ ਦਾ ਵੀ ਇਕੱਠੇ ਹੋਣਾ ਜ਼ਰੂਰੀ ਹੈ। ਦਰਅਸਲ ਇਹ ਸਿਆਸੀ ਇਨਕਲਾਬ, ਭ੍ਰਿਸ਼ਟਾਚਾਰ, ਲੋਕ ਸੇਵਕ ਦੀ ਥਾਂ 'ਲੋਕ ਮਾਲਕ' ਬਣ ਕੇ ਲੋਕਾਂ ਦੇ ਹਿਤਾਂ ਦਾ ਕੀਤਾ ਘਾਣ, ਖੇਤੀ ਸੰਕਟ, ਉਦਯੋਗਿਕ ਸੰਕਟ ਅਤੇ ਅਜਿਹੇ ਹੀ ਹੋਰ 'ਕਾਰਨਾਮਿਆਂ' ਦੇ ਵਿਰੁੱਧ ਫਤਵਾ ਹੈ। ਗਰੀਬਾਂ ਨੇ ਗਰੀਬੀ ਦੂਰ ਕਰਨ ਲਈ, ਬੇਰੁਜ਼ਗਾਰਾਂ ਨੇ ਰੁਜ਼ਗਾਰ ਪ੍ਰਾਪਤੀ ਲਈ, ਕੱਚੇ ਕਰਮਚਾਰੀਆਂ ਨੇ ਪੱਕੇ ਹੋਣ ਲਈ, ਦੂਸ਼ਿਤ ਵਾਤਾਵਰਣ ਤੋਂ ਤੰਗ ਪ੍ਰੇਸ਼ਾਨ ਲੋਕਾਂ ਨੇ ਸਿਹਤਮੰਦ ਅਤੇ ਸੁਰੱਖਿਅਤ ਵਾਤਾਵਰਣ ਲਈ ਆਮ ਆਦਮੀ ਪਾਰਟੀ ਨੂੰ ਆਪ ਮੁਹਾਰੇ ਵੋਟਾਂ ਪਾਈਆਂ ਹਨ।

**ਵਿਸ਼ੇਸ਼ ਟਿੱਪਣੀ**

ਕਿਸੇ ਵੀ ਪ੍ਰਾਂਤ ਦੀ ਆਰਥਿਕ, ਰਾਜਨੀਤਿਕ ਅਤੇ ਸਮਾਜਿਕ ਹਾਲਤ ਦਾ ਜਾਇਜ਼ਾ ਗੁਆਂਢੀ ਪ੍ਰਾਂਤ ਨਾਲ ਤੁਲਨਾਤਮਕ ਅਧਿਐਨ ਤੋਂ ਵੀ ਸਹਿਜੇ ਹੀ ਲੱਗ ਜਾਂਦਾ ਹੈ। ਗੁਆਂਢੀ ਪ੍ਰਾਂਤ ਹਰਿਆਣਾ ਕਦੇ ਪੰਜਾਬ ਦਾ ਹੀ ਹਿੱਸਾ ਹੁੰਦਾ ਸੀ ਪਰ ਇੱਕ ਨਵੰਬਰ 1966 ਨੂੰ ਪੰਜਾਬ ਅਤੇ ਹਰਿਆਣਾ ਦੀ ਵੰਡ ਸਮੇਂ 6:4 ਦੇ ਅਨੁਪਾਤ ਨਾਲ ਸਰੋਤਾਂ ਦੀ ਵੰਡ ਹੋਈ। ਹਰਿਆਣਾ ਪੰਜਾਬ ਨਾਲੋਂ ਛੋਟਾ ਸੂਬਾ ਅਤੇ ਸਰੋਤ ਵੀ ਪੰਜਾਬ ਦੇ ਮੁਕਾਬਲੇ ਘੱਟ ਹਨ। ਪਰ ਪੰਜਾਬ ਦੀ ਪ੍ਰਤੀ ਵਿਅਕਤੀ ਔਸਤ ਸਾਲਾਨਾ ਆਮਦਨ ਇੱਕ ਲੱਖ 9 ਹਜ਼ਾਰ ਰੁਪਏ ਹੈ ਜਦੋਂ ਕਿ ਹਰਿਆਣੇ ਦੀ ਪ੍ਰਤੀ ਵਿਅਕਤੀ ਔਸਤ ਸਾਲਾਨਾ ਆਮਦਨ ਇੱਕ ਲੱਖ 63 ਹਜ਼ਾਰ ਰੁਪਏ ਹੈ। ਹਰਿਆਣੇ ਦਾ ਬਜਟ ਇੱਕ ਲੱਖ 65 ਹਜ਼ਾਰ ਕਰੋੜ ਦਾ ਅਤੇ ਪੰਜਾਬ ਦਾ ਬਜਟ ਇੱਕ ਲੱਖ 68 ਹਜ਼ਾਰ ਕਰੋੜ ਦਾ ਹੈ। ਸੋਸ਼ਲ ਵੈੱਲਫੇਅਰ ਤੇ ਹਰਿਆਣਾ 19 ਹਜ਼ਾਰ ਕਰੋੜ ਖਰਚ ਕਰਕੇ ਸਮਾਜਿਕ ਸੁਰੱਖਿਆ ਲਈ ਯਤਨਸ਼ੀਲ ਹੈ ਜਦੋਂਕਿ ਪੰਜਾਬ ਸਰਕਾਰ ਨੇ ਇਸ ਮੰਤਵ ਲਈ 6500 ਕਰੋੜ ਦੇ ਫੰਡ ਰਾਖਵੇਂ ਰੱਖੇ ਹਨ। ਹਰਿਆਣੇ ਦੇ ਐਨਰਜੀ ਸੈਕਟਰ 'ਤੇ ਕੁੱਲ ਖਰਚ 7 ਹਜ਼ਾਰ ਕਰੋੜ ਦਾ ਹੈ, ਜਦੋਂ ਕਿ ਪੰਜਾਬ 10 ਹਜ਼ਾਰ ਕਰੋੜ ਦੀ ਬਿਜਲੀ ਮੁਫ਼ਤ ਦੇ ਰਿਹਾ ਹੈ ਅਤੇ ਲਗਭਗ 14 ਲੱਖ ਦਿਨ ਰਾਤ ਚੱਲ ਰਹੇ ਟਿਊਬਵੈੱਲਾਂ ਨੇ ਧਰਤੀ ਹੇਠਲੇ ਪਾਣੀ ਦਾ ਪੱਧਰ ਇੰਨਾ ਨੀਵਾਂ ਕਰ ਦਿੱਤਾ ਹੈ ਕਿ ਅੰਦਾਜ਼ਨ ਦੋ ਦਹਾਕਿਆਂ ਤੋਂ ਬਾਅਦ ਪੰਜਾਬ ਨੂੰ ਸੋਕੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪੰਜਾਬ ਦੀਆਂ ਖੇਡਾਂ ਦਾ ਬਜਟ 44 ਕਰੋੜ ਦਾ ਹੈ ਜਦੋਂਕਿ ਹਰਿਆਣੇ ਦਾ ਬਜਟ 394 ਕਰੋੜ ਰੱਖਿਆ ਗਿਆ ਹੈ। ਸਿਹਤ ਸੇਵਾਵਾਂ, ਵਿੱਦਿਆ, ਖੇਡਾਂ ਅਤੇ ਸਮਾਜਿਕ ਸੁਰੱਖਿਆ ਦੇ ਖੇਤਰ ਵਿੱਚ ਹਰਿਆਣਾ ਪੰਜਾਬ ਨਾਲੋਂ ਅੱਗੇ ਹੈ। ਨਿਵੇਸ਼ ਦੇ ਖੇਤਰ ਵਿੱਚ ਹਰਿਆਣਾ ਦੇਸ਼ ਭਰ ਵਿੱਚ ਤੀਜੇ ਨੰਬਰ 'ਤੇ ਹੈ ਜਦੋਂ ਕਿ ਪੰਜਾਬ ਬਿਹਾਰ ਨਾਲੋਂ ਵੀ ਪਛੜ ਕੇ 20ਵੇਂ ਨੰਬਰ 'ਤੇ ਪਹੁੰਚ ਗਿਆ ਹੈ। ਵੋਟ ਪ੍ਰਾਪਤੀ ਦੇ ਖੇਤਰ ਵਿੱਚ ਵੀ ਹਰਿਆਣੇ ਨੇ ਪੰਜਾਬ ਨੂੰ ਪਛਾੜ ਦਿੱਤਾ ਹੈ। ਸਿਆਸੀ ਲੋਕਾਂ ਦੀ ਲੁੱਟ ਖਸੁੱਟ ਅਤੇ ਪੰਜਾਬ ਨੂੰ ਘੁਣ ਵਾਂਗ ਖਾ ਰਹੀ ਰਿਸ਼ਵਤਖੋਰੀ ਅਤੇ ਬੇਈਮਾਨੀ ਨੇ ਪੰਜਾਬ ਦੇ ਵਿਕਾਸਉੱਤੇ ਪ੍ਰਸ਼ਨ ਚਿੰਨ ਲਾ ਦਿੱਤਾ ਹੈ।

ਇਹ ਕੌੜੀ ਸਚਾਈ ਹੈ ਕਿ ਬੁਰਾਈ, ਭ੍ਰਿਸ਼ਟਾਚਾਰ, ਹਰ ਤਰਾਂ ਦੇ ਮਾਫ਼ੀਏ ਨਾਲ ਸਬੰਧਤ ਸਰਗਣੇ, ਅਮਨ ਕਾਨੂੰਨ ਦੀ ਸਥਿਤੀ ਭੰਗ ਕਰਨ ਵਾਲੇ ਭੇੜੀਏ, ਗੁੰਡਾ ਰਾਜ, ਗੈਂਗਸਟਰ ਵਾਰ, ਅਸੁਰੱਖਿਅਤ ਮਾਹੌਲ ਇਹ ਸਭ ਕੁਝ ਸਿਆਸੀ ਸ਼ਹਿ ਤੋਂ ਬਿਨਾਂ ਸੰਭਵ ਹੀ ਨਹੀਂ। ਜੇਕਰ ਮੁੱਖ ਮੰਤਰੀ ਤੋਂ ਲੈ ਕੇ ਮੰਤਰੀ ਅਤੇ ਹੋਰ ਰਾਜਨੀਤਿਕ ਆਗੂਆਂ ਦੀ ਸੋਚ ਉਸਾਰੂ, ਨੇਕ, ਇਮਾਨਦਾਰ, ਹਾਂ ਪੱਖੀ ਅਤੇ ਲੋਕ ਪੱਖੀ ਹੋਵੇ ਤਾਂ ਹੇਠਲੇ ਅਧਿਕਾਰੀ ਅਤੇ ਕਰਮਚਾਰੀ ਤਾਂ ਉਨਾਂ ਦੇ ਪਦ ਚਿੰਨਾਂ 'ਤੇ ਹੀ ਚੱਲਣਗੇ। ਪਰ ਜੇਕਰ ਮੰਤਰੀ ਹੇਠਲੇ ਅਧਿਕਾਰੀਆਂ ਤੋਂ 'ਹਫ਼ਤਾ' ਜਾਂ 'ਮਹੀਨਾ' ਵਸੂਲੀ ਦੇ ਚੱਕਰ ਵਿੱਚ ਪੈ ਗਏ ਫਿਰ ਪਹਿਲੀਆਂ ਰਿਵਾਇਤੀ ਪਾਰਟੀਆਂ ਅਤੇ ਹੁਣ ਦੀ ਰਾਜ ਸਤਾ ਵਾਲੀ ਪਾਰਟੀ ਵਿੱਚ ਕੀ ਫਰਕ ਰਹਿ ਜਾਵੇਗਾ? ਪਾਸ਼ ਦੇ ਇਹ ਬੋਲ ਹਨ :-

ਸਭ ਤੋਂ ਖਤਰਨਾਕ ਉਹ ਅੱਖ ਹੁੰਦੀ ਹੈ,<br>
ਜੋ ਸਭ ਕੁਝ ਵੇਖਦਿਆਂ ਠੰਢੀ ਯਖ਼ ਹੁੰਦੀ ਹੈ।

ਚੇਤਨ ਬੁੱਧੀਜੀਵੀ ਵਰਗ, ਪੱਤਰਕਾਰ ਭਾਈਚਾਰਾ, ਅਧਿਆਪਕ, ਮੁਲਾਜ਼ਮ ਜਥੇਬੰਦੀਆਂ, ਕਿਸਾਨ ਆਗੂ ਅਤੇ ਪਬਲਿਕ ਨੂੰ ਵੀ ਇਹ ਅਹਿਸਾਸ ਹੋ ਗਿਆ ਹੈ ਕਿ ਬੇਇਨਸਾਫੀ ਅਤੇ ਜਬਰ ਵਿਰੁੱਧ ਉਹ ਇੱਕਮੁੱਠ ਹੋ ਕੇ ਰਾਜ ਸਤਾ ਦੀਆਂ ਚੂਲਾਂ ਹਿਲਾ ਵੀ ਸਕਦੇ ਹਨ।

ਨੌਜਵਾਨਾਂ ਦੀਆਂ ਨਸ਼ੇ ਦੇ ਟੀਕਿਆਂ ਨਾਲ ਵਿੰਨੀਆਂ ਬਾਹਾਂ, ਗੰਧਲਾ ਵਾਤਾਵਰਣ, ਖਸਤਾ ਕਿਸਾਨੀ ਹਾਲਤ, ਬੇਰੁਜ਼ਗਾਰੀ, ਸਿਹਤ ਅਤੇ ਵਿੱਦਿਅਕ ਢਾਂਚੇ ਵਿੱਚ ਨਿਘਾਰ, ਤਰਾਂ ਤਰਾਂ ਦੇ ਮਾਫ਼ੀਏ, ਬੇਈਮਾਨੀ, ਗੁਰਬਤ, ਭੁੱਖਮਰੀ ਜਿਹੀਆਂ ਕਿੰਨੀਆਂ ਹੀ ਖ਼ੂਨ ਚੂਸ ਰਹੀਆਂ ਜੋਕਾਂ ਨਾਲ ਪੰਜਾਬ ਪੀੜਤ ਹੈ। ਪੰਜਾਬ ਦੇ ਅਲੋਪ ਹੋ ਰਹੇ ਹਾਸੇ ਨੂੰ ਵਾਪਸ ਲਿਆਉਣ ਲਈ ਆਸਵੰਦ ਨਜ਼ਰਾਂ ਨਾਲ ਲੋਕ ਆਮ ਆਦਮੀ ਪਾਰਟੀ ਵੱਲ ਵੇਖ ਰਹੇ ਹਨ। ਆਪ ਪਾਰਟੀ ਲਈ ਇਸ ਇਤਿਹਾਸਕ ਫਤਵੇ ਦਾ ਮਾਣ ਸਤਿਕਾਰ ਰੱਖਣਾ ਅਤਿਅੰਤ ਜ਼ਰੂਰੀ ਹੈ।

# ਪੰਜਾਬ ਬਾਰੇ ਆਪ ਸਰਕਾਰ ਸਨਮੁੱਖ ਚੁਣੌਤੀਆਂ

**ਦਰਬਾਰਾ ਸਿੰਘ ਕਾਹਲੋਂ**

ਬਹਾਦਰ, ਕਿਰਤੀ ਅਤੇ ਜਾਂਬਾਜ਼ ਪੰਜਾਬੀਆਂ ਨੂੰ ਮਹਾਰਾਜਾ ਰਣਜੀਤ ਸਿੰਘ ਸ਼ੇਰ-ਏ-ਪੰਜਾਬ ਦੇ ਅਕਾਲ ਚਲਾਣੇ ਤੋਂ ਬਾਅਦ ਅੱਜ ਤੱਕ ਖੂਬਸੂਰਤ, ਸੋਹਣਾ, ਵਿਕਸਤ, ਇਨਸਾਫ਼ ਪਸੰਦ, ਗੁਰਾਂ ਦੇ ਨਾਂ 'ਤੇ ਜਿਊਣ ਵਾਲਾ ਆਤਮ ਨਿਰਭਰ, ਖੁਦਮੁਖਤਿਆਰ ਪੰਜਾਬ ਵੇਖਣ ਨੂੰ ਨਸੀਬ ਨਹੀਂ ਹੋਇਆ। ਪਹਿਲਾਂ 1849 ਤੋਂ 1947 ਤੱਕ ਅੰਗਰੇਜ਼, ਫਿਰ ਦੇਸ਼ ਦੀ ਆਜ਼ਾਦੀ ਵੇਲੇ ਦੋ ਟੋਟੇ ਅਤੇ ਨਵੰਬਰ 1966 ਵਿਚ ਤਿੰਨ ਟੋਟੇ ਕਰਨ ਤੋਂ ਬਾਅਦ ਹਾਸਲ ਅਜੋਕਾ ਪੰਜਾਬ ਪਿਛਲੇ 75 ਸਾਲਾਂ ਤੋਂ ਕਾਲੇ ਸ਼ਾਸਕ ਅੰਗਰੇਜ਼ਾਂ ਨੇ ਲੋਕਾਂ ਨਾਲ ਗੁਲਾਮਾਂ ਵਰਗਾ ਵਿਵਹਾਰ ਜਾਰੀ ਰੱਖਿਆ। ਪੰਜਾਬ ਹਮੇਸ਼ਾ ਦੇਸ਼ ਅੰਦਰ ਇਨਕਲਾਬੀ ਤਬਦੀਲੀਆਂ ਦਾ ਮੋਹਰੀ ਰਿਹਾ ਹੈ।

ਪੰਜਾਬ ਮੌਜੂਦਾ ਰਾਜਨੀਤਕ, ਪ੍ਰਸ਼ਾਸਕੀ, ਸਮਾਜਿਕ, ਧਾਰਮਿਕ ਲੋਟੂ ਅਤੇ ਕੁੱਟਣ ਵਾਲੇ ਸ਼ਾਹ ਤੰਤਰ ਨੂੰ ਤਬਾਹ ਕਰਕੇ ਇਸ ਜਮੂਦ ਨੂੰ ਤੋੜਨ ਦੀਆਂ ਤਦਬੀਰਾਂ ਘੜ ਰਿਹਾ ਸੀ। ਕੇਜਰੀਵਾਲ ਦੀ ਅਗਵਾਈ ਵਾਲੀ ਆਪ ਪਾਰਟੀ ਨੇ ਉਸ ਨੂੰ ਪਰਿਵਾਰਵਾਦੀ, ਏਕਾਧਿਕਾਰਵਾਦੀ, ਕਾਰਪੋਰੇਟਵਾਦੀ ਕਾਂਗਰਸ, ਬਾਦਲ ਦਲ, ਭਾਜਪਾ ਅਤੇ ਸਹਿਯੋਗੀਆਂ ਦੇ 75 ਸਾਲਾ ਰਾਜਨੀਤਕ, ਪ੍ਰਸ਼ਾਸਕੀ ਅਤੇ ਸਮਾਜਿਕ ਜਮੂਦ ਨੂੰ ਤੋੜਨ ਦਾ ਵਿਸ਼ਵਾਸ ਦਿੱਤਾ। ਸੰਨ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਇਨਾਂ ਸਭ ਪਾਰਟੀਆਂ ਨੇ ਅੰਦਰਖਾਤੇ ਏਕਾ ਕਰ ਕੇ 'ਆਪ' ਦਾ ਰਾਹ ਰੋਕ ਲਿਆ ਸੀ। ਇਸ ਵਾਰ ਆਪ ਪਾਰਟੀ ਨੇ ਹੂੰਝਾ ਫੇਰੂ 92 ਸੀਟਾਂ ਜਿੱਤੀਆਂ। ਸੱਤਾਧਾਰੀ ਕਾਂਗਰਸ ਸ਼ਰਮਨਾਕ 18, ਅਕਾਲੀ ਦਲ ਬਾਦਲ 3, ਬਸਪਾ 1, ਭਾਜਪਾ 2, ਅਜ਼ਾਦ 1 'ਤੇ ਅਟਕ ਗਏ। ਭਗਵੰਤ ਮਾਨ ਨੇ ਸਭ ਨੂੰ ਖਟਕੜ ਕਲਾਂ ਦਾ ਸੱਦਾ ਦੇ ਕੇ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਦੀ ਬੇਨਤੀ ਕੀਤੀ। ਉਸ ਨੇ ਪਹਿਲਾਂ ਹੁਕਮ ਕਰੀਬ 112 ਸਾਬਕਾ ਮੰਤਰੀਆਂ, ਵਿਧਾਇਕਾਂ, ਰਾਜਨੀਤੀਵਾਨਾਂ ਦੇ ਤੁਰੰਤ ਅੰਗ ਰੱਖਿਅਕ ਵਾਪਸ ਲੈਣ ਦੇ ਹੁਕਮ ਜਾਰੀ ਕੀਤੇ। ਰਾਜ ਵਿੱਚੋਂ ਭ੍ਰਿਸ਼ਟਾਚਾਰ ਦੇ ਸਫ਼ਾਏ ਲਈ ਅੱਜ 23 ਮਾਰਚ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਬਲੀਦਾਨ ਦਿਵਸ 'ਤੇ ਇਕ ਆਪਣਾ ਨਿੱਜੀ ਵਟਸਐਪ ਨੰਬਰ ਜਾਰੀ ਕਰਨ ਦਾ ਐਲਾਨ ਕੀਤਾ ਜਿਸ ਰਾਹੀਂ ਅਵਾਮ ਭ੍ਰਿਸ਼ਟਾਚਾਰੀ ਅਫ਼ਸਰ ਅਤੇ ਕਰਮਚਾਰੀ ਦਾ ਆਡੀਓ-ਵੀਡੀਓ ਮੁੱਖ ਮੰਤਰੀ ਤੱਕ ਸਿੱਧਾ ਭੇਜ ਸਕਣਗੇ।

ਹੈਰਾਨੀ ਦੀ ਗੱਲ ਇਹ ਹੈ ਕਿ ਇਸ ਦੇ ਤੁਰੰਤ ਪ੍ਰਭਾਵ ਤੋਂ ਨਤੀਜੇ ਆਉਣੇ ਸ਼ੁਰੂ ਹੋ ਗਏ। ਮਿਸਾਲ ਵਜੋਂ ਸਰਵਣ ਗਿੱਲ ਨਾਮਕ ਬੰਦਾ ਬਗੈਰ ਰਿਸ਼ਵਤ ਦੇ ਜ਼ਮੀਨ ਦੀ ਰਜਿਸਟਰੀ ਦੀ ਵੀਡੀਓ ਵਾਇਰਲ ਕਰਦਾ ਹੈ। ਗ਼ੈਰ-ਪੰਜਾਬੀਆਂ ਨੂੰ ਰਾਜ ਸਭਾ ਭੇਜਣ ਦਾ ਵਿਰੋਧ ਹੋਇਆ ਹੈ ਜੋ ਦੂਰਅੰਦੇਸ਼ੀ ਨਾਲ ਟਾਲਿਆ ਜਾ ਸਕਦਾ ਸੀ। ਪੰਜਾਬੀ ਕੇਜਰੀਵਾਲ ਦਾ ਦਖ਼ਲ ਤੇ ਦਬਾਅ ਨਹੀਂ ਸਹਿਣ ਕਰਨਗੇ। ਉਸ ਨੇ ਆਪਣੇ ਮੰਤਰੀ ਮੰਡਲ ਵਿਚ 10 ਮੰਤਰੀ ਚੁਣੇ ਜਿਨਾਂ 'ਚੋਂ 8 ਪਹਿਲੀ ਵਾਰ ਵਿਧਾਇਕ ਚੁਣੇ ਗਏ ਹਨ। ਪਹਿਲੀ ਕੈਬਨਿਟ ਮੀਟਿੰਗ ਵਿਚ ਬੇਰੁਜ਼ਗਾਰੀ ਦੇ ਖ਼ਾਤਮੇ ਲਈ ਪਹਿਲਾ ਕਦਮ ਸਰਕਾਰੀ ਵਿਭਾਗਾਂ ਵਿਚ 25000 ਨਿਯੁਕਤੀਆਂ ਦਾ ਐਲਾਨ ਕੀਤਾ। ਮਾਨ ਸਰਕਾਰ ਨੇ ਮਾਨਸਾ ਜ਼ਿਲੇ ਲਈ ਇਕ ਅਰਬ, ਇਕ ਕਰੋੜ ਰੁਪਏ ਫ਼ਸਲ ਖ਼ਰਾਬਾ ਹਿੱਤ ਜਾਰੀ ਕੀਤੇ। ਬਾਕੀ ਜ਼ਿਲਿਆਂ ਦਾ ਫੰਡ ਵੀ ਜਾਰੀ ਕੀਤਾ ਜਾਵੇਗਾ। ਅਨਮੋਲ ਰਤਨ ਸਿੰਘ ਜੋ ਪੰਜਾਬ ਦਾ ਸਾਬਕਾ ਐਡੀਸ਼ਨਲ ਏਜੀ ਅਤੇ ਭਾਰਤ ਦਾ ਸਾਲਿਸਟਰ ਜਨਰਲ ਰਿਹਾ ਹੈ, ਉਸ ਨੂੰ ਐਡਵੋਕੇਟ ਜਨਰਲ ਨਿਯੁਕਤ ਕੀਤਾ ਜਿਸ ਨੇ ਪਦ ਸੰਭਾਲਦੇ ਹੀ ਸਿਰਫ਼ ਇਕ ਰੁਪਿਆ ਤਨਖ਼ਾਹ ਲੈਣ ਦਾ ਐਲਾਨ ਕੀਤਾ। ਬਾਕੀ ਤਨਖ਼ਾਹ ਨਸ਼ਾ ਪੀੜਤਾਂ ਦੇ ਇਲਾਜ ਲਈ ਦਾਨ ਦੇਣ ਦਾ ਸੰਕਲਪ ਲਿਆ। ਨਵੀਂ ਆਬਕਾਰੀ ਨੀਤੀ ਘੜ ਕੇ ਸ਼ਰਾਬ ਵਿਕਰੀ ਤੋਂ ਮਾਲੀਆ ਵਧਾਉਣ ਲਈ ਫ਼ਿਲਹਾਲ ਚਾਲੂ ਨੀਤੀ ਤਿੰਨ ਮਹੀਨੇ ਲਈ ਵਧਾ ਦਿੱਤੀ ਹੈ। ਨਸ਼ੀਲੇ ਪਦਾਰਥਾਂ ਦੀ ਰੋਕ ਅਤੇ ਜੁਡੀਸ਼ੀਅਲ ਹਿਰਾਸਤ ਵਿਚ ਨਸ਼ਾ ਤਸਕਰੀ ਕੇਸ 'ਚ ਪਟਿਆਲਾ ਜੇਲ ਵਿਚ ਬੰਦ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਜਾਂਚ ਲਈ ਆਈਪੀਐੱਸ ਅਧਿਕਾਰੀ ਗੁਰਸ਼ਰਨ ਸਿੰਘ ਸੰਧੂ ਦੀ ਅਗਵਾਈ 'ਚ ਨਵੀਂ ਵਿਸ਼ੇਸ਼ ਜਾਂਚ ਟੀਮ ਗਠਿਤ ਕੀਤੀ ਹੈ ਤਾਂ ਜੋ ਇਸ ਦੀ ਪੈਰਵੀ ਸਹੀ ਢੰਗ ਨਾਲ ਹੋ ਸਕੇ।

ਢਿੱਲੇ-ਮੱਠੇ ਵਤੀਰੇ ਅਤੇ ਆਪਣੇ ਪੁੱਤਰ ਦੀ ਤਰੱਕੀ ਲਈ ਪ੍ਰਭਾਵ ਵਰਤਣ ਦੇ ਖ਼ਦਸ਼ੇ ਵਾਲੇ ਅਫ਼ਸਰ ਬਲਰਾਜ ਸਿੰਘ ਵਾਲੀ ਐੱਸਆਈਟੀ ਦੀ ਥਾਂ ਇਹ ਨਵੀਂ ਟੀਮ ਗਠਿਤ ਕੀਤੀ ਹੈ। ਸਿਸਟਮ ਬਦਲਣ ਵਿਚ ਇਮਾਨਦਾਰੀ ਤੇ ਸਿਹਤਮੰਦ ਲੋਕਸ਼ਾਹੀ ਦੀ ਮਿਸਾਲ ਕਾਇਮ ਕਰਦੇ ਹੋਏ ਮਾਨ ਸਰਕਾਰ ਨੇ ਆਪਣੇ ਮੰਤਰੀਆਂ ਨੂੰ ਬਗੈਰ ਪੀਲੀ-ਲਾਲ ਬੱਤੀ, ਅੰਗ ਰੱਖਿਅਕਾਂ ਦੀ ਜਿਪਸੀਆਂ ਵਾਲੀ ਧਾੜ ਦੇ ਲੋਕ ਸੇਵਾ ਲਈ ਤੋਰਿਆ ਹੈ। ਜਦੋਂ ਪੱਛਮੀ ਦੇਸ਼ਾਂ ਵਿਚ ਮੰਤਰੀ, ਪ੍ਰਧਾਨ ਮੰਤਰੀ, ਮੁੱਖ ਮੰਤਰੀ ਇਵੇਂ ਸੇਵਾ ਕਰਦੇ ਹਨ ਤਾਂ ਭਾਰਤ ਵਿਚ ਕਿਉਂ ਨਹੀਂ ਕਰ ਸਕਦੇ? ਤਜਰਬਾਹੀਣ ਮੰਤਰੀਆਂ ਨੂੰ ਮਹਿਕਮੇ ਦੇ ਦਿੱਤੇ ਗਏ ਹਨ। ਅਗਲੇ ਕੁਝ ਦਿਨਾਂ ਵਿਚ ਪੰਜਾਬੀਆਂ ਦੀਆਂ ਅੱਖਾਂ ਵਿਚ ਰੜਕਣ ਵਾਲਾ ਸੰਨ 2016 ਵਿਚ ਵਿਧਾਨ ਸਭਾ ਵੱਲੋਂ ਲਿਆ ਅਤਿ ਘਿਨਾਉਣਾ, ਸ਼ਰਮਨਾਕ, ਜਨਤਕ ਖਜ਼ਾਨਾ ਲੋਟੂ ਅਤੇ ਗ਼ੈਰ-ਲੋਕਤੰਤਰੀ ਫ਼ੈਸਲਾ ਕਿ ਜਿੰਨੀ ਵਾਰ ਕੋਈ ਰਾਜਨੀਤੀਵਾਨ ਵਿਧਾਨ ਸਭਾ ਦਾ ਮੈਂਬਰ ਬਣੇਗਾ, ਉਨੀ ਵਾਰ ਵੱਖਰੀ ਪੈਨਸ਼ਨ ਲਵੇਗਾ। ਇਸ ਨੂੰ ਮੁੜ ਵਿਧਾਨ ਸਭਾ ਵਿਚ ਬਦਲ ਕੇ 'ਇਕ ਵਿਧਾਇਕ-ਇਕ ਪੈਨਸ਼ਨ' ਵਾਲਾ ਕਾਨੂੰਨ ਬਣਾਉਣ ਦੀ ਤਿਆਰੀ ਮਾਨ ਸਰਕਾਰ ਵੱਲੋਂ ਕੀਤੀ ਜਾ ਰਹੀ ਹੈ। ਵਿਧਾਇਕ ਦਲ ਦੀ ਮੀਟਿੰਗ 'ਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਪਾਰਟੀ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮਰਿਆਦਾ ਪਾਲਣ ਦੀਆਂ ਨਸੀਹਤਾਂ ਦਿੱਤੀਆਂ ਹਨ।

ਜੇ ਇਨਾਂ 'ਤੇ ਅਮਲ ਹੋਇਆ ਤਾਂ ਪੰਜਾਬ ਵਿੱਚੋਂ ਭ੍ਰਿਸ਼ਟਾਚਾਰ, ਨਸ਼ੀਲੇ ਪਦਾਰਥਾਂ ਦੀ ਵਿਕਰੀ, ਰੇਤ-ਬਜਰੀ, ਕੇਬਲ, ਟਰਾਂਸਪੋਰਟ, ਲੈਂਡ ਮਾਫ਼ੀਆ ਨੇਸਤੋ ਨਾਬੂਦ ਹੋਵੇਗਾ। ਇਸ ਤੋਂ ਇਲਾਵਾ ਇਹ ਸਨਅਤੀ ਨਿਵੇਸ਼ ਤੇਜ਼ੀ ਨਾਲ ਵਧਾਉਣ, ਬੇਰੁਜ਼ਗਾਰੀ ਘਟਾਉਣ, ਪੰਜਾਬ ਨੂੰ ਕਰਜ਼ਾ ਮੁਕਤ ਕਰਨ, ਬ੍ਰੇਨ ਡਰੇਨ ਅਤੇ ਵਿਦੇਸ਼ ਕੂਚ ਰੋਕਣ ਵਿਚ ਸਹਾਈ ਹੋਣ ਵਾਲਾ ਹੋਵੇਗਾ। ਭਗਵੰਤ ਮਾਨ ਨੇ ਸਪਸ਼ਟ ਕਿਹਾ ਕਿ ਉਹ ਰਿਸ਼ਵਤਖੋਰੀ, ਬੇਈਮਾਨੀ ਕਦੇ ਬਰਦਾਸ਼ਤ ਨਹੀਂ ਕਰਨਗੇ। ਡੀਸੀ, ਐੱਸਪੀ, ਥਾਣੇਦਾਰ, ਤਹਿਸੀਲਦਾਰ ਆਦਿ ਦੀਆਂ ਠੇਕੇ ਵਜੋਂ ਵਿਧਾਇਕ ਜਾਂ ਹਲਕਾ ਇੰਚਾਰਜਾਂ ਵੱਲੋਂ ਸਰਕਾਰ ਤੋਂ ਨਿਯੁਕਤੀਆਂ ਦੇ ਦਿਨ ਲੱਦ ਗਏ। ਹਰ ਮੰਤਰੀ ਨੂੰ ਟਾਰਗੈਟ ਦਿੱਤਾ ਜਾਵੇਗਾ ਜੋ ਸਮਾਂਬੱਧਤਾ ਨਾਲ ਪੂਰਾ ਨਹੀਂ ਕਰੇਗਾ, ਉਸ ਨੂੰ ਬਦਲਿਆ ਜਾਵੇਗਾ। ਕੁਝ ਵਿਧਾਇਕਾਂ ਵੱਲੋਂ ਮੰਤਰੀ ਪਦ ਨਾ ਮਿਲਣ 'ਤੇ ਜ਼ਾਹਰ ਕੀਤੀ ਨਾਰਾਜ਼ਗੀ ਦਾ ਉਨਾਂ ਨੇ ਸਖ਼ਤ ਨੋਟਿਸ ਲਿਆ। ਸਭ ਨੂੰ ਦਿਨ-ਰਾਤ ਕੰਮ ਕਰ ਕੇ ਪੰਜਾਬੀਆਂ ਦਾ ਦਿਲ ਜਿੱਤਣ ਲਈ ਤੰਬੀਹ ਕੀਤੀ। ਇਵੇਂ ਹੀ ਮੁੱਖ ਮੰਤਰੀ ਨੇ ਕਿਹਾ ਕਿ ਜਨਤਕ ਫ਼ਤਵੇ ਦਾ ਪ੍ਰਯੋਗ ਜਨਤਾ ਦੀ ਸੇਵਾ ਨਾਲ ਕਰੋ। ਵਿਧਾਇਕ ਆਪਣੇ ਖੇਤਰ ਵਿਚ ਸਥਾਈ ਦਫ਼ਤਰ ਬਣਾਉਣ। ਲੋਕਾਂ ਤੇ ਕਰਮਚਾਰੀਆਂ ਨਾਲ ਪਿਆਰ ਅਤੇ ਪੱਖਪਾਤ ਰਹਿਤ ਪੇਸ਼ ਆਇਆ ਜਾਵੇ। ਨੌਕਰੀ, ਬਦਲੀ, ਤਰੱਕੀ ਲਈ ਸਿਫ਼ਾਰਸ਼ ਨਹੀਂ। ਸਾਡਾ ਟੀਚਾ ਰੰਗਲਾ ਪੰਜਾਬ ਮੁੜ ਸਿਰਜਣਾ ਹੈ। ਇਸ ਲਈ ਜਾਨ ਲਗਾ ਦਿਆਂਗੇ। ਮੁੱਖ ਮੰਤਰੀ ਨੂੰ ਸਾਡਾ ਸੁਝਾਅ ਹੈ ਕਿ ਵਿਧਾਇਕਾਂ ਅਤੇ ਮੰਤਰੀਆਂ ਦੀ ਵਧੀਆ ਕਾਰਗੁਜ਼ਾਰੀ, ਵਿਧਾਨ ਸਭਾ ਵਿਚ ਕੰਮਕਾਜ ਦੀ ਸੰਵਿਧਾਨਕ ਜ਼ਿੰਮੇਵਾਰੀ, ਪ੍ਰਸ਼ਾਸਕੀ ਕਾਰਜਾਂ ਦੀ ਜਾਣਕਾਰੀ, ਅਫ਼ਸਰਸ਼ਾਹੀ ਨੂੰ ਨੱਥ ਪਾ ਕੇ ਰੱਖਣ ਲਈ ਸਾਰੇ ਵਿਧਾਇਕਾਂ ਦੀ ਇਕ ਹਫ਼ਤਾ ਵਰਕਸ਼ਾਪ ਲਗਾਈ ਜਾਵੇ ਜਿਸ ਨੂੰ ਉੱਚ ਕੋਟੀ ਦੇ ਵਿਸ਼ਾ ਮਾਹਰ ਸੰਬੋਧਨ ਕਰਨ। ਕੱਚੇ ਮੁਲਾਜ਼ਮ ਤੁਰੰਤ ਪੱਕੇ ਕੀਤੇ ਜਾਣ।

'ਬਰਾਬਰ ਕੰਮ-ਬਰਾਬਰ ਤਨਖ਼ਾਹ' ਉੱਤੇ ਅਮਲ ਹੋਵੇ। ਕਮਿਊਨਿਟੀ ਪੁਲਿਸ ਵਜੋਂ ਪੁਲਿਸ ਦਾ ਕਾਇਆਕਲਪ ਹੋਵੇ। ਜੇ ਕੋਈ ਪੁਲਿਸ ਮੁਲਾਜ਼ਮ ਧਰਨਾਕਾਰੀ ਜਾਂ ਆਮ ਲੋਕਾਂ ਨੂੰ ਕੁੱਟੇ-ਮਾਰੇ, ਔਰਤਾਂ ਨੂੰ ਛੂਹੇ, ਉਸ ਨੂੰ ਬਰਖ਼ਾਸਤ ਕੀਤਾ ਜਾਵੇ। ਚੰਡੀਗੜ ਪੰਜਾਬ ਦੀ ਰਾਜਧਾਨੀ ਹੈ, ਉਹ ਵਾਪਸ ਲਈ ਜਾਵੇ। ਇਸ ਦੁਆਲੇ 20 ਹਜ਼ਾਰ ਏਕੜ ਜ਼ਮੀਨ ਰਾਜਨੀਤੀਵਾਨਾਂ, ਅਫ਼ਸਰਸ਼ਾਹੀ, ਲੈਂਡ ਮਾਫ਼ੀਆ ਵੱਲੋਂ ਦੱਬੀ ਗਈ ਹੈ, ਉਹ ਖਲਾਸ ਕਰਾਈ ਜਾਵੇ। ਬੀਬੀਐੱਮਬੀ ਪਾਵਰ ਮੈਂਬਰ ਤੇ ਸਿਟਕੋ ਸੀਐੱਮਡੀ ਵਜੋਂ ਪੰਜਾਬ ਦੇ ਅਫ਼ਸਰ ਬਹਾਲ ਕਰਾਓ। ਭਵਿੱਖ ਵਿਚ ਪੰਜਾਬ ਦੇ ਹਿੱਤਾਂ ਦੀ ਤਕੜੇ ਚੌਕੀਦਾਰ ਵਜੋਂ ਰਾਖੀ ਕਰੋ। ਐੱਨਆਰਆਈਜ਼ ਦੇ ਹਿੱਤਾਂ ਦੀ ਰਾਖੀ ਲਈ ਵੱਖਰਾ ਵਿਭਾਗ ਸਥਾਪਤ ਕਰੋ। ਬੇਅਦਬੀ ਤੇ ਬਹਿਬਲ ਕਲਾਂ ਕੇਸ ਤੁਰੰਤ ਹੱਲ ਕੀਤੇ ਜਾਣਗੇ। ਪੰਜਾਬ ਦੇ ਮੌਜੂਦਾ ਭ੍ਰਿਸ਼ਟ, ਨਿਕੰਮੇ ਸਿਸਟਮ ਨੂੰ ਬਦਲਣ, ਇਨਕਲਾਬੀ ਫ਼ੈਸਲਿਆਂ ਤੇ ਅਮਲ ਰਾਹੀਂ ਵਿਸ਼ਵ 'ਚ ਮੁੜ ਸੋਹਣਾ ਤੇ ਰੰਗਲਾ ਪੰਜਾਬ ਸਿਰਜਣ ਲਈ ਦੇਸ਼-ਵਿਦੇਸ਼ 'ਚ ਬੈਠਾ ਹਰ ਪੰਜਾਬੀ ਮਾਨ ਸਰਕਾਰ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜਾ ਹੋਵੇਗਾ।

# ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪੇਸ਼ ਕੀਤੇ 12 ਮਤੇ

## ✪ ਗੁਰਬਾਣੀ ਦੀ ਸੁਧਾਈ ਦੇ ਨਾਮ 'ਤੇ ਰਲਾ ਪਾਉਣ ਦੇ ਵਿਰੁੱਧ ਪੰਜ ਸਾਹਿਬਾਨ ਕਾਰਵਾਈ ਕਰਨ ✪ ਅੰਮ੍ਰਿਤਸਰ ਸਥਿਤ ਗੁਰੂ ਰਾਮਦਾਸ ਅੰਤਰ ਰਾਸ਼ਟਰੀ ਹਵਾਈ ਅੱਡੇ ਤੋਂ ਵੱਖ - ਵੱਖ ਦੇਸ਼ਾਂ ਨੂੰ ਸਿੱਧੀਆਂ ਉਡਾਣਾਂ ਦੀ ਮੰਗ ✪ ਸ਼੍ਰੋਮਣੀ ਕਮੇਟੀ ਵਲੋਂ ਸਾਲ 2022-23 ਲਈ 988 ਕਰੋੜ ਤੋਂ ਵੱਧ ਦਾ ਬਜਟ ਪੇਸ਼ ✪ ਵਿਰੋਧੀ ਧਿਰ ਨੇ ਕੀਤਾ ਬਾਈਕਾਟ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ 12 ਮਤੇ ਪੇਸ਼ ਕੀਤੇ ਗਏ। ਮਤਾ ਨੰਬਰ -1 ਪਿਛਲੇ ਕੁਝ ਸਮੇਂ ਤੋਂ ਇਹ ਧਿਆਨ ਵਿਚ ਆਇਆ ਹੈ ਕਿ ਗੁਰਬਾਣੀ ਦੀ ਪਾਠਗਤ ਸੁਧਾਈ ਅਤੇ ਉਚਾਰਨ ਦੀ ਸ਼ੁੱਧਤਾ ਦੇ ਨਾਂ ਹੇਠ ਗੁਰਬਾਣੀ ਦੇ ਮੂਲ ਪਾਠ ਨਾਲ ਛੇੜ - ਛਾੜ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਕੀਤੀ ਜਾ ਰਹੀ ਹੈ। ਇਹ ਗੁਰਬਾਣੀ ਭਾਸ਼ਾ , ਵਿਆਕਰਨ , ਲਿਖਤ ਦੇ ਅਦਬ , ਸਿੱਖ ਧਰਮ , ਸਿੱਖ ਮਰਯਾਦਾ ਤੇ ਪਰੰਪਰਾ ਦੇ ਵਿਰੁੱਧ ਹੈ। ਸ਼੍ਰੋਮਣੀ ਕਮੇਟੀ ਸ੍ਰੀ ਅੰਮ੍ਰਿਤਸਰ ਦਾ ਇਹ ਜਨਰਲ ਇਜਲਾਸ ਸਮੂਹ ਖ਼ਾਲਸਾ ਪੰਥ , ਗੁਰੂ ਨਾਨਕ ਨਾਮ ਲੇਵਾ ਸੰਗਤਾਂ , ਸਮੂਹ ਸਿੱਖ ਸੰਸਥਾਵਾਂ ਅਤੇ ਸੰਗਠਨਾਂ ਦੇ ਧਿਆਨ ਵਿਚ ਲਿਆਉਂਦਾ ਹੋਇਆ ਜਿੱਥੇ ਇਸ ਅਗਿਆਨ ਭਰੀਆਂ ਘਿਣਾਉਣੀਆਂ ਹਰਕਤਾਂ ਦੀ ਘੋਰ ਨਿੰਦਾ ਕਰਦਾ ਹੈ , ਉੱਥੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਇਹ ਪੁਰਜ਼ੋਰ ਅਪੀਲ ਕਰਦਾ ਹੈ ਕਿ ਪੰਜ ਸਾਹਿਬਾਨ ਦੀ ਮੀਟਿੰਗ ਬੁਲਾ ਕੇ ਇਸ ਬਾਰੇ ਤੁਰੰਤ ਆਦੇਸ਼ ਜਾਰੀ ਕਰਕੇ ਸਖ਼ਤ ਤਾੜਨਾ ਕਰਨ ਕਿ ਕੋਈ ਵੀ ਵਿਅਕਤੀ , ਸੰਗਠਨ ਜਾਂ ਸੰਸਥਾ ਗੁਰਬਾਣੀ ਦੀ ਪਾਠਗਤ ਸੁਧਾਈ ਅਤੇ ਸ਼ੁੱਧ ਉਚਾਰਨ ਦੇ ਨਾਂ ਹੇਠ ਛਪਾਈ ਜਾਂ ਡਿਜੀਟਲ ਸੰਸਕਰਨ ਤਿਆਰ ਕਰਨ ਦਾ ਹੀਆ ਨਾ ਕਰੇ। ਇਹ ਜਨਰਲ ਇਜਲਾਸ ਇਹ ਵੀ ਮਹਿਸੂਸ ਕਰਦਾ ਹੈ ਕਿ ਅੱਜ ਬਹੁਤ ਸਾਰੀਆਂ ਮੋਬਾਇਲ ਐਪਸ ਅਤੇ ਵੈੱਬਸਾਈਟਾਂ ਮੌਜੂਦ ਹਨ , ਜਿਨਾਂ ' ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੀਡੀਐਫ ਅਤੇ ਹੋਰ ਵੱਖ - ਵੱਖ ਰੂਪਾਂ ਵਿਚ ਅੱਪਲੋਡ ਕੀਤਾ ਹੋਇਆ ਹੈ। ਇਹ ਲੋਕ ਗੁਰਬਾਣੀ ਦੀ ਪ੍ਰਮਾਣਿਕਤਾ ਨੂੰ ਦੇਖੇ ਪਰਖੇ ਬਿਨਾਂ ਹੀ ਵੈੱਬਸਾਈਟਾਂ ਅਤੇ ਐਪਸ ' ਤੇ ਅੱਪਲੋਡ ਕਰਕੇ ਸੰਗਤ ਤੱਕ ਪਹੁੰਚਾ ਰਹੇ ਹਨ। ਇਸ ਵਰਤਾਰੇ ' ਤੇ ਰੋਕ ਲੱਗਣੀ ਜ਼ਰੂਰੀ ਹੈ। ਜਨਰਲ ਇਜਲਾਸ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਸਤਿਕਾਰ ਸਹਿਤ ਇਹ ਅਪੀਲ ਵੀ ਕਰਦਾ ਹੈ ਕਿ ਇਸ ਸਬੰਧ ਵਿਚ ਵਿਚਾਰ - ਵਟਾਂਦਰੇ ਉਪਰੰਤ ਲੋੜੀਂਦੇ ਨਿਰਦੇਸ਼ ਜਾਰੀ ਕਰਨ। ਮਤਾ ਨੰਬਰ -2 ਗੁਰਮੁਖੀ , ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਗੁਰਬਾਣੀ ਦੀ ਲਿਪੀ ਹੈ। ਗੁਰੂ ਸਾਹਿਬਾਨ , ਭਗਤ ਸਾਹਿਬਾਨ , ਭੱਟ ਸਾਹਿਬਾਨ ਤੇ ਹਜ਼ੂਰੀ ਸਿੱਖਾਂ ਵੱਲੋਂ ਉਚਾਰੀ ਗਈ ਇਲਾਹੀ ਗੁਰਬਾਣੀ , ਗੁਰਮੁਖੀ ਵਿਚ ਲਿਖੀ ਹੋਈ ਹੈ। ਗੁਰੂ ਕਾਲ ਤੋਂ ਸ੍ਰੀ ਕਰਤਾਰਪੁਰ ਸਾਹਿਬ ( ਪਾਕਿਸਤਾਨ ) , ਸ੍ਰੀ ਖਡੂਰ ਸਾਹਿਬ , ਸ੍ਰੀ ਗੋਇੰਦਵਾਲ ਸਾਹਿਬ , ਸ੍ਰੀ ਅੰਮ੍ਰਿਤਸਰ ਸਾਹਿਬ , ਸ੍ਰੀ ਕੀਰਤਪੁਰ ਸਾਹਿਬ , ਸ੍ਰੀ ਅਨੰਦਪੁਰ ਸਾਹਿਬ , ਸ੍ਰੀ ਪਾਉਂਟਾ ਸਾਹਿਬ , ਸ੍ਰੀ ਦਮਦਮਾ ਸਾਹਿਬ , ਸ੍ਰੀ ਪਟਨਾ ਸਾਹਿਬ , ਸ੍ਰੀ ਹਜ਼ੂਰ ਸਾਹਿਬ ਆਦਿ ਤੋਂ ਇਲਾਵਾ ਉਦਾਸੀਆਂ , ਨਿਰਮਲਿਆਂ , ਸੇਵਾ - ਪੰਥੀਆਂ , ਨਿਹੰਗ ਸਿੰਘਾਂ , ਦਮਦਮੀ ਟਕਸਾਲ ਸਮੇਤ ਵੱਖ - ਵੱਖ ਸੰਪਰਦਾਵਾਂ , ਸਿੱਖ ਮਿਸ਼ਨਰੀ ਸੰਸਥਾਵਾਂ ਅਤੇ ਜਥੇਬੰਦੀਆਂ , ਗੁਰਮੁਖੀ ਸਿੱਖਣ - ਸਿਖਾਉਣ ਦੇ ਮਹਾਨ ਕਾਰਜ ਲਈ ਸਮਰਪਿਤ ਰਹੀਆਂ ਹਨ। ਸਮੇਂ ਨਾਲ ਆਧੁਨਿਕ ਸਿੱਖਿਆ ਪ੍ਰਣਾਲੀ ਦੇ ਪ੍ਰਭਾਵ ਅਧੀਨ ਸ਼ੁਰੂ ਹੋਏ ਸਕੂਲਾਂ , ਕਾਲਜਾਂ , ਯੂਨੀਵਰਸਿਟੀਆਂ ਦੇ ਪ੍ਰਚਲਨ ਤੇ ਸਾਡੇ ਅਵੇਸਲੇ ਪੁਣੇ ਸਦਕਾ ਗੁਰਮੁਖੀ ਸਿੱਖਣ ਸਿਖਾਉਣ ਦੀ ਅਮੀਰ ਪਰੰਪਰਾ ਮੱਧਮ ਪੈਂਦੀ ਜਾ ਰਹੀ ਹੈ , ਜਿਸ ਨੂੰ ਮੁੜ ਸੁਰਜੀਤ ਕਰਕੇ ਪ੍ਰਚੰਡ ਕਰਨ ਦੀ ਲੋੜ ਹੈ। ਜਨਰਲ ਇਜਲਾਸ ਫ਼ੈਸਲਾ ਕਰਦਾ ਹੈ ਕਿ ਸਮੁੱਚਾ ਪੰਥ , ਹਰੇਕ ਵਰੇ ਦੂਜੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਿਆਈ ਦਿਵਸ ਨੂੰ ' ਗੁਰਮੁਖੀ ਦਿਵਸ ' ਵਜੋਂ ਮਨਾਇਆ ਕਰੇਗਾ। ਇਸ ਦਿਹਾੜੇ ' ਤੇ ਪੰਜਾਬ ਅਤੇ ਦੇਸ਼ - ਵਿਦੇਸ਼ ਦੀਆਂ ਸੰਗਤਾਂ , ਗੁਰਦੁਆਰਾ ਪ੍ਰਬੰਧਕ ਕਮੇਟੀਆਂ , ਸਿੱਖ ਸੰਗਠਨ ਤੇ ਜਥੇਬੰਦੀਆਂ ਆਪਣੇ - ਆਪਣੇ ਪੱਧਰ ' ਤੇ ਲੋੜਵੰਦ / ਚਾਹਵਾਨ ਬੱਚਿਆਂ ਤੇ ਜਿਗਿਆਸੂਆਂ ਨੂੰ ਗੁਰਮੁਖੀ ਸਿਖਾਉਣ ਦੇ ਯੋਗ ਪ੍ਰਬੰਧ ਕਰਨਗੀਆਂ। ਮਤਾ ਨੰਬਰ -3 ਸ਼੍ਰੋਮਣੀ ਕਮੇਟੀ ਦਾ ਇਹ ਜਨਰਲ ਇਜਲਾਸ ਅੰਮ੍ਰਿਤਸਰ ਸਥਿਤ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਵੱਖ - ਵੱਖ ਦੇਸ਼ਾਂ ਨੂੰ ਸਿੱਧੀਆਂ ਉਡਾਣਾਂ ਦੀ ਪੁਰਜ਼ੋਰ ਮੰਗ ਕਰਦਾ ਹੈ। ਜਨਰਲ ਇਜਲਾਸ ਮਹਿਸੂਸ ਕਰਦਾ ਹੈ ਕਿ ਮੌਜੂਦਾ ਸਮੇਂ 50 ਲੱਖ ਦੇ ਕਰੀਬ ਸਿੱਖ ਵੱਖ ਵੱਖ ਦੇਸ਼ਾਂ ਵਿਚ ਰਹਿ ਰਹੇ ਹਨ , ਜਿਨਾਂ ਨੂੰ ਆਪਣੀ ਮਾਂ ਭੂਮੀ ' ਤੇ ਆਉਣ ਸਮੇਂ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੁੱਖ ਦੀ ਗੱਲ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਵਸਾਏ ਪਵਿੱਤਰ ਸ਼ਹਿਰ ਸ੍ਰੀ ਅੰਮ੍ਰਿਤਸਰ ਵਿਖੇ ਚੌਥੇ ਪਾਤਸ਼ਾਹ ਜੀ ਦੇ ਨਾਂ ' ਤੇ ਅੰਤਰਰਾਸ਼ਟਰੀ ਹਵਾਈ ਅੱਡਾ ਮੌਜੂਦ ਹੋਣ ਦੇ ਬਾਵਜੂਦ ਵੀ ਇਸ ਨੂੰ





ਵਿਕਸਿਤ ਕਰਨ ਤੋਂ ਟਾਲਾਂ ਵੱਟਿਆ ਜਾ ਰਿਹਾ ਹੈ। ਲੰਮੇ ਅਰਸੇ ਤੋਂ ਇਸ ਹਵਾਈ ਅੱਡੇ ਤੋਂ ਵੱਖ - ਵੱਖ ਦੇਸ਼ਾਂ ਨੂੰ ਸਿੱਧੀਆਂ ਉਡਾਣਾਂ ਦਾ ਕੋਈ ਖ਼ਾਸ ਪ੍ਰਬੰਧ ਨਹੀਂ ਕੀਤਾ ਜਾ ਰਿਹਾ।ਇਸ ਨਾਲ ਜਿੱਥੇ ਦਿੱਲੀ ਤੋਂ ਪੰਜਾਬ ਤੱਕ ਪੁੱਜਣ ਲਈ ਵੱਡਾ ਵਿੱਤੀ ਬੋਝ ਪੈਂਦਾ ਹੈ , ਉੱਥੇ ਹੀ ਕਈ ਕਈ ਘੰਟਿਆਂ ਦੇ ਸਫ਼ਰ ਨਾਲ ਵੀ ਦੋ - ਚਾਰ ਹੋਣਾ ਪੈਂਦਾ ਹੈ। ਇਹ ਜਨਰਲ ਇਜਲਾਸ ਭਾਰਤ ਸਰਕਾਰ ਪਾਸੋਂ ਮੰਗ ਕਰਦਾ ਹੈ ਕਿ ਪੰਜਾਬੀਆਂ ਨੂੰ ਆਪਣੇ ਵਤਨ ਪਰਤਨ ਸਮੇਂ ਪ੍ਰੇਸ਼ਾਨੀਆਂ ਤੋਂ ਛੁਟਕਾਰਾ ਦਵਾਉਣ ਲਈ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਸ੍ਰੀ ਅੰਮ੍ਰਿਤਸਰ ਤੋਂ ਅਮਰੀਕਾ , ਕੈਨੇਡਾ , ਯੂਰਪੀ ਦੇਸ਼ , ਆਸਟ੍ਰੇਲੀਆ , ਨਿਊਜ਼ੀਲੈਂਡ , ਯੂ ਕੇ ਆਦਿ ਦੇਸ਼ਾਂ ਨੂੰ ਸਿੱਧੀਆਂ ਹਵਾਈ ਉਡਾਣਾਂ ਚਾਲੂ ਕੀਤੀਆਂ ਜਾਣ। ਇਸ ਦੇ ਨਾਲ ਹੀ ਸ੍ਰੀ ਅੰਮ੍ਰਿਤਸਰ ਤੋਂ ਸ੍ਰੀ ਪਟਨਾ ਸਾਹਿਬ ਅਤੇ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਲਈ ਵੀ ਰੋਜ਼ਾਨਾ ਉਡਾਣਾਂ ਦੇ ਆਉਣ - ਜਾਣ ਨੂੰ ਯਕੀਨੀ ਬਣਾਇਆ ਜਾਵੇ। ਜਰਨਲ ਇਜਲਾਸ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਨਾਗਰਿਕ ਹਵਾਬਾਜ਼ੀ ਮੰਤਰੀ ਯਓਤੀਰਾਦਿਤਿਆ ਸਿੰਧੀਆ ਨੂੰ ਇਸ ਮਾਮਲੇ ਵਿਚ ਸੰਜੀਦਾ ਪਹੁੰਚ ਅਪਣਾਉਣ ਦੀ ਅਪੀਲ ਕਰਦਾ ਹੈ। ਮਤਾ ਨੰਬਰ -1 ਸ਼੍ਰੋਮਣੀ ਕਮੇਟੀ ਦਾ ਇਹ ਜਨਰਲ ਇਜਲਾਸ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕਰਦਾ ਹੈ ਕਿ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਉਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਵਾਸਤੇ ਵੱਖ - ਵੱਖ ਰਸਤਿਆਂ ਨੂੰ ਖੁੱਲਾ ਕਰਕੇ ਸਿੱਖ ਵਿਰਾਸਤੀ ਦਿੱਖ ਦਿੱਤੀ ਜਾਵੇ। ਇਹ ਰਸਤੇ ਤੰਗ ਹੋਣ ਦੇ ਨਾਲ - ਨਾਲ ਦੁਕਾਨਦਾਰਾਂ ਵੱਲੋਂ ਕੀਤੇ ਆਰਜ਼ੀ ਕਬਜ਼ਿਆਂ ਕਾਰਨ ਸੰਗਤਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੱਲੋਂ ਆਪਣੇ ਕਾਰਜਕਾਲ ਦੌਰਾਨ ਕੋਤਵਾਲੀ ਤੋਂ ਘੰਟਾ ਘਰ ਤੱਕ ਰਸਤੇ ਨੂੰ ਖ਼ੂਬਸੂਰਤ ਵਿਰਾਸਤੀ ਦਿੱਖ ਦੇ ਕੇ ਤਿਆਰ ਕੀਤਾ ਗਿਆ ਸੀ। ਇਸੇ ਤਰਜ਼ ' ਤੇ ਸੁਲਤਾਨਵਿੰਡ ਗੇਟ ਤੋਂ ਦਰਬਾਰ ਸਾਹਿਬ ਤੱਕ ਤੇ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਵਾਲੇ ਪਾਸਿਉਂ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਤੱਕ ਰਸਤੇ ਤਿਆਰ ਕੀਤੇ ਜਾਣ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦੇ ਨਵੰਬਰ 2018 ਵਿਚ ਹੋਏ ਜਨਰਲ ਇਜਲਾਸ ਦੌਰਾਨ ਵੀ ਮਤਾ ਕਰਕੇ ਪੰਜਾਬ ਸਰਕਾਰ ਨੂੰ ਭੇਜਿਆ ਗਿਆ ਸੀ , ਪਰ ਸਰਕਾਰ ਵੱਲੋਂ ਇਸ ' ਤੇ ਅਜੇ ਤੀਕ ਕੋਈ ਅਮਲ ਨਹੀਂ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦਾ ਇਹ ਜਨਰਲ ਇਜਲਾਸ ਪੰਜਾਬ ਸਰਕਾਰ ਨੂੰ ਮੁੜ ਅਪੀਲ ਕਰਦਾ ਹੈ ਕਿ ਦਰਬਾਰ ਸਾਹਿਬ ਦੀ ਇਤਿਹਾਸਕ ਮਹੱਤਤਾ ਦੇ ਮੱਦੇਨਜ਼ਰ ਇਸ ਨੂੰ ਆਉਂਦੇ ਵੱਖ - ਵੱਖ ਰਸਤਿਆਂ ਨੂੰ ਖੁੱਲਾ ਕੀਤਾ ਜਾਵੇ ਤੇ ਇਨਾਂ ਨੂੰ ਸਿੱਖ ਵਿਰਾਸਤੀ ਦਿੱਖ ਦਿੱਤੀ ਜਾਵੇ। ਮਤਾ ਨੰਬਰ -5 ਸ਼੍ਰੋਮਣੀ ਕਮੇਟੀ ਦਾ ਇਹ ਜਨਰਲ ਇਜਲਾਸ ਖੁੱਲ ਲਾਂਘੇ ਰਾਹੀਂ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ , ਕਰਤਾਰਪੁਰ ਸਾਹਿਬ ( ਪਾਕਿਸਤਾਨ ) ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਲਈ ਪਾਸਪੋਰਟ ਦੀ ਸ਼ਰਤ ਖ਼ਤਮ ਕਰਨ ਅਤੇ ਦਰਸ਼ਨਾਂ ਲਈ ਪ੍ਰਕਿਰਿਆ ਸੌਖੀ ਕਰਨ ਦੀ ਭਾਰਤ ਸਰਕਾਰ ਨੂੰ ਪੁਰਜ਼ੋਰ ਅਪੀਲ ਕਰਦਾ ਹੈ। ਸ਼੍ਰੋਮਣੀ ਕਮੇਟੀ ਦਾ ਇਹ ਜਨਰਲ ਇਜਲਾਸ ਭਾਰਤ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ ਵਿਖੇ ਜਾਣ ਵਾਲੇ ਸ਼ਰਧਾਲੂਆਂ ਲਈ ਪਾਸਪੋਰਟ ਦੀ ਸ਼ਰਤ ਤੁਰੰਤ ਖ਼ਤਮ ਕੀਤੀ ਜਾਵੇ , ਤਾਂ ਜੋ ਇਸ ਲਾਂਘੇ ਰਾਹੀਂ ਹਰ ਗੁਰੂ ਨਾਨਕ ਨਾਮ ਲੇਵਾ ਪਵਿੱਤਰ ਅਸਥਾਨ ਦੇ ਦਰਸ਼ਨ ਕਰ ਸਕੇ। ਸ਼੍ਰੋਮਣੀ ਕਮੇਟੀ ਦਾ ਇਹ ਜਨਰਲ ਇਜਲਾਸ ਪੰਜਾਬ ਸਰਕਾਰ ਪਾਸੋਂ ਵੀ ਇਤਿਹਾਸਕ ਕਸਬਾ ਡੇਰਾ ਬਾਬਾ ਨਾਨਕ ਨੂੰ ਸਿੱਖ ਵਿਰਾਸਤੀ ਸ਼ਹਿਰ ਵਜੋਂ ਵਿਕਸਤ ਕਰਨ ਦੀ ਪੁਰਜ਼ੋਰ ਮੰਗ ਕਰਦਾ ਹੈ। ਮਤਾ ਨੰਬਰ -6 ਗੁਰਦੁਆਰਾ ਸ੍ਰੀ ਪੰਜਾ ਸਾਹਿਬ ਪਾਕਿਸਤਾਨ ਵਿਖੇ 30 ਅਕਤੂਬਰ 1922 ਨੂੰ ਵਾਪਰਿਆ ਸ਼ਹੀਦੀ ਸਾਕਾ ਸਿੱਖ ਇਤਿਹਾਸ ਦਾ ਬੇਹੱਦ ਮਹੱਤਵਪੂਰਨ ਪੰਨਾ ਹੈ। ਇਸ ਸਾਕੇ ਨੂੰ ਵਾਪਰਿਆਂ 100 ਸਾਲ ਦਾ ਸਮਾਂ ਹੋ ਰਿਹਾ ਹੈ। ਖ਼ਾਲਸਾ ਪੰਥ ਇਸ ਸਾਕੇ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਨ ਲਈ ਇਸ ਦੀ ਪਹਿਲੀ ਸ਼ਤਾਬਦੀ ਪੰਥਕ ਰਵਾਇਤਾਂ ਅਨੁਸਾਰ ਮਨਾਵੇਗਾ। ਇਹ ਸਾਕਾ ਕਿਉਂਕਿ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਪਾਕਿਸਤਾਨ ਵਿਖੇ ਵਾਪਰਿਆ ਸੀ , ਜਿਸ ਕਰਕੇ ਭਾਰਤ ਦੇ ਨਾਲ - ਨਾਲ ਪਾਕਿਸਤਾਨ ਵਿਖੇ ਵੀ ਸ਼ਤਾਬਦੀ ਸਮਾਗਮ ਕਰਵਾਏ ਜਾਣੇ ਲਾਜ਼ਮੀ ਹਨ। ਸ਼੍ਰੋਮਣੀ ਕਮੇਟੀ ਦਾ ਇਹ ਜਨਰਲ ਇਜਲਾਸ ਭਾਰਤ ਸਰਕਾਰ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਤੋਂ ਪੁਰਜ਼ੋਰ ਮੰਗ ਕਰਦਾ ਹੈ ਕਿ 30 ਅਕਤੂਬਰ 2022 ਨੂੰ ਸਾਕਾ ਸ੍ਰੀ ਪੰਜਾ ਸਾਹਿਬ ਦੀ 100 ਸਾਲਾ ਸ਼ਤਾਬਦੀ ਮਨਾਉਣ ਮੌਕੇ ਪਾਕਿਸਤਾਨ ਵਿਖੇ ਕੀਤੇ ਜਾਣ ਵਾਲੇ ਸਮਾਗਮਾਂ ਵਿਚ ਸ਼ਮੂਲੀਅਤ ਲਈ ਭਾਰਤ ਤੋਂ ਜਾਣ ਵਾਲੇ ਸ਼ਰਧਾਲੂਆਂ ਨੂੰ ਵੱਧ ਤੋਂ ਵੱਧ ਵੀਜ਼ਾ ਜਾਰੀ ਕੀਤੇ ਜਾਣ , ਤਾਂ ਜੋ ਵੱਧ ਤੋਂ ਵੱਧ ਸੰਗਤਾਂ ਇਨਾਂ ਇਤਿਹਾਸਕ ਸਮਾਗਮਾਂ ਦਾ ਹਿੱਸਾ ਬਣ ਸਕਣ। ਮਤਾ ਨੰਬਰ -7 ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ ਸਿੱਖ ਕੌਮ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਕਮੇਟੀ ਖ਼ਿਲਾਫ਼ ਕੀਤੇ ਜਾਂਦੇ ਕੂੜ ਪ੍ਰਚਾਰ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਾ ਹੈ। ਪਿਛਲੇ ਕੁਝ ਦਿਨਾਂ ਤੋਂ ਇਹ ਵੇਖਣ ਵਿਚ ਆਇਆ ਹੈ ਕਿ ਕੁਝ ਲੋਕ ਤੱਥ ਰਹਿਤ ਬਿਆਨਬਾਜ਼ੀ ਕਰਕੇ ਸਿੱਖ ਸੰਸਥਾ ਦੇ ਅਕਸ ਨੂੰ ਢਾਹ ਲਗਾ ਰਹੇ ਹਨ। ਇਨਾਂ ਲੋਕਾਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚਲਦੇ ਟਰੱਸਟਾਂ ਨੂੰ ਰਾਜਸੀ ਪ੍ਰਭਾਵ ਹੇਠ ਦੱਸ ਕੇ ਸੰਗਤ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਸ੍ਰੀ ਅੰਮ੍ਰਿਤਸਰ ਦਾ ਜਨਰਲ ਇਜਲਾਸ ਸਪਸ਼ਟ ਕਰਦਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਚਲਦੇ ਸਾਰੇ ਟਰੱਸਟ ਸ਼੍ਰੋਮਣੀ ਕਮੇਟੀ ਦੀ ਜਾਇਦਾਦ ਹਨ। ਇਨਾਂ ਟਰੱਸਟਾਂ ਦੇ ਪ੍ਰਧਾਨ ਵਜੋਂ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਕਾਰਜਸ਼ੀਲ ਹੁੰਦਾ ਹੈ ਅਤੇ ਸਕੱਤਰ ਪ੍ਰਬੰਧਕ ਵਜੋਂ ਸੇਵਾਵਾਂ ਨਿਭਾਉਂਦੇ ਹਨ। ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਟਰੱਸਟ ਸ੍ਰੀ ਅੰਮ੍ਰਿਤਸਰ , ਬਾਬਾ ਬੰਦਾ ਸਿੰਘ ਇੰਜੀ : ਕਾਲਜ ਸ੍ਰੀ ਫ਼ਤਿਹਗੜ ਸਾਹਿਬ , ਮੀਰੀ ਪੀਰੀ ਮੈਡੀਕਲ ਟਰੱਸਟ ਸ਼ਾਹਬਾਦ ਮਾਰਕੰਡਾ ਹਰਿਆਣਾ , ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫ਼ਤਿਹਗੜ ਸਾਹਿਬ ਦੇ ਪ੍ਰਬੰਧਕੀ ਟਰੱਸਟ ਅਤੇ ਸ੍ਰੀ ਨਨਕਾਣਾ ਸਾਹਿਬ ਐਜੂਕੇਸ਼ਨ ਟਰੱਸਟ ਲੁਧਿਆਣਾ ਆਦਿ ਦੀਆਂ ਸੇਵਾਵਾਂ ਬੇਮਿਸਾਲ ਹਨ। ਮੈਡੀਕਲ ਅਤੇ ਇੰਜੀਅਰਿੰਗ ਦੀ ਪੜਾਈ ਦੇ ਖੇਤਰ ਵਿਚ ਇਨਾਂ ਟਰੱਸਟਾਂ ਨੇ ਬੁਲੰਦੀਆਂ ਹਾਸਲ ਕੀਤੀਆਂ ਹਨ ਅਤੇ ਬੇਅੰਤ ਵਿਦਿਆਰਥੀਆਂ ਦੇ ਭਵਿੱਖ ਨੂੰ ਰੌਸ਼ਨ ਕੀਤਾ ਹੈ। ਸੰਸਥਾਵਾਂ ਦੇ ਪ੍ਰਬੰਧ ਨੂੰ ਸੁਚਾਰੂ ਬਣਾਉਣ ਲਈ ਇਨਾਂ ਟਰੱਸਟਾਂ ਦੀ ਸਥਾਪਨਾ ਬਿਲਕੁਲ ਪਾਰਦਰਸ਼ੀ ਹੈ ਅਤੇ ਇਨਾਂ ਟਰੱਸਟਾਂ ਵਿਰੁੱਧ ਕੀਤਾ ਜਾਂਦਾ ਪ੍ਰਚਾਰ ਕਿਸੇ ਵੀ ਤਰਾਂ ਜਾਇਜ਼ ਨਹੀਂ ਹੈ। ਸ਼੍ਰੋਮਣੀ ਕਮੇਟੀ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਾਂ ਤੋਂ ਇਲਾਵਾ ਧਰਮ ਪ੍ਰਚਾਰ , ਸਿਹਤ ਅਤੇ ਸਿੱਖਿਆ ਸੇਵਾਵਾਂ ਲਈ ਮੋਹਰੀ ਭੂਮਿਕਾ ਨਿਭਾਅ ਰਹੀ ਹੈ ਅਤੇ ਨਿਭਾਉਂਦੀ ਰਹੇਗੀ। ਇਹ ਜਨਰਲ ਇਜਲਾਸ ਸੰਗਤਾਂ ਨੂੰ ਸੁਚੇਤ ਕਰਦਾ ਹੈ ਕਿ ਪੰਥਕ ਸੰਸਥਾਵਾਂ ਨੂੰ ਕਮਜ਼ੋਰ ਕਰਨ ਲਈ ਕਾਰਜਸ਼ੀਲ ਲੋਕਾਂ ਤੋਂ ਸੁਚੇਤ ਰਹਿਣ। ਮਤਾ ਨੰਬਰ -8 ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦਾ ਜਨਰਲ ਇਜਲਾਸ ਦੇਸ਼ ਦੀਆਂ ਵੱਖ - ਵੱਖ ਜੇਲਾਂ ਅੰਦਰ ਪਿਛਲੇ ਕਰੀਬ ਤਿੰਨ ਦਹਾਕਿਆਂ ਤੋਂ ਕਾਲ - ਕੋਠੜੀਆਂ ਵਿਚ ਬੰਦ ਸਿੰਘਾਂ ਦੀ ਰਿਹਾਈ ਦੀ ਭਾਰਤ ਸਰਕਾਰ ਪਾਸੋਂ ਪੁਰਜ਼ੋਰ ਮੰਗ ਕਰਦਾ ਹੈ। ਦੁੱਖ ਦੀ ਗੱਲ ਹੈ ਕਿ ਬਹੁਤੇ ਬੰਦੀ ਸਿੰਘਾਂ ਨੂੰ ਤਾਂ ਕਰੀਬ 30-30 ਸਾਲ ਪੈਰੋਲ ਦੇ ਸੰਵਿਧਾਨਕ ਹੱਕ ਤੋਂ ਵੀ ਵਾਂਝਿਆਂ ਰੱਖਿਆ ਗਿਆ ਹੈ। ਇਸ ਦੇ ਉਲਟ ਸੰਗੀਨ ਦੋਸ਼ਾਂ ਦਾ ਸਾਹਮਣਾ ਕਰ ਰਹੇ ਡੇਰਾ ਸਿਰਸਾ ਮੁਖੀ ਅਤੇ ਦਿੱਲੀ ਸਿੱਖ ਕਤਲੇਆਮ ਦੇ ਦੋਸ਼ੀ ਕਿਸ਼ੋਰੀ ਲਾਲ ਅਤੇ ਹੋਰਾਂ ਨੂੰ ਫਰਲੋ ਦੇ ਕੇ ਸਿੱਖਾਂ ਨੂੰ ਚਿੜਾਇਆ ਜਾ ਰਿਹਾ ਹੈ। ਪ੍ਰੋ . ਦਵਿੰਦਰਪਾਲ ਸਿੰਘ ਭੁੱਲਰ , ਭਾਈ ਜਗਤਾਰ ਸਿੰਘ ਹਵਾਰਾ , ਭਾਈ ਬਲਵੰਤ ਸਿੰਘ ਰਾਜੋਆਣਾ ਸਮੇਤ ਅਨੇਕਾਂ ਬੰਦੀ ਸਿੱਖ ਆਪਣੀ ਉਮਰ ਦੇ ਸੁਨਹਿਰੀ ਦਿਨ ਜੇਲਾਂ ਵਿਚ ਕੱਟ ਚੁੱਕੇ ਹਨ। ਸਿੱਖ ਬੰਦੀਆਂ ਨੂੰ ਰਿਹਾਅ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਮੌਕੇ ਐਲਾਨ ਤਾਂ ਕੀਤਾ ਗਿਆ ਸੀ , ਪਰ ਇਸ ' ਤੇ ਅਮਲ ਨਹੀਂ ਹੋਇਆ। ਦਿੱਲੀ ਦੀ ਕੇਜਰੀਵਾਲ ਸਰਕਾਰ ਪ੍ਰੋ ਭੁੱਲਰ ਨੂੰ ਰਿਹਾਅ ਕਰਨ ਵਿਚ ਤਿੰਨ ਵਾਰ ਰੱਖੀਆਂ ਮੀਟਿੰਗਾਂ ਦੌਰਾਨ ਰਿਹਾਈ ਰੱਦ ਕਰਕੇ ਸਿੱਖ ਵਿਰੋਧੀ ਮਾਨਸਿਕਤਾ ਦਾ

**ਬਾਕੀ ਸਫ਼ਾ 33 'ਤੇ**

ਅੰਮ੍ਰਿਤਸਰ ਟਾਈਮਜ਼ AMRITSAR TIMES

31 ਮਾਰਚ 2022 ਤੋਂ 06 ਅਪ੍ਰੈਲ 2022

## ਇਹ ਤੱਕੜੀ ਦੇ ਪਾਲੜਿਆਂ ਵਿੱਚ ਵੱਡੀ ਗੜਬੜ ਹੈ : ਸ਼ਹੀਦ ਭਾਈ ਜਸਪਾਲ ਸਿੰਘ ਨੂੰ ਯਾਦ ਕਰਦਿਆਂ

ਅੱਖਾਂ 'ਤੇ ਪੱਟੀ ਬੰਨ ਕੇ ਅਤੇ ਹੱਥ ਵਿੱਚ ਤੱਕੜੀ ਫੜਦਿਆਂ ਭਾਵੇਂ ਇਹ ਵਿਖਾਇਆ ਜਾਂਦਾ ਹੈ ਕਿ ਇਸ ਮੁਲਕ ਦੀਆਂ ਅਦਾਲਤਾਂ ਬਿਨਾਂ ਕਿਸੇ ਭੇਦਭਾਵ ਦੇ ਇਨਸਾਫ ਕਰਦੀਆਂ ਹਨ ਪਰ ਅਸਲੀਅਤ ਇਸ ਤੋਂ ਕੋਹਾਂ ਦੂਰ ਹੈ। ਅੱਖਾਂ 'ਤੇ ਪੱਟੀ ਬੰਨਣ ਦਾ ਬਸ ਪਰਦਾ ਹੀ ਹੈ ਜਾਂ ਸ਼ਾਇਦ ਉਹ ਵੀ ਨਹੀਂ ਰਿਹਾ ਅਤੇ ਤੱਕੜੀ ਦੇ ਪਾਲੜੇ ਹੁਣ ਜੇਕਰ ਸਹੀ ਹਨ ਤਾਂ ਬਸ ਮੇਜ 'ਤੇ ਰੱਖੇ ਛੋਟੇ ਜਿਹੇ ਬੁੱਤ ਦੇ ਹੱਥਾਂ ਵਿਚ ਹੀ ਹਨ। ਬੇਅੰਤ ਉਦਾਹਰਣਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ ਇਸ ਮੁਲਕ ਦਾ ਪ੍ਰਬੰਧ ਹੁਣ ਇਨਸਾਫ, ਬਰਾਬਰਤਾ ਅਤੇ ਸਾਂਝੀਵਾਲਤਾ ਵਾਲਾ ਰੱਤੀ ਭਰ ਵੀ ਨਹੀਂ ਰਿਹਾ।

ਇੱਕ ਉਦਾਹਰਣ ਅੱਜ ਤੋਂ ਇੱਕ ਦਹਾਕਾ ਪਹਿਲਾਂ ਦੀ ਹੈ, 31 ਮਾਰਚ 2012 ਨੂੰ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਫਾਂਸੀ ਲੱਗਣ ਦੇ ਹੁਕਮ ਹੋਏ, ਇਨਾਂ ਹੁਕਮਾਂ ਦਾ ਵਿਰੋਧ ਸ਼ੁਰੂ ਹੋ ਗਿਆ ਜਿਸ ਤਹਿਤ ਵੱਖ-ਵੱਖ ਥਾਵਾਂ 'ਤੇ ਰੋਸ ਮੁਜਾਹਰੇ ਸ਼ੁਰੂ ਹੋ ਗਏ ਅਤੇ ਇਸੇ ਸਬੰਧ ਵਿੱਚ 28 ਮਾਰਚ 2012 ਨੂੰ ਪੰਜਾਬ ਬੰਦ ਦਾ ਸੱਦਾ ਵੀ ਦਿੱਤਾ ਗਿਆ। ਗੁਰਦਾਸਪੁਰ ਬੰਦ ਵਿੱਚ ਭਾਈ ਜਸਪਾਲ ਸਿੰਘ ਨੇ ਵੀ ਸ਼ਮੂਲੀਅਤ ਕੀਤੀ। ਭਾਈ ਜਸਪਾਲ ਸਿੰਘ ਦੀ ਉਮਰ ਉਦੋਂ ਕਰੀਬ 19 ਵਰਿਆਂ ਦੀ ਸੀ।

ਇਸ ਦਿਨ ਗੁਰਦਾਸਪੁਰ ਵਿਖੇ ਸ਼ਿਵ ਸੈਨਾ ਨਾਲ ਸਬੰਧਤ ਕੁਝ ਬੰਦਿਆਂ ਨੇ ਤਿੰਨ ਸਿੱਖ ਨੌਜਵਾਨਾਂ ਦੀ ਕੁੱਟਮਾਰ ਕੀਤੀ ਅਤੇ ਦਸਤਾਰਾਂ ਉਤਾਰ ਕੇ ਉਨਾਂ ਦੀ ਬੇਅਦਬੀ ਵੀ ਕੀਤੀ। ਸ਼ਿਵ ਸੈਨਾ ਦੇ ਬੰਦਿਆਂ ਨੂੰ ਗ੍ਰਿਫਤਾਰ ਕਰਨ ਦੀ ਥਾਂ ਪੁਲਿਸ ਸਿੱਖ ਨੌਜਵਾਨਾਂ ਨੂੰ ਹੀ ਥਾਣੇ ਵਿੱਚ ਲੈ ਗਈ ਅਤੇ ਉਨਾਂ 'ਤੇ ਪਰਚਾ ਪਾਉਣ ਦਾ ਯਤਨ ਕੀਤਾ। ਜਦੋਂ ਇਸ ਗੱਲ ਦਾ ਹੋਰ ਸਿੰਘਾਂ ਨੂੰ ਪਤਾ ਚੱਲਿਆ ਤਾਂ ਉਨਾਂ ਨੇ ਇਕੱਠੇ ਹੋ ਕੇ ਥਾਣੇ ਦਾ ਘਿਰਾਓ ਕੀਤਾ। ਇਸ ਤੋਂ ਬਾਅਦ ਪੁਲਿਸ ਨੂੰ ਮਜਬੂਰਨ ਸ਼ਿਵ ਸੈਨਾ ਨਾਲ ਸਬੰਧਤ ਦੋਸ਼ੀਆਂ ਉੱਤੇ ਪਰਚਾ ਕਰਨਾ ਪਿਆ।

ਅਗਲੇ ਦਿਨ 29 ਮਾਰਚ ਨੂੰ ਸ਼ਿਵ ਸੈਨਾ ਨੇ ਇਸ ਪਰਚੇ ਦੇ ਵਿਰੋਧ ਵਿੱਚ ਗੁਰਦਾਸਪੁਰ ਨੂੰ ਬੰਦ ਕਰਵਾਉਣ ਦੇ ਯਤਨ ਸ਼ੁਰੂ ਕਰ ਦਿੱਤੇ। ਇਸ ਵਿੱਚ ਭਾਜਪਾ ਨਾਲ ਸਬੰਧਿਤ ਬੰਦਿਆਂ ਦੀ ਸ਼ਮੂਲੀਅਤ ਦਾ ਵੀ ਜ਼ਿਕਰ ਮਿਲਦਾ ਹੈ। ਭਾਈ ਜਸਪਾਲ ਸਿੰਘ ਆਪਣੇ ਕਾਲਜ ਗਏ ਹੋਏ ਸਨ। ਸ਼ਿਵ ਸੈਨਾ ਵਾਲਿਆਂ ਨੇ ਕਾਲਜ ਨੂੰ ਜਬਰੀ ਬੰਦ ਕਰਵਾ ਦਿੱਤਾ। ਕਾਲਜ ਬੰਦ ਹੋਣ ਤੋਂ ਬਾਅਦ ਕੁਝ ਸਿੰਘ (ਤਕਰੀਬਨ 20-25) ਗੁਰਦੁਆਰਾ ਰਾਮਗੜੀਆ ਵਿਖੇ ਇਕੱਠੇ ਹੋਏ ਜਿਨਾਂ ਵਿੱਚ ਭਾਈ ਜਸਪਾਲ ਸਿੰਘ ਵੀ ਸਨ। ਗੁਰਦੁਆਰਾ ਸਾਹਿਬ ਦੇ ਨੇੜੇ ਦੀਆਂ ਦੁਕਾਨਾਂ ਨੂੰ ਸ਼ਿਵ ਸੈਨਾ ਵਾਲਿਆਂ ਵੱਲੋਂ ਜਬਰਦਸਤੀ ਬੰਦ ਕਰਵਾਉਣਾ ਸ਼ੁਰੂ ਕਰ ਦਿੱਤਾ ਗਿਆ। ਜਦੋਂ ਸਿੰਘਾਂ ਨੇ ਇਸ ਗੱਲ ਦਾ ਵਿਰੋਧ ਕੀਤਾ ਤਾਂ ਪੁਲਿਸ ਨੇ ਸਿੰਘਾਂ ਨੂੰ ਰੋਕ ਦਿੱਤਾ ਅਤੇ ਕਿਹਾ ਕਿ ਇੱਕ ਘੰਟੇ ਵਿਚ ਤੁਹਾਡਾ ਫੈਸਲਾ ਕਰਵਾ ਦਿੰਦੇ ਹਾਂ। ਸਿੰਘ ਉੱਥੇ ਹੀ ਸੜਕ 'ਤੇ ਸ਼ਾਂਤਮਈ ਢੰਗ ਨਾਲ ਬੈਠ ਗਏ ਅਤੇ ਵਾਹਿਗੁਰੂ ਦਾ ਜਾਪੁ ਕਰਨਾ ਸ਼ੁਰੂ ਕਰ ਦਿੱਤਾ।

ਉਸੇ ਦੌਰਾਨ ਐੱਸ.ਐੱਸ.ਪੀ ਨੂੰ ਇੱਕ ਫੋਨ ਆਇਆ, ਉਸ ਨੇ ਪਾਸੇ ਹੋ ਕੇ ਫੋਨ ਸੁਣਿਆ ਅਤੇ ਫੋਨ ਸੁਣਨ ਉਪਰੰਤ ਉਸ ਨੇ ਪੁਲਿਸ ਨੂੰ ਇਸ਼ਾਰਾ ਕਰ ਦਿੱਤਾ। ਪੁਲਿਸ ਨੇ ਸਿੰਘਾਂ 'ਤੇ ਅੰਨੇਵਾਹ ਸਿੱਧੀਆਂ ਗੋਲੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਗੰਦੀਆਂ ਗਾਲਾਂ ਵੀ ਕੱਢੀਆਂ ਗਈਆਂ। ਪਿੱਛੇ ਭੱਜ-ਭੱਜ ਕੇ ਵੀ ਗੋਲੀਆਂ ਚਲਾਈਆਂ ਗਈਆਂ। ਇੱਕ ਸਿੰਘ ਜੋ ਗੋਲੀ ਲੱਗਣ ਕਾਰਨ ਗਿਰ ਗਿਆ ਸੀ ਉਸਨੂੰ ਗੋਲੀ ਲੱਗਣ ਤੋਂ ਬਾਅਦ ਵੀ ਪੁਲਿਸ ਨੇ ਬਹੁਤ ਕੁੱਟਿਆ ਮਾਰਿਆ। ਪੁਲਿਸ ਦੀ ਇੱਕ ਗੋਲੀ ਭਾਈ ਜਸਪਾਲ ਸਿੰਘ ਦੇ ਚੂਲੇ ਵਿਚ ਜਾ ਵੱਜੀ, ਜਿਸ ਨਾਲ ਉਹ ਸ਼ਹੀਦ ਹੋ ਗਏ। ਇਸ ਤੋਂ ਬਾਅਦ ਸ਼ਹਿਰ ਵਿੱਚ ਕਰਫਿਊ ਲਗਾ ਦਿੱਤਾ ਗਿਆ।

ਪੁਲਿਸ, ਉੱਚ-ਅਫਸਰ ਅਤੇ ਅਕਾਲੀ ਦਲ ਨਾਲ ਸਬੰਧਿਤ ਆਗੂਆਂ ਵੱਲੋਂ ਪਰਿਵਾਰ ਨੂੰ ਗੁੰਮਰਾਹ ਕਰਨ ਦਾ ਯਤਨ ਕੀਤਾ ਗਿਆ ਕਿ ਪੁਲਿਸ ਨੇ ਕੋਈ ਗੋਲੀ ਨਹੀਂ ਚਲਾਈ ਪਰ ਇੱਕ ਸਿੰਘ ਦੇ ਉੱਦਮ ਸਦਕਾ ਉਸੇ ਵਕਤ ਉਨਾਂ ਸਭ ਨੂੰ ਪੁਲਿਸ ਵੱਲੋਂ ਚਲਾਈ ਗੋਲੀ ਦੀ ਵੀਡੀਓ ਵਿਖਾਈ ਗਈ, ਜਿਸ ਤੋਂ ਬਾਅਦ ਉਨਾਂ ਨੂੰ ਚੁੱਪ ਹੋਣਾ ਪਿਆ।

ਇਕੱਤਰ ਹੋਈ ਸੰਗਤ ਦੀਆਂ ਭਾਵਨਾਵਾਂ ਅਨੁਸਾਰ ਭਾਈ ਜਸਪਾਲ ਸਿੰਘ ਦੇ ਪਰਿਵਾਰ ਵਾਲੇ ਸਸਕਾਰ ਨਹੀਂ ਸਨ ਕਰਨਾ ਚਾਹੁੰਦੇ। ਪਰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਹੁਰਾਂ ਵੱਲੋਂ ਪਰਿਵਾਰ ਨੂੰ ਅਤੇ ਮੀਡੀਆ ਨੂੰ ਕਿਹਾ ਗਿਆ ਕਿ ਬਾਦਲ ਸਰਕਾਰ ਨੇ ਸਿੱਖਾਂ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਸਬੰਧਤ ਅਫਸਰ ਸਸਪੈਂਡ ਕਰ ਦਿੱਤੇ ਹਨ। ਇਹ ਵੀ ਕਿਹਾ ਗਿਆ ਕਿ ਇਹ ਸਭ ਲਿਖਤੀ ਹੋਇਆ ਹੈ। ਪਰਿਵਾਰ ਨੇ ਭਰੋਸਾ ਕਰਦਿਆਂ ਭਾਈ ਜਸਪਾਲ ਸਿੰਘ ਦਾ ਸਸਕਾਰ ਕਰ ਦਿੱਤਾ। ਪਰ ਬਾਅਦ ਵਿਚ ਪਤਾ ਚੱਲਿਆ ਕਿ ਕੋਈ ਵੀ ਅਫਸਰ ਸਸਪੈਂਡ ਨਹੀਂ ਕੀਤਾ ਗਿਆ।

ਸਰਕਾਰ ਵੱਲੋਂ ਪਹਿਲਾ ਜਾਂਚ ਕਮਿਸ਼ਨ, ਕਮਿਸ਼ਨਰ ਸੁੱਚਾ ਰਾਮ ਲੱਧੜ ਦੀ ਅਗਵਾਈ ਵਾਲਾ ਬਣਾਇਆ ਗਿਆ ਜਿਨਾਂ ਨੇ ਆਪਣੀ ਲਿਖਤੀ ਰਿਪੋਰਟ ਵਿੱਚ ਕਿਹਾ ਕਿ ਪੁਲਿਸ ਨੇ ਜੋ ਗੋਲੀ ਚਲਾਈ ਹੈ ਉਸ ਦੀ ਲੋੜ ਨਹੀਂ ਸੀ। ਪੁਲਿਸ ਨੇ ਬਿਨਾਂ ਕਿਸੇ ਚੇਤਾਵਨੀ ਦੇ ਇਹ ਗੋਲੀ ਚਲਾਈ ਹੈ। ਪਰ ਪੁਲਿਸ ਵੱਲੋਂ ਚੱਲ ਰਹੀ ਤਫਤੀਸ਼ ਵਿੱਚ ਪੁਲਿਸ ਨੇ ਗੋਲੀ ਚਲਾਉਣ ਵਾਲੀ ਗੱਲ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਪੁਲਿਸ ਨੇ ਕੋਈ ਗੋਲੀ ਨਹੀਂ ਚਲਾਈ। ਇਸ ਤਰਾਂ ਜਾਂਚਾਂ ਦੀ ਘੁੰਮਣਘੇਰੀ ਵਿੱਚ ਜਿਹੜੀ ਪੁਲਿਸ ਪਹਿਲਾਂ ਗੋਲੀ ਤੋਂ ਮੁਨਕਰ ਹੁੰਦੀ ਰਹੀ ਫਿਰ ਉਸ 'ਏ.ਕੇ 47' ਜਿਸ ਦੀ ਗੋਲੀ ਭਾਈ ਜਸਪਾਲ ਸਿੰਘ ਨੂੰ ਲੱਗੀ ਸੀ ਉਸ ਨੂੰ ਕੰਡਮ ਦੱਸਦੀ ਰਹੀ, ਫਿਰ ਉਹੀ ਪੁਲਿਸ ਨੂੰ ਸਬੂਤਾਂ ਦੇ ਜ਼ੋਰ ਹੇਠ ਮਜਬੂਰਨ ਇੰਨਾ ਕੁ ਤਾਂ ਕਬੂਲ ਕਰਨਾ ਹੀ ਪਿਆ ਕਿ ਗੋਲੀ ਹੈੱਡ ਕਾਂਸਟੇਬਲ ਤੋਂ ਚੱਲੀ ਹੈ। ਪਰ ਨਾਲ ਹੀ ਉਨਾਂ ਨੇ ਆਪਣੇ ਬਚਾਅ ਲਈ ਬੇਤੁਕੀ ਦਲੀਲ ਵੀ ਘੜ ਲਈ ਕਿ ਗੋਲੀ ਤਾਂ ਉਸ ਨੇ ਹਵਾ ਵਿੱਚ ਚਲਾਈ ਸੀ ਜੋ ਹਵਾ ਵਿੱਚ ਘੁੰਮ ਕੇ ਕਿਸੇ ਤਰਾਂ ਜਸਪਾਲ ਸਿੰਘ ਨੂੰ ਲੱਗ ਗਈ। ਇਸ ਲਈ ਉਸ ਦੀ ਕੋਈ ਗਲਤੀ ਨਹੀਂ ਹੈ। ਪੁਲਿਸ ਨੇ ਹੋਰ ਹਉਮੈ ਵਿਚ ਆ ਕੇ ਉਲਟਾ ਭਾਈ ਜਸਪਾਲ ਸਿੰਘ ਦੇ ਨਜ਼ਦੀਕੀਆਂ ਅਤੇ ਰਿਸ਼ਤੇਦਾਰਾਂ ਨੂੰ ਝੂਠੇ ਕੇਸਾਂ 'ਚ ਫਸਾਉਣ ਦੇ ਯਤਨ ਸ਼ੁਰੂ ਕਰ ਦਿੱਤੇ। ਪੁਲਿਸ ਵੱਲੋਂ ਕਿਹਾ ਜਾਂਦਾ ਕਿ ਜਪਸਲ ਸਿੰਘ ਦੇ ਪਰਿਵਾਰ ਨਾਲ ਸਮਝੌਤਾ ਕਰਵਾ ਦੇਵੋ ਤੁਹਾਡਾ ਕੇਸ ਰੱਦ ਕਰ ਦਿਆਂਗੇ।

ਭਾਈ ਜਸਪਾਲ ਸਿੰਘ ਦੇ ਪਿਤਾ ਜੀ ਵਾਰ-ਵਾਰ ਕਹਿੰਦੇ ਹਨ ਕਿ ਅਸੀਂ ਇਨਸਾਫ ਲਈ ਹਰ ਸੰਭਵ ਯਤਨ ਕਰਾਂਗੇ ਪਰ ਨਾਲ ਇਹ ਵੀ ਕਹਿੰਦੇ ਹਨ ਕਿ ਸਾਨੂੰ ਮਹਿਸੂਸ ਹੁੰਦਾ ਹੈ ਕਿ ਸਾਨੂੰ ਇਸ ਮੁਲਕ ਵਿੱਚ ਇਨਸਾਫ ਨਹੀਂ ਮਿਲੇਗਾ। ਬਿਲਕੁਲ, ਇਹ ਤੱਕੜੀ ਦੇ ਪੱਲੜਿਆਂ ਵਿੱਚ ਵੱਡੀ ਗੜਬੜ ਹੈ।

# ਪੰਜਾਬ 'ਚ ਉਚੇਰੀ ਸਿੱਖਿਆ, ਉੱਠਦੇ ਸਵਾਲ



ਗੁਰਮੀਤ ਸਿੰਘ ਪਲਾਹੀ
9815802070

ਪਿਛਲੇ ਦੋ ਦਹਾਕਿਆਂ ਤੋਂ ਪੰਜਾਬ ਵਿੱਚ ਨਿੱਜੀ ਯੂਨੀਵਰਸਿਟੀਆਂ ਦੀ ਗਿਣਤੀ ਅਤੇ ਪ੍ਰਭਾਵ 'ਚ ਭਾਰੀ ਵਾਧਾ ਹੋਇਆ ਹੈ, ਪਰ ਇਨਾਂ ਯੂਨੀਵਰਸਿਟੀਆਂ ਕਾਰਨ ਕੀ ਉੱਚ ਸਿੱਖਿਆ ਦੀ ਸਥਿਤੀ ਬੇਹਤਰ ਹੋਈ ਹੈ ਜਾਂ ਇਨਾਂ ਕਾਰਨ ਸਿੱਖਿਆ ਵਪਾਰ ਬਣੀ ਹੈ, ਇਹ ਇੱਕ ਵੱਡਾ ਸਵਾਲ ਹੈ।

ਇਸ ਗੱਲ ਨਾਲ ਕੋਈ ਸ਼ਾਇਦ ਹੀ ਅਸਹਿਮਤ ਹੋਵੇ ਕਿ ਪੜਨ ਦੀ ਲਗਨ ਰੱਖਣ ਵਾਲੇ ਹਰੇਕ ਹੁਸ਼ਿਆਰ ਵਿਦਿਆਰਥੀ ਨੂੰ ਆਪਣੀ ਪਸੰਦ ਦੇ ਵਿਸ਼ੇ 'ਚ ਉੱਚ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਮਿਲਣਾ ਚਾਹੀਦਾ ਹੈ ਅਤੇ ਇਸ ਉਤੇ ਆਉਣ ਵਾਲੀ ਲਾਗਤ ਇੱਕ ਆਮ ਆਦਮੀ ਦੀ ਪਹੁੰਚ 'ਚ ਹੋਣੀ ਚਾਹੀਦੀ ਹੈ। ਪਰ ਪੰਜਾਬ ਵਿਚ ਉੱਚ ਸਿੱਖਿਆ ਦੇ ਹੁਸ਼ਿਆਰ ਵਿਅਕਤੀ ਲਈ ਨਾ ਪਸੰਦ ਦੀ ਉੱਚ ਸਿੱਖਿਆ ਦੇ ਮੌਕੇ ਹਨ ਅਤੇ ਨਾ ਹੀ ਆਮ ਆਦਮੀ ਦੀ ਪਹੁੰਚ ਵਿਚ ਉੱਚ ਸਿੱਖਿਆ ਹੈ। ਦੂਰ ਦੀ ਕੋਈ ਉਦਾਹਰਨ ਨਹੀਂ ਦਿੰਦੇ ਡਾਕਟਰੀ ਸਿੱਖਿਆ 'ਚ ਬਿਨਾਂ ਸ਼ੱਕ ਕਿਸੇ ਨੂੰ ਅੱਖਾਂ ਬੰਦ ਕਰਕੇ ਦਾਖ਼ਲ ਨਹੀਂ ਕੀਤਾ ਜਾ ਸਕਦਾ, ਪਰ ਇਹ ਵੀ ਤਾਂ ਨਹੀਂ ਹੋਣਾ ਚਾਹੀਦਾ ਕਿ ਸੀਟ ਦੀ ਘਾਟ ਕਾਰਨ ਉਨਾਂ ਵਿਦਿਆਰਥੀਆਂ ਨੂੰ ਨਿਰਾਸ਼ ਹੋਣਾ ਪਵੇ, ਜਿਹੜੇ ਦਾਖ਼ਲਾ ਪਾਉਣ ਦੇ ਯੋਗ ਹਨ।

ਦੇਸ਼ ਵਾਂਗਰ ਪੰਜਾਬ ਵਿੱਚ ਵੀ ਸਥਿਤੀ ਇਹ ਹੈ ਕਿ ਐਮ.ਬੀ.ਬੀ.ਐਸ ਸੀਟ ਲਈ ਨੀਟ ਪ੍ਰੀਖਿਆ ਵਿੱਚ ਬਹੁਤ ਉੱਚੀ ਰੈਂਕ ਵਾਲੇ ਨੂੰ ਹੀ ਦਾਖ਼ਲਾ ਮਿਲਦਾ ਹੈ, ਪਰ ਅੱਡੀ ਰੈਂਕ ਨਾ ਵੀ ਹੋਵੇ ਅਤੇ ਭਰਪੂਰ ਪੈਸਾ ਕੋਲ ਹੋਵੇ ਤਾਂ ਕੁਝ ਵਿਦਿਆਰਥੀ ਪ੍ਰਬੰਧਕੀ ਕੋਟੇ 'ਚੋਂ ਸੀਟ ਲੈ ਜਾਂਦੇ ਹਨ। ਨਿੱਜੀ ਮੈਡੀਕਲ ਕਾਲਜਾਂ ਵਿੱਚ ਦਾਨ (ਡੋਨੇਸ਼ਨ) ਦਾ ਰਿਵਾਜ਼ ਵੀ ਕਾਫ਼ੀ ਹੈ। ਇਹੋ ਜਿਹੀ ਸਥਿਤੀ ਵਿਚ ਸੀਮਤ ਆਮਦਨੀ ਵਾਲਾ ਵਰਗ ਆਪਣੇ ਬੱਚੇ ਨੂੰ ਡਾਕਟਰ ਬਨਾਉਣ ਲਈ ਹੋਰ ਰਸਤੇ ਲੱਭਦਾ ਹੈ। ਇਹੋ ਜਿਹੀਆਂ ਸਥਿਤੀਆਂ 'ਚ ਇੱਕ ਰਸਤਾ ਪੜਾਈ ਲਈ ਉਨਾਂ ਨੂੰ ਚੀਨ, ਰੂਸ ਅਤੇ ਯੂਕਰੇਨ ਆਦਿ ਦੇਸ਼ਾਂ ਵਿਚ ਭੇਜਣ ਦਾ ਹੈ, ਜਿਥੇ ਮੈਡੀਕਲ ਪੜਾਈ ਦੇਸ਼ 'ਚ ਪੜਾਈ ਦੀ ਲਾਗਤ ਨਾਲੋਂ ਕਾਫ਼ੀ ਸਸਤੀ ਹੈ। ਪੰਜਾਬ ਦੇ ਬਥੇਰੇ ਨੌਜਵਾਨ ਹਨ ਜੋ ਇਨਾਂ ਦੇਸ਼ਾਂ 'ਚ ਜਾ ਕੇ ਡਿਗਰੀਆਂ ਹਾਸਲ ਕਰਦੇ ਹਨ।

ਭਾਰਤ ਦੁਨੀਆ ਦੇ ਉਨਾਂ ਦੇਸ਼ਾਂ ਵਿਚੋਂ ਹੈ ਜਿਥੇ ਜ਼ਿਆਦਾ ਵਿਦਿਆਰਥੀ ਪੜਨ ਲਈ ਵਿਦੇਸ਼ ਜਾਂਦੇ ਹਨ ਅਤੇ ਪੰਜਾਬ, ਦੇਸ਼ ਦਾ ਇੱਕ ਇਹੋ ਜਿਹਾ ਸੂਬਾ ਹੈ, ਜਿੱਥੇ ਵੱਡੀ ਗਿਣਤੀ ਵਿਦਿਆਰਥੀ ਆਇਲਿਟਸ ਕਰਕੇ ਕੈਨੇਡਾ, ਅਮਰੀਕਾ, ਯੂ.ਕੇ, ਅਸਟ੍ਰੇਲੀਆ, ਨਿਊਜ਼ੀਲੈਂਡ ਤੁਰੇ ਜਾ ਰਹੇ ਹਨ। ਸਾਲ 2019-20 ਵਿਚ 1.5 ਲੱਖ ਤੋਂ ਵੱਧ ਵਿਦਿਆਰਥੀ ਪੜਨ ਲਈ ਕੈਨੇਡਾ ਤੁਰ ਗਏ। ਇਥੇ ਹੀ ਬੱਸ ਨਹੀਂ ਕੋਵਿਡ-19 ਦੇ ਸਮੇਂ ਵਿਚ ਵੀ ਅਤੇ ਹੁਣ ਬਾਅਦ 'ਚ ਵੀ ਵਿਦਿਆਰਥੀਆਂ ਦਾ ਇਹ ਪੜਾਈ ਪਰਵਾਸ ਜਾਰੀ ਹੈ। ਇਸਦੇ ਕਾਰਨ ਭਾਵੇਂ ਕੁਝ ਹੋਰ ਵੀ ਹੋਣ ਪਰ ਉੱਚ ਸਿੱਖਿਆ ਵਿਚ ਮਹਿੰਗੀ ਪੜਾਈ ਅਤੇ ਪੜਾਈ ਕਰਦਿਆਂ ਅਤੇ ਬਾਅਦ 'ਚ ਨੌਕਰੀ ਪ੍ਰਾਪਤੀ ਨਾ ਹੋਣਾ ਹੈ, ਜਦਕਿ ਬਾਹਰਲੇ ਮੁਲਕਾਂ 'ਚ ਵਿਦਿਆਰਥੀ ਉੱਚ ਸਿੱਖਿਆ ਵੀ ਲੈਂਦੇ ਹਨ, ਬਾਹਰ ਜੌਬ ਵੀ ਕਰਦੇ ਹਨ, ਕਮਾਈ ਕਰਕੇ ਫ਼ੀਸਾਂ ਤਾਰਦੇ ਹਨ ਅਤੇ ਨਿਯਮਾਂ, ਨੇਮਾਂ ਅਨੁਸਾਰ ਉਹਨਾ ਦੇਸ਼ਾਂ ਵਿਚ ਪੱਕੀ ਰਿਹਾਇਸ਼ ਵੀ ਕਰ ਲੈਂਦੇ ਹਨ।

ਭਾਰਤ ਵਿੱਚ ਉੱਚ ਸਿੱਖਿਆ ਪ੍ਰਦਾਨ ਕਰਨ ਵਾਲੇ ਕਈ ਬੇਹਤਰੀਨ ਸੰਸਥਾਨ ਹਨ, ਜਿਥੋਂ ਪੜਾਈ ਕਰਨ ਵਾਲਿਆਂ ਦੀ ਬਾਹਰ ਵੱਡੀ ਮੰਗ ਹੈ। ਮਾਈਕਰੋਸਾਫਟ ਹੋਵੇ ਜਾਂ ਨਾਸਾ, ਇਨਾਂ ਸਾਰੀਆਂ ਭਾਰਤੀ ਪ੍ਰਤਿਭਾਸ਼ੀਲ ਸੰਸਥਾਵਾਂ ਦਾ ਖ਼ੂਬ ਬੋਲਬਾਲਾ ਹੈ। ਸਾਡੀ ਆਈ.ਆਈ.ਐਮ., ਆਈ.ਆਈ.ਟੀ. ਦੁਨੀਆ ਭਰ ਵਿੱਚ ਆਦਰ ਸਤਿਕਾਰ ਦੀ ਨਿਗਾਹ ਨਾਲ ਦੇਖੀ ਜਾਂਦੀ ਹੈ। ਬੰਗਲੌਰ ਸਥਿਤ ਇੰਡੀਅਨ ਇੰਸਟੀਚੀਉਟ ਆਫ਼ ਸਾਇੰਸ ਨੂੰ 2021 ਵਿੱਚ ਬੇਹਤਰੀਨ ਯੂਨੀਵਰਸਿਟੀ ਦਾ ਖ਼ਿਤਾਬ ਮਿਲਿਆ। ਪਰ ਸਾਡੇ ਦੇਸ਼ ਦਾ ਜੋ ਆਕਾਰ ਹੈ, ਉਸਦੇ ਅਨੁਪਾਤ ਵਿੱਚ ਇਹੋ ਜਿਹੀ ਗੁਣਵੱਤਾ ਵਾਲੀਆਂ ਸੰਸਥਾਵਾਂ ਦੀ ਕਮੀ ਕਾਫ਼ੀ ਘੱਟ ਹੈ। ਪੰਜਾਬ ਵਿੱਚ ਤਾਂ ਇਹੋ ਜਿਹੇ ਪੱਧਰ ਦੀ ਕੋਈ ਯੂਨੀਵਰਸਿਟੀ ਹੈ ਹੀ ਨਹੀਂ ਹੈ।

ਪੰਜਾਬ ਸਰਕਾਰ ਦੁਆਰਾ ਸਥਾਪਿਤ ਯੂਨੀਵਰਸਿਟੀਆਂ ਵਿਚੋਂ ਕੁਝ ਨੇ ਆਪਣਾ ਔਸਤ ਵਿਦਿਅਕ ਸਤਰ ਬਣਾ ਰੱਖਿਆ ਹੈ, ਪਰ ਪ੍ਰਾਈਵੇਟ ਨਿੱਜੀ ਯੂਨੀਵਰਸਿਟੀਆਂ ਬਾਰੇ ਇਹ ਵੀ ਨਹੀਂ ਕਿਹਾ ਜਾ ਸਕਦਾ। ਪੰਜਾਬ ਸਰਕਾਰ ਨੇ ਯੂਨੀਵਰਸਿਟੀਆਂ ਜਾਂ ਪ੍ਰੋਫੈਸ਼ਨਲ ਯੂਨੀਵਰਸਿਟੀਜ਼ ਲਈ ਚਾਂਸਲਰ, ਵਾਈਸ ਚਾਂਸਲਰ ਆਦਿ ਲਗਾਉਣ ਦੇ ਅਧਿਕਾਰ ਵੀ ਪ੍ਰਬੰਧਕਾਂ ਨੂੰ ਦੇ ਰੱਖੇ ਹਨ ਅਤੇ ਕੋਈ ਸਰਕਾਰੀ ਕੁੰਡਾ ਜਾਂ ਬੰਦਿਸ਼ ਵੀ ਉਨਾਂ ਉਤੇ ਨਹੀਂ ਹੈ। ਇਹ ਸੰਸਥਾਵਾਂ ਮਰਜ਼ੀ ਦੇ ਕੋਰਸ ਚਲਾਉਂਦੀਆਂ ਹਨ। ਭਾਰੀ-ਭਰਕਮ ਫ਼ੀਸਾਂ ਵਸੂਲਦੀਆਂ ਹਨ। ਭਾਵੇਂ ਕਿ ਇਨਾਂ ਕੋਲ ਵੱਡੀਆਂ ਇਮਾਰਤਾਂ ਹਨ। ਬੁਨਿਆਦੀ ਢਾਂਚਾ ਹੈ, ਪਰ ਇਹ ਯੂਨੀਵਰਸਿਟੀਆਂ ਸਿੱਖਿਆ ਦੀ ਗੁਣਵੱਤਾ ਦੇ ਪੱਧਰ 'ਤੇ ਪੂਰਾ ਨਹੀਂ ਉਤਰਦੀਆਂ।

ਸਿੱਖਿਆ ਦੀ ਗੁਣਵੱਤਾ ਲਈ ਅਧਿਆਪਕਾਂ ਦੀ ਗੁਣਵੱਤਾ ਜ਼ਰੂਰੀ ਹੈ, ਪਰ ਇਨਾਂ ਯੂਨੀਵਰਸਿਟੀਆਂ ਵਿਚ ਉਹ ਲੋਕ ਆਮ ਤੌਰ 'ਤੇ ਸ਼ਾਮਲ ਹੁੰਦੇ ਹਨ ਜਿਨਾਂ ਕੋਲ ਹੋਰ ਕੋਈ ਦੂਸਰਾ ਰਸਤਾ ਕਿਸੇ ਚੰਗੀ ਨੌਕਰੀ ਲਈ ਨਹੀਂ ਹੁੰਦਾ। ਉਂਜ ਇਨਾਂ ਸੰਸਥਾਵਾਂ ਵਿੱਚ ਟੀਚਰਾਂ ਦਾ ਸੋਸ਼ਣ ਵੀ ਬਹੁਤ ਹੁੰਦਾ ਹੈ। ਉਨਾਂ ਕੋਲ ਵੱਧ ਘੰਟੇ ਕੰਮ ਲਿਆ ਜਾਂਦਾ ਹੈ। ਤਨਖਾਹਾਂ ਘੱਟ ਦਿੱਤੀਆਂ ਜਾਂਦੀਆਂ ਹਨ, ਕਈ ਥਾਵਾਂ 'ਤੇ ਪੂਰੀਆਂ ਤਨਖਾਹਾਂ 'ਤੇ ਦਸਤਖ਼ਤ ਕਰਵਾਏ ਜਾਂਦੇ ਹਨ, ਪਰ ਅਸਲ ਵਿੱਚ ਤਨਖ਼ਾਹ ਘੱਟ ਦਿੱਤੀ ਜਾਂਦੀ ਹੈ (ਇਹ ਪ੍ਰਚਲਣ ਪੰਜਾਬ ਦੇ ਬਹੁਤ ਸਾਰੇ ਪ੍ਰਾਈਵੇਟ ਕਾਲਜਾਂ ਜਾਂ ਇਨਸਟੀਚੀਊਟਸ ਵਿੱਚ ਆਮ ਹੈ।) ਵਿਦਿਆਰਥੀਆਂ ਤੋਂ ਫ਼ੀਸਾਂ ਦੀ ਵੱਧ ਉਗਰਾਹੀ ਅਤੇ ਅਧਿਆਪਕਾਂ ਤੇ ਹੋਰ ਅਮਲੇ 'ਤੇ ਬੁਨਿਆਦੀ ਲੋੜਾਂ ਉਤੇ ਘੱਟ ਖ਼ਰਚ ਕੇ ਇਨਾਂ ਯੂਨੀਵਰਸਿਟੀਆਂ ਨੂੰ ਲਾਭ ਕਮਾਉਣ ਲਈ ਵਰਤਿਆ ਜਾਂਦਾ ਹੈ।

ਸਿੱਖਿਆ ਨੂੰ ਰੁਜ਼ਗਾਰ ਨਾਲ ਜੋੜਨ ਵਿਚ ਕੋਈ ਹਰਜ਼ ਨਹੀਂ ਹੈ, ਪਰ ਜਦੋਂ ਪੂਰੀ ਤਰਾਂ ਗਿਣਤੀ ਮਿਣਤੀ ਦ੍ਰਿਸ਼ਟੀਕੋਣ ਅਪਨਾਕੇ ਇਹ ਹਿਸਾਬ ਲਗਾਇਆ ਜਾਣ ਲੱਗੇ ਕਿ ਪੜਾਈ ਉਤੇ ਕੀਤਾ ਗਿਆ ਖ਼ਰਚਾ ਕਿੰਨੇ ਸਮੇਂ ਵਿਚ ਵਸੂਲ ਹੋਏਗਾ, ਤਾਂ ਇਹ ਵਿਦਿਆਰਥੀਆਂ/ ਸਿੱਖਿਆਰਥੀਆਂ ਨੂੰ ਸਿੱਖਿਆ ਦੇ ਅਸਲ ਮੰਤਵ ਤੋਂ ਭਟਕਾ ਦਿੰਦਾ ਹੈ। ਪੰਜਾਬ ਵਿੱਚ ਸਿੱਖਿਆ ਦੀ ਜੋ ਸਥਿਤੀ ਹੈ, ਉਸ ਨੂੰ ਲੈ ਕੇ ਵਾਰ-ਵਾਰ ਇਹ ਚਿੰਤਾ ਦਰਸਾਈ ਜਾ ਰਹੀ ਹੈ। ਭਾਵੇਂ ਸਕੂਲੀ ਸਿੱਖਿਆ ਹੋਵੇ ਜਾਂ ਉੱਚ ਸਿੱਖਿਆ, ਦੋਨਾਂ ਵਿੱਚ ਆਦਰਸ਼ ਸਥਿਤੀ ਤੋਂ ਅਸੀਂ ਦੂਰ ਹਾਂ। ਪੰਜਾਬ ਦੀ ਉੱਚ ਸਿੱਖਿਆ ਤੇ ਆਓ ਇੱਕ ਨਜ਼ਰ ਮਾਰਦੇ ਹਾਂ:-

ਪੰਜਾਬ ਵਿੱਚ 28 ਯੂਨੀਵਰਸਿਟੀਆਂ ਹਨ, ਜਿਨਾਂ ਵਿਚੋਂ 15 ਨਿੱਜੀ ਹੱਥਾਂ ਵਿਚ ਹਨ, ਰਾਜ ਸਰਕਾਰ ਦੀਆਂ ਯੂਨੀਵਰਸਿਟੀਆਂ ਹਨ, ਇੱਕ ਸੈਂਟਰਲ ਯੂਨੀਵਰਸਿਟੀ ਹੈ ਅਤੇ ਦੋ ਡੀਮਡ ਯੂਨੀਵਰਸਿਟੀਆਂ ਹਨ। ਪੰਜਾਬ ਵਿਚ ਆਰਟਸ, ਪ੍ਰੋਫੈਸ਼ਨਲ ਕਾਲਜਾਂ, ਇੰਜੀਨੀਰਿੰਗ ਕਾਲਜਾਂ, ਦੀ ਵੱਡੀ ਗਿਣਤੀ ਹੈ। ਇਨਾਂ ਵਿੱਚੋਂ ਬਹੁਤੀਆਂ ਸੰਸਥਾਵਾਂ ਪ੍ਰਾਈਵੇਟ ਹੱਥਾਂ 'ਚ ਹਨ। ਕੁਝ ਐਫੀਲੀਏਟਿਡ ਕਾਲਜਾਂ ਨੂੰ ਛੱਡਕੇ ਸਾਰੇ ਕਾਲਜ, ਇੰਜੀਨੀਰਿੰਗ ਕਾਲਜ ਆਪੇ ਕਮਾਉਂਦੇ, ਆਪੇ ਖਾਂਦੇ ਹਨ। ਇਸ ਵੇਲੇ 71 ਫ਼ੀਸਦੀ ਉੱਚ ਸਿੱਖਿਆ ਅਦਾਰੇ ਪ੍ਰਾਈਵੇਟ ਹੱਥਾਂ 'ਚ ਹਨ ਜਦਕਿ 29 ਫ਼ੀਸਦੀ ਅਦਾਰੇ ਸਰਕਾਰੀ ਹਨ। (ਪੰਜਾਬ ਵਿਚ ਇਸ ਵੇਲੇ 240 ਆਰਟਸ/ਕਾਮਰਸ/ ਸਾਇੰਸ ਕਾਲਜ, 84 ਇੰਜੀਨੀਰਿੰਗ ਕਾਲਜ, 8 ਮੈਡੀਕਲ ਕਾਲਜ, 187 ਐਜੂਕੇਸ਼ਨ ਕਾਲਜ ਹਨ।)

ਪੰਜਾਬ ਵਿਚ ਪਿਛਲੇ ਦੋ ਦਹਾਕਿਆਂ 'ਚ ਧੜਾਧੜ ਖੁਲੇ ਉੱਚ ਸਿੱਖਿਆ ਲਈ ਇੰਜੀਨੀਰਿੰਗ ਕਾਲਜ, ਪ੍ਰੋਫੈਸ਼ਨਲ ਕਾਲਜਾਂ ਨੇ ਨਵੇਂ ਕੋਰਸ ਚਲਾਏ, ਖ਼ੂਬ ਕਮਾਈਆਂ ਕੀਤੀਆਂ, ਬੇਰੁਜ਼ਗਾਰਾਂ ਦੀ ਫ਼ੌਜ ਪੈਦਾ ਕੀਤੀ, ਪੰਜਾਬ ਦੇ ਪਹਿਲਾਂ ਚੱਲ ਰਹੇ ਆਰਟਸ ਕਾਲਜਾਂ ਨੂੰ ਵੱਡੀ ਢਾਹ ਲਾਈ। ਹੁਣ ਇਨਾਂ ਪ੍ਰਾਈਵੇਟ ਪ੍ਰੋਫੈਸ਼ਨਲ, ਇੰਜੀਨਿਰਿੰਗ ਕਾਲਜਾਂ ਦੀ ਹਾਲਤ ਮਾੜੀ ਹੈ। ਬਹੁਤਿਆਂ ਦੀਆਂ ਇਮਾਰਤਾਂ ਖਾਲੀ ਪਈਆਂ ਹਨ, ਵਿਦਿਆਰਥੀਆਂ ਦੀ ਕਮੀ ਹੋ ਗਈ ਹੈ, ਵਿਦਿਆਰਥੀ ਤਾਂ ਹੁਣ ਆਇਲਿਟਸ ਕਰਕੇ ਵਿਦੇਸ਼ਾਂ ਨੂੰ ਚਾਲੇ ਪਾਈ ਜਾ ਰਹੇ ਹਨ। ਆਇਲਿਟਸ ਇੱਕ ਬਹੁਤ ਵੱਡਾ ਅਤੇ ਕਮਾਈ ਦਾ ਸਾਧਨ ਬਣ ਗਿਆ ਹੈ, ਜਿਸ ਵਿਚ ਸਵਾਰਥੀ ਲੋਕ ਹੱਥ ਰੰਗ ਰਹੇ ਹਨ। ਪੰਜਾਬ ਦੀ ਉੱਚ ਸਿੱਖਿਆ ਦਾ ਮਿਆਰ ਬੁਰੀ ਤਰਾਂ ਡਿੱਗ ਚੁੱਕਾ ਹੈ। ਇਨਾਂ ਕਾਲਜਾਂ, ਪ੍ਰੋਫੈਸ਼ਨਲ ਕਾਲਜਾਂ ਵਿੱਚ ਕੰਮ ਕਰਦੇ ਅਧਿਆਪਕਾਂ, ਸਟਾਫ਼ ਦਾ ਤਾਂ ਮੰਦਾ ਹਾਲ ਹੋਣਾ ਹੀ ਹੈ, ਬਣਿਆ ਬੁਨਿਆਦੀ ਢਾਂਚਾ ਵੀ ਖੇਰੂ-ਖੇਰੂ ਹੋ ਚੱਲਿਆ ਹੈ। ਸਰਕਾਰੀ ਕਾਲਜਾਂ 'ਚ ਸਟਾਫ਼ ਦੀ ਨਿਰੰਤਰ ਕਮੀ ਹੈ। ਪਾਰਟ ਟਾਈਮ ਸਟਾਫ਼ ਭਰਤੀ ਕਰਕੇ ਪੜਾਈ ਦਾ ਡੰਗ ਟਪਾਇਆ ਜਾ ਰਿਹਾ ਹੈ। ਲਗਭਗ ਸਾਰੀਆਂ ਪੰਜਾਬ ਦੀਆਂ ਸਰਕਾਰੀ ਯੂਨੀਵਰਸਿਟੀਆਂ ਵਿੱਤੀ ਸੰਕਟ ਦਾ ਸ਼ਿਕਾਰ ਹਨ।

ਪੰਜਾਬ 'ਚ ਉੱਚ ਸਿੱਖਿਆ ਲਈ ਸਰਕਾਰੀ ਤਰਜੀਹਾਂ ਨਹੀਂ ਹਨ। ਪੰਜਾਬ ਦੇ ਬਜਟ ਦਾ ਬਹੁਤ ਘੱਟ ਹਿੱਸਾ ਉੱਚ ਸਿੱਖਿਆ ਤੇ ਖਰਚਿਆ ਜਾ ਰਿਹਾ ਸੀ, ਜੋ ਰਿਪੋਰਟ ਅਨੁਸਾਰ 1.5 ਫ਼ੀਸਦੀ ਹੋਣਾ ਲਾਜ਼ਮੀ ਹੈ। ਸਰਕਾਰ ਨੇ ਉੱਚ ਸਿੱਖਿਆ ਤੋਂ ਪਿੱਛਾ ਛੁਡਾਕੇ ਸਿੱਖਿਆ ਨੂੰ ਪ੍ਰਾਈਵੇਟ ਹੱਥਾਂ 'ਚ ਸੌਂਪਣ ਦਾ ਬੀੜਾ ਚੁੱਕਿਆ ਹੈ।

ਸਰਕਾਰ ਵਲੋਂ ਉੱਚ ਸਿੱਖਿਆ ਲਈ ਚੰਗੇਰੇ ਪ੍ਰਬੰਧ ਕਰਨ ਦੀ ਥਾਂ ਆਈਲਟਸ ਕਰਕੇ ਬਾਹਰਲੇ ਦੇਸ਼ਾਂ 'ਚ ਨੌਜਵਾਨਾਂ ਨੂੰ ਉੱਚ ਸਿੱਖਿਆ ਨੂੰ ਉਤਸ਼ਾਹਿਤ ਕਰਨਾ, ਪੰਜਾਬ ਦੀਆਂ ਆਈ.ਟੀ.ਆਈਜ਼. ਵਿੱਚ ਆਈਲਟਸ ਸੈਂਟਰ ਖੋਹਲਣੇ, ਸਰਕਾਰ ਦੀ ਉੱਚ ਸਿੱਖਿਆ ਪ੍ਰਤੀ ਅਣਗਿਹਲੀ ਦੀ ਮੂੰਹ ਬੋਲਦੀ ਤਸਵੀਰ ਹੈ। ਲੋੜ ਤਾਂ ਇਸ ਗੱਲ ਦੀ ਹੈ ਕਿ ਵੱਧ ਤੋਂ ਵੱਧ ਉੱਚ ਸਿੱਖਿਆ ਅਦਾਰੇ ਪੰਜਾਬ ਵਿਚ

ਬਾਕੀ ਸਫ਼ਾ 35 'ਤੇ

# ਭਾਰਤ ਤੇ ਚੀਨ ਲਈ ਰਿਸ਼ਤੇ ਸੁਧਾਰਨ ਦੀ ਲੋੜ

**ਸੁਧੀਂਦਰ ਕੁਲਕਰਨੀ**

ਭਾਰਤ ਚੀਨ ਰਿਸ਼ਤਿਆਂ ਉਤੇ ਕਰੀਬ ਦੋ ਸਾਲਾਂ ਤੱਕ ਜੰਮੀ ਰਹੀ ਬਰਫ਼ ਨੇ ਹੁਣ ਪਿਘਲਣਾ ਸ਼ੁਰੂ ਕਰ ਦੇਣ ਨਾਲ ਵੱਖ-ਵੱਖ ਸੰਕੇਤ ਮਿਲ ਰਹੇ ਹਨ। ਲੱਦਾਖ ਵਿਚ ਜੂਨ 2020 ਦੌਰਾਨ ਗਲਵਾਨ ਵਾਦੀ ਵਿਚ ਟਕਰਾਅ ਤੋਂ ਬਾਅਦ ਅਸਲ ਕੰਟਰੋਲ ਲਕੀਰ (ਐੱਲਏਸੀ) ਉਤੇ ਬਣਿਆ ਰਿਹਾ ਫ਼ੌਜੀ ਰੇੜਕਾ ਹੁਣ ਬੀਤੇ ਦੀ ਗੱਲ ਬਣਨ ਦੇ ਆਸਾਰ ਹਨ। ਇਉਂ 2022 ਵਿਚ ਏਸ਼ੀਆ ਦੇ ਇਨਾਂ ਦੋਵਾਂ ਵੱਡੇ ਮੁਲਕਾਂ ਦਰਮਿਆਨ ਤਾਲਮੇਲ ਦੇ ਨਵੇਂ ਬੂਹੇ ਖੁੱਲ ਸਕਦੇ ਹਨ। ਪਹਿਲਾਂ ਵਾਲੇ ਹਾਲ ਉਤੇ ਅੱਪੜਨ ਨੂੰ ਤਾਂ ਸਮਾਂ ਲੱਗੇਗਾ, ਤਾਂ ਵੀ ਜਿਹੜਾ ਘਟਨਾਕ੍ਰਮ ਵਾਪਰ ਰਿਹਾ ਹੈ, ਉਸ ਤੋਂ ਦੁਸ਼ਮਣੀ ਦੇ ਖ਼ਾਤਮੇ ਵੱਲ ਵਧਣ ਦੇ ਆਸਾਰ ਬਣ ਰਹੇ ਹਨ।

ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਦੇ ਭਾਰਤ ਤੋਂ ਬਾਅਦ ਉਨਾਂ ਦੇ ਭਾਰਤੀ ਹਮਰੁਤਬਾ ਐੱਸ ਜੈਸ਼ੰਕਰ ਚੀਨ ਦਾ ਦੁਵੱਲਾ ਦੌਰਾ ਕਰਨਗੇ। ਬਿਨਾਂ ਸ਼ੱਕ ਮੰਤਰੀ ਪੱਧਰੀ ਫੇਰੀਆਂ ਦੀ ਬਹਾਲੀ ਦਾ ਮੁੱਖ ਮਕਸਦ ਇਸੇ ਸਾਲ ਹੋਣ ਵਾਲੇ ਬਰਿਕਸ ਸਿਖਰ ਸੰਮੇਲਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਚੀਨ ਦੌਰੇ ਦਾ ਰਾਹ ਸਾਫ਼ ਕਰਨਾ ਹੈ। ਭਾਰਤੀ ਪ੍ਰਧਾਨ ਮੰਤਰੀ ਦੀ ਸ਼ਮੂਲੀਅਤ ਤੋਂ ਬਿਨਾਂ ਬਰਿਕਸ ਸਮਾਗਮ ਦਾ ਹੋਣਾ ਜਾਂ ਨਾ ਹੋਣਾ ਇਕ ਬਰਾਬਰ ਹੋਵੇਗਾ। ਦੂਜੇ ਪਾਸੇ ਐੱਲਏਸੀ ਉਤੇ ਬਣੇ ਦੁਵੱਲੇ ਤਣਾਅ ਕਾਫ਼ੀ ਹੱਦ ਤੱਕ ਘਟਾਉਣ ਤੋਂ ਬਿਨਾਂ ਮੋਦੀ ਵੱਲੋਂ ਚੀਨੀ ਸਦਰ ਸ਼ੀ ਜਿਨਪਿੰਗ ਨਾਲ ਆਹਮੋ-ਸਾਹਮਣੀ ਮੁਲਾਕਾਤ ਦੀ ਕੋਈ ਤੁਕ ਨਹੀਂ ਬਣਦੀ।

ਦੋਹਾਂ ਧਿਰਾਂ ਦਾ ਇੰਝ ਆਪਣੇ ਵਿਗੜੇ ਰਿਸ਼ਤਿਆਂ ਨੂੰ ਸੁਧਾਰਨ ਵਾਸਤੇ ਤਿਆਰ ਹੋ ਜਾਣ ਦਾ ਕਾਰਨ ਆਖ਼ਰ ਕੀ ਹੈ? ਪਹਿਲਾ, ਨਾ ਸਿਰਫ਼ ਪੇਈਚਿੰਗ ਸਗੋਂ ਨਵੀਂ ਦਿੱਲੀ ਵਿਚ ਵੀ ਇਸ ਗੱਲ ਦਾ ਅਹਿਸਾਸ ਹੁੰਦਾ ਜਾਣਾ ਕਿ ਇਕ-ਦੂਜੇ ਨੂੰ ਡੌਲ਼ੇ ਦਿਖਾਉਣ ਤੇ ਦਬਕਾਉਣ ਵਾਲਾ ਕੰਮ ਬਹੁਤਾ ਚਿਰ ਨਹੀਂ ਚੱਲ ਸਕਦਾ। ਹੈਰਾਨੀ ਦੀ ਗੱਲ ਹੈ ਕਿ ਇਸ ਵਿਚਾਰ ਨੂੰ ਹੁਲਾਰਾ ਪਹਿਲਾਂ ਚੀਨ ਵਾਲੇ ਪਾਸਿਉਂ ਮਿਲਿਆ, ਜਦੋਂ ਉਥੋਂ ਦੇ ਵਿਦੇਸ਼ ਮੰਤਰੀ ਨੇ 7 ਮਾਰਚ ਨੂੰ ਕਿਹਾ, 'ਸਾਨੂੰ ਇਕ-ਦੂਜੇ ਦੀ ਤਾਕਤ ਨੂੰ ਬਰਬਾਦ ਕਰਨ ਦੀ ਥਾਂ ਇਕ-ਦੂਜੇ ਦੀ ਆਪਣੇ ਟੀਚੇ ਸਰ ਕਰਨ ਲਈ ਮਦਦ ਕਰਨੀ ਚਾਹੀਦੀ ਹੈ।' ਇਕ-ਦੂਜੇ ਦੀ ਤਾਕਤ ਦੀ 'ਬਰਬਾਦੀ' ਉਦੋਂ ਸਭ ਦੇ ਸਾਹਮਣੇ ਸੀ ਜਦੋਂ ਦੋਵਾਂ ਧਿਰਾਂ ਨੇ ਐੱਲਏਸੀ ਦੇ ਆਪੋ-ਆਪਣੇ ਪਾਸੇ ਕਰੀਬ 50 ਹਜ਼ਾਰ ਫ਼ੌਜੀ ਜਵਾਨ ਤਾਇਨਾਤ ਕਰ ਦਿੱਤੇ ਅਤੇ ਨਾਲ ਹੀ ਭਾਰੀ ਹਥਿਆਰ ਬੀੜ ਦਿੱਤੇ। ਇਸ ਬਾਰੇ ਕੋਰ ਕਮਾਂਡਰ ਪੱਧਰ ਦੀ ਗੱਲਬਾਤ ਦੇ 15 ਗੇੜ ਹੋ ਜਾਣ ਤੋਂ ਬਾਅਦ ਵੀ ਹਥਿਆਰਾਂ ਅਤੇ ਫ਼ੌਜੀ ਦਸਤਿਆਂ ਦੀ ਮੁਕੰਮਲ ਵਾਪਸੀ ਅਤੇ ਤਣਾਅ ਘਟਾਉਣ ਦੀ ਕਾਰਵਾਈ ਭੁਲੇਖਾ-ਪਾਊ ਹੀ ਬਣੀ ਹੋਈ ਹੈ। ਸਿਆਸੀ ਹੱਲ ਦੀ ਹਣਹੋਂਦ ਵਿਚ ਇਸ ਤਰਾਂ ਦੇ ਲਗਾਤਾਰ ਜਾਰੀ ਰਹਿਣ ਵਾਲੇ ਰੇੜਕੇ ਦਾ ਆਪਣਾ ਭੜਕਾਊ ਫ਼ੌਜੀ ਤਰਕ ਹੁੰਦਾ ਹੈ ਜਿਸ ਦੇ ਅਣਕਿਆਸੇ ਸਿੱਟੇ ਦੋਵਾਂ ਧਿਰਾਂ ਲਈ ਉਲਝਣਾਂ ਪੈਦਾ ਕਰ ਸਕਦੇ ਹਨ।

ਦੂਜਾ, ਦੋਵਾਂ ਮੁਲਕਾਂ ਨੇ ਅਹਿਸਾਸ ਕਰ ਲਿਆ ਹੈ ਕਿ ਦੁਵੱਲੇ ਰਿਸ਼ਤਿਆਂ ਨੂੰ ਨਾ ਤਾਂ ਐੱਲਏਸੀ ਘਟਨਾ ਤੱਕ ਸੀਮਤ ਕੀਤਾ ਜਾ ਸਕਦਾ ਹੈ ਤੇ ਨਾ ਹੀ ਉਸ ਕਾਰਨ ਇਨਾਂ ਰਿਸ਼ਤਿਆਂ ਨੂੰ ਠੱਪ ਹੀ ਕੀਤਾ ਜਾ ਸਕਦਾ ਹੈ। ਸੰਸਾਰ ਦੇ ਦੋ ਵੱਡੇ ਮੁਲਕ ਹੋਣ ਦੇ ਨਾਤੇ ਉਨਾਂ ਨੂੰ ਉਸ ਵੱਡੀ ਧਰਾਤਲ ਤੋਂ ਧਿਆਨ ਲਾਂਭੇ ਨਹੀਂ ਕਰਨਾ ਚਾਹੀਦਾ ਜਿਹੜਾ ਉਨਾਂ ਨੂੰ ਵਿਆਪਕ ਮੁੱਦਿਆਂ ਉਤੇ ਆਪਸੀ ਤੌਰ ਤੇ ਲਾਹੇਵੰਦ ਤਰੀਕਿਆਂ ਰਾਹੀਂ ਇਕ-ਦੂਜੇ ਨਾਲ ਮੇਲਜੋਲ ਕਰਨ ਦਾ ਮੌਕਾ ਦਿੰਦਾ ਹੈ। ਇਨਾਂ ਵਿਚ ਆਰਥਿਕ ਸਹਿਯੋਗ, ਵਪਾਰ ਤੇ ਨਿਵੇਸ਼, ਵਾਤਾਵਰਨ ਸਬੰਧੀ ਕਾਰਵਾਈ, ਨਵੀਂ ਊਰਜਾ ਤੇ ਡਿਜੀਟਲ ਤਕਨਾਲੋਜੀ, ਇਲਾਕਾਈ ਅਮਨ, ਸਥਿਰਤਾ ਤੇ ਸੰਪਰਕ, ਸਮਾਜਿਕ-ਸੱਭਿਆਚਾਰਕ ਵਟਾਂਦਰੇ ਅਤੇ ਬਹੁਧਿਰ ਵਾਲੇ ਦੌਰ ਦੌਰਾਨ ਨਵੇਂ ਤੇ ਬਿਹਤਰ ਆਲਮੀ ਢਾਂਚੇ ਨੂੰ ਆਕਾਰ ਦੇਣਾ ਸ਼ਾਮਲ ਹਨ।

ਜਿੱਥੇ ਦੋ ਮੁਲਕਾਂ ਦੇ ਨਜ਼ਰੀਏ ਅਤੇ ਹਿੱਤ ਕੁਝ ਮਾਮਲਿਆਂ ਵਿਚ ਵੱਖੋ-ਵੱਖ ਹੁੰਦੇ ਹਨ, ਉੱਥੇ ਹੋਰ ਕੁਝ ਮਾਮਲਿਆਂ ਵਿਚ ਇਹ ਇਕੋ ਜਿਹੇ ਵੀ ਹੁੰਦੇ ਹਨ। ਸਿਖਰਲੇ ਪੱਧਰਾਂ ਉਤੇ ਗੱਲਬਾਤ ਤੋਂ ਬਿਨਾਂ ਨਾ ਤਾਂ ਇਸ ਆਪਸੀ ਇਕਸਾਰਤਾ ਦਾ ਲਾਹਾ ਲਿਆ ਜਾ ਸਕਦਾ ਹੈ ਤੇ ਨਾ ਹੀ ਹਿੱਤਾਂ ਦੇ ਵਖਰੇਵਿਆਂ ਨੂੰ ਹੀ ਅਸਰਦਾਰ ਢੰਗ ਨਾਲ ਸੰਭਾਲਿਆ ਜਾ ਸਕਦਾ ਹੈ। ਅਫ਼ਸੋਸ ਕਿ ਐੱਲਏਸੀ ਉਤੇ ਲੜਾਈ ਦੀ ਘਟਨਾ ਤੋਂ ਬਾਅਦ ਭਾਰਤ ਅਤੇ ਚੀਨ ਦਰਮਿਆਨ ਇਹ ਅਮਲ ਰੁਕਿਆ ਹੋਇਆ ਸੀ। ਦੋ ਸਾਲਾਂ ਦੌਰਾਨ ਮੋਦੀ ਅਤੇ ਸ਼ੀ ਦਰਮਿਆਨ ਕੋਈ ਸਿੱਧਾ ਸੰਪਰਕ ਨਹੀਂ ਹੋਇਆ ਜੋ ਇਸ ਤੋਂ ਪਹਿਲਾਂ 18 ਵਾਰ ਮਿਲੇ ਸਨ ਅਤੇ ਉਨਾਂ ਦਰਮਿਆਨ ਦੋ ਗ਼ੈਰ-ਰਸਮੀ ਸਿਖਰ ਸੰਮੇਲਨ ਵੀ ਹੋਏ ਸਨ। ਇਹ ਰੇੜਕਾ ਹੁਣ ਬੋਝ ਬਣ ਗਿਆ ਸੀ।

ਤੀਜਾ ਕਾਰਕ ਜਿਸ ਤੋਂ ਭਾਰਤ ਅਤੇ ਚੀਨ ਦਰਮਿਆਨ ਆਪਸੀ ਤਾਲਮੇਲ ਦੀ ਲੋੜ ਮਹਿਸੂਸ ਹੋਈ, ਉਹ ਹੈ ਤੇਜ਼ੀ ਨਾਲ ਬਦਲ ਰਹੇ ਇਲਾਕਾਈ ਤੇ ਆਲਮੀ ਹਾਲਾਤ। ਦੋਵਾਂ ਮੁਲਕਾਂ ਦੇ ਹੀ ਅਮਨ, ਸਥਿਰਤਾ ਅਤੇ ਤਾਲਿਬਾਨ ਦੀ ਹਕੂਮਤ ਵਾਲੇ ਅਫ਼ਗਾਨਿਸਤਾਨ ਵਿਚੋਂ ਅਮਰੀਕੀ ਫ਼ੌਜੀ ਦਸਤਿਆਂ ਦੀ ਮੁਕੰਮਲ ਵਾਪਸੀ ਤੋਂ ਬਾਅਦ ਕੌਮੀ ਮੁੜ-ਉਸਾਰੀ ਪੱਖੋਂ ਆਪੋ-ਆਪਣੇ ਹਿੱਤ ਹਨ। ਦੋਵੇਂ ਚਾਹੁੰਦੇ ਹਨ ਕਿ ਖਿੱਤਾ ਦਹਿਸ਼ਤਗਰਦੀ, ਮਜ਼ਹਬੀ ਇੰਤਹਾਪਸੰਦੀ ਅਤੇ ਅਲਹਿਦਗੀ-ਪਸੰਦ ਤਾਕਤਾਂ ਦੇ ਪ੍ਰਭਾਵ ਤੋਂ ਬਚਿਆ ਰਹੇ। ਇਹ ਟੀਚੇ ਮੁੱਖ ਇਲਾਕਾਈ ਤਾਕਤਾਂ ਜਿਨਾਂ ਵਿਚ ਪਾਕਿਸਤਾਨ ਵੀ ਸ਼ਾਮਲ ਹੈ, ਦਰਮਿਆਨ ਗੱਲਬਾਤ ਤੇ ਤਾਲਮੇਲ ਤੋਂ ਬਿਨਾਂ ਸਰ ਨਹੀਂ ਕੀਤੇ ਜਾ ਸਕਦੇ। ਇਹ ਗੱਲ ਵੀ ਗ਼ੌਰ ਕਰਨ ਵਾਲੀ ਹੈ ਕਿ ਪਾਕਿਸਤਾਨ ਉਤੇ ਚੀਨ ਦਾ ਭਾਰੀ ਪ੍ਰਭਾਵ ਹੈ।

ਯੂਕਰੇਨ ਵਿਚ ਰੂਸ ਦੀ ਜੰਗ ਨੇ ਵੀ ਅਜਿਹੇ ਅਣਸਰਦੇ ਹਾਲਾਤ ਪੈਦਾ ਕੀਤੇ ਹਨ ਕਿ ਭਾਰਤ ਅਤੇ ਚੀਨ ਆਪਣੀਆਂ ਸੰਭਾਵਨਾਵਾਂ ਤੇ ਕਾਰਵਾਈਆਂ ਵਿਚ ਤਾਲਮੇਲ ਬਿਠਾਉਣ, ਕਿਉਂਕਿ ਦੋਵਾਂ ਦੇ ਹੀ ਮਾਸਕੋ ਨਾਲ ਦੋਸਤਾਨਾ ਰਿਸ਼ਤੇ ਹਨ। ਭਾਰਤ ਦੀ ਆਜ਼ਾਦਾਨਾ ਵਿਦੇਸ਼ ਨੀਤੀ ਅਤੇ ਇਸ ਵੱਲੋਂ ਆਪਣੀ 'ਰਣਨੀਤਕ ਖ਼ੁਦਮੁਖ਼ਤਾਰੀ' ਦੀ ਕੀਤੀ ਵਰਤੋਂ ਜਿਹੜੀ ਇਸ ਵੱਲੋਂ ਅਮਰੀਕਾ ਦੇ ਜ਼ੋਰ ਪਾਏ ਜਾਣ ਦੇ ਬਾਵਜੂਦ ਰੂਸ ਵਿਰੋਧੀ ਸਟੈਂਡ ਲੈਣ ਤੋਂ ਇਨਕਾਰੀ ਹੋਣ ਦੀ ਕਾਰਵਾਈ ਤੋਂ ਜ਼ਾਹਰਾ ਤੌਰ 'ਤੇ ਦਿਖਾਈ ਦਿੱਤੀ, ਨੂੰ ਯਕੀਨਨ ਚੀਨ ਨੇ ਵੀ ਅਣਡਿੱਠ ਨਹੀਂ ਕੀਤਾ ਹੋਵੇਗਾ। ਪੇਈਚਿੰਗ ਹਮੇਸ਼ਾ ਦਾਅਵਾ ਕਰਦਾ ਰਿਹਾ ਹੈ ਕਿ 'ਕੁਝ ਤਾਕਤਾਂ ਨੇ ਦੋਹਾਂ ਏਸ਼ਿਆਈ ਮੁਲਕਾਂ ਦਰਮਿਆਨ ਵੰਡੀਆਂ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ।'

**ਖਾਸ ਟਿੱਪਣੀ**

ਇਸ ਕਾਰਨ ਹੁਣ ਭਾਰਤ ਅਤੇ ਚੀਨ ਕੋਲ ਮੌਕਾ ਵੀ ਹੈ ਅਤੇ ਉਨਾਂ ਦੀ ਜ਼ਿੰਮੇਵਾਰੀ ਵੀ ਹੈ ਕਿ ਉਹ ਯੂਕਰੇਨ ਵਿਚ ਜੰਗ ਰੁਕਵਾਉਣ ਲਈ ਕੋਈ ਸਾਂਝੀ ਪਹਿਲਕਦਮੀ ਕਰਨ। ਜੇ ਅਜਿਹਾ ਹੋ ਜਾਂਦਾ ਹੈ ਤਾਂ ਇਹ ਪਹਿਲੀ ਵਾਰ ਹੋਵੇਗੀ ਜਦੋਂ ਏਸ਼ੀਆ ਵੱਲੋਂ ਯੂਰੋਪ ਵਿਚ ਅਮਨ ਨੂੰ ਹੁਲਾਰਾ ਦੇਣ ਵਾਲੀ ਭੂਮਿਕਾ ਨਿਭਾਈ ਜਾਵੇਗੀ।

ਚੀਨ ਨੇ ਹੋਰ ਤਰੀਕਿਆਂ ਨਾਲ ਇਸ਼ਾਰੇ ਕੀਤੇ ਹਨ ਕਿ ਉਹ ਨਵੇਂ ਆਲਮੀ ਢਾਂਚੇ ਨੂੰ ਤਰਤੀਬ ਦੇਣ ਪੱਖੋਂ ਭਾਰਤ ਦੀ ਅਹਿਮੀਅਤ ਨੂੰ ਤਸਲੀਮ ਕਰਦਾ ਹੈ। ਇਹ ਗੱਲ ਵਾਂਗ ਯੀ ਦੀਆਂ ਹਾਲੀਆ ਟਿੱਪਣੀਆਂ ਤੋਂ ਜ਼ਾਹਰ ਹੋ ਜਾਂਦੀ ਹੈ, ਉਨਾਂ ਕਿਹਾ ਹੈ, 'ਚੀਨ ਤੇ ਭਾਰਤ ਨੂੰ ਆਪਸੀ ਭਾਈਵਾਲ ਤੇ ਦੋਸਤ ਬਣ ਜਾਣਾ ਚਾਹੀਦਾ ਹੈ' ਅਤੇ 'ਸਾਨੂੰ ਇਕ-ਦੂਜੇ ਲਈ ਖ਼ਤਰਾ ਨਹੀਂ ਬਣਨਾ ਚਾਹੀਦਾ ਸਗੋਂ ਇਕ-ਦੂਜੇ ਦੇ ਵਿਕਾਸ ਲਈ ਮੌਕਾ ਬਣਨਾ ਚਾਹੀਦਾ ਹੈ। ਚੀਨ ਤੇ ਭਾਰਤ ਦੋ ਪ੍ਰਾਚੀਨ ਸੱਭਿਅਤਾਵਾਂ ਹਨ, ਦੋ ਉੱਭਰਦੇ ਅਰਥਚਾਰੇ ਅਤੇ ਨਾਲ ਹੀ ਗੁਆਂਢੀ ਵੀ ਹਨ ਤੇ ਚਾਹ ਕੇ ਵੀ ਇਕ-ਦੂਜੇ ਤੋਂ ਦੂਰ ਨਹੀਂ ਜਾ ਸਕਦੇ। ਜਦੋਂ ਅਸੀਂ ਆਪਸੀ ਭਰੋਸਾ ਕਾਇਮ ਕਰ ਲਵਾਂਗੇ ਤਾਂ ਹਿਮਾਲਾ ਵੀ ਸਾਡੇ ਦੋਸਤਾਨਾ ਮੇਲ-ਜੋਲ ਨੂੰ ਰੋਕ ਨਹੀਂ ਸਕੇਗਾ।'

ਰਿਸ਼ਤਿਆਂ ਦੀ ਗ਼ਰਦ ਝਾੜਨ ਲਈ ਚੀਨ ਨੇ 2022 ਵਿਚ ਅਹਿਮ ਤਜਵੀਜ਼ 'ਭਾਰਤ-ਚੀਨ ਸੱਭਿਅਤਾ-ਗੱਲਬਾਤ' ਦੀ ਦਿੱਤੀ ਹੈ। ਇਹ ਬਹੁਤ ਅਹਿਮ ਗੱਲ ਹੈ। ਮਈ 2019 ਵਿਚ ਸ਼ੀ ਨੇ ਪੇਈਚਿੰਗ ਵਿਚ ਏਸ਼ੀਆਈ ਸੱਭਿਅਤਾਵਾਂ ਬਾਰੇ ਕਾਨਫਰੰਸ ਦੀ ਮੇਜ਼ਬਾਨੀ ਕੀਤੀ ਸੀ ਜਿਸ ਵਿਚ ਇਸ ਲੇਖਕ ਨੇ ਵੀ ਹਾਜ਼ਰੀ ਭਰੀ ਸੀ। ਭਾਰਤ ਨੇ ਭਾਵੇਂ ਉਦੋਂ ਮੁਲਕ ਵਿਚ ਜਾਰੀ ਆਮ ਚੋਣਾਂ ਕਾਰਨ ਇਸ ਕਾਨਫਰੰਸ ਵਿਚ ਅਧਿਕਾਰਤ ਤੌਰ 'ਤੇ ਸ਼ਮੂਲੀਅਤ ਨਹੀਂ ਕੀਤੀ ਸੀ ਪਰ ਇਸ ਮੌਕੇ ਸ਼ੀ ਨੇ ਰਿਗਵੇਦ, ਗੰਗਾ ਤੇ ਸਿੰਧੂ ਦਰਿਆਵਾਂ ਅਤੇ ਬੁੱਧ ਮਤ ਦੇ ਬੇਸ਼ਕੀਮਤੀ ਤੋਹਫ਼ੇ ਦਾ ਜ਼ਿਕਰ ਕਰਦਿਆਂ ਏਸ਼ੀਆਈ ਸੱਭਿਅਤਾਵਾਂ ਦੀ ਅਮੀਰੀ ਵਿਚ ਭਾਰਤ ਦੇ ਯੋਗਦਾਨ ਨੂੰ ਨਿੱਘੀ ਸ਼ਰਧਾਂਜਲੀ ਭੇਟ ਕੀਤੀ ਸੀ। ਮਹਾਨ ਤਥਾਗਤ ਬੁੱਧ ਨੇ ਕਿਹਾ ਸੀ 'ਝਗੜੇ ਦਾ ਬਿਹਤਰੀਨ ਹੱਲ ਉਹੋ ਹੁੰਦਾ ਹੈ ਜਿਸ ਵਿਚ ਕੋਈ ਵੀ ਹਾਰੇ ਨਾ ਅਤੇ ਦੋਵੇਂ ਧਿਰਾਂ ਜੇਤੂ ਹੋਣ।' ਕੀ ਇਹ ਦੋਵਾਂ ਭਾਰਤ ਅਤੇ ਚੀਨ ਲਈ ਇਸ ਗਿਆਨਵਾਨ ਉਪਦੇਸ਼ ਉਤੇ ਗ਼ੌਰ ਕਰਨ ਦਾ ਸਹੀ ਸਮਾਂ ਨਹੀਂ ਹੈ?

ਦੋਵਾਂ ਮੁਲਕਾਂ ਦਰਮਿਆਨ ਜਿਹੜਾ ਸਰਹੱਦੀ ਝਗੜਾ ਹੈ, ਉਸ ਦਾ ਲਾਜ਼ਮੀ ਸਿੱਟਾ ਐੱਲਏਸੀ ਸੀ ਪਰ ਇਸ ਝਗੜੇ ਨੂੰ ਆਪਸੀ ਸਮਝੌਤੇ ਰਾਹੀਂ ਸੁਲਝਾਇਆ ਜਾ ਸਕਦਾ ਹੈ। ਇਸ ਲਈ ਜ਼ਰੂਰੀ ਹੈ ਕਿ ਦੋਵੇਂ ਧਿਰਾਂ ਆਪੋ-ਆਪਣੀ ਸਥਿਤੀ ਤੋਂ ਕੁਝ ਨਾ ਕੁਝ ਪਿੱਛੇ ਹਟਦਿਆਂ ਆਪਸੀ ਸਤਿਕਾਰ, ਸੰਵੇਦਨਸ਼ੀਲਤਾ, ਹਿੱਤਾਂ ਅਤੇ ਮੇਲਜੋਲ ਦੀ ਭਾਵਨਾ ਨਾਲ ਇਕ-ਦੂਜੇ ਵੱਲ ਅੱਗੇ ਵਧਣ। ਪੱਛਮ ਦੇ ਖ਼ੁਦਗਰਜ਼ ਅਤੇ ਹਿੰਸਕ ਤਰੀਕਿਆਂ ਦੀ ਨਕਲ ਕਰਨ ਦੀ ਥਾਂ ਭਾਰਤ ਅਤੇ ਚੀਨ ਨੂੰ ਆਪਣੀ 5000 ਸਾਲ ਪੁਰਾਣੀ ਸੱਭਿਅਤਾ ਦੀ ਵਿਰਾਸਤ ਨੂੰ ਤਲਾਸ਼ਣਾ ਅਤੇ ਉਸ ਮਾਰਗ ਉਤੇ ਅੱਗੇ ਵਧਣਾ ਚਾਹੀਦਾ ਹੈ। ਇਸ ਵਿਚ ਨਾਕਾਮ ਰਹਿਣਾ ਦਾ ਸਿੱਟਾ ਯਕੀਨਨ ਗਲਵਾਨ ਵਾਦੀ ਵਰਗੇ ਹੋਰ ਟਕਰਾਵਾਂ ਅਤੇ ਇਸ ਤੋਂ ਵੀ ਭਿਆਨਕ ਰੂਪ ਵਿਚ ਨਿਕਲੇਗਾ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਓਨਰ ਓਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੋਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਸ਼੍ਰੋਮਣੀ ਅਕਾਲੀ ਦਲ ਲਈ ਹੋਂਦ ਦਾ ਸੰਕਟ



**ਰਣਜੀਤ ਸਿੰਘ ਕੁਕੀ**

ਪੰਥ ਅਤੇ ਕਿਸਾਨੀ ਦੀ ਪ੍ਰਤੀਨਿਧਤਾ ਕਰਨ ਵਾਲੀ ਪਾਰਟੀ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਅਕਾਲੀ ਦਲ ਦੀ ਅਸੈਂਬਲੀ ਚੋਣਾਂ ਵਿਚ ਲਗਾਤਾਰ ਦੂਜੀ ਹਾਰ ਨੇ ਪਾਰਟੀ ਨੂੰ ਹੋਂਦ ਦੇ ਸੰਕਟ ਵੱਲ ਧੱਕ ਦਿੱਤਾ ਹੈ। ਬਾਦਲਾਂ ਦੀ ਅਗਵਾਈ ਵਾਲੇ ਅਕਾਲੀ ਦਲ ਦਾ ਪੰਜਾਬ ਵਿਚ ਰਾਜਨੀਤਿਕ ਕਿਲਾ ਬੁਰੀ ਤਰ੍ਹਾਂ ਢਹਿ-ਢੇਰੀ ਹੋ ਗਿਆ ਹੈ।ਭਾਰਤ ਦੀਆਂ ਸਭ ਤੋਂ ਪੁਰਾਣੀਆਂ ਪਾਰਟੀਆਂ ਵਿਚੋਂ ਇਕ ਸ਼੍ਰੋਮਣੀ ਅਕਾਲੀ ਦਲ ਦੀ 1920 ਵਿਚ ਆਪਣੀ ਸ਼ੁਰੂਆਤ ਤੋਂ ਬਾਅਦ ਇਹ ਸਭ ਤੋਂ ਬੁਰੀ ਅਤੇ ਸ਼ਰਮਨਾਕ ਹਾਰ ਹੈ। ਅਸੈਂਬਲੀ ਚੋਣਾਂ ਵਿਚ ਪਾਰਟੀ ਮਹਿਜ਼ ਤਿੰਨ ਸੀਟਾਂ ਹੀ ਪ੍ਰਾਪਤ ਕਰ ਸਕੀ ਜਿਸ ਨੇ ਸੁਖਬੀਰ ਬਾਦਲ ਦੀ ਲੀਡਰਸ਼ਿਪ ਉੱਪਰ ਵੱਡਾ ਸੁਆਲ ਖੜਾ ਕਰ ਦਿੱਤਾ ਹੈ, ਜਿਸ ਨੂੰ ਖੁਦ ਵੀ ਇਹਨਾਂ ਚੋਣਾਂ ਵਿਚ ਹਾਰ ਦਾ ਮੂੰਹ ਦੇਖਣਾ ਪਿਆ। ਪਾਰਟੀ ਦੇ ਸੀਨੀਅਰ ਆਗੂ ਪ੍ਰਕਾਸ਼ ਸਿੰਘ ਬਾਦਲ, ਜਿਸ ਨੇ ਪਿਛਲੇ ਦਹਾਕਿਆਂ ਵਿਚ ਪਾਰਟੀ ਨੂੰ ਜੋੜ ਕੇ ਰੱਖਿਆ, ਜੋ ਪੰਜ ਵਾਰ ਪੰਜਾਬ ਦਾ ਮੁੱਖ ਮੰਤਰੀ ਰਿਹਾ ਅਤੇ ਆਪਣੇ ਰਾਜਨੀਤਿਕ ਕਰੀਅਰ ਵਿਚ ਲਗਾਤਾਰ ਜਿੱਤ ਪ੍ਰਾਪਤ ਕੀਤੀ, ਉਹ ਵੀ ਆਪਣੇ ਜੱਦੀ ਹਲਕੇ ਲੰਬੀ ਤੋਂ 11000 ਵੋਟਾਂ ਦੇ ਫਰਕ ਨਾਲ ਹਾਰ ਗਿਆ। ਇਹੀ ਸੀਟ ਉਸ ਨੇ ਲਗਾਤਾਰ ਪੰਜ ਵਾਰ ਪਹਿਲਾਂ ਜਿੱਤੀ ਸੀ।

ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਅਕਾਲੀ ਦਲ ਲੀਡਰਸ਼ਿਪ ਪੰਜਾਬ ਦੇ ਅਸਲ ਮੁੱਦਿਆਂ ਨੂੰ ਪਛਾਣ ਹੀ ਨਹੀਂ ਪਾਈ ਅਤੇ ਉਨਾਂ ਨੇ ਦਿਸ਼ਾਹੀਣ ਪ੍ਰਚਾਰ ਕੀਤਾ। ਸ਼੍ਰੋਮਣੀ ਅਕਾਲੀ ਦਲ ਦਾ ਵੋਟ ਸ਼ੇਅਰ 2017 ਵਿਚ 24.42% ਤੋਂ ਖਿਸਕ ਕੇ ਅਠਾਰਾਂ ਪ੍ਰਤੀਸ਼ਤ ਤੇ ਆ ਗਿਆ ਜੋ ਕਿ 1997 ਵਿਚ ਸਭ ਤੋਂ ਜਿਆਦਾ 37% ਸੀ। ਚੋਣਾਂ ਦੇ ਨਤੀਜੇ ਉਮੀਦ ਤੋਂ ਪਰੇ ਨਹੀਂ ਹਨ।ਲੋਕਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਲੈ ਕੇ ਗੁੱਸਾ ਤੇ ਰੋਸ ਸੀ ਜਿਸ ਨੂੰ ਅਕਾਲੀ ਦਲ ਦਾ ਪ੍ਰਧਾਨ ਸਮਝ ਨਹੀਂ ਸਕਿਆ। 2015 ਵਿਚ ਜਦੋਂ ਉਹ ਸੱਤਾ ਵਿਚ ਸਨ ਤਾਂ ਬੇਅਦਬੀ ਦੀਆਂ ਘਟਨਾਵਾਂ ਦੇ ਨਾਲ-ਨਾਲ ਡਰੱਗ ਮਾਫੀਆ, ਰੇਤ ਅਤੇ ਟਰਾਂਸਪੋਰਟ ਮਾਫੀਆ ਮਜਬੂਤ ਕਰਨ ਦੇ ਦੋਸ਼ ਵੀ ਪਾਰਟੀ ਉੱਪਰ ਲੱਗਦੇ ਰਹੇ ਜਿਸ ਕਰਕੇ ਲੋਕਾਂ ਵਿਚ ਉਨਾਂ ਪ੍ਰਤੀ ਨਾਪਸੰਦਗੀ ਵਧ ਗਈ। ਮਾਲਵਾ ਖਿੱਤੇ ਨਾਲ ਸਬੰਧਤ ਪਾਰਟੀ ਦਾ ਕੋਰ ਅਧਾਰ ਸਿੱਖ ਅਤੇ ਪੇਂਡੂ ਪੰਜਾਬੀ ਆਮ ਆਦਮੀ ਪਾਰਟੀ ਵੱਲ ਮੁੜ ਗਏ ਹਨ। ਕੇਂਦਰ ਦੁਆਰਾ ਪਾਸ ਕੀਤੇ ਗਏ ਤਿੰਨ ਖੇਤੀ ਕਾਨੂੰਨਾਂ ਪ੍ਰਤੀ ਸ਼੍ਰੋਮਣੀ ਅਕਾਲੀ ਦਲ ਦੇ ਉੱਚ ਲੀਡਰਾਂ ਦੇ ਰਵੱਈਏ, ਜਿਨਾਂ ਨੂੰ ਪ੍ਰਕਾਸ਼ ਸਿੰਘ ਬਾਦਲ ਨੇ ਪਹਿਲਾਂ ਸਮਰਥਨ ਦਿੱਤਾ ਅਤੇ ਫਿਰ ਵਿਰੋਧ ਕੀਤਾ, ਨੇ ਵੀ ਲੋਕਾਂ ਦਾ ਪਾਰਟੀ ਤੋਂ ਮੋਹ ਭੰਗ ਕੀਤਾ।

ਹਾਲਾਂਕਿ ਪਾਰਟੀ ਨੇ ਅਸੈਂਬਲੀ ਚੋਣਾਂ ਦੀਆਂ ਤਿਆਰੀਆਂ ਪਿਛਲੇ ਵਰ੍ਹੇ ਹੀ ਆਰੰਭ ਦਿੱਤੀਆਂ ਸਨ ਅਤੇ ਦੂਜੀਆਂ ਪਾਰਟੀਆਂ ਤੋਂ ਪਹਿਲਾਂ ਹੀ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਸੀ, ਪਰ ਪਾਰਟੀ ਪਿਛਲੀਆਂ ਅਸੈਂਬਲੀ ਚੋਣਾਂ ਵਿਚ ਪੰਦਰਾਂ ਸੀਟਾਂ ਜਿੱਤਣ ਨੂੰ ਵੀ ਦੁਹਰਾਅ ਨਾ ਸਕੀ। ਭਾਵੇਂ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਲੀਡਰਸ਼ਿਪ ਨੂੰ ਆਪਣੇ ਨਾਲ ਤੋਰ ਲਿਆ, ਪਾਰਟੀ ਵਿਚ ਫੁੱਟ ਪੈਣ ਤੋਂ ਰੋਕੀ ਰੱਖੀ ਅਤੇ ਲਗਾਤਾਰ ਚੋਣ ਪ੍ਰਚਾਰ ਕੀਤਾ, ਪਰ ਇਸ ਦਾ ਕੋਈ ਬਹੁਤਾ ਅਸਰ ਨਾ ਹੋਇਆ।ਅਕਾਲੀ ਦਲ ਵਿਚ ਇਸ ਤਰ੍ਹਾਂ ਦੇ ਪਤਨ ਨੇ ਇਕ ਸਦੀ ਤੋਂ ਬਾਅਦ ਸਿੱਖ ਰਾਜਨੀਤੀ ਲਈ ਢਾਂਚਾਗਤ ਚੁਣੌਤੀਆਂ ਪੈਦਾ ਕਰ ਦਿੱਤੀਆਂ ਹਨ।ਸਿੱਖ ਪੰਥ ਇਕ ਸਦੀ ਪੁਰਾਣੀ ਰਾਜਨੀਤਿਕ ਜਥੇਬੰਦੀ ਦੇ ਲਗਭਗ ਖਤਮ ਹੋਣ ਦਾ ਸਾਹਮਣਾ ਕਰ ਰਿਹਾ ਹੈ।

ਅਸਲ ਵਿਚ, ਸਿੱਖ ਭਾਈਚਾਰਾ, ਜਿਨਾਂ ਵਿਚ ਬਾਦਲਾਂ ਦਾ ਵਿਰੋਧ ਕਰਨ ਵਾਲੇ ਵੀ ਸ਼ਾਮਿਲ ਹਨ, ਸੋਸ਼ਲ ਮੀਡੀਆ ਉੱਪਰ ਪਹਿਲਾਂ ਹੀ ਸ਼੍ਰੋਮਣੀ ਅਕਾਲੀ ਦਲ ਦੇ ਭਵਿੱਖ ਉੱਪਰ ਚਰਚਾ ਕਰ ਰਿਹਾ ਹੈ।ਸਿੱਖ ਪੰਥ ਰਾਜਨੀਤੀ ਵਿਚ ਆਪਣੀ ਭਾਗੀਦਾਰੀ ਪ੍ਰਮੁੱਖ ਰੂਪ ਵਿਚ ਅਕਾਲੀ ਦਲ ਰਾਹੀ ਹੀ ਕਰਦਾ ਆ ਰਿਹਾ ਹੈ। ਪਿਛਲੇ ਸੌ ਸਾਲਾਂ ਵਿਚ, ਇਕ ਤੋਂ ਬਾਅਦ ਇਕ ਅਕਾਲੀ ਧੜੇ ਇਕ ਦੂਜੇ ਦਾ ਸਥਾਨ ਲੈਂਦੇ ਰਹੇ, ਪਰ ਪਾਰਟੀ ਨੇ ਕਦੇ ਵੀ ਇਸ ਤਰ੍ਹਾਂ ਹੋਂਦ ਦੇ ਸੰਕਟ ਦਾ ਸਾਹਮਣਾ ਨਹੀਂ ਸੀ ਕੀਤਾ ਜਦੋਂ ਇਸ ਨੇ ਸਿੱਖਾਂ ਅਤੇ ਪੰਜਾਬ ਦੇ ਲੋਕਾਂ ਵਿਚ ਆਪਣਾ ਅਧਾਰ ਹੀ ਗੁਆ ਲਿਆ ਹੈ।

ਅਕਾਲੀ ਦਲ ਦੇ ਸੰਵਿਧਾਨ ਵਿਚ ਲਿਖਿਆ ਹੈ, 'ਸ਼੍ਰੋਮਣੀ ਅਕਾਲੀ ਦਲ ਖਾਲਸਾ ਪੰਥ ਦੀ ਰਾਜਨੀਤਿਕ ਤਰਜਮਾਨੀ ਕਰਨ ਵਾਲੀ ਇਕੋ ਇਕ ਸੰਸਥਾ ਹੈ।' ਸ਼੍ਰੋਮਣੀ ਅਕਾਲੀ ਦਲ ਦੀ 75ਵੀਂ ਵਰੇਗੰਢ ਮਨਾਉਣ ਮੌਕੇ ਫਰਵਰੀ 1996 ਵਿਚ ਹੋਈ ਮੋਗਾ ਕਾਨਫਰੰਸ ਤੱਕ ਪਾਰਟੀ ਦੀ ਇਹੀ ਪਛਾਣ ਰਹੀ, ਜੋ ਇਸ ਤੋਂ ਬਾਅਦ ਪੰਥਕ ਤੋਂ ਪੰਜਾਬੀ ਪਛਾਣ ਵੱਲ ਮੁੜ ਗਈ। ਦਸੰਬਰ 1998 ਦੇ ਆਖਰੀ ਹਫਤੇ ਫਤਿਹਗੜ੍ਹ ਸਾਹਿਬ ਵਿਚ ਬੋਲਦਿਆਂ ਵੱਡੇ ਬਾਦਲ ਨੇ ਇਹ ਦਾਅਵਾ ਕੀਤਾ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੋਮਣੀ ਅਕਾਲੀ ਦਲ ਦਾ ਹੀ ਇਕ ਹਿੱਸਾ ਹੈ।ਉਨਾਂ ਦਾ ਇਹ ਬਿਆਨ ਇਤਿਹਾਸਕ ਅਤੇ ਵਿਚਾਰਕ ਪੱਖੋਂ ਗਲਤ ਸੀ।ਇਹ ਉਸ ਸਮੇਂ ਦੀ ਸੱਚਾਈ ਨੂੰ ਬਿਆਨ ਕਰਦਾ ਹੈ ਜਦੋਂ ਸ਼੍ਰੋਮਣੀ ਅਕਾਲੀ ਦਲ ਉੱਪਰ ਉਸ ਦਾ ਪੂਰਣ ਨਿਯੰਤ੍ਰਣ ਹੋ ਗਿਆ ਸੀ ਅਤੇ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦੂਜੀਆਂ ਸਿੱਖ ਸੰਸਥਾਵਾਂ ਉੱਪਰ ਸਰਵਉੱਚ ਨਿਯੰਤ੍ਰਣ ਵੱਲ ਵਧ ਰਿਹਾ ਸੀ।ਸ਼੍ਰੋਮਣੀ ਅਕਾਲੀ ਦਲ ਗੁਰਦੁਆਰਾ ਸੁਧਾਰ ਅੰਦੋਲਨ ਦੀ ਉਪਜ ਸੀ ਅਤੇ ਇਸ ਦੀ ਸਥਾਪਨਾ 1920 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਮਕਾਰ ਨੂੰ ਦੇਖਣ ਲਈ ਹੋਈ ਸੀ। ਸਮੇਂ ਦੇ ਨਾਲ-ਨਾਲ ਇਸ ਨੇ ਸਰਗਰਮ ਰਾਜਨੀਤੀ ਵਿਚ ਕਦਮ ਰੱਖਿਆ।

ਅਕਾਲੀ ਦਲ ਹਮੇਸ਼ਾ ਹੀ ਸਿੱਖ ਰਾਜਨੀਤਿਕ ਪ੍ਰਵਚਨ (ਡਿਸਕੋਰਸ) ਦਾ ਅਟੁੱਟ ਅੰਗ ਰਿਹਾ ਹੈ।1954 ਵਿਚ ਜਦੋਂ ਕਾਂਗਰਸ ਪਾਰਟੀ ਅਕਾਲੀ ਦਲ ਦੁਆਰਾ ਦੋਇਮ ਰੋਲ ਅਦਾ ਕਰਨਾ ਚਾਹ ਰਹੀ ਸੀ, ਉਦੋਂ ਵੀ ਇਸ ਨੇ ਆਪਣੀਆਂ ਸ਼ਰਤਾਂ ਤੇ ਰਾਜਨੀਤੀ ਕੀਤੀ। ਮੁਲਕ ਦੀ ਵੰਡ ਸਮੇਂ ਹੋਈਆਂ ਬਹਿਸਾਂ ਵਿਚ ਅਕਾਲੀ ਦਲ ਦੇ ਲੀਡਰਾਂ ਨੇ ਸਿੱਖਾਂ ਦੀ ਪ੍ਰਤੀਨਿਧਤਾ ਕੀਤੀ।ਸ਼੍ਰੋਮਣੀ ਅਕਾਲੀ ਦਲ ਅਤੇ ਸਿੱਖਾਂ ਨੂੰ ਬੀਤੇ ਵਿਚ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ, ਪਰ ਉਨਾਂ ਨੇ ਇਹਨਾਂ ਦਾ ਸਾਹਮਣਾ ਕੀਤਾ ਅਤੇ ਸਰ ਕੀਤਾ।ਪਰ ਮੌਜੂਦਾ ਸਥਿਤੀ ਨੇ ਅਕਾਲੀ ਦਲ ਅਤੇ ਇਸ ਦੀ ਲੀਡਰਸ਼ਿਪ ਦੇ ਭਵਿੱਖ ਉੱਪਰ ਸੁਆਲ ਖੜਾ ਕਰ ਦਿੱਤਾ ਹੈ।ਅਕਾਲੀ ਲੀਡਰਸ਼ਿਪ ਹੀ ਇਸ ਸੰਕਟ ਲਈ ਜ਼ਿੰਮੇਵਾਰ ਹੈ।1947 ਤੋਂ ਲੈ ਕੇ 1954 ਤੱਕ ਅਕਾਲੀ ਦਲ ਅਤੇ ਕਾਂਗਰਸ ਵਿਚ ਦੋਹਰੀ ਮੈਂਬਰਸ਼ਿਪ ਹੁੰਦੀ ਸੀ ਅਤੇ ਅਕਾਲੀ ਦਲ ਨੇ ਉਸ ਸਮੇਂ ਰਾਸ਼ਟਰੀ ਪਾਰਟੀ ਨਾਲ ਸਹਿਯੋਗ ਕੀਤਾ।ਪਰ ਮਾਸਟਰ ਤਾਰਾ ਸਿੰਘ ਅਤੇ ਹੋਰ ਅਕਾਲੀ ਨੇਤਾਵਾਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਪਹਿਚਾਣ ਨੂੰ ਵੱਖਰਾ ਰੱਖਿਆ ਅਤੇ ਇਸ ਦੇ ਰਾਜਨੀਤਿਕ ਰੋਲ ਨੂੰ ਬਚਾਈ ਰੱਖਿਆ।

ਇਨਾਂ ਚੋਣਾਂ ਵਿਚ ਵੱਡੀ ਹਾਰ ਤੋਂ ਬਾਅਦ ਸਿੱਖ ਹਲਕਿਆਂ ਵਿਚ ਇਸ ਵਿਚ ਢਾਂਚਾਗਤ ਤਬਦੀਲੀਆਂ ਲੈ ਕੇ ਆਉਣ ਲਈ ਸਰੋਕਾਰ ਜ਼ਾਹਿਰ ਕੀਤੇ ਜਾ ਰਹੇ ਹਨ। ਦੇਸ਼ ਅਤੇ ਵਿਦੇਸ਼ ਵਿਚ ਸਿੱਖਾਂ ਨਾਲ ਸਬੰਧਤ ਸਮਾਜਿਕ, ਧਾਰਮਿਕ, ਰਾਜਨੀਤਿਕ ਮਸਲਿਆਂ ਉੱਪਰ ਅਕਾਲੀ ਦਲ ਦੁਆਰਾ ਸਿੱਖਾਂ ਵਲੋਂ ਬੋਲਣ ਦੀ ਤਵੱਕੋ ਕੀਤੀ ਜਾਂਦੀ ਹੈ।ਪਰ ਪਾਰਟੀ ਇਸ ਸਮੇਂ ਆਪਣੀ ਹੋਂਦ ਦੇ ਸੰਕਟ ਨਾਲ ਜੂਝ ਰਹੀ ਹੈ ਕਿਉਂਕਿ ਬਰਗਾੜੀ ਕੇਸ ਅਤੇ ਬਹਿਬਲ ਕਲਾਂ ਪੁਲਿਸ ਗੋਲੀ ਕਾਂਡ ਤੋਂ ਬਾਅਦ ਅਤੇ ਪਾਰਟੀ ਉੱਪਰ ਉਨਾਂ ਦੇ ਪੂਰਣ ਨਿਯੰਤ੍ਰਣ ਕਰਕੇ ਸਿੱਖਾਂ ਦਾ ਪ੍ਰਮੁੱਖ ਹਿੱਸਾ ਬਾਦਲਾਂ ਦਾ ਵਿਰੋਧੀ ਹੋ ਗਿਆ ਹੈ। ਹੁਣ ਅਕਾਲੀ ਦਲ ਦੇ ਭਵਿੱਖ ਲਈ ਬਾਦਲਾਂ ਦੇ ਵਿਰੋਧੀਆਂ ਵਲੋਂ ਵੀ ਚਿੰਤਾ ਜਤਾਈ ਜਾ ਰਹੀ ਹੈ।ਅਕਾਲ ਤਖ਼ਤ ਦੇ ਜੱਥੇਦਾਰ ਦੁਆਰਾ ਕੀਤੀ ਅਪੀਲ ਨੂੰ ਵੀ ਸੋਸ਼ਲ ਮੀਡੀਆ ਉੱਪਰ ਆਲੋਚਨਾ ਸਹਿਣੀ ਪਈ ਕਿਉਂਕਿ ਇਸ ਨੂੰ ਬਾਦਲ ਲੀਡਰਸ਼ਿਪ, ਜੋ ਇਸ ਸੰਕਟ ਲਈ ਪ੍ਰਮੁੱਖ ਰੂਪ ਵਿਚ ਜ਼ਿੰਮੇਵਾਰ ਹਨ, ਨੂੰ ਬਚਾਉਣ ਦੀ ਕੋਸ਼ਿਸ਼ ਦੇ ਰੂਪ ਵਿਚ ਦੇਖਿਆ ਗਿਆ।ਪੰਜਾਬ ਦੀ ਖੇਤਰੀ ਪਾਰਟੀ ਅਕਾਲੀ ਦਲ ਨੂੰ ਮਹਿਜ਼ ਤਿੰਨ ਸੀਟਾਂ ਮਿਲਣਾ ਪਾਰਟੀ ਦੀ ਹੋਂਦ ਦੇ ਗਹਿਰੇ ਸੰਕਟ ਨੂੰ ਦਿਖਾਉਂਦਾ ਹੈ। ਜੇਕਰ ਅਕਾਲੀ ਦਿੱਲੀ ਦੀ ਕਾਂਗਰਸ ਵਾਲਾ ਰਾਹ ਨਹੀਂ ਅਖ਼ਤਿਆਰ ਕਰਨਾ ਚਾਹੁੰਦੇ, ਜਿਨਾਂ ਕੋਲ ਅਸੈਂਬਲੀ ਵਿਚ ਕੋਈ ਮੈਂਬਰ ਨਹੀਂ ਬਚਿਆ ਤਾਂ ਉਨਾਂ ਨੂੰ ਨਵੇਂ ਸਿਰੇ ਤੋਂ ਸੋਚਣ ਅਤੇ ਸ਼ੁਰੂਆਤ ਕਰਨ ਦੀ ਲੋੜ ਹੈ।

# ਨਵੀਂ ਪੰਜਾਬ ਸਰਕਾਰ ਲੋਕ-ਪੱਖੀ ਨੀਤੀਆਂ ਬਣਾਵੇ

**ਡਾ. ਰਣਜੀਤ ਸਿੰਘ ਘੁੰਮਣ**

**ਸੰਪਰਕ : 98722-20714**

ਪੰਜਾਬ ਦੇ ਲੋਕਾਂ ਨੇ ਸਥਾਪਤ ਸਿਆਸੀ ਪਾਰਟੀਆਂ ਦੇ ਵੱਡੇ ਥੰਮ ਗਿਰਾ ਕੇ ਅਤੇ ਉਨਾਂ ਦੀਆਂ ਨਾਮ-ਨਿਹਾਦ ਮਜ਼ਬੂਤ ਨੀਹਾਂ ਹਿਲਾ ਕੇ ਇਤਿਹਾਸ ਸਿਰਜਿਆ ਹੈ। ਹੁਣ ਆਮ ਆਦਮੀ ਪਾਰਟੀ ਦੀ ਜ਼ਿੰਮੇਵਾਰੀ ਹੈ ਕਿ ਉਹ ਪੰਜਾਬ ਦੇ ਸਮਾਜਿਕ, ਆਰਥਿਕ ਅਤੇ ਸਿਆਸੀ ਵਿਕਾਸ ਵਿਚ ਨਵਾਂ ਇਤਿਹਾਸ ਸਿਰਜਣ। ਆਪਣੇ ਪਹਿਲੇ ਸੁਨੇਹੇ ਵਿਚ ਮੁੱਖ ਮੰਤਰੀ ਨੇ ਇਹ ਮੰਨਿਆ ਵੀ ਹੈ। ਨਾਲ ਹੀ ਉਨਾਂ ਭ੍ਰਿਸ਼ਟਾਚਾਰ ਜਿਹੀ ਨਾ-ਮੁਰਾਦ ਬਿਮਾਰੀ ਨੂੰ ਜੜੋਂ ਖਤਮ ਕਰਨ ਦਾ ਭਰੋਸਾ ਵੀ ਦਿਵਾਇਆ ਹੈ। ਹੁਣ ਦੇਖਣਾ ਇਹ ਹੈ ਕਿ 'ਝਾੜੂ' ਪੰਜਾਬ ਦੇ ਸਮੁੱਚੇ ਸਿਸਟਮ ਦੀ ਸਫਾਈ ਕਰਨ ਵਿਚ ਕਿਸ ਹੱਦ ਤੱਕ ਕਾਮਯਾਬ ਹੁੰਦਾ ਹੈ! ਭਗਵੰਤ ਮਾਨ, ਉਨਾਂ ਦੇ ਮੰਤਰੀ ਮੰਡਲ ਅਤੇ ਚੁਣੇ ਹੋਏ ਵਿਧਾਇਕਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਯੋਜਨਾਬੱਧ ਤਰੀਕੇ ਨਾਲ ਪੰਜਾਬ ਦੇ ਸਰਵਪੱਖੀ ਵਿਕਾਸ ਦੀ ਰੂਪ-ਰੇਖਾ (ਰੋਡਮੈਪ) ਤਿਆਰ ਕਰਨ ਅਤੇ ਪੂਰੀ ਵਚਨਬੱਧ ਹੋ ਕੇ ਲਾਗੂ ਕਰਨ। ਰੋਡਮੈਪ ਤਿਆਰ ਕਰਨ ਲਈ ਵਿਦੇਸ਼ੀ ਮਾਹਿਰਾਂ ਅਤੇ ਵਿਦੇਸ਼ੀ ਸਲਾਹਕਾਰ ਕੰਪਨੀਆਂ (ਜਿਨਾਂ ਦਾ ਮੁੱਖ ਮਕਸਦ ਪੈਸਾ ਬਟੋਰਨਾ ਹੈ) ਦੀ ਸਲਾਹ ਲੈਣ ਦੀ ਥਾਂ ਪੰਜਾਬ ਦੇ ਬੌਧਿਕ ਸਰੋਤਾਂ (ਯੂਨੀਵਰਸਿਟੀਆਂ, ਖੋਜ ਸੰਸਥਾਵਾਂ ਤੇ ਕਾਲਜਾਂ ਅਤੇ ਮਾਹਿਰਾਂ ਨੂੰ ਪਹਿਲ ਦੇਣ ਦੀ ਲੋੜ ਹੈ ਕਿਉਂਕਿ ਉਹ ਪੰਜਾਬ ਦੇ ਬੁਨਿਆਦੀ ਮਸਲਿਆਂ ਦੀ ਨਿਸ਼ਾਨਦੇਹੀ ਅਤੇ ਹੱਲ ਜ਼ਿਆਦਾ ਬਿਹਤਰ ਦੇ ਸਕਦੇ ਹਨ।

ਨਵੀਂ ਸਰਕਾਰ ਨੂੰ ਚਾਹੀਦਾ ਹੈ ਕਿ ਪੰਜਾਬ ਰਾਜ ਯੋਜਨਾ ਬੋਰਡ ਨੂੰ ਸਹੀ ਅਰਥਾਂ ਵਿਚ ਕਿਰਿਆਸ਼ੀਲ ਬਣਾਏ ਅਤੇ ਨਾਲ ਹੀ ਮੁੱਖ ਮੰਤਰੀ (ਮਾਹਿਰਾਂ ਦੀ ਸ਼ਮੂਲੀਅਤ ਨਾਲ) ਸਲਾਹਕਾਰ ਕਮੇਟੀ ਬਣਾਉਣ ਅਤੇ ਉਸ ਨਾਲ ਲਗਾਤਾਰ ਸਲਾਹ ਮਸ਼ਵਰੇ ਕਰਨ। ਪਹਿਲੀਆਂ ਸਰਕਾਰਾਂ ਨੇ 'ਘਰ ਦਾ ਯੋਗੀ ਜੋਗੜਾ, ਬਾਹਰ ਦਾ ਯੋਗੀ ਸਿੱਧ' ਵਾਲੀ ਨੀਤੀ ਤੇ ਚੱਲਦਿਆਂ ਪੰਜਾਬ ਦੇ ਬੁੱਧੀਜੀਵੀਆਂ ਅਤੇ ਮਾਹਿਰਾਂ ਦੀ ਸਲਾਹ ਘੱਟ ਹੀ ਲਈ ਹੈ। ਫਲਸਰੂਪ ਮਾਹਿਰਾਂ ਅਤੇ ਸਰਕਾਰ ਵਿਚਕਾਰ ਕੋਈ ਅਰਥ ਭਰਪੂਰ ਸਬੰਧ ਨਹੀਂ ਬਣ ਸਕੇ। ਪਹਿਲੀਆਂ ਸਰਕਾਰਾਂ ਨੇ ਤਾਂ ਯੋਜਨਾ ਬੋਰਡ (ਜਿਸ ਦਾ ਚੇਅਰਮੈਨ ਮੁੱਖ ਮੰਤਰੀ ਖੁਦ ਹੁੰਦਾ ਹੈ) ਨੂੰ ਵੀ ਕਦੀ ਕਿਰਿਆਸ਼ੀਲ ਨਹੀਂ ਹੋਣ ਦਿੱਤਾ, ਕਿਰਿਆਸ਼ੀਲ ਹੋਣਾ ਤਾਂ ਛੱਡੋ, ਇਸ ਨੂੰ ਬੇਜਾਨ ਜਿਹੀ ਸੰਸਥਾ ਬਣਾ ਕੇ ਰੱਖ ਦਿੱਤਾ। ਸਿਆਸੀ ਪਾਰਟੀਆਂ ਅਤੇ ਉਨਾਂ ਦੇ ਨੇਤਾਵਾਂ ਪ੍ਰਤੀ ਲੋਕਾਂ ਦੇ ਮਨਾਂ ਅੰਦਰ ਭਰੋਸੇਯੋਗਤਾ ਨੂੰ ਖੋਰਾ ਲੱਗ ਚੁੱਕਾ ਹੈ। ਆਮ ਆਦਮੀ ਪਾਰਟੀ ਦੀ ਇਤਿਹਾਸਕ ਜਿੱਤ ਵਿਚ ਸਥਾਪਤ ਪਾਰਟੀਆਂ ਦੇ ਵੱਕਾਰ ਨੂੰ ਲੱਗੇ ਖੋਰੇ ਦੀ ਵੱਡੀ ਭੂਮਿਕਾ ਹੈ। ਉਮੀਦ ਹੈ, ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਨਾ ਕੇਵਲ ਸਿਆਸੀ ਵੱਕਾਰ ਬਹਾਲ ਕਰੇਗੀ ਸਗੋਂ ਉਸ ਨੂੰ ਮਜ਼ਬੂਤ ਨੀਹਾਂ ਉਪਰ ਉਸਾਰੇਗੀ। ਸਿਆਸੀ ਵੱਕਾਰ ਅਤੇ ਭਰੋਸੇਯੋਗਤਾ ਕਹਿਣੀ ਨਾਲ ਨਹੀਂ, ਕਰਨੀ ਨਾਲ ਬਣਦੇ ਹਨ। ਵਿਧਾਨ ਸਭਾ ਵਿਚ ਪਹਿਲੀ ਵਾਰ ਬਣੇ 86 ਵਿਧਾਇਕਾਂ ਵਿਚੋਂ 80 ਆਪ ਦੇ ਹਨ। ਉਨਾਂ ਵਿਚ ਕਾਫੀ ਵੱਡੀ ਗਿਣਤੀ ਪੜ੍ਹੇ ਲਿਖੇ ਨੌਜਵਾਨਾਂ ਦੀ ਹੈ। ਅਜਿਹੇ ਵਿਧਾਇਕਾਂ ਤੋਂ ਵੱਧ ਉਮੀਦ ਕੀਤੀ ਜਾ ਸਕਦੀ ਹੈ ਕਿਉਂਕਿ ਉਨਾਂ ਨੇ ਇਸ ਰਸਤੇ ਉਪਰ ਲੰਮੇ ਸਮੇਂ ਲਈ ਤੁਰਨਾ ਹੈ। ਚੰਗਾ ਹੋਵੇਗਾ ਜੇ ਸਾਰੇ ਨਵੇਂ ਵਿਧਾਇਕਾਂ ਦਾ ਇਕ ਹਫਤੇ ਦਾ ਓਰੀਐਂਟੇਸ਼ਨ ਕੋਰਸ ਲਾਇਆ ਜਾਵੇ ਤਾਂ ਕਿ ਉਹ ਵਿਧਾਇਕ ਦੇ ਤੌਰ ਤੇ ਆਪੋ-ਆਪਣੀ ਜ਼ਿੰਮੇਵਾਰੀ ਅਰਥ-ਭਰਪੂਰ ਤਰੀਕੇ ਨਾਲ ਨਿਭਾਅ ਸਕਣ। ਅਜਿਹਾ ਕਰਨਾ ਜਿਥੇ ਪੰਜਾਬ ਦੇ ਲੋਕਾਂ ਦੀ ਲੋੜ ਹੈ ਉਥੇ ਵਿਧਾਇਕਾਂ ਦੀ ਆਪਣੀ ਜ਼ਰੂਰਤ ਵੀ ਹੈ, ਜੇ ਉਹ ਸੱਚਮੁੱਚ ਆਪਣੇ ਸਿਆਸੀ ਜੀਵਨ ਨੂੰ ਹੰਢਣਸਾਰ ਬਣਾਉਣਾ ਚਾਹੁੰਦੇ ਹਨ ਅਤੇ ਆਮ ਆਦਮੀ ਪਾਰਟੀ ਨੂੰ ਹੋਰ ਰਾਜਾਂ ਵਿਚ ਵੀ ਸਥਾਪਤ ਕਰਨਾ ਚਾਹੁੰਦੇ ਹਨ।

ਸਭ ਤੋਂ ਪਹਿਲਾਂ ਮੁੱਦਾ ਹੈ ਕਿ ਦ੍ਰਿੜ ਸਿਆਸੀ ਸ਼ਕਤੀ ਦੇ ਪ੍ਰਗਟਾਵੇ ਰਾਹੀਂ ਸਰਕਾਰ ਨੂੰ ਵਿਕਾਸ ਮੁਖੀ ਕਿਵੇਂ ਬਣਾਇਆ ਜਾਵੇ? ਅਜਿਹਾ ਕਰਨ ਲਈ ਜ਼ਿਆਦਾ ਵਿੱਤੀ ਸਾਧਨਾਂ ਦੀ ਜ਼ਰੂਰਤ ਨਹੀਂ। ਭ੍ਰਿਸ਼ਟਾਚਾਰ ਨੂੰ ਠੱਲ ਪਾਉਣ, ਮਾਫੀਆ ਰਾਜ ਦਾ ਖਾਤਮਾ, ਅਮਨ-ਕਾਨੂੰਨ ਦੀ ਬਹਾਲੀ ਅਤੇ ਨਸ਼ਿਆਂ ਦਾ ਲੱਕ ਤੋੜਨ ਲਈ ਵੀ ਵਿੱਤੀ ਸਾਧਨ ਨਹੀਂ ਸਗੋਂ ਦ੍ਰਿੜ ਸਿਆਸੀ ਤੇ ਪ੍ਰਸ਼ਾਸਕੀ ਇੱਛਾ ਸ਼ਕਤੀ ਦੀ ਲੋੜ ਹੈ। ਜੇ ਨਵੀਂ ਸਰਕਾਰ ਆਪਣੇ ਕਾਰਜਕਾਲ ਦੇ ਪਹਿਲੇ ਦੋ-ਤਿੰਨ ਮਹੀਨਿਆਂ ਵਿਚ ਲੋਕਾਂ ਨੂੰ ਅਰਥ-ਭਰਪੂਰ ਸੁਨੇਹਾ ਭੇਜਣ ਵਿਚ ਕਾਮਯਾਬ ਹੋ ਜਾਂਦੀ ਹੈ ਤਾਂ ਇਹ ਵੱਡੀ ਪ੍ਰਾਪਤੀ ਹੋਵੇਗੀ।

ਆਰਥਿਕ ਮੁੱਦਿਆਂ ਵਿਚੋਂ ਸਭ ਤੋਂ ਅਹਿਮ ਸਰਕਾਰੀ ਖਜ਼ਾਨੇ ਵਿਚ ਹੋਰ ਵਿੱਤੀ ਸਾਧਨ ਲਿਆਉਣ ਦਾ ਹੈ। ਪੰਜਾਬ ਸਰਕਾਰ ਇਸ ਵਕਤ ਗੰਭੀਰ ਵਿੱਤੀ ਸੰਕਟ ਵਿਚੋਂ ਗੁਜ਼ਰ ਰਹੀ ਹੈ। ਸਰਕਾਰ ਪਾਸ ਨਿਵੇਸ਼ ਲਈ ਕੋਈ ਪੂੰਜੀ ਨਹੀਂ। ਇਸ ਨੂੰ ਆਪਣਾ ਕੰਮ ਚਲਾਉਣ ਅਤੇ ਸਬਸਿਡੀਆਂ ਦੀ ਅਦਾਇਗੀ ਵੀ ਕਰਜ਼ਾ ਲੈ ਕੇ ਕਰਨੀ ਪੈ ਰਹੀ ਹੈ। ਸਰਕਾਰ ਦਾ ਵਿੱਤੀ ਘਾਟਾ ਵੀ ਵਧ ਰਿਹਾ ਹੈ। ਸਰਕਾਰੀ ਕਰਜ਼ਾ 2000-01 ਵਿਚ 29099 ਕਰੋੜ ਰੁਪਏ ਤੋਂ ਵਧ ਕੇ 2021-22 ਵਿਚ 2,82,000 ਕਰੋੜ ਰੁਪਏ ਹੋ ਗਿਆ ਜੋ ਪੰਜਾਬ ਦੀ ਸਮੁੱਚੀ ਆਮਦਨ ਦਾ 42 ਫ਼ੀਸਦ ਅਤੇ ਸਰਕਾਰ ਦੀ ਚਲੰਤ ਲੇਖਾ ਆਮਦਨ ਦਾ ਤਕਰੀਬਨ 350 ਫ਼ੀਸਦ (ਸਾਢੇ ਚਾਰ ਗੁਣਾ) ਬਣਦਾ ਹੈ। ਇਹ 30 ਕੁ ਸਾਲਾਂ ਤੋਂ ਵੱਖ ਵੱਖ ਸਰਕਾਰਾਂ ਦੀ ਵਿਕਾਸ ਪ੍ਰਤੀ ਪ੍ਰਖਤਾ ਪਹੁੰਚ ਨਾ ਹੋਣ ਦਾ ਨਤੀਜਾ ਹੈ। ਪੰਜਾਬ ਦੀ ਵਿਕਾਸ ਦਰ (ਜੋ 16 ਰਾਜਾਂ ਤੋਂ ਹੇਠਾਂ ਹੈ) ਅਤੇ ਪ੍ਰਤੀ ਜੀਅ ਆਮਦਨ (ਜੋ 18 ਰਾਜਾਂ ਤੋਂ ਹੇਠਾਂ ਹੈ) ਵਧਾਉਣ ਲਈ ਵੀ ਵਿੱਤ ਅਤੇ ਨਿਵੇਸ਼ ਦੀ ਲੋੜ ਹੈ।

ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਦਾ ਇੰਤਜ਼ਾਮ ਭਾਵੇਂ ਹਰ ਕਲਿਆਣਕਾਰੀ ਸਰਕਾਰ ਕਰਦੀ ਹੈ, ਫਿਰ ਵੀ ਅਜਿਹੀਆਂ ਸਹੂਲਤਾਂ ਅਜਿਹੇ ਵਰਗਾਂ ਨੂੰ ਹੀ ਦਿੱਤੀਆਂ ਜਾਣ ਜਿਨਾਂ ਨੂੰ ਜ਼ਰੂਰੀ ਹਨ। ਕਿਸੇ ਵੀ ਹਾਲਤ ਵਿਚ ਅਮੀਰ ਵਰਗ ਨੂੰ ਨਾ ਤਾਂ ਕੋਈ ਸਬਸਿਡੀ ਅਤੇ ਨਾ ਹੀ ਕੋਈ ਮੁਫ਼ਤ ਸਹੂਲਤ ਦੇਣੀ ਚਾਹੀਦੀ ਹੈ। ਇਕ ਵਿਧਾਇਕ ਇਕ ਪੈਨਸ਼ਨ ਦਾ ਫਾਰਮੂਲਾ ਜਿਥੇ ਸਰਕਾਰੀ ਖਜ਼ਾਨੇ ਤੇ ਬੋਝ ਘੱਟ ਕਰੇਗਾ, ਉਥੇ ਹਾਂ-ਪੱਖੀ ਸੁਨੇਹਾ ਵੀ ਭੇਜੇਗਾ। ਲੋੜ ਹੈ ਲੋਕਾਂ ਨੂੰ ਸਿਹਤਮੰਦ, ਸਿੱਖਿਅਤ ਅਤੇ ਹੁਨਰਮੰਦ ਬਣਾ ਕੇ ਰੁਜ਼ਗਾਰ ਦੇ ਕਾਬਿਲ ਬਣਾਉਣਾ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਕੇ ਲੋਕਾਂ ਨੂੰ ਬਾ-ਰੁਜ਼ਗਾਰ ਕਰਨਾ। ਸਹੀ ਅਰਥਾਂ ਵਿਚ ਵਿਕਾਸ ਕਰਨ ਲਈ ਇਸ ਤੋਂ ਬਿਨਾਂ ਹੋਰ ਕੋਈ ਰਸਤਾ ਨਹੀਂ।

ਸਰਕਾਰੀ ਖਜ਼ਾਨੇ ਵਿਚ ਜੋ ਵੀ ਪੈਸਾ ਆ ਸਕਦਾ ਹੈ, ਜ਼ਰੂਰ ਲਿਆਉਣਾ ਚਾਹੀਦਾ ਹੈ। ਮਾਹਿਰਾਂ ਦੇ ਅੰਦਾਜ਼ਿਆਂ ਮੁਤਾਬਿਕ ਸਰਕਾਰ ਕੋਈ ਵੀ ਨਵਾਂ ਟੈਕਸ ਲਾਉਣ ਤੋਂ ਬਿਨਾਂ ਹਰ ਸਾਲ 25 ਤੋਂ 28 ਹਜ਼ਾਰ ਕਰੋੜ ਰੁਪਏ ਵੱਧ ਰਾਸ਼ੀ ਇਕੱਠੀ ਕਰ ਸਕਦੀ ਹੈ। ਇਸ ਤੋਂ ਇਲਾਵਾ ਸਬਸਿਡੀਆਂ, ਮੁਫ਼ਤ ਸਹੂਲਤਾਂ ਅਤੇ ਕਰਾਂ ਨੂੰ ਤਰਕਸੰਗਤ ਬਣਾ ਕੇ 10 ਤੋਂ 12 ਹਜ਼ਾਰ ਕਰੋੜ ਰੁਪਏ ਦੇ ਆਸਪਾਸ ਬਚਾਏ ਜਾ ਸਕਦੇ ਹਨ। ਇਹ ਰਾਸ਼ੀ ਵਿਕਾਸ ਲਈ ਵਰਤੀ ਜਾ ਸਕਦੀ ਹੈ। ਤਰਕਹੀਣ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਖਜ਼ਾਨੇ ਉਪਰ ਬੇਲੋੜਾ ਵਿੱਤੀ ਭਾਰ ਵਧਾਉਣ ਤੋਂ ਇਲਾਵਾ ਲੋਕਾਂ ਦੇ ਸਵੈ-ਮਾਣ ਨੂੰ ਸੱਟ ਵੀ ਮਾਰਨਗੀਆਂ ਜੋ ਲੰਮੇ ਸਮੇਂ ਵਿਚ ਉਲਟ-ਵਿਕਾਸ ਸਾਬਤ ਹੋਣਗੀਆਂ। ਵਿੱਤ ਅਤੇ ਟੈਕਸ ਮੰਤਰਾਲਿਆ ਨੂੰ ਇੱਕ ਮੰਤਰਾਲਾ ਬਣਾਉਣ ਨਾਲ ਵੀ ਖਰਚੇ ਅਤੇ ਆਮਦਨ ਵਿਚ ਵੱਧ ਕਾਰਜਕੁਸ਼ਲਤਾ ਆ ਸਕਦੀ ਹੈ। ਮੁਢਲੀ ਤਨਖਾਹ ਤੇ ਰੁਜ਼ਗਾਰ ਦੇਣ ਜਿਹੀ ਮਾੜੀ ਪ੍ਰਥਾ ਵੀ ਬੰਦ ਕੀਤੀ ਜਾ ਸਕਦੀ ਹੈ।

ਬੇਰੁਜ਼ਗਾਰੀ ਦੂਜੀ ਵੱਡੀ ਚੁਣੌਤੀ ਹੈ। ਕੇਂਦਰ ਸਰਕਾਰ ਦੇ ਅੰਕੜਿਆਂ ਮੁਤਾਬਿਕ ਪੰਜਾਬ ਵਿਚ ਬੇਰੁਜ਼ਗਾਰੀ ਦੀ ਦਰ ਤਕਰੀਬਨ 8 ਫ਼ੀਸਦ ਹੈ ਜਦਕਿ ਦੇਸ਼ ਦੀ ਔਸਤਨ ਬੇਰੁਜ਼ਗਾਰੀ ਦੀ ਦਰ 6 ਫ਼ੀਸਦ ਹੈ। ਬਾਕੀ ਸਫ਼ਾ 35 'ਤੇ

# ਪੰਜਾਬ ਨੂੰ ਭਗਵੇਂ ਰੰਗ 'ਚ ਰੰਗਣ ਦਾ ਆਗਾਜ਼

**ਬਿੱਟੂ ਅਰਪਿੰਦਰ ਸਿੰਘ**
**ਸੇਖੋਂ ਫਰੈਂਕਫੋਰਟ**

ਬਿਨਾਂ ਸ਼ੱਕ ਅਕਾਲੀਆਂ ਨੇ ਆਰ ਐਸ ਐਸ ਦੇ ਏਜੰਡੇ ਨੂੰ ਲਾਗੂ ਕਰਨ ਦਾ ਬੀੜਾ ਬੜੇ ਅਰਸੇ ਤੋਂ ਚੁੱਕਿਆ ਹੋਇਆ ਸੀ ਤੇ ਹੌਲੀ ਹੌਲੀ ਉਹ ਕਿਸੇ ਹੱਦ ਤੱਕ ਕਾਮਯਾਬ ਵੀ ਹੋ ਗਏ। ਸਿੱਖ ਪੰਥ ਤੇ ਪੰਜਾਬ ਨੂੰ ਪਿਛਲੇ ਕੁੱਝ ਸਮੇਂ ਤੋਂ ਬਹੁਤ ਕੁਝ ਝੱਲਣਾ ਪਿਆ ਤੇ ਆਖਿਰ ਗੁਰੂ ਨੇ ਨਾਂ ਸਿੱਖੀ ਦਾ ਘਾਣ ਕਰਨ ਵਾਲੇ ਇਨਾਂ ਸਿਆਸੀ ਲੋਕਾਂ ਨੂੰ ਨਾ ਘਰ ਦੇ ਛੱਡੇ ਨਾ ਘਾਟ ਦੇ।

ਪੰਜਾਬ ਦੇ ਲੋਕਾਂ ਨੂੰ ਮਰਦਿਆਂ ਨੂੰ ਹੀ ਅੱਕ ਚੱਬਣਾ ਪਿਆ ਤੇ ਉਨਾਂ ਘਰ-ਦਿਆਂ ਭੇਤੀਆਂ ਦੇ ਮਖੌਟੇ ਲਾਹ ਕੇ ਸਿੱਧੇ ਤੌਰ 'ਤੇ ਦੁਸ਼ਮਣ ਦੀ ਚੋਣ ਕਰ ਲਈ। ਦੁਸ਼ਮਣ ਏਨਾ ਬੇਸਬਰਾ ਨਿਕਲਿਆ ਕਿ ਆਉਂਦਿਆਂ ਚੰਦ ਚਾੜਨੇ ਸ਼ੁਰੂ ਕਰ ਦਿੱਤੇ। ਸ਼ੇਰੇ ਪੰਜਾਬ ਦੀ ਮਹਾਰਾਜਾ ਰਣਜੀਤ ਸਿੰਘ ਜੀ ਦੀ ਤਸਵੀਰ ਦੀ ਜਗਾ ਰਾਸ਼ਟਰ ਭਗਤ ਦੀ ਮੂਰਤ ਨੇ ਲੈ ਲਈ। ਲੋਕਾਂ ਦੇ ਚੁਣੇ ਹੋਏ ਆਮ ਆਦਮੀਆਂ ਨੂੰ ਪੁੱਛੇ ਬਗੈਰ ਆਪਣੇ ਪੰਜ ਖ਼ਾਸ ਆਦਮੀ ਰਾਜ ਸਭਾ ਵਿਚ ਭੇਜ ਦਿੱਤੇ ਜਿਨਾਂ ਦਾ ਪੰਜਾਬ ਪੰਜਾਬੀਅਤ ਦੇ ਨਾਲ ਕੋਈ ਦੂਰ ਦਾ ਵੀ ਵਾਹ ਵਾਸਤਾ ਨਹੀਂ। ਲੋਕਾਂ ਦੇ ਚੁਣੇ ਹੋਏ ਆਮ ਆਦਮੀ ਜਿਨਾਂ 'ਚੋਂ ਕਈਆਂ ਨੇ ਚੰਡੀਗੜ ਹੀ ਪਹਿਲੀ ਵਾਰ ਵੇਖਿਆ ਤੇ ਲਾਲੇ ਕੇਜਰੀਵਾਲ ਨੇ ਇਹ ਕਹਿ ਕੇ **Silent Mode** 'ਤੇ ਲਾ ਦਿੱਤੇ ਕਿ ਕੋਈ ਵੀ ਸੀਟ ਪੱਕੀ ਨਾਂ ਸਮਝੇ। ਭਾਵ ਸਾਰੇ ਹੀ 'ਰੋਟੀਆਂ ਕਾਰਨ ਪੂਰੇ ਤਾਲ' ਮੋਨ ਵਰਤ ਤੇ ਨੇ ਕੱਲ ਦਾ ਪਤਾ ਨਹੀਂ ਕਿਹਦੀ ਆਤਮਾ ਜਾਗਦੀ ਗੁਰੂ ਜਾਣੇ।

ਆਪਣੇ ਆਪ ਨੂੰ ਆਮ ਆਦਮੀ ਪਾਰਟੀ ਦਸ ਰਹੀ ਬੀ.ਜੇ.ਪੀ ਦੀ ਬੀ ਟੀਮ ਵੀ ਆਰ ਐਸ ਐਸ ਦਾ ਇਕ ਲੁਕਵਾਂ ਵਿੰਗ ਹੈ ਇਸ ਅਖੌਤੀ ਆਮ ਆਦਮੀ ਪਾਰਟੀ ਅੰਦਰ ਸਿੱਖਾਂ ਪ੍ਰਤੀ ਕੋਈ ਹਮਦਰਦੀ ਨਹੀ ਹੈ ਕੇਵਲ ਤੇ ਕੇਵਲ ਹਿੰਦੂ ਚਿਹਰਿਆਂ ਨੂੰ ਚੰਗੀਆਂ ਪੋਸਟਾਂ 'ਤੇ ਤਾਇਨਾਤ ਕੀਤਾ ਜਾ ਰਿਹਾ ਹੈ ਜਿਵੇਂਕਿ ਪੰਜਾਬ ਦੇ ਚੀਫ ਸੈਕਟਰੀ, ਪ੍ਰਿੰਸੀਪਲ ਸੈਕਟਰੀ ਹੋਮ, ਪ੍ਰਿੰਸੀਪਲ ਸੈਕਟਰੀ ਸੀ.ਐਮ ਪੰਜਾਬ, ਡੀ.ਜੀ.ਪੀ ਪੰਜਾਬ, ਚੀਫ ਡਾਇਰੈਕਟਰ ਵਿਜੀਲੈਂਸ, ਇੰਟੈਲੀਜੈਂਸ ਵਿੰਗ ਪੰਜਾਬ , ਡਾਇਰੈਕਟਰ ਬੀ.ਓ.ਆਈ, ਏ.ਡੀ.ਜੀ.ਪੀ ਸਕਿਊਰਟੀ ਆਦਿ।



ਆਮ ਆਦਮੀ ਪਾਰਟੀ ਵੱਲੋਂ ਇਕ ਹੋਰ ਤਾਜ਼ਾ ਤੋਹਫ਼ਾ ਜੋ ਪੰਜਾਬ ਨੂੰ ਦਿੱਤਾ ਹੈ ਉਹ ਹੈ ਇਕ ਇਮਾਨਦਾਰ ਸਿੱਖ ਅਫਸਰ ਨੂੰ ਹਾਸ਼ੀਏ ਵਿਚ, ਲਿਜਾ ਕੇ ਬ੍ਰਾਹਮਣਵਾਦ ਨੂੰ ਪਰਮੋਟ ਕਰਨ। ਸਰਦਾਰ ਅਮਰਦੀਪ ਸਿੰਘ ਰਾਏ, ਆਈ. ਪੀ.ਐਸ ਨੂੰ ਇੰਟੈਲੀਜੈਂਸ ਵਿਭਾਗ ਵਿੱਚੋਂ ਬਦਲੀ ਕਰਨਾ, ਇਕੋ ਇਕ ਸਿੱਖ ਚਿਹਰਾ ਅਤੇ ਉਹ ਵੀ ਪੂਰਾ ਇਮਾਨਦਾਰ ਜਿਸਦੀ ਇਮਾਨਦਾਰੀ ਦੀ ਸਾਰੀ ਦੁਨੀਆਂ ਸਹੁੰ ਖਾਂਦੀ ਹੈ ਸਭ ਤੋਂ ਪਹਿਲਾਂ ਸਿਰਫ ਉਨਾਂ ਇਕੱਲਿਆਂ ਦੀ ਬਦਲੀ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਆਈਪੀਐਸ ਅਧਿਕਾਰੀ ਪ੍ਰਬੋਧ ਕੁਮਾਰ ਨੂੰ ਸਪੈਸ਼ਲ ਡੀਜੀਪੀ ਇੰਟੈਲੀਜੈਂਸ ਨਿਯੁਕਤ ਕੀਤਾ ਗਿਆ ਹੈ। ਆਈਪੀਐਸ ਐਸਐਸ ਸ੍ਰੀਵਾਸਤਵਾ ਨੂੰ ਏਡੀਜੀਪੀ ਪੰਜਾਬ ਨਿਯੁਕਤ ਕੀਤਾ ਗਿਆ ਹੈ ਅਤੇ ਆਈਪੀਐਸ ਅਮਰਦੀਪ ਸਿੰਘ ਰਾਏ ਨੂੰ ਏਡੀਜੀਪੀ ਟ੍ਰੈਫਿਕ ਪੰਜਾਬ ਨਿਯੁਕਤ ਕੀਤਾ ਗਿਆ ਹੈ। ਭਾਵ ਇਕ ਸਿੱਖ ਅਫਸਰ ਇੰਟੈਲੀਜੈਂਸ ਵਿਭਾਗ ਛੱਡ ਆਪਣੀ ਫੋਰਸ ਨਾਲ ਸੜਕਾਂ 'ਤੇ ਗਾਵਾਂ ਨੂੰ ਮੋੜੇ ਲਾਵੇਗਾ। ਵਰਨਣ ਯੋਗ ਹੈ ਕਿ ਸਰਦਾਰ ਅਮਰਦੀਪ ਸਿੰਘ ਰਾਏ ਐਨ ਆਰ ਆਈ ਵਿੰਗ ਦੇ ਮੁਖੀ ਦੇ ਤੌਰ 'ਤੇ ਬੜੀਆਂ ਸੋਹਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ ਜਿਨਾਂ ਨੇ ਅਨੇਕਾਂ ਪਰਿਵਾਰਾਂ ਦੇ ਪੈਸੇ ਤੇ ਸਮਾਂ ਬਰਬਾਦ ਹੋਣੋ ਬਚਾਇਆ। ਆਸ ਤੇ ਸੀ ਕਿ ਪੰਜਾਬ ਵਿਚ ਅਜਿਹੇ ਲੋਕ ਸੇਵਾਵਾਂ ਨਿਭਾਉਣਗੇ ਪਰ ਗੰਗਾ ਪੁੱਠੀ ਵੱਗਣ ਲੱਗ ਪਈ।

ਮਰਹੂਮ ਪੱਤਰਕਾਰ ਸ. ਜਰਨੈਲ ਸਿੰਘ ਐਮ.ਐਲ. ਏ ਨੇ ਕੁਝ ਵਰੇ ਪਹਿਲਾਂ ਮੇਰੇ ਇਕ ਕਾਰੋਬਾਰੀ ਮਿੱਤਰ ਨੂੰ ਏਅਰਪੋਰਟ 'ਤੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਸੀ ਕਿ ਲਾਲਾ ਕੇਜਰੀਵਾਲ ਸਿੱਖਾਂ ਨੂੰ ਪਸੰਦ ਨਹੀਂ ਕਰਦਾ। ਇਸ ਗੱਲ ਦੀ ਪੁਸ਼ਟੀ ਸਰਦਾਰ ਸੁਖਪਾਲ ਸਿੰਘ ਖਹਿਰਾ ਤੇ ਉੱਘੇ ਵਕੀਲ ਫੂਲਕਾ ਸਾਹਿਬ ਵੀ ਕਰ ਚੁੱਕੇ ਹਨ। ਖ਼ੈਰ, ਇਹ ਹੱਥਲਾ ਲੇਖ ਲਿਖਣ ਦਾ ਕਾਰਨ ਵੀ ਪੰਜਾਬੀਆਂ ਨੂੰ ਆਗਾਹ ਕਰਨਾ ਹੈ ਕਿ ਆਉਣ ਵਾਲਾ ਸਮਾਂ ਪੰਜਾਬ ਵਾਸਤੇ ਕੋਈ ਬਹੁਤਾ ਵਾਜ਼ਬ ਨਹੀਂ। ਸੋ, ਪੰਜਾਬ ਪੰਜਾਬੀਅਤ ਤੇ ਹੋਂਦ ਦੀ ਲੜਾਈ ਇਕੱਠਿਆਂ ਹੋ ਕੇ ਲੜਨ ਦਾ ਸਮਾਂ ਹੈ, ਵਰਨਾ ਐਸ ਵਾਈ ਐਲ ਦਾ ਨੱਕਾ ਲਾਲਾ ਕੇਜਰੀਵਾਲ ਕਿਤੇ ਸਿੱਧਾ ਦਿੱਲੀ ਵੱਲ ਨੂੰ ਨਾ ਮੋੜ ਲਏ। ਆਸ ਕਿ ਸ਼ਾਲਾ ਵਸਦਾ ਰਹੇ ਪੰਜਾਬ।

# ਰਾਜ ਸਭਾ ਦੇ ਨਿਘਾਰ ਲਈ ਜ਼ਿੰਮੇਵਾਰ ਕੌਣ ?



**ਬਘੇਲ ਸਿੰਘ ਪੱਤਰਕਾਰ**
**99142-58142**

ਆਮ ਆਦਮੀ ਪਾਰਟੀ ਵੱਲੋਂ ਰਾਜ ਸਭਾ ਦੀਆਂ ਖਾਲੀ ਹੋਈਆਂ ਪੰਜ ਸੀਟਾਂ ਲਈ ਕੀਤੀਆਂ ਗਈਆਂ ਨਾਮਜਦਗੀਆਂ ਸਵਾਲਾਂ ਦੇ ਘੇਰੇ ਵਿੱਚ ਹਨ। ਆਮ ਆਦਮੀ ਦੇ ਹਿਤਾਂ ਨੂੰ ਲਤਾੜ ਕੇ ਕਾਰਪੋਰੇਟ ਘਰਾਣਿਆਂ, ਗੈਰ-ਪੰਜਾਬੀਆਂ ਅਤੇ ਪੰਜਾਬ ਵਿਰੋਧੀਆਂ ਨੂੰ ਰਾਜ ਸਭਾ ਦੀ ਮੈਂਬਰੀ ਨਾਲ ਨਿਵਾਜਣ ਦਾ ਫੈਸਲਾ ਪਾਰਟੀ ਦੇ ਮੁਢਲੇ ਸਿਧਾਂਤਾਂ ਤੋਂ ਬਿਲਕੁਲ ਉਲਟ ਹੈ, ਜਿਸ ਕਰਕੇ ਸੱਤਾਧਾਰੀ ਆਮ ਆਦਮੀ ਪਾਰਟੀ ਨੂੰ ਭਾਰੀ ਵਿਰੋਧ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ।ਪੰਜਾਬ ਦੀਆਂ ਰਵਾਇਤੀ ਸਿਆਸੀ ਪਾਰਟੀਆਂ ਵੱਲੋਂ ਪਿਛਲੇ ਸਾਢੇ ਸੱਤ ਦਹਾਕਿਆਂ ਤੋ ਲਗਾਤਾਰ ਪੱਲੇ ਪਾਈ ਜਾ ਰਹੀ ਨਿਰਾਸ਼ਤਾ ਕਾਰਨ ਪੰਜਾਬ ਦੀ ਜਨਤਾ ਵੱਲੋਂ 20 22 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਭਾਰੀ ਬਹੁਮਤ ਨਾਲ ਚੋਣਾਂ ਜਿਤਾ ਕੇ ਸੱਤਾ 'ਤੇ ਬਿਠਾਇਆ ਗਿਆ ਹੈ। ਸਿਆਸੀ ਮੰਚ ਤੇ ਨਵੀਂ ਪਾਰਟੀ ਹੋਣ ਕਾਰਨ ਲੋਕਾਂ ਦਾ ਝੁਕਾਅ ਆਮ ਆਦਮੀ ਪਾਰਟੀ ਵੱਲ ਹੋਣਾ ਸੁਭਾਵਿਕ ਸੀ, ਇਸ ਲਈ ਦਿੱਲੀ ਤੋਂ ਬਾਅਦ ਪੰਜਾਬ ਅੰਦਰ ਵੀ ਲੋਕਾਂ ਨੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਵੱਡਾ ਫਤਵਾ ਦਿੱਤਾ। ਪ੍ਰੰਤੂ ਜਿਸ ਆਸ ਉਮੀਦ ਨਾਲ ਲੋਕਾਂ ਨੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਫਤਵਾ ਦਿੱਤਾ ਹੈ, ਉਨਾਂ ਆਸਾਂ ਉਮੀਦਾਂ 'ਤੇ ਉਸ ਮੌਕੇ ਪਾਣੀ ਫਿਰਦਾ ਸਾਫ ਦਿਖਾਈ ਦੇਣ ਲੱਗਾ ਹੈ, ਜਦੋਂ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਆਪਣੀ ਮਰਜੀ ਦੇ ਰਾਜ ਸਭਾ ਮੈਂਬਰ ਬਣਾ ਕੇ (ਪੰਜ ਵਿਚੋਂ ਚਾਰ ਪੰਜਾਬ ਤੋਂ ਬਾਹਰਲੇ) ਪੰਜਾਬੀਆਂ ਨੂੰ ਪਹਿਲਾ ਪ੍ਰਭਾਵ ਹੀ ਅਜਿਹਾ ਦੇ ਦਿੱਤਾ ਹੈ, ਜਿਸ ਤੋਂ ਲੋਕਾਂ ਵਿਚ ਇਹ ਸੁਨੇਹਾ ਗਿਆ ਹੈ ਕਿ ਪੰਜਾਬ ਸਰਕਾਰ ਨੂੰ ਭਗਵੰਤ ਮਾਨ ਨਹੀਂ ਬਲਕਿ ਦਿੱਲੀ ਤੋਂ ਕੇਜਰੀਵਾਲ ਚਲਾਏਗਾ। ਇਸ ਦੇ ਵਿੱਚ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਕਿ ਅਰਵਿੰਦ ਕੇਜਰੀਵਾਲ ਪਾਰਟੀ ਨੂੰ ਇੱਕ ਕੰਪਨੀ ਦੀ ਤਰਾਂ ਚਲਾ ਰਹੇ ਹਨ। ਉਨਾਂ ਨੇ ਚੋਣਾਂ ਵਿਚ ਵੀ ਅਤੇ ਬਾਅਦ ਵਿੱਚ ਵੀ ਪੰਜਾਬ ਦੀ ਆਪ ਲੀਡਰਸ਼ਿਪ ਨੂੰ ਕਦੇ ਵੀ ਉਭਰਨ ਦਾ ਮੌਕਾ ਨਹੀਂ ਦਿੱਤਾ, ਬਲਕਿ ਉਨਾਂ ਦੇ ਦਿੱਲੀ ਤੋਂ ਭੇਜੇ ਹੋਏ ਵਿਅਕਤੀ ਪੰਜਾਬ ਵਿਚ ਆਪਣੀ ਚੌਧਰ ਹੀ ਕਾਇਮ ਨਹੀਂ ਕਰਦੇ, ਸਗੋਂ ਟਿਕਟ ਵੰਡ ਸਮੇਂ ਵੀ ਚੰਗੇ ਹੱਥ ਰੰਗ ਕੇ ਜਾਂਦੇ ਹਨ। ਪੰਜਾਬ ਪ੍ਰਸਤ ਸੂਝਵਾਨ ਲੋਕ ਇਹ ਪਹਿਲਾਂ ਹੀ ਭਲੀ ਭਾਂਤ ਜਾਣ ਚੁੱਕੇ ਹਨ ਕਿ ਕੇਜਰੀਵਾਲ ਪੰਜਾਬ ਹਿਤੈਸ਼ੀ ਨਹੀਂ ਹੈ, ਬਲਕਿ ਸਿੱਖ ਹਿਤੈਸ਼ੀ ਤਾਂ ਬਿਲਕੁਲ ਵੀ ਨਹੀਂ ਹੈ। ਇਹ ਵੀ ਸੂਝਵਾਨ ਲੋਕ ਜਾਣਦੇ ਹਨ ਕਿ ਕੇਜਰੀਵਾਲ ਨਾਗਪੁਰ ਦੀ ਸ਼ਕਤੀਸ਼ਾਲੀ ਕੱਟੜ ਸੰਸਥਾ ਦੀ ਪੈਦਾਇਸ਼ ਹੈ ਅਤੇ ਉਨਾਂ ਦੇ ਏਜੰਡੇ 'ਤੇ ਹੀ ਕੰਮ ਕਰ ਰਿਹਾ ਹੈ, ਪਰ ਇਸ ਵਾਰ ਪੰਜਾਬ ਦੇ ਲੋਕਾਂ ਨੇ ਜਿਸ ਤਰਾਂ ਉਨਾਂ ਨੂੰ ਭਾਰੀ ਬਹੁਮੱਤ ਨਾਲ ਜਿਤਾਇਆ ਹੈ, ਉਸ ਤੋਂ ਬਾਅਦ ਹਰ ਉਹ ਵਿਅਕਤੀ ਜਿਹੜਾ ਕੇਜਰੀਵਾਲ ਜਾਂ ਆਮ ਆਦਮੀ ਪਾਰਟੀ ਨੂੰ ਦੂਰਅੰਦੇਸ਼ੀ ਨਾਲ ਦੇਖਦਾ, ਸਮਝਦਾ ਰਿਹਾ ਹੈ, ਉਹ ਕੁੱਝ ਵੀ ਕਹਿਣ ਤੋਂ ਗੁਰੇਜ਼ ਕਰਨ ਵਿੱਚ ਹੀ ਸਿਆਣਪ ਸਮਝਣ ਲੱਗਾ ਹੈ। ਸੋ ਜਿਸ ਤਰਾਂ ਦਾ ਵਰਤਾਰਾ ਆਮ ਆਦਮੀ ਪਾਰਟੀ ਦਾ ਰਾਜ ਸਭਾ ਦੇ ਮੈਂਬਰ ਨਿਯੁਕਤ ਕਰਨ ਸਮੇਂ ਸਾਹਮਣੇ ਆਇਆ ਹੈ, ਉਸ ਨੇ ਬਹੁਤ ਕੁੱਝ ਸਾਫ ਵੀ ਕਰ ਦਿੱਤਾ ਹੈ, ਬਹੁਤ ਸਾਰੇ ਭੁਲੇਖੇ ਵੀ ਦੂਰ ਕਰ ਦਿੱਤੇ ਹਨ ਅਤੇ ਭਵਿੱਖ ਵਿਚ ਪੰਜਾਬ ਦੀ ਹੋਣੀ ਦੇ ਸੰਕੇਤ ਵੀ ਸਪੱਸ਼ਟ ਰੂਪ ਵਿੱਚ ਦਿਖਾਈ ਦੇਣ ਲੱਗੇ ਹਨ। 2017 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਵੱਲੋਂ ਅਕਾਲੀ ਆਗੂ ਬਿਕਰਮਜੀਤ ਸਿੰਘ ਮਜੀਠੀਆ ਤੇ ਨਸ਼ਾ ਤਸਕਰੀ ਦੇ ਬਹੁਤ ਗੰਭੀਰ ਦੋਸ਼ ਲਾਏ ਗਏ ਸਨ, ਪਰ ਚੋਣਾਂ ਤੋਂ ਤੁਰੰਤ ਬਾਅਦ ਅਰਵਿੰਦ ਕੇਜਰੀਵਾਲ ਨੇ ਅਦਾਲਤ ਵਿੱਚ ਪੇਸ਼ ਹੋ ਕੇ ਇਹ ਕਹਿੰਦਿਆਂ ਮੁਆਫੀ ਮੰਗ ਲਈ ਸੀ, ਕਿ ਚੋਣਾਂ ਸਮੇ ਇਹ ਸਭ ਕੁਝ ਮੇਰੇ ਵੱਲੋਂ ਝੂਠ ਬੋਲਿਆ ਗਿਆ ਸੀ। ਸੋ, ਇਸੇ ਤਰਾਂ ਹੀ ਸਰਕਾਰ ਬਣਨ ਤੋਂ ਬਾਅਦ ਭਗਵੰਤ ਮਾਨ ਦੀ ਕਹਿਣੀ ਤੇ ਕਰਨੀ ਵਿੱਚ ਵੀ ਜਮੀਨ ਅਸਮਾਨ ਜਿੰਨਾ ਅੰਤਰ ਸਾਹਮਣੇ ਆ ਗਿਆ ਹੈ। ਭਗਵੰਤ ਮਾਨ ਨੇ ਬੀਬੀ ਪਰਮਜੀਤ ਕੌਰ ਖਾਲੜਾ ਦੇ ਲੋਕ ਸਭਾ ਦੀ ਚੋਣ ਹਾਰ ਜਾਣ ਤੋਂ ਬਾਅਦ ਕਿਹਾ ਸੀ ਕਿ ਬੀਬੀ ਖਾਲੜਾ ਨੂੰ ਚੋਣ ਲੜਾ ਕੇ ਨਹੀਂ ਬਲਕਿ ਰਾਜ ਸਭਾ ਵਿਚ ਨਾਮਜਦ ਕਰਕੇ ਭੇਜਿਆ ਜਾਣਾ ਚਾਹੀਦਾ ਹੈ, ਪਰ ਹੁਣ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣ ਗਈ ਹੈ। ਪਾਰਟੀ ਦੇ 92 ਵਿਧਾਇਕ ਬਣ ਕੇ ਵਿਧਾਨ ਸਭਾ ਵਿਚ ਬੈਠੇ ਹਨ ਅਤੇ ਹੁਣ ਜਦੋਂ ਰਾਜ ਸਭਾ ਦੇ ਮੈਂਬਰ ਚੁਨਣ ਦਾ ਸਮਾਂ ਆਇਆ ਤਾਂ ਪੰਜੇ ਰਾਜ ਸਭਾ ਮੈਂਬਰ ਅਰਵਿੰਦ ਕੇਜਰੀਵਾਲ ਨੇ ਪੰਜਾਬ ਵਿਰੋਧੀ ਥੋਪ ਦਿੱਤੇ ਹਨ। ਮਨੁੱਖੀ ਅਧਿਕਾਰਾਂ ਦੀ ਰਾਖੀ ਕਰਦਿਆਂ ਜਾਨ ਕੁਰਬਾਨ ਕਰ ਜਾਣ ਵਾਲੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਕਾਰਜਾਂ ਤੇ ਅਡੋਲ ਰਹਿ ਕੇ ਪਹਿਰੇਦਾਰੀ ਕਰਨ ਵਾਲੀ ਉਨਾਂ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਦੀ ਯਾਦ ਹੁਣ ਭਗਵੰਤ ਮਾਨ ਨੂੰ ਨਹੀਂ ਆਈ ਜਾਂ ਉਹ ਅਰਵਿੰਦ ਕੇਜਰੀਵਾਲ ਦੇ ਸਾਹਮਣੇ ਕਿਸੇ ਪੰਜਾਬ ਹਿਤੈਸ਼ੀ ਦਾ ਨਾਮ ਲੈਣ ਦੀ ਹਿੰਮਤ ਕਰ ਹੀ ਨਹੀਂ ਸਕੇ। ਭਗਵੰਤ ਮਾਨ ਆਪਣੇ ਭਾਸ਼ਣਾਂ ਵਿਚ ਇਹ ਕਹਿੰਦਾ ਰਿਹਾ ਹੈ ਕਿ ਬੀਬੀ ਖਾਲੜਾ ਨੂੰ ਰਾਜ ਸਭਾ ਵਿਚ ਭੇਜਿਆ ਜਾਣਾ ਚਾਹੀਦਾ ਹੈ ਤਾਂ ਕਿ ਮਨੁੱਖੀ ਹਿਤਾਂ ਦੀ ਅਵਾਜ਼ ਬੁਲੰਦ ਕਰ ਸਕਨ, ਹੁਣ ਜਦੋਂ ਸਮਾਂ ਆਇਆ ਤਾਂ ਉਹ ਜੁਬਾਨ ਵੀ ਨਹੀਂ ਖੋਲ ਸਕੇ। 70 ਸਾਲ ਦਾ ਗੰਦ ਸਾਫ ਕਰਨ ਦੇ ਵਾਅਦੇ ਕਰਨ ਵਾਲਿਆਂ ਨੇ ਮਹਿਜ 10 ਦਿਨਾਂ ਵਿਚ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਨਜਰਅੰਦਾਜ਼ ਕਰਕੇ ਇਮਾਨ ਵੇਚਣ ਦੀ ਇਹ ਸ਼ਰਮਨਾਕ ਪਹਿਲੀ ਪਾਰੀ ਖੇਡੀ ਹੈ। ਲਿਹਾਜਾ ਪੰਜਾਬ ਤੋਂ ਚੁਣ ਕੇ ਗਏ ਪੰਜੇ ਰਾਜ ਸਭਾ ਮੈਂਬਰਾਂ ਵਿਚੋਂ ਇੱਕ ਮੈਂਬਰ ਹਰਭਜਨ ਹੀ ਪੰਜਾਬੀ ਹੈ, ਪਰ ਇਹ ਵੀ ਕੌੜੀ ਸਚਾਈ ਹੈ ਕਿ ਉਹ ਵੀ ਪੰਜਾਬ ਪ੍ਰਤੀ ਇਮਾਨਦਾਰ ਨਹੀਂ ਹੈ। ਹਰਭਜਨ ਰਾਜਨੀਤਕ ਲਾਭ ਲੈਣ ਲਈ ਬਹੁਤ ਸਮੇਂ ਤੋਂ ਹੱਥ ਪੈਰ ਮਾਰਦਾ ਆ ਰਿਹਾ ਹੈ।ਪਹਿਲਾਂ ਕਾਂਗਰਸ ਅਤੇ ਫਿਰ ਭਾਜਪਾ ਵਿਚ ਸ਼ਾਮਲ ਹੋਣ ਦੇ ਚਰਚੇ ਹਰਭਜਨ ਦੇ ਨਾਮ ਨਾਲ ਜੁੜਦੇ ਰਹੇ ਹਨ। ਇਸੇ ਤਰਾਂ ਬਾਕੀ ਚਾਰ ਮੈਂਬਰ ਅਸਲੋਂ ਹੀ ਪੰਜਾਬ ਵਿਰੋਧੀ ਹਨ। ਸੋ ਇਹ ਪੰਜ ਰਾਜ ਸਭਾ ਮੈਂਬਰ ਕੇਜਰੀਵਾਲ ਦੇ ਰਾਹੀਂ ਆਰ ਐਸ ਐਸ ਦੇ ਏਜੰਡੇ ਲਈ ਕੰਮ ਕਰਨਗੇ, ਭਾਵ ਹੁਣ ਕੇਂਦਰ ਦੀ ਭਾਜਪਾ ਸਰਕਾਰ ਨੂੰ ਘੱਟਗਿਣਤੀਆਂ, ਦਲਿਤਾਂ ਅਤੇ ਆਮ ਗਰੀਬ ਜਨਤਾ ਖਿਲਾਫ ਕਾਨੂੰਨ ਪਾਸ ਕਰਨ ਲਈ ਸੌਖ ਰਹੇਗੀ। ਖਾਸ ਕਰਕੇ ਪੰਜਾਬ ਦੇ ਮੁੱਦੇ 'ਤੇ ਹੁਣ ਰਾਜ ਸਭਾ ਵਿੱਚ ਪੰਜਾਬ ਦੀ ਤਰਫਦਾਰੀ ਕਰਨ ਵਾਲਾ ਕੋਈ ਵੀ ਵਿਅਕਤੀ ਨਹੀਂ ਹੋਵੇਗਾ, ਜਿਸ ਤਰਾਂ ਦੇ ਫੈਸਲੇ ਪੰਜਾਬ ਸਰਕਾਰ ਕਰਨ।

ਇੱਥੇ ਵਰਨਣਯੋਗ ਹੈ ਕਿ ਰਾਜ ਸਭਾ ਦਾ ਰੁਤਬਾ ਡੇਗਣ ਲਈ ਭਾਜਪਾ, ਕਾਂਗਰਸ, ਖੱਬੇ ਪੱਖੀ ਪਾਰਟੀਆਂ ਨੂੰ ਛੱਡ ਕੇ ਨਿਆਂਪਾਲਿਕਾ ਸਮੇਤ ਸਾਰੀਆਂ ਸਿਆਸੀ ਪਾਰਟੀਆਂ ਜ਼ਿੰਮੇਵਾਰ ਹਨ। ਪਹਿਲਾਂ ਰਾਜ ਸਭਾ ਨੂੰ ਰਾਜਾਂ ਦਾ ਸਦਨ ਮੰਨਿਆ ਜਾਂਦਾ ਸੀ ਦੇ ਕਿਸੇ ਰਾਜ ਦੇ ਸਥਾਈ ਵਸਨੀਕ ਨੂੰ ਹੀ ਇਸ ਲਈ ਚੁਣਿਆ ਜਾਂਦਾ ਸੀ ਪਰ ਭਾਜਪਾ ਦੀ ਵਾਜਪਾਈ ਸਰਕਾਰ ਨੇ 28 ਅਗਸਤ 2003 ਨੂੰ ਲੋਕ ਪ੍ਰਤੀਨਿਧਤਾ ਐਕਟ ਵਿਚ ਸੰਸਦ ਤੋਂ ਸੋਧ ਕਰਵਾ ਕੇ ਰਾਜ ਸਭਾ ਦੇ ਮੈਂਬਰਾਂ ਦੀ ਚੋਣ ਸਬੰਧੀ ਕਾਨੂੰਨ ਵਿਚ ਸੋਧ ਕਰ ਦਿੱਤੀ ਕਿ ਕੋਈ ਵਿਅਕਤੀ ਕਿਸੇ ਵੀ ਰਾਜ ਵਿਚੋਂ ਚੋਣ ਲੜ ਸਕਦਾ ਹੈ। ਸੰਸਦ ਵਿਚ ਸਿਰਫ ਖੱਬੀਆਂ ਪਾਰਟੀਆਂ ਨੇ ਹੀ ਇਸ ਸੋਧ ਦਾ ਵਿਰੋਧ ਕੀਤਾ ਸੀ। ਕਾਂਗਰਸ ਤੇ ਹੋਰ ਪਾਰਟੀਆਂ ਨੇ ਇਸ ਦਾ ਸਮਰਥਨ ਕੀਤਾ ਸੀ। ਬਾਅਦ ਵਿਚ ਸੁਪਰੀਮ ਕੋਰਟ ਵਿਚ ਇਸ ਸੋਧ ਨੂੰ ਪ੍ਰਸਿੱਧ ਪੱਤਰਕਾਰ ਕੁਲਦੀਪ ਨਈਅਰ ਤੇ ਸੀਪੀਆਈ ਲੀਡਰ ਇੰਦਰਜੀਤ ਗੁਪਤਾ ਨੇ ਚੁਣੌਤੀ ਦੇ ਦਿੱਤੀ ਸੀ। ਸੁਪਰੀਮ ਕੋਰਟ ਦੇ ਇਕ ਬੈਂਚ ਨੇ ਇਸ 'ਤੇ ਸਟੇਅ ਜਾਰੀ ਕਰ ਦਿੱਤਾ ਪਰ ਚੋਣ ਕਮਿਸ਼ਨ ਦੀ ਰਿਟ 'ਤੇ ਸੁਪਰੀਮ ਕੋਰਟ ਦੇ ਵੱਡੇ ਬੈਂਚ ਨੇ ਨਾ ਕੇਵਲ ਇਹ ਸਟੇਅ ਰੱਦ ਕਰ ਦਿੱਤਾ ਸਗੋਂ ਬਕਾਇਦਾ ਸੁਣਵਾਈ ਕਰਕੇ 22 ਅਗਸਤ 2006 ਨੂੰ ਉਕਤ ਸੋਧ ਦੇ ਹੱਕ ਵਿਚ ਫੈਸਲਾ ਦੇ ਦਿੱਤਾ। ਇਸ ਨਾਲ ਰਾਜਾਂ ਦੇ ਅਧਿਕਾਰਾਂ ਤੇ ਸੰਘੀ ਢਾਂਚੇ ਨੂੰ ਗਹਿਰਾ ਧੱਕਾ ਲੱਗਾ। ਹੁਣ ਸਿਆਸੀ ਪਾਰਟੀਆਂ ਅਨੇਕਾਂ ਵਾਰ ਆਪਣੇ ਲੋਕ ਸਭਾ ਦੀਆਂ ਚੋਣਾਂ ਹਾਰਨ ਵਾਲੇ, ਚੋਣਾਂ ਨਾ ਜਿੱਤ ਸਕਨ ਵਾਲੇ ਅਤੇ ਪਾਰਟੀਆਂ ਲਈ ਪਰਦੇ ਪਿਛੇ ਰਹਿ ਕੇ ਜਾਇਜ਼-ਨਜਾਇਜ਼ ਕੰਮ ਕਰਨ ਵਾਲੇ ਤਿਕੜਮਬਾਜ਼ ਨੇਤਾਵਾਂ ਨੂੰ ਜਾਂ ਕਰੋੜਾਂ ਰੁਪਏ ਦੇ ਕੇ ਟਿਕਟਾਂ ਖਰੀਦਣ ਵਾਲੇ ਵਪਾਰੀਆਂ ਤੇ ਸਨਅਤਕਾਰਾਂ ਨੂੰ, ਕਿਸੇ ਵੀ ਰਾਜ ਵਿਚੋਂ ਆਪਣੇ ਵਿਧਾਇਕਾਂ ਦੀ ਅਨੁਸ਼ਾਸਨ ਦੇ ਡੰਡੇ ਨਾਲ ਦੁਰਵਰਤੋਂ ਕਰਕੇ ਰਾਜ ਸਭਾ ਵਿਚ ਭੇਜ ਦਿੰਦੀਆਂ ਹਨ। ਦੋਸਤੋ, ਤੁਸੀਂ ਖੁਦ ਹੀ ਅੰਦਾਜ਼ਾ ਲਾ ਸਕਦੇ ਹੋ ਕਿ ਅਨੇਕਾਂ ਵਾਰ ਰਾਜ ਸਭਾ ਲਈ ਹੁਣ ਕਿਸ ਤਰਾਂ ਦੇ ਬੰਦੇ ਚੁਣੇ ਜਾਂਦੇ ਹਨ ਤੇ ਸੰਸਦ ਦੇ ਉਪਰਲੇ ਸਦਨ ਰਾਜ ਸਭਾ ਦਾ ਮਹੱਤਵ ਕੀ ਰਹਿ ਗਿਆ ਹੈ ?




# ਅਜੋਕੇ ਸਮਾਜ ਵਿਚ ਔਰਤ ਦੀ ਹਿੱਸੇਦਾਰੀ

**ਜਸਵੰਤ ਕੌਰ ਮਣੀ**
**ਸੰਪਰਕ : 98888-70822**

ਸਿੱਖਿਆ ਮਨੁੱਖ ਦਾ ਤੀਸਰਾ ਨੇਤਰ ਹੈ। ਔਰਤ, ਸਮਾਜ ਤੇ ਸਿੱਖਿਆ ਦਾ ਰਿਸ਼ਤਾ ਸ਼ੁਰੂ ਤੋਂ ਹੀ ਡਗਮਗਾਇਆ ਰਿਹਾ ਹੈ। ਸਮਾਜ ਮਨੁੱਖ ਨੂੰ ਜਿੱਥੇ ਪਰੰਪਰਾਵਾਂ ਦੀ ਦੱਸ ਪਾਉਂਦਾ ਹੈ, ਉੱਥੇ ਸਿੱਖਿਆ ਮਨੁੱਖ ਨੂੰ ਸਮਾਜ ਵਿੱਚ ਵਿਚਰਨ ਦੇ ਤੌਰ ਤਰੀਕੇ ਸਿਖਾਉਂਦੀ ਹੋਈ ਆਧੁਨਿਕਤਾ ਨਾਲ ਵੀ ਜੋੜਦੀ ਹੈ। ਜੇ ਗੱਲ ਔਰਤ, ਸਮਾਜ ਤੇ ਸਿੱਖਿਆ ਦੇ ਪ੍ਰਸੰਗ ਵਿੱਚ ਕੀਤੀ ਜਾਵੇ ਤਾਂ ਹਾਲੇ ਵੀ ਔਰਤ ਸਮਾਜ ਤੇ ਸਿੱਖਿਆ ਵਿਚਕਾਰ ਹਾਲਾਤ ਕਾਫ਼ੀ ਚੁਣੌਤੀਪੂਰਨ ਹਨ। ਸਿੱਖਿਆ ਤੇ ਮਿਹਨਤ ਬਲਬੂਤੇ ਔਰਤ ਨੇ ਨਾ ਕੇਵਲ ਆਪਣੇ ਹੀ ਦੇਸ਼ ਵਿੱਚ ਬਲਕਿ ਵਿਦੇਸ਼ਾਂ ਵਿੱਚ ਵੀ ਆਪਣੀ ਨਿਵੇਕਲੀ ਪਛਾਣ ਬਣਾਈ ਹੈ ਪਰ ਅਜੇ ਵੀ ਉਸਦੇ ਸੰਘਰਸ਼ੀ ਰਸਤੇ ਦੀਆਂ ਔਕੜਾਂ ਖ਼ਤਮ ਨਹੀਂ ਹੋਈਆਂ। ਔਰਤ ਸਮਾਜ ਤੋਂ ਆਪਣੇ ਲਈ ਮਾਣ ਸਨਮਾਨ ਦੀ ਸਥਿਤੀ ਚਾਹੁੰਦੀ ਹੈ ਜੋ ਉਸਨੂੰ ਸਹੀ ਅਰਥਾਂ ਵਿੱਚ ਮਿਲ ਨਹੀਂ ਰਹੀ। ਬੇਸ਼ੱਕ ਅਜੋਕੀ ਔਰਤ ਪੜ ਲਿਖ ਕੇ ਆਪਣੇ ਪੈਰਾਂ 'ਤੇ ਖਲੋ ਬੁਲੰਦੀਆਂ ਛੋਹ ਰਹੀ ਹੈ ਪਰ ਅਜੋਕੇ ਸਮਾਜ ਦੀ ਸੋਚ ਤੇ ਨਜ਼ਰੀਆ ਔਰਤ ਪ੍ਰਤੀ ਉੱਥੇ ਦਾ ਉੱਥੇ ਹੈ। ਅੱਜ ਵੀ ਬਹੁਤੇ ਹਾਲਾਤ ਵਿੱਚ ਔਰਤ ਤ੍ਰਿਸਕਾਰ ਦੀ ਪਾਤਰ ਬਣੀ ਹੋਈ ਹੈ। ਹਾਲੇ ਵੀ ਉਸਦੇ ਰਸਤੇ ਦੀਆਂ ਰੁਕਾਵਟਾਂ ਖ਼ਤਮ ਨਹੀਂ ਹੋਈਆਂ। ਕਹਿਣ ਲਈ ਅੱਜ ਉਹ ਆਜ਼ਾਦ ਹੈ ਪਰ ਸਮਾਜ ਵਿੱਚ ਵਿਚਰਦੀ ਹੋਈ ਉਹ ਕਿੰਨੀ ਕੁ ਆਜ਼ਾਦੀ ਅਨੁਭਵ ਕਰ ਰਹੀ ਹੈ ? ਇਹ ਵਿਚਾਰਨ ਵਾਲੀ ਗੱਲ ਹੈ।

ਸਮਾਜ ਦਾ ਬਹੁਤਾ ਵਰਗ ਬੇਸ਼ੱਕ ਪੜ੍ਹ-ਲਿਖ ਗਿਆ ਹੈ ਪਰ ਉਸ ਦੀ ਸੋਚ ਵਿੱਚ ਬਹੁਤਾ ਫ਼ਰਕ ਦੇਖਣ 'ਚ ਨਹੀਂ ਆਇਆ। ਔਰਤ ਜੱਦੋ ਜਹਿਦ ਕਰਦੀ ਹੋਈ ਮਰਦ ਦੇ ਬਰਾਬਰ ਹੀ ਨਹੀਂ ਬਲਕਿ ਉਸ ਤੋਂ ਵੀ ਅਗੇਰੇ ਉਡਾਰੀਆਂ ਲਾ ਰਹੀ ਹੈ ਪਰ ਫਿਰ ਵੀ ਬਹੁਤ ਸਾਰੀਆਂ ਰੁਕਾਵਟਾਂ ਨਾ ਸਿਰਫ਼ ਸਿੱਖਿਆ ਹਾਸਲ ਕਰਨ ਸਮੇਂ, ਸਗੋਂ ਪੜ੍ਹਾਈ ਤੋਂ ਬਾਅਦ ਵੀ ਉਸਦਾ ਪਿੱਛਾ ਨਹੀਂ ਛੱਡਦੀਆਂ। ਪੁਰਾਤਨ ਸਮੇਂ ਵਿੱਚ ਜਿੱਥੇ ਔਰਤ ਦੇ ਪੜ੍ਹਨ-ਲਿਖਣ 'ਤੇ ਬੰਦਸ਼ਾਂ ਲਗਾਈਆਂ ਜਾਂਦੀਆਂ ਸਨ, ਓਥੇ ਅਜੋਕੇ ਸਮਾਜ ਵਿੱਚ ਅਜਿਹੀਆਂ ਬੰਦਸ਼ਾਂ ਬੇਸ਼ੱਕ ਬਹੁਤ ਘਟ ਰਹੀਆਂ ਹਨ ਪਰ ਕੁਝ ਅਜਿਹੇ ਵਰਤਾਰੇ ਪਣਪ ਰਹੇ ਹਨ ਜਿਨਾਂ ਤੋਂ ਲੜਕੀ ਪੜ੍ਹਾਈ ਵੱਲੋਂ ਕਿਤੇ ਨਾ ਕਿਤੇ ਖ਼ੁਦ ਹੀ ਝਿਜਕਣ ਜ਼ਰੂਰ ਲਗਦੀ ਹੈ। ਅੱਜ ਕੋਈ ਲੜਕੀ ਨਾ ਸਿਰਫ਼ ਸਕੂਲੀ ਪੜ੍ਹਾਈ ਦੌਰਾਨ ਹੀ ਪ੍ਰਭਾਵਿਤ ਹੋ ਰਹੀ ਹੈ ਬਲਕਿ ਉਚੇਰੀ ਪੜ੍ਹਾਈ ਦੌਰਾਨ ਵੀ ਉਸਨੂੰ ਕੁਝ ਅਜਿਹੇ ਹਾਲਾਤ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਉਸਦੇ ਰਸਤੇ ਵਿੱਚ ਗੰਭੀਰ ਚੁਣੌਤੀ ਬਣ ਜਾਂਦੇ ਹਨ, ਜਿਨਾਂ ਵਿੱਚ ਔਰਤ ਸੁਚੇਤ ਜਾਂ ਅਚੇਤ ਰੂਪ ਵਿੱਚ ਪਿਸਦੀ ਰਹਿੰਦੀ ਹੈ। ਔਰਤ ਮੁੱਢ ਤੋਂ ਹੀ ਸੰਵੇਦਨਸ਼ੀਲ ਤੇ ਸਹਿਣਸ਼ੀਲਤਾ ਦੀ ਮੂਰਤ ਰਹੀ ਹੈ ਪਰ ਮਰਦ ਪ੍ਰਧਾਨ ਸਮਾਜ ਵਿੱਚ ਉਸਦੀ ਸਹਿਣਸ਼ੀਲਤਾ ਦਾ ਕਿਤੇ ਨਾ ਕਿਤੇ ਨਾਜਾਇਜ਼ ਫ਼ਾਇਦਾ ਉਠਾਇਆ



ਜਾਂਦਾ ਹੈ। ਸਕੂਲ ਲਗਾਉਣ ਤੋਂ ਪਹਿਲਾਂ ਵੀ ਹਾਲਾਤ ਬਾਰੇ ਸੋਚਿਆ ਜਾਂਦਾ ਹੈ ਅਤੇ ਉਚੇਰੀ ਸਿੱਖਿਆ ਮੌਕੇ ਵੀ, ਜਿਸ ਕਾਰਨ ਕਈ ਵਾਰ ਲੜਕੀ ਦਾ ਉਚੇਰੀ ਸਿੱਖਿਆ ਦਾ ਸੁਪਨਾ ਸਕਾਰ ਨਹੀਂ ਹੁੰਦਾ। ਕਈ ਵਾਰ ਅਜਿਹੀ ਡਿਗਰੀ ਪ੍ਰਾਪਤ ਕਰਨਾ ਉਸ ਲਈ 'ਅਗਨੀ ਪ੍ਰੀਖਿਆ' ਵਿੱਚੋਂ ਲੰਘਣ ਤੋਂ ਘੱਟ ਨਹੀਂ ਹੁੰਦਾ।

ਬੇਸ਼ੱਕ ਅਜੋਕੇ ਯੁੱਗ ਵਿੱਚ ਔਰਤ ਨੇ ਘਰ ਦੀਆਂ ਵਲਗਣਾਂ, ਬੰਦਸ਼ਾਂ ਤੋਂ ਪਾਰ ਜਾਣ ਲਈ ਖ਼ੁਦ ਆਪਣੇ ਬਲਬੂਤੇ ਹੰਭਲਾ ਮਾਰਨ ਦੀ ਸਮਰੱਥਾ ਜੁਟਾ ਲਈ ਹੈ ਪਰ ਔਰਤ ਪੂਰੀ ਤਰਾਂ ਆਜ਼ਾਦ ਤੇ ਸੁਰੱਖਿਅਤ ਮਾਹੌਲ ਵਿੱਚ ਵਿਚਰਨ ਦਾ ਹੀਆ ਨਹੀਂ ਕਰ ਪਾ ਰਹੀ। ਇਸਦਾ ਕਾਰਨ ਕੀ ਹੋ ਸਕਦਾ ਹੈ ? ਅਜੋਕਾ ਯੁੱਗ ਤਾਂ ਬਹੁਤ ਪੜ੍ਹਿਆ ਲਿਖਿਆ ਤੇ 'ਆਧੁਨਿਕ' ਅਖਵਾਉਂਦਾ ਹੈ। ਫਿਰ ਉਸ ਸਮੇਂ ਇਹ ਆਧੁਨਿਕਤਾ ਕਿੱਥੇ ਚਲੀ ਜਾਂਦੀ ਹੈ ਜਦੋਂ ਕਾਲਜਾਂ/ਯੂਨੀਵਰਸਿਟੀਆਂ ਵਿੱਚ ਪੜ੍ਹਦੇ ਸਿੱਖਿਆ ਪ੍ਰਾਪਤ ਲੜਕੇ ਵੀ ਤੁਰੀ ਆਉਂਦੀ ਲੜਕੀ ਵੱਲ ਦੇਖ ਕੇ ਕਈ ਤਰਾਂ ਦੇ ਭੱਦੇ ਮਜ਼ਾਕ ਕਰਦੇ ਹਨ। ਪਿੱਛੇ ਜਿਹੇ ਪੰਜਾਬੀ ਯੂਨੀਵਰਸਿਟੀ ਵਿੱਚ ਵੀ ਅਜਿਹਾ ਕਾਂਡ ਦੇਖਣ ਵਿੱਚ ਆਇਆ ਸੀ। ਇੱਥੇ ਦੋਸ਼ ਵਿਚਾਰਧਾਰਾ ਦਾ ਬਣਦਾ ਹੈ ਜਿਸਨੂੰ ਬਦਲਣ ਦੀ ਸਾਡੇ ਸਮਾਜ ਨੂੰ ਅਣਸਰਦੀ ਲੋੜ ਹੈ। ਔਰਤ ਦੀ ਅਜਿਹੀ ਸਥਿਤੀ ਅਜੋਕੇ ਸਾਹਿਤ ਵਿੱਚ ਵੀ ਬਾਖ਼ੂਬੀ ਝਲਕਦੀ ਹੈ। ਔਰਤ ਕਿਸੇ ਵੀ ਸਮਾਜ ਵਿੱਚ ਵਿਚਰ ਰਹੀ ਹੋਵੇ, ਉਸਨੂੰ ਹਮੇਸ਼ਾ ਵਧੀਕੀ ਦਾ ਸਾਹਮਣਾ ਕਰਨਾ ਪੈਂਦਾ ਹੈ। ਬੱਸ ਵਿੱਚ ਸਫ਼ਰ ਕਰਦੇ ਸਮੇਂ ਵੀ ਉਸਨੂੰ ਆਪਣੇ ਆਸੇ-ਪਾਸੇ ਦੀ ਸਥਿਤੀ ਵੱਲ ਦੇਖਣਾ ਪੈਂਦਾ ਹੈ ਅਤੇ ਰੇਲ ਸਫ਼ਰ ਦੌਰਾਨ ਵੀ ਕਿ ਕਿਹੜੇ ਡੱਬੇ ਵਿੱਚ ਚੜ੍ਹਨਾ ਹੈ, ਕਿੱਥੇ ਬੈਠਣਾ ਹੈ, ਵਿਚਾਰਨਾ ਪੈਂਦਾ ਹੈ।

**ਬਾਕੀ ਸਫ਼ਾ 35 'ਤੇ**

# ਸਿੱਖ ਪੰਥ ਵਿੱਚ ਸਿੱਖ ਬੀਬੀਆਂ ਦੀ ਦਸਤਾਰ ਸਜਾਉਣ ਦੀ ਪਰੰਪਰਾ

**ਤਲਵਿੰਦਰ ਸਿੰਘ ਬੁੱਟਰ**

ਪਿਛਲੇ ਦਿਨੀਂ ਕਰਨਾਟਕ ਹਾਈਕੋਰਟ ਦੁਆਰਾ ਹਿਜਾਬ ਵਿਵਾਦ ਬਾਰੇ ਦਿੱਤੇ ਅੰਤਰਿਮ ਹੁਕਮਾਂ ਤੋਂ ਬਾਅਦ ਬੈਂਗਲੁਰੂ ਦੇ ਇੱਕ ਕਾਲਜ ਪ੍ਰਬੰਧਕਾਂ ਵੱਲੋਂ ਇੱਕ ਅੰਮ੍ਰਿਤਧਾਰੀ ਸਿੱਖ ਵਿਦਿਆਰਥਣ ਨੂੰ ਦਸਤਾਰ ਉਤਾਰ ਕੇ ਆਉਣ ਲਈ ਕਹਿਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਤੋਂ ਬਾਅਦ ਸਿੱਖ ਸੰਸਥਾਵਾਂ ਅੰਦਰ ਤਿੱਖਾ ਪ੍ਰਤੀਕਰਮ ਹੋਇਆ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਨੇ ਦਸਤਾਰ ਨੂੰ ਸਿੱਖਾਂ ਦੀ ਧਾਰਮਿਕ ਪਛਾਣ ਤੇ ਸਵੈਮਾਣ ਦਾ ਪ੍ਰਤੀਕ ਕਰਾਰ ਦਿੰਦਿਆਂ ਇਸ ਪਾਬੰਦੀ ਦਾ ਜ਼ਬਰਦਸਤ ਵਿਰੋਧ ਕੀਤਾ ਹੈ। ਇਸ ਵਿਵਾਦ ਦਰਮਿਆਨ ਇਹ ਜਗਿਆਸਾ ਵੀ ਉੱਭਰਨੀ ਸਹਿਵਨ ਹੈ ਕਿ ਸਿੱਖ ਔਰਤਾਂ ਲਈ ਦਸਤਾਰ ਦੀ ਇਤਿਹਾਸਕ ਤੇ ਧਾਰਮਿਕ ਮਹੱਤਤਾ ਕੀ ਹੈ ? ਦਰ-ਹਕੀਕਤ ਸਿੱਖ ਧਰਮ ਇੱਕੋ-ਇੱਕ ਅਜਿਹਾ ਧਰਮ ਹੈ, ਜਿਸ ਵਿੱਚ ਔਰਤ ਤੇ ਮਰਦ ਨੂੰ ਬਰਾਬਰ ਦੇ ਅਧਿਕਾਰ ਤੇ ਬਰਾਬਰ ਦੀਆਂ ਜ਼ਿੰਮੇਵਾਰੀਆਂ ਮਿਲੀਆਂ ਹਨ। ਕੋਈ ਐਸਾ ਸਿੱਖੀ ਨਾਲ਼ ਸੰਬੰਧਿਤ ਅਧਿਕਾਰ ਅਤੇ ਫ਼ਰਜ਼ ਨਹੀਂ, ਜੋ ਮਰਦ ਕਰ ਸਕਦੇ ਹੋਣ ਤੇ ਔਰਤਾਂ ਨੂੰ ਉਸ ਦੀ ਮਨਾਹੀ ਹੋਵੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਔਰਤਾਂ ਦੀ ਹਾਲਤ ਸਮਾਜਿਕ ਅਤੇ ਧਾਰਮਿਕ ਤੌਰ 'ਤੇ ਬਹੁਤ ਬਦਤਰ ਸੀ। ਹਿੰਦੁਸਤਾਨ ਦੇ ਉਸ ਵੇਲੇ ਦੇ ਪ੍ਰਮੁੱਖ ਧਰਮਾਂ ਵੱਲੋਂ ਔਰਤ ਨੂੰ ਬਰਾਬਰ ਦਾ ਦਰਜਾ ਪ੍ਰਾਪਤ ਨਹੀਂ ਸੀ। ਉਸ ਵੇਲੇ ਸਤਿਗੁਰਾਂ ਨੇ ਜੋ ਇਨਕਲਾਬੀ ਮਹਾਂਵਾਕ ਉਚਾਰੇ, ਉਨਾਂ ਦੀ ਗੂੰਜ ਅੱਜ ਤੱਕ ਕੋਟਿ ਬ੍ਰਹਿਮੰਡਾਂ ਵਿੱਚ ਗੂੰਜ ਰਹੀ ਹੈ:

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ
(ਮ. 1, ਅੰਗ: 473)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਬੀਬੀਆਂ ਨੂੰ ਖ਼ਾਲਸਾ ਪੰਥ ਵਿੱਚ ਸ਼ਾਮਿਲ



ਕਰ ਕੇ ਸਭ ਭੇਦਭਾਵ ਹੀ ਮਿਟਾ ਦਿੱਤੇ। ਸਤਿਗੁਰਾਂ ਵੱਲੋਂ ਜਿੱਥੇ ਬੀਬੀਆਂ ਨੂੰ ਖ਼ਾਲਸੇ ਬਣਾ ਕੇ ਬਰਾਬਰ ਦੇ ਅਧਿਕਾਰ ਦਿੱਤੇ ਗਏ, ਉੱਥੇ ਉਨਾਂ ਨੂੰ ਕਮਜ਼ੋਰ ਨਾ ਜਾਣ ਕੇ ਸਿੰਘਾਂ ਦੇ ਬਰਾਬਰ ਦੀ ਜ਼ਿੰਮੇਵਾਰੀ ਵੀ ਦਿੱਤੀ ਗਈ।

ਜਦ ਸਾਰੀ ਰਹਿਤ ਇੱਕ ਹੈ ਤਾਂ ਫਿਰ ਇਹ ਕਿਸ ਤਰਾਂ ਹੋ ਸਕਦਾ ਹੈ ਕਿ ਸਿੱਖ ਮਰਦ ਨੂੰ ਤਾਂ ਦਸਤਾਰ ਦੇ ਕੇ ਸਤਿਕਾਰਿਆ ਗਿਆ ਹੋਵੇ ਤੇ ਹੋਰ ਮਨੁੱਖਤਾ ਤੋਂ ਨਿਰਾਲਾ ਕਰ ਦਿੱਤਾ ਗਿਆ ਹੋਵੇ ਪਰ ਸਿੱਖ ਔਰਤਾਂ ਨੂੰ ਦਸਤਾਰ ਸਜਾਉਣ ਦੀ ਆਗਿਆ ਨਾ ਹੋਵੇ ? ਕਿਉਂਕਿ ਕੇਸ ਸਿੱਖੀ ਦੀ ਮੋਹਰ ਹਨ ਤੇ ਦਸਤਾਰ ਕੇਸਾਂ ਦੀ ਸੰਭਾਲ ਲਈ ਸਿੱਖ ਲਈ ਲਾਜ਼ਮੀ ਹੈ। ਸਤਿਗੁਰਾਂ ਨੇ 'ਕਾਬੁਲ' ਦੀ ਸੰਗਤ ਨੂੰ ਹੁਕਮਨਾਮੇ ਵਿੱਚ ਸਾਫ਼ ਲਿਖਿਆ ਕਿ 'ਕੇਸ ਰੱਖਣੇ, ਇਹ ਅਸਾਡੀ ਮੋਹਰ ਹੈ।' ਕੇਸਾਂ ਵਿੱਚ ਅੰਮ੍ਰਿਤ ਪੈਣ ਕਰਕੇ ਅਤੇ ਇਹ ਗੁਰਾਂ ਦੀ ਮੋਹਰ ਹੋਣ ਕਰਕੇ ਗੁਰਸਿੱਖਾਂ ਵੱਲੋਂ ਗੁਰਮਤਿ ਮਰਿਆਦਾ ਅਨੁਸਾਰ ਕੇਸ ਬਹੁਤ ਸਤਿਕਾਰੇ ਜਾਂਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਫ਼ੁਰਮਾਨ ਹੈ ਕਿ ਜਦੋਂ ਤੱਕ ਖ਼ਾਲਸਾ ਆਪਣੀ ਵੱਖਰੀ ਪਛਾਣ ਬਣਾਈ ਰੱਖੇਗਾ, ਉਦੋਂ ਤੱਕ ਸਤਿਗੁਰ ਜੀ ਆਪਣੀ ਸਾਰੀ ਤਾਕਤ ਖ਼ਾਲਸੇ ਨੂੰ ਮੁਹੱਈਆ ਕਰਨਗੇ :

**ਜਬ ਲਗ ਖ਼ਾਲਸਾ ਰਹੈ ਨਿਆਰਾ**
**ਤਬ ਲਗ ਤੇਜ ਦੀਓ ਮੈ ਸਾਰਾ**

ਸਿੱਖ ਇਤਿਹਾਸ ਵਿੱਚ ਜ਼ਿਕਰ ਮਿਲਦਾ ਹੈ ਕਿ 18ਵੀਂ ਸਦੀ ਵਿੱਚ, ਜਦੋਂ ਬਹੁਗਿਣਤੀ ਸਿੱਖ ਮਰਦ, ਮੁਗ਼ਲ ਤਸ਼ੱਦਦ ਤੋਂ ਤੰਗ ਆ ਕੇ ਤੇ ਸਿੱਖੀ ਕੇਸਾਂ ਸਵਾਸਾਂ ਨਾਲ਼ ਨਿਭਾਉਣ ਹਿਤ ਸ਼ਹਿਰਾਂ ਤੇ ਕਸਬਿਆਂ ਨੂੰ ਛੱਡ ਕੇ ਜੰਗਲਾਂ ਤੇ ਪਹਾੜਾਂ ਵਿੱਚ ਚਲੇ ਗਏ ਸਨ, ਉਨਾਂ ਦਿਨਾਂ ਵਿੱਚ ਮੁਗ਼ਲ ਹਕੂਮਤ ਨੇ ਸਿੰਘਾਂ ਦਾ ਖੁਰਾ-ਖੋਜ ਮਿਟਾਉਣ ਲਈ ਲੱਕ ਬੰਨਿਆ ਹੋਇਆ ਸੀ ਤੇ

**ਬਾਕੀ ਸਫ਼ਾ 33 'ਤੇ**

# ਮੁਅਤਬਰ ਵਾਲਾ ਸ਼ਬਦ 'ਔਰਤ'

**ਵਾਈ.ਐੱਸ. ਭੁੱਲਰ**
**ਮੋ. 9780897667**

'ਔਰਤ' ਸ਼ਬਦ ਨੂੰ ਜੇਕਰ ਸਹਿਣਸ਼ੀਲਤਾ ਦੇ ਭੰਡਾਰ ਸ਼ਬਦ ਨਾਲ ਪੁਕਾਰਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਮਾਂ ਦੇ ਢਿੱਡ ਤੋਂ ਲੈ ਕੇ ਆਖਰੀ ਸਾਹ ਤੱਕ ਸਹਿਣ ਕਰਨਾ ਸਿਰਫ ਔਰਤ ਦੇ ਹਿੱਸੇ ਹੀ ਆਇਆ ਹੈ। ਬੇਗਾਨਾ ਧੰਨ, ਬੇਗਾਨੀ ਧੀ ਸ਼ਬਦ ਸਾਡੇ ਲਈ ਆਮ ਹੋ ਗਏ ਹਨ। ਸਮਾਜ ਦੇ ਅੰਨੇ ਵੇਗ ਵਿਚ ਜੇਕਰ ਕੁਝ ਆਪਣਾ ਹੈ ਤਾਂ ਉਹ ਮਰਜ ਹੀ ਹੈ।

ਸਮਾਜ ਦੀ ਜੁਬਾਨੀ ਸ਼ਾਬਦਿਕ ਪ੍ਰਤਾੜਨਾ ਥੋੜੇ ਸਮੇਂ ਦੇ ਬਾਅਦ ਸਰੀਰਕ ਪ੍ਰਤਾੜਨਾ ਵਿੱਚ ਬਦਲ ਜਾਂਦੀ ਹੈ, ਇਸ ਦੀ ਸ਼ੁਰੂਆਤ ਪਤਨੀ ਦੁਆਰਾ ਸਮਰੱਥ ਦਾਜ ਨਾ ਲਿਆਉਣ ਤੋਂ ਸ਼ੁਰੂ ਹੋ ਕੇ ਇਹ ਇੱਕ ਸ਼ਾਬਦਿਕ ਪ੍ਰਤਾੜਨਾ, ਫਿਰ ਹਿੰਸਾ, ਸਰੀਰਕ ਹਿੰਸਾ ਵਿੱਚ ਬਦਲ ਜਾਂਦੀ ਹੈ। ਉਸ ਨੂੰ ਤਿਓਹਾਰਾਂ, ਉਤਸਵਾਂ ਅਤੇ ਬਿਮਾਰੀਆਂ ਜਿਹੇ ਮੌਕਿਆਂ ਉੱਤੇ ਆਪਣੇ ਪੇਕੇ ਜਾਣ ਦੀ ਇਜਾਜ਼ਤ ਵੀ ਨਹੀਂ ਦਿੱਤੀ ਜਾਂਦੀ ਹੈ। ਇਸ ਪ੍ਰਕਾਰ ਦਾ ਘੁਟਨ ਵਾਲਾ ਸੁਭਾਅ, ਸਰੀਰਕ ਮਾਰ-ਕੁਟਾਈ ਤੋਂ ਵੀ ਜ਼ਿਆਦਾ ਦਰਦਨਾਕ ਬਣ ਜਾਂਦਾ ਹੈ।

ਮਾਨਸਿਕ ਸਿਹਤ ਸਮੱਸਿਆਵਾਂ, ਜਿਵੇਂ ਕਿ ਚਿੰਤਾ, ਬੇਚੈਨੀ, ਅਵਸਾਦ, ਭੋਜਨ ਅਤੇ ਨੀਂਦ ਸੰਬੰਧੀ ਸਮੱਸਿਆਵਾਂ। ਹਿੰਸਾ ਦਾ ਸਾਹਮਣਾ ਕਰਨ ਲਈ ਕੋਈ ਔਰਤ ਆਪਣੀ ਸੰਪੂਰਣ ਪਛਾਣ ਨੂੰ ਬਦਲਣ ਦਾ ਯਤਨ ਕਰਨ ਲੱਗਦੀ ਹੈ। ਹਿੰਸਾ ਤੋਂ ਬਚਣ ਲਈ ਉਹ ਆਪਣੇ ਪਹਿਲੇ ਵਿਅਕਤਿਤਵ ਦੀ ਪਰਛਾਈ ਮਾਤਰ ਰਹਿ ਜਾਂਦੀ ਹੈ ਅਤੇ ਆਪਣੇ ਉਪਰ ਲਗਾਏ ਗਏ ਝੂਠੇ ਇਲਜ਼ਾਮਾਂ ਦਾ ਵਿਰੋਧ ਵੀ ਨਹੀਂ ਕਰਦੀ ਹੈ। ਉਹ ਆਪਣੀਆਂ ਛੋਟੀਆਂ-ਛੋਟੀਆਂ ਖੁਸ਼ੀਆਂ ਤੋਂ ਵੀ ਖੁਦ ਨੂੰ ਵੰਚਿਤ



ਰੱਖਣ ਲੱਗਦੀ ਹੈ, ਘਰ-ਪਰਿਵਾਰ ਵਾਲਿਆਂ ਅਤੇ ਦੋਸਤਾਂ ਨਾਲ ਸੰਬੰਧ ਤੋੜਨ ਲੱਗਦੀ ਹੈ ਅਤੇ ਇਕੱਲੇਪਣ ਅਤੇ ਅਪਰਾਧ ਬੋਧ ਵਿੱਚ ਸ਼ਰਨ ਲੈਣ ਲੱਗਦੀ ਹੈ। ਉਸ ਨੂੰ ਨਸ਼ੀਲੀਆਂ ਦਵਾਈਆਂ ਅਤੇ ਸ਼ਰਾਬ ਦੀ ਆਦਤ ਪੈ ਸਕਦੀ ਹੈ।

ਸਮਾਜ ਦੀ ਤ੍ਰਾਸਦੀ ਅਨੁਸਾਰ ਔਰਤ ਦੀ ਜਾਤ ਇਕ ਵੱਖਰੀ ਜਾਤ ਹੈ, ਜੋ ਕਿਸੇ ਵੀ ਜਾਤ ਦੇ ਮਰਦ ਨਾਲ ਵਿਆਹ ਕਰਨ 'ਤੇ ਬਦਲ ਜਾਂਦੀ ਹੈ। ਜੇਕਰ ਕਿਸੇ ਪਤਨੀ ਦੀ ਮੌਤ ਹੋ ਜਾਵੇ ਤਾਂ ਮਰਦ ਵੱਡੇ ਜੁਆਕਾਂ ਦਾ ਪਿਓ ਹੋਣ 'ਤੇ ਵੀ ਕਿਸੇ ਅੱਲੜ ਉਮਰ ਦੀਆਂ ਅੱਲੜ ਸੱਧਰਾਂ ਦੇ ਧਾਗਿਆਂ ਨੂੰ ਅੱਗ ਲਗਾਉਣ ਬਾਰੇ ਸੋਚਦਾ ਹੈ। ਪਰ ਸਾਡੇ ਸਮਾਜ ਦੇ ਮਰਦ ਨੂੰ ਆਜ਼ਾਮੀਆਂ ਕਰਨ ਦਾ ਸਰਟੀਫਿਕੇਟ ਦੇ ਦਿੱਤਾ ਹੈ।

ਬਚਪਨ ਤੋਂ ਪੜਦੇ ਆ ਰਹੇ ਹਾਂ ਕਿ ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਪਰ ਸਾਡੀ ਫੌਕੀ ਇੱਜ਼ਤ ਅਨੁਸਾਰ ਔਰਤ ਦਾ ਸਮਾਜ ਵਿਚ ਵਿਚਰਨਾ ਠੀਕ ਨਹੀਂ। ਇਹ ਸਿਰਫ ਘਰ ਰੂਪੀ ਜੇਲ ਵਿਚ ਕੈਦ ਹੋ ਕੇ ਰਹਿ ਸਕਦੀ ਹੈ। ਇਕੋ ਥਾਂ ਰਹਿ ਕੇ ਇਕੋਂ ਕੰਮ ਕਰਨ 'ਤੇ ਚਿੜਚਿੜਾਪਣ ਆਉਣਾ ਸੁਭਾਵਿਕ ਹੈ। ਜਿਸ ਦਾ ਕਸੂਰਵਾਦ ਮਰਦ ਹੈ। ਪਰ ਆਪਣਾ ਕਸੂਰ ਅਣਗੌਲਿਆ ਕਰ ਸਾਰਾ ਔਰਤ 'ਤੇ ਥੱਪ ਦੇਣਾ ਮਰਦ ਦਾ ਦਸਤੂਰ ਬਣ ਚੁੱਕਿਆ ਹੈ।

ਅੱਜ ਕੱਲ ਵੱਧ ਰਹੇ ਬਲਾਤਕਾਰਾਂ ਨੇ ਔਰਤ ਲਈ ਇਕ ਹੋਰ ਸਮੱਸਿਆ ਖੜੀ ਕਰ ਰੱਖੀ ਹੈ। ਬਹੁਤ ਸਾਰੀਆਂ ਕੁੜੀਆਂ ਇਸ ਦਾ ਸ਼ਿਕਾਰ ਹੋ ਰਹੀਆਂ ਹਨ ਅਤੇ ਕਈ ਸ਼ਿਕਾਰ ਹੋ ਚੁੱਕੀਆਂ ਹਨ। ਜਿਨਾਂ 'ਚੋਂ ਬਹੁਤ ਘੱਟ ਮਾਮਲੇ ਪੁਲਿਸ ਕੋਲ ਦਰਜ ਹੁੰਦੇ ਹਨ। ਬਾਕੀ ਆਪਣੀ ਗੱਲ ਨੂੰ ਇੱਜ਼ਤ ਦੇ ਡਰ ਤੋਂ ਦੱਬ ਕੇ ਸਾਰੀ ਉਮਰ ਘੁੱਟ-ਘੁੱਟ ਕੇ ਮਰਨ ਲਈ ਮਜ਼ਬੂਰ ਹੋ ਜਾਂਦੀਆਂ ਹਨ।

ਇਸ ਮਸਲੇ ਵਿਚ ਜਿਥੋਂ ਤੱਕ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ, ਉਥੋਂ ਤੱਕ ਸਾਨੂੰ ਸਾਰਿਆਂ ਨੂੰ ਆਪਣੇ ਪੱਧਰ 'ਤੇ ਔਰਤ ਲਈ ਸੋਚ-ਵਿਚਾਰ ਜ਼ਰੂਰ ਕਰਨਾ ਚਾਹੀਦਾ ਹੈ। ਸਰਕਾਰ ਦੇ ਕਿਸੇ ਮੰਤਰੀ ਜਾਂ ਲੀਡਰ ਨੇ ਸਾਡੇ ਘਰ ਆ ਕੇ ਔਰਤਾਂ ਨੂੰ ਬਰਾਬਰ ਦੇ ਹੱਕ ਨਹੀਂ ਦੇਣੇ। ਸੋ, ਸਾਡੇ ਆਪਣੇ ਫਰਜ਼ ਬਣਦੇ ਹਨ ਕਿ ਜਿਵੇਂ ਮਰਦ ਨੂੰ ਆਪਣੇ ਆਪ ਵਿੱਚ ਹਰ ਕੰਮ ਕਰਨ ਦੀ ਅਜ਼ਾਦੀ ਹੈ, ਉਸੇ ਤਰਾਂ ਔਰਤ ਵੀ ਰੱਬ ਦਾ ਬਣਾਇਆ ਇਨਸਾਨ ਹੈ। ਇਹੀ ਅਜ਼ਾਦੀ ਉਸ ਨੂੰ ਵੀ ਮਿਲਣੀ ਚਾਹੀਦੀ ਹੈ।

# ਹਥਿਆਰਬੰਦ ਹੋ ਕੇ ਰੂਸੀ ਫ਼ੌਜਾਂ ਖ਼ਿਲਾਫ਼ ਲੜ ਰਹੀਆਂ ਨੇ ਯੂਕਰੇਨ ਦੀਆਂ ਬੀਬੀਆਂ

ਓਲੇਨਾ ਜ਼ੇਲੇਂਸਕਾ, ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਦੀ ਪਤਨੀ ਆਪਣੇ ਇੰਸਟਾਗ੍ਰਾਮ ਤੋਂ ਯੂਕਰੇਨ ਉੱਪਰ ਰੂਸ ਦੇ ਹਮਲੇ ਤੋਂ ਬਾਅਦ ਦੇਸ਼ ਦੀਆਂ ਔਰਤਾਂ ਵੱਲੋਂ ਆਪਣੇ ਵਤਨ ਦੀ ਰਾਖੀ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਲਿਖਦੀ ਰਹੀ ਹੈ। ਇਹ ਸਿਰਫ਼ ਜ਼ੇਲੇਂਸਕਾ ਹੀ ਨਹੀਂ ਹੈ। ਹੱਥਾਂ ਵਿੱਚ ਹਥਿਆਰ ਫੜੀ ਔਰਤਾਂ ਦੀਆਂ ਤਸਵੀਰਾਂ ਦਾ ਜਿਵੇਂ ਯੂਕਰੇਨ ਦੇ ਸੋਸ਼ਲ ਮੀਡੀਆ ਉੱਪਰ ਹੜ ਆਇਆ ਹੋਇਆ ਹੈ। ਹਾਲਾਂਕਿ ਜ਼ੇਲੇਂਸਕਾ ਸਮੇਤ ਬਹੁਤ ਸਾਰੀਆਂ ਔਰਤਾਂ ਵੀ ਹਨ, ਜੋ ਆਪਣੇ ਸ਼ਹਿਰਾਂ ਤੇ ਕਸਬਿਆਂ ਦੀ ਰਾਖੀ ਲਈ ਟਿਕੀਆਂ ਹੋਈਆਂ ਹਨ।

ਕੀਰਾ ਰੁਡਕ ਨੂੰ ਸੰਸਦ ਮੈਂਬਰ ਹੋਣ ਦੇ ਨਾਤੇ ਬੰਦੂਕ ਦਿੱਤੀ ਗਈ ਸੀ।ਕੀਰਾ ਰੁਡਕ ਦੱਸਦੀ ਹੈ, 'ਜੰਗ ਦੇ ਸ਼ੁਰੂ ਹੋਣ ਤੱਕ ਮੈਂ ਕਦੇ ਬੰਦੂਕ ਨੂੰ ਹੱਥ ਨਹੀਂ ਲਾਇਆ ਸੀ। ਪਰ ਜਦੋਂ ਹਮਲਾ ਹੋਇਆ ਤਾਂ ਹਥਿਆਰ ਹਾਸਲ ਕਰਨ ਦਾ ਇੱਕ ਮੌਕਾ ਸੀ। ਜਦੋਂ ਮੈਂ ਇਹ ਲੈਣ ਦਾ ਫ਼ੈਸਲਾ ਲਿਆ ਤਾਂ ਮੈਂ ਖ਼ੁਦ ਵੀ ਇਸ ਤੋਂ ਹੈਰਾਨ ਸੀ।' ਕੀਰਾ ਰੁਡਕ ਨੇ ਕੀਵ ਵਿੱਚ ਇੱਕ ਜੱਥਾ ਤਿਆਰ ਕੀਤਾ ਹੈ ਅਤੇ ਉਹ ਰਾਜਧਾਨੀ ਦੀ ਰਾਖੀ ਲਈ ਮਸ਼ਕਾਂ ਕਰ ਰਿਹਾ ਹੈ।ਇਸ ਦੇ ਬਾਵਜੂਦ, ਯੂਕਰੇਨੀ ਸੰਸਦ ਵਿੱਚ ਆਪਣੀ ਪਾਰਟੀ ਅਤੇ ਲੋਕਾਂ ਦੀ ਅਵਾਜ਼ ਚੁੱਕ ਰਹੇ ਹਨ, ਆਪਣੇ ਗਲੀ-ਗੁਆਂਢ ਵਿੱਚ ਆਪਣੇ ਜੱਥੇ ਨਾਲ ਪਹਿਰਾ ਦੇ ਰਹੇ ਹਨ। ਆਪਣੀ ਬੰਦੂਕ ਭਰਦਿਆਂ ਦੀ ਕੀਰਾ ਰੁਡਕ ਦੀ ਇੱਕ ਤਸਵੀਰ ਵਾਇਰਲ ਹੋ ਗਈ ਸੀ। ਕੀਰਾ ਰੁਡਕ ਦਾ ਕਹਿਣਾ ਹੈ ਕਿ ਇਸ ਤੋਂ ਹੋਰ ਔਰਤਾਂ ਨੂੰ ਵੀ ਹਥਿਆਰਬੰਦ ਹੋਣ ਦੀ ਪ੍ਰੇਰਨਾ ਮਿਲੀ।ਉਹ ਆਖਦੀ ਹੈ ਕਿ ਅਸੀਂ ਜਾਣਦੇ ਹਾਂ ਕਿ ਸਾਨੂੰ ਸਾਰੀਆਂ ਨੂੰ ਆਪਣੀ ਇੱਜ਼ਤ, ਆਪਣੇ ਜਿਸਮ ਅਤੇ ਆਪਣੇ ਬੱਚਿਆਂ ਦੀ ਰਾਖੀ ਲਈ ਲੜਨਾ ਪਵੇਗਾ।'

ਵਿਸ਼ਵ ਬੈਂਕ ਮੁਤਾਬਕ ਯੂਕਰੇਨ ਦੀ 4.4 ਕਰੋੜ ਦੀ ਅਬਾਦੀ ਵਿੱਚੋਂ 2.3 ਕਰੋੜ ਔਰਤਾਂ ਹਨ। ਯੂਕਰੇਨ ਦੀ ਫ਼ੌਜ ਵਿੱਚ ਔਰਤਾਂ ਦਾ ਅਨੁਪਾਤ ਦੁਨੀਆਂ ਵਿੱਚ ਸਭ ਤੋਂ ਜ਼ਿਆਦਾ ਹੈ। ਯੂਕਰੇਨੀ ਫ਼ੌਜ ਵਿੱਚ 15.6% ਔਰਤਾਂ ਹਨ ਅਤੇ ਇਹ ਅੰਕੜਾ 2014 ਤੋਂ ਬਾਅਦ ਦੁੱਗਣਾ ਹੋ ਗਿਆ। ਦਸੰਬਰ ਵਿੱਚ ਜਦੋਂ ਸਰਕਾਰ ਨੇ 18 ਤੋਂ 60 ਸਾਲ ਦੀਆਂ ਤੰਦਰੁਸਤ ਔਰਤਾਂ ਨੂੰ ਸਰਕਾਰ ਨੇ ਸੰਭਾਵੀ ਫੌਜੀ ਬਣਨ ਲਈ ਆਪਣੀ ਰਜਿਸਟ੍ਰੇਸ਼ਨ ਕਰਵਾਉਣ ਲਈ ਕਿਹਾ ਤਾਂ ਇਹ ਗਿਣਤੀ ਹੋਰ ਵੀ ਵਧ ਗਈ ਹੈ।

ਹਮਲੇ ਤੋਂ ਕੁਝ ਦਿਨ ਪਹਿਲਾਂ ਹੀ ਪੱਚੀ ਸਾਲਾ ਮੁਟਿਆਰ ਮਾਰਹਰਿਤਾ ਰਿਵਾਸੈਂਕੋ ਨੇ ਆਪਣੇ ਦੋਸਤਾਂ ਨਾਲ ਬੁਡਾਪਾਸਟ, ਹੰਗਰੀ ਵਿੱਚ ਆਪਣਾ ਜਨਮ ਦਿਨ







ਮਨਾਇਆ ਸੀ। ਉਸ ਨੇ ਦੱਸਿਆ, 'ਜਦੋਂ ਲੜਾਈ ਸ਼ੁਰੂ ਹੋਈ ਤਾਂ ਮੇਰਾ ਪਰਿਵਾਰ ਖਾਰਕੀਵ ਵਿੱਚ ਸੀ ਅਤੇ ਮੈਂ ਇਕੱਲੀ ਕੀਵ ਵਿੱਚ। ਮੈਂ ਟੈਰੀਟੋਰੀਅਲ ਡਿਫ਼ੈਂਸ ਵਿੱਚ ਸ਼ਾਮਲ ਹੋਣ ਦਾ ਨਿਰਨਾ ਲਿਆ।'

ਮਾਰਹਰਿਤਾ ਰਿਵਾਸੈਂਕੋ ਨੇ ਆਪਣੀ ਬਟਾਲੀਅਨ ਵਿੱਚ ਮੁਢਲੀ ਸਹਾਇਤਾ ਦਾ ਕੋਰਸ ਕੀਤਾ ਹੈ ਤੇ ਹੁਣ ਨਰਸਿੰਗ ਸਹਾਇਕ ਵਜੋਂ ਵਲੰਟੀਅਰ ਕਰ ਰਹੇ ਹਨ।

ਉਹ ਦੱਸਦੀ ਹੈ, 'ਮੈਂ ਬਹੁਤ ਡਰੀ ਹੋਈ ਹਾਂ। ਮੈਨੂੰ ਆਪਣੀ ਜ਼ਿੰਦਗੀ ਨਾਲ ਪਿਆਰ ਹੈ ਤੇ ਮੈਂ ਜਿਊਣਾ ਚਾਹੁੰਦੀ ਹਾਂ ਪਰ ਮੇਰੀ ਜ਼ਿੰਦਗੀ ਇਸ ਲੜਾਈ ਉੱਪਰ ਨਿਰਭਰ ਕਰਦੀ ਹੈ।'

ਤਕਨੀਕੀ ਮਾਹਿਰ ਤੇ ਸਲਾਹਕਾਰ ਯੁਤਸਨਾ ਸੁਦਾਨ ਵੀ ਦੇਸ ਨੂੰ ਬਚਾਉਣ ਵਿੱਚ ਆਪਣਾ ਯੋਗਦਾਨ ਪਾ ਰਹੀ ਹੈ। 'ਹੁਣ ਮੈਂ ਰਾਖਵੇਂ (ਫ਼ੌਜੀਆਂ) ਵਿੱਚ ਹਾਂ ਤੇ ਲੜਨ ਲਈ ਤਿਆਰ ਹਾਂ। ਮੈਨੂੰ ਕੱਢ ਕੇ ਲਵੀਵ ਲਿਜਾਇਆ ਗਿਆ ਸੀ ਕਿਉਂਕਿ ਕਾਰ ਅਤੇ ਬੰਦੂਕ ਤੋਂ ਬਿਨਾਂ ਮੈਂ ਕੀਵ ਵਿੱਚ ਕਾਰਗਰ ਨਹੀਂ ਸੀ। ਇਸ ਲਈ ਮੈਂ ਸੁਰੱਖਿਅਤ ਜ਼ੋਨ ਵਿੱਚ ਵਲੰਟੀਅਰ ਕਰ ਰਹੀ ਹਾਂ। ਫਿਲਹਾਲ ਮੋਰਚਿਆਂ ਤੱਕ ਉਪਕਰਨ ਅਤੇ ਮਨੁੱਖੀ ਸਹਾਇਤਾ ਭੇਜਣ ਦੇ ਕੰਮ ਨੂੰ ਸੰਗਠਿਤ ਕਰਨ ਵਿੱਚ ਮਦਦ ਕਰਦੀ ਹਾਂ।'

ਓਲੀਨਾ ਬਲਿਤਸਕੀ : 'ਮੈਂ ਚਾਹੁੰਦੀ ਹਾਂ ਕਿ ਮੇਰੀ ਤੀਜੀ ਧੀ ਅਜ਼ਾਦ ਯੂਕਰੇਨ ਵਿੱਚ ਜਨਮ ਲਵੇ।'

ਓਲੀਨਾ ਬਲਿਤਸਕੀ 2014 ਤੋਂ ਹੀ ਨਾਗਰਿਕਾਂ ਨੂੰ ਜੰਗੀ ਸਿਖਲਾਈ ਦੇ ਰਹੀ ਹੈ।

ਸਾਬਕਾ ਵਕੀਲ ਓਲੀਨਾ ਬਲਿਤਸਕੀ ਦਾ ਘਰ ਕੀਵ ਵਿੱਚ ਹੈ ਅਤੇ ਹੁਣ ਯੂਕਰੇਨ ਮਹਿਲਾ ਗਾਰਡ ਦਾ ਹੈਡਕੁਆਰਟਰ ਬਣ ਗਿਆ ਹੈ। ਉਹ ਛੇ ਮਹੀਨਿਆਂ ਦੀ ਗਰਭਵਤੀ ਹੈ। ਉਸ ਨੇ ਆਪਣੇ ਪਤੀ ਅਤੇ ਦੋ ਬੱਚੀਆਂ (6 ਤੇ 11 ਸਾਲ) ਦੇ ਨਾਲ ਰਾਜਧਾਨੀ ਵਿੱਚ ਰੁਕਣ ਦਾ ਫ਼ੈਸਲਾ ਕੀਤਾ। ਉਹ ਦੱਸਦੀ ਹੈ ਅਸੀਂ ਪੂਰੇ ਦੇਸ਼ ਵਿੱਚ ਔਰਤਾਂ ਨੂੰ ਵਿਰੋਧ ਵਿੱਚ ਸੰਗਠਿਤ ਕਰ ਰਹੇ ਹਾਂ। ਇੱਥੇ ਰੁਕਣ ਅਤੇ ਲੜਨ ਦਾ ਫ਼ੈਸਲਾ ਸਾਰੇ ਪਰਿਵਾਰ ਦਾ ਸੀ , ਕਿਉਂਕਿ ਅਸੀਂ ਗੁਲਾਮੀ ਵਿੱਚ ਨਹੀਂ ਰਹਿਣਾ ਚਾਹੁੰਦੇ।' ਫਿਲਹਾਲ ਮੈਂ ਮੋਰਚਿਆਂ ਤੱਕ ਉਪਕਰਨ ਅਤੇ ਮਨੁੱਖੀ ਸਹਾਇਤਾ ਭੇਜਣ ਦੇ ਕੰਮ ਨੂੰ ਸੰਗਠਿਤ ਕਰਨ ਵਿੱਚ ਮਦਦ ਕਰਦੀ ਹਾਂ।'

ਉਹ ਆਪਣੇ ਪਤੀ ਓਲਕਸੈਂਡਰ ਨੇ ਨਾਗਰਿਕਾਂ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਤਿਆਰ ਕਰਨ ਦਾ ਕੰਮ ਵੰਡ ਲਿਆ ਹੈ। ਉਹ ਲੋਕਾਂ ਨੂੰ ਮਾਲਟੋਵ ਕਾਕਟੇਲ ਬਣਾਉਣ, ਅਸਾਲਟ ਰਾਈਫ਼ਲਾਂ ਚਲਾਉਣ ਅਤੇ 33 ਭਾਸ਼ਾਵਾਂ ਵਿੱਚ ਆਪਣੀ ਵੈਬਸਾਈਟ ਉੱਪਰ ਸੂਚਨਾ ਪਾਉਣ ਦੀ ਸਿਖਲਾਈ ਦਿੰਦੇ ਹਨ।

ਬਲਿਤਸਕੀ ਦਾ ਸੰਗਠਨ ਉਨਾਂ ਪਰਾਬੈਂਗਣੀ ਸੰਕੇਤਾਂ ਨੂੰ ਬਦਲਣ ਦਾ ਕੰਮ ਵੀ ਕਰਦੇ ਹਨ ਜੋ ਕਿ ਉਹ ਮੰਨਦੇ ਹਨ ਕਿ ਰੂਸੀ ਫ਼ੌਜ ਨੇ ਬਣਾਏ ਹਨ। ਉਨਾਂ ਦਾ ਮੰਨਣਾ ਹੈ ਕਿ ਇਨਾਂ ਸੰਕੇਤਾਂ ਦੀ ਵਰਤੋਂ ਮਿਜ਼ਾਇਲਾਂ ਸੁੱਟਣ ਅਤੇ ਪੈਰਾਟਰੂਪਰ ਲਈ ਕੀਤੀ ਜਾਵੇਗੀ। ਅਜਿਹੇ ਸੰਕੇਤ ਉਨਾਂ ਨੂੰ ਆਪਣੇ ਘਰ ਦੇ ਵਿਹੜੇ ਵਿੱਚ ਵੀ ਮਿਲੇ।

'ਮੈਂ ਨਹੀਂ ਜਾਣਦੀ ਕਿ ਮੈਂ ਬਚਾਂਗੀ ਜਾਂ ਨਹੀਂ ਪਰ ਮੈਂ ਜਿਉਣਾ ਚਾਹੁੰਦੀ ਹਾਂ ਅਤੇ ਮੇਰਾ ਸੁਪਨਾ ਹੈ ਕਿ ਮੇਰੀ ਤੀਜੀ ਬੇਟੀ ਦਾ ਜਨਮ ਇੱਕ ਅਜ਼ਾਦ ਯੂਕਰੇਨ ਵਿੱਚ ਹੋਵੇ।'

ਯਾਰੀਨਾ ਅਰੀਵਾ ਨੇ ਜੰਗ ਦੇ ਪਹਿਲੇ ਦਿਨ ਹੀ ਵਿਆਹ ਕਰਵਾਇਆ ਸੀ। ਜਿਸ ਸਵੇਰ ਪੁਤਿਨ ਨੇ ਰੂਸ ਉੱਪਰ ਹਮਲਾ ਕੀਤਾ ਯਵਰਾਨਾ ਦੇ ਦਿਮਾਗ ਵਿੱਚ ਇੱਕ ਹੀ ਵਿਚਾਰ ਸੀ- ਵਿਆਹ ਕਰਵਾਉਣ ਦਾ।

ਉਹ ਆਪਣੇ ਹੋਣ ਵਾਲੇ ਪਤੀ ਤੋਂ ਵੱਖ ਰਹਿ ਰਹੀ ਸੀ ਅਤੇ ਸੰਕਟ ਦੇ ਸਮੇਂ ਦੌਰਾਨ ਉਹ ਪਤੀ ਨਾਲ ਰਹਿਣਾ ਚਾਹੁੰਦੀ ਸੀ। ਨਵਾਂ ਵਿਆਹਿਆ ਜੋੜਾ ਫਿਰ ਰਾਜਧਾਨੀ ਕੀਵ ਦੀ ਰਾਖੀ ਲਈ ਟੈਰੀਟੋਰੀਅਲ ਡਿਫ਼ੈਂਸ ਵਿੱਚ ਭਰਤੀ ਹੋ ਗਿਆ। 'ਮੇਰੀ ਜਾਇਦਾਦ ਇੱਥੇ ਹੈ, ਮੇਰੇ ਮਾਪੇ ਇੱਥੇ ਹਨ, ਮੇਰੀ ਬਿੱਲੀ ਇੱਥੇ ਹੈ। ਮੈਂ ਜਿਸ ਵੀ ਕਾਸੇ ਨੂੰ ਪਿਆਰ ਕਰਦੀ ਹਾਂ ਇੱਥੇ ਹੈ। ਇਸ ਲਈ ਮੈਂ ਕੀਵ ਨਹੀਂ ਛੱਡ ਸਕਦੀ ਅਤੇ ਜੇ ਲੋੜ ਪਈ ਤਾਂ ਮੈਂ ਲੜਾਂਗੀ।'

ਅਰੀਵਾ ਕੀਵ ਦੀ ਸਿਟੀ ਕਾਊਂਸਲ ਦੇ ਡਿਪਟੀ ਹੈ। ਇਸ ਲਈ ਉਨਾਂ ਨੂੰ ਇੱਕ ਬੰਦੂਕ ਅਤੇ ਬੁਲਟਪਰੂਫ਼ ਜਾਕਟ ਦਿੱਤੀ ਗਈ ਸੀ। ਉਹ ਆਪਣੇ ਪਤੀ ਨਾਲ ਟੈਰੀਟੋਰੀਅਲ ਡਿਫ਼ੈਂਸ ਦੇ ਟਿਕਾਣੇ ਵਿੱਚ ਚਲੀ ਗਈ। ਹਾਲਾਂਕਿ ਉਸ ਕੋਲ ਲੜਾਈ ਦਾ ਕੋਈ ਅਨੁਭਵ ਨਹੀਂ ਹੈ।

# 74 ਸਾਲਾਂ ਬਾਅਦ ਭਰਾ ਨੂੰ ਮਿਲਣ ਪਾਕਿਸਤਾਨ ਪੁੱਜਿਆ ਸਿੱਕਾ ਖ਼ਾਨ

**ਪ੍ਰਗਟ ਸਿੰਘ ਜੰਡਿਆਲਾ ਗੁਰੂ**

1947 ਦੀ ਵੰਡ ਮਗਰੋਂ ਆਪਣੇ ਪਰਿਵਾਰ ਨਾਲੋਂ ਵਿਛੜ ਕੇ ਭਾਰਤ ਵਿੱਚ ਰਹਿ ਰਿਹਾ ਸਿੱਕਾ ਖਾਨ (ਹਬੀਬ) ਲਗਭਗ 74 ਸਾਲਾਂ ਬਾਅਦ ਆਪਣੇ ਵਿੱਛੜੇ ਭਰਾ ਮੁਹੰਮਦ ਸਦੀਕ ਨੂੰ ਮਿਲਣ ਲਈ ਪਾਕਿਸਤਾਨ ਪੁੱਜ ਗਿਆ ਹੈ। ਉਹ ਕਰਤਾਰਪੁਰ ਲਾਂਘਾ ਖੁੱਲਣ 'ਤੇ 10 ਜਨਵਰੀ ਨੂੰ ਪਿੰਡ ਦੇ ਕੁਝ ਲੋਕਾਂ ਨਾਲ ਕਰਤਾਰਪੁਰ ਸਾਹਿਬ ਦਰਸ਼ਨ ਕਰਨ ਗਿਆ ਜਿਥੇ 74 ਸਾਲਾਂ ਬਾਅਦ ਉਹ ਆਪਣੇ ਭਰਾ ਮੁਹੰਮਦ ਸਦੀਕ ਨੂੰ ਮਿਲਿਆ।ਸਿੱਕਾ ਖ਼ਾਨ ਨੇ ਦੱਸਿਆ ਕਿ ਇਸ ਮੁਲਾਕਾਤ ਤੋਂ ਬਾਅਦ ਪਾਕਿਸਤਾਨ ਵੱਲੋਂ ਉਸ ਨੂੰ ਵੀਜ਼ਾ ਦੇ ਦਿੱਤਾ ਗਿਆ। ਉਸ ਨੇ ਦੱਸਿਆ ਕਿ ਉਨਾਂ ਦਾ ਪਿੰਡ ਮੋਗਾ ਜ਼ਿਲੇ ਵਿੱਚ ਸੀ ਤੇ ਵੰਡ ਵੇਲੇ ਉਹ ਆਪਣੀ ਮਾਂ ਨਾਲ ਬਠਿੰਡਾ ਜ਼ਿਲੇ ਦੇ ਪਿੰਡ ਫੁੱਲਾਂਵਾਲਾ ਵਿੱਚ ਆਪਣੇ ਨਾਨਕੇ ਪਿੰਡ ਆਇਆ ਹੋਇਆ ਸੀ। ਵੰਡ ਦੌਰਾਨ ਹੋਈ ਕਤਲੋ-ਗਾਰਦ ਵਿੱਚ ਉਸ ਦੇ ਪਿਤਾ ਦੀ ਮੌਤ ਹੋ ਗਈ। ਉਸ ਦੀ ਮਾਂ ਪਰਿਵਾਰ ਦੇ ਵਿਛੋੜੇ ਦਾ ਦਰਦ ਨਾ ਸਹਾਰਦੀ ਹੋਈ ਆਪਣਾ ਮਾਨਸਿਕ ਸੰਤੁਲਨ ਗੁਆ ਬੈਠੀ ਸੀ ਅਤੇ ਉਸ ਨੇ ਖ਼ੁਦਕੁਸ਼ੀ ਕਰ ਲਈ ਸੀ। ਉਸ ਦਾ ਪਾਲਣ-ਪੋਸ਼ਣ ਉਸ ਦੇ ਮਾਮੇ ਤੇ ਪਿੰਡ ਵਾਸੀਆਂ ਨੇ ਕੀਤਾ। ਸਿੱਕਾ ਖ਼ਾਨ ਨੇ ਦੱਸਿਆ ਉਹ ਭਰਾ ਲਈ ਸੌਗਾਤਾਂ ਲੈ ਕੇ ਆਇਆ ਹੈ। ਦੋਵਾਂ ਭਰਾਵਾਂ ਨੇ ਕਿਹਾ, 'ਜਿਹੜੀ ਚਾਰ ਦਿਨ ਦੀ ਜ਼ਿੰਦਗੀ ਰਹਿ ਗਈ ਇਕੱਠੇ ਲੰਘਾ ਲਈਏ, ਹਕੂਮਤ ਅੱਗੇ ਕਹਾਂਗੇ। ਚਲੋ ਬਈ, ਇਸ ਨੂੰ ਇਜਾਜ਼ਤ ਦੇ ਦੇਣ। ਇਸਦਾ ਓਧਰ ਕੋਈ ਨਹੀਂ ਸਿਵਾਏ ਸਾਥੋਂ।' ਸਿੱਕਾ ਖ਼ਾਨ ਨੇ ਆਪਣੇ ਭਰਾ ਨੂੰ ਮਿਲਣ ਤੋਂ ਬਾਅਦ ਕਿਹਾ, 'ਬਹੁਤ ਹੀ ਵਧੀਆ ਲਗਦਾ। ਜਿੰਨਾ ਕਹਿ ਲਈਏ ਓਨਾ ਹੀ ਵਧੀਆ ਲਗਦਾ।' ਕਰਤਾਰਪੁਰ ਸਾਹਿਬ ਵਿਖੇ ਹੋਈ ਮੁਲਾਕਾਤ ਬਾਰੇ ਉਹ ਕਹਿੰਦੇ ਹਨ, 'ਓਦਣ ਮੈਨੂੰ ਤਾਂ ਬਹੁਤ ਵਧੀਆ ਲੱਗਿਆ ਪਰ ਇਹ ਰੋਣ ਲੱਗ ਪਿਆ। ਮੈਂ ਇਸ ਨੂੰ ਵਰਾਇਆ ਕਿ ਆਪਣਾ ਮਾਂ-ਪਿਓ ਤਾਂ ਮਰ ਹੀ ਗਿਆ ਪਰ ਐਨਾ ਸ਼ੁਕਰ ਕਰ ਕਿ ਆਪਾਂ ਇਕੱਠੇ ਹੋ ਗਏ।

'ਸਿੱਕਾ ਖਾਨ ਨੇ ਦੱਸਿਆ ਕਿ ਪਿੰਡ ਵਾਲਿਆਂ ਨੇ ਉਨਾਂ ਨੂੰ ਕਿਹਾ ਸੀ ਕਿ ਜਿੰਨੀ ਦੇਰ ਦਾ ਤੇਰਾ ਵੀਜ਼ਾ ਲੱਗਿਆ ਹੈ ਓਨੀ ਦੇਰ ਤਾਂ ਤੂੰ ਰਹੀ ਫੇਰ ਆਕੇ ਮਿਲੀਂ ਅਤੇ ਫਿਰ ਭਾਵੇਂ ਚਲਾ ਜਾਵੀਂ, ਮੈਂ ਕਿਹਾ ਚੰਗਾ।'



ਆਪਣੇ ਭਰਾ ਨਾਲ ਹੋਈ ਪਿਛਲੀ ਮੁਲਾਕਾਤ ਬਾਰੇ ਉਨਾਂ ਨੇ ਦੱਸਿਆ, 'ਪਿਛਲੀ ਮੁਲਾਕਾਤ ਮੌਕੇ ਗੱਲਾਂ ਥੋੜੀਆਂ ਹੋਈਆਂ ਟਾਈਮ ਥੋੜਾ ਸੀ। ਉਹ ਰੋਈ ਗਿਆ। ਰੋਈ ਹੀ ਗਿਆ। ਸਾਰੇ ਹੀ ਰੋਣ ਲੱਗ ਗਏ।' ਇਹ ਕਹਿੰਦਿਆਂ ਸਿੱਕਾ ਖਾਨ ਦਾ ਗਲ਼ ਭਰ ਆਇਆ ਪਰ ਉਨਾਂ ਨੇ ਅੱਗੇ ਕਿਹਾ, 'ਟਾਈਮ ਥੋੜਾ ਸੀ। ਲੇਟ ਹੋ ਗਏ ਉਹ, ਆਉਣ ਵਿੱਚ, ਅਸੀਂ ਪਹਿਲਾਂ ਪਹੁੰਚ ਗਏ ਸਨ।'

ਇਸ ਵਾਰ ਬਾਰੇ ਹਾਲਾਂਕਿ ਉਨਾਂ ਨੇ ਕਿਹਾ, 'ਜਿੰਨੀ ਦੇਰ ਦਾ ਵੀਜ਼ਾ ਹੈ ਓਨੀ ਦੇਰ ਤਾਂ ਮੈਂ ਰਹਾਂਗਾ। ਮਿਲਾ ਗਿਲਾਂਗਾ। ਗੱਲਾਂ-ਬਾਤਾਂ ਕਰਾਂਗੇ। ਫੇਰ ਹੀ ਮੈਨੂੰ ਪਤਾ ਲੱਗੂ, ਆਹ ਤੇਰਾ ਦੋਹਤਾ ਹੈ, ਆਹ ਤੇਰੀ ਭਾਣਜੀ ਹੈ। ਐਂ ਪਤਾ ਲੱਗੇਗਾ।'

'ਉਦੋਂ ਕੋਈ ਪਤਾ ਨਹੀਂ ਲੱਗਿਆ। ਉਦੋਂ ਰੋਣੋ ਨੀ ਹਟੇ, ਮੇਰਾ ਤਾਂ ਆਪ ਰੋਣ ਨਿਕਲੀ ਗਿਆ। ਗੱਲਾਂ ਕੀ ਹੋਣ?'

ਕਰਤਾਰਪੁਰ ਵਿੱਚ ਦੋਵਾਂ ਭਰਾਵਾਂ ਦੀ ਮੁਲਾਕਾਤ ਦੇ ਗਵਾਹ ਫੁੱਲਾਂਵਾਲ ਪਿੰਡ ਦੇ ਜਗਸੀਰ ਸਿੰਘ ਨੇ ਜਨਵਰੀ ਦੀ ਮੁਲਾਕਾਤ ਤੋਂ ਬਾਅਦ ਦੱਸਿਆ ਸੀ ਕਿ ਫ਼ੋਨ ਉੱਤੇ ਤਾਂ ਦੋਵੇਂ ਭਰਾ ਦੋ ਸਾਲਾਂ ਤੋਂ ਗੱਲ ਕਰ ਰਹੇ ਸਨ ਪਰ ਵਿਅਕਤੀਗਤ ਮੁਲਾਕਾਤ 10 ਜਨਵਰੀ ਨੂੰ ਹੋਈ ਸੀ।ਕਰਤਾਰਪੁਰ ਸਾਹਿਬ ਵਿਖੇ ਗਏ ਸਨ। ਜਦੋਂ ਭਰਾਵਾਂ ਨੇ ਇੱਕ ਦੂਜੇ ਨੂੰ ਜੱਫੀ ਪਾਈ ਤਾਂ ਉਹ ਪਲ ਬੇਹੱਦ ਭਾਵੁਕ ਕਰਨ ਵਾਲਾ ਸੀ। ਨਾ ਸਿਰਫ਼ ਦੋਵੇਂ ਭਰਾਵਾਂ ਦੀਆਂ ਅੱਖਾਂ ਵਿਚ ਅੱਥਰੂ ਸਨ ਬਲਕਿ ਉੱਥੇ ਮੌਜੂਦ ਹਰ ਵਿਅਕਤੀ ਦੀ ਅੱਖ ਨਮ ਸੀ।

ਦੋਵਾਂ ਭਰਾਵਾਂ ਦਾ ਜੱਦੀ ਪਿੰਡ ਮੋਗਾ ਜ਼ਿਲੇ ਵਿੱਚ ਸੀ ਅਤੇ ਵੰਡ ਤੋਂ ਪਹਿਲਾਂ ਸਿੱਕਾ ਖ਼ਾਨ (ਹਬੀਬ) ਆਪਣੀ ਮਾਂ ਦੇ ਨਾਲ ਬਠਿੰਡਾ ਜ਼ਿਲੇ ਦੇ ਪਿੰਡ ਫੁੱਲਾਂਵਾਲਾ ਨਾਨਕੇ ਪਿੰਡ ਆਇਆ ਹੋਇਆ ਸੀ।

ਵੰਡ ਦੌਰਾਨ ਹੋਈ ਕਤਲੋਗਾਰਤ ਵਿੱਚ ਇਹਨਾਂ ਦੇ ਪਿਤਾ ਦੀ ਮੌਤ ਹੋ ਗਈ ਸੀ। ਅੱਧਾ ਪਰਿਵਾਰ (ਭਰਾ ਅਤੇ ਭੈਣ) ਪਾਕਿਸਤਾਨ ਚਲੇ ਗਏ ਅਤੇ ਸਿੱਕਾ ਖ਼ਾਨ ਅਤੇ ਉਸ ਦੀ ਮਾਤਾ ਫੁੱਲਾਂਵਾਲ ਪਿੰਡ ਵਿੱਚ ਹੀ ਰਹਿ ਗਏ।

ਬਾਅਦ ਵਿੱਚ ਸਿੱਕਾ ਖ਼ਾਨ ਦੀ ਮਾਂ ਵੰਡ ਕਾਰਨ ਵਿਛੜੇ ਪਰਿਵਾਰ ਦੇ ਦੁੱਖ ਕਾਰਨ ਮਾਨਸਿਕ ਸੰਤੁਲਨ ਗੁਆ ਬੈਠੀ ਅਤੇ ਖ਼ੁਦਕੁਸ਼ੀ ਕਰ ਲਈ। ਇਸ ਤੋਂ ਬਾਅਦ ਸਿੱਕਾ ਖ਼ਾਨ ਦਾ ਪਾਲਣ ਪੋਸ਼ਣ ਉਨਾਂ ਦੇ ਮਾਮੇ ਅਤੇ ਪਿੰਡ ਫੁੱਲਾਂਵਾਲ ਦੇ ਲੋਕਾਂ ਨੇ ਕੀਤਾ।

ਫੁੱਲਾਂਵਾਲ ਪਿੰਡ ਵਿੱਚ ਮੁਸਲਿਮ ਭਾਈਚਾਰੇ ਦੇ ਕਰੀਬ 20 ਕੁ ਘਰ ਹਨ। ਜਗਸੀਰ ਸਿੰਘ ਮੁਤਾਬਕ ਉਨਾਂ ਦੇ ਬਜ਼ੁਰਗ ਦੱਸਦੇ ਸਨ ਕਿ 1947 ਵਿੱਚ ਤਿੰਨ ਹੀ ਘਰ ਸਨ।

ਭਾਈਚਾਰਕ ਸਾਂਝ ਹੋਣ ਕਾਰਨ ਇਨਾਂ ਘਰਾਂ ਦੇ ਲੋਕਾਂ ਨੂੰ ਵੰਡ ਸਮੇਂ ਹੋਏ ਫ਼ਸਾਦ ਦੌਰਾਨ ਸਿੱਖਾਂ ਨੇ ਆਪਣੇ ਘਰਾਂ ਵਿੱਚ ਲੁਕਾ ਕੇ ਇਹਨਾਂ ਦੀ ਰੱਖਿਆ ਕੀਤੀ ਅਤੇ ਕਿਸੇ ਨੂੰ ਵੀ ਪਾਕਿਸਤਾਨ ਨਹੀਂ ਜਾਣ ਦਿੱਤਾ। ਉਨਾਂ ਨੇ ਦੱਸਿਆ ਕਿ ਇਹ ਸਾਂਝ ਹੁਣ ਵੀ ਕਾਇਮ ਹੈ। ਸਿੱਕਾ ਖ਼ਾਨ ਆਪਣੇ ਭਰਾ ਨੂੰ ਮਿਲਿਆ ਜਿਸ ਦੀ ਪੂਰੇ ਪਿੰਡ ਨੂੰ ਖ਼ੁਸ਼ੀ ਸੀ। ਜਨਵਰੀ ਦੇ ਦੂਜੇ ਹਫ਼ਤੇ ਜਿਸ ਦਿਨ ਸਿੱਕਾ ਖ਼ਾਨ ਨੇ ਭਰਾ ਨੂੰ ਮਿਲਣ ਲਈ ਜਾਣਾ ਸੀ ਤਾਂ ਪਿੰਡ ਵੱਲੋਂ ਮੁਹੰਮਦ ਸਦੀਕ ਦੇ ਪਰਿਵਾਰ ਲਈ ਕੱਪੜੇ ਅਤੇ ਹੋਰ ਤੋਹਫ਼ੇ ਭੇਜੇ ਗਏ।

# 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਿੰਟਿੰਗ ਬੀੜ ਦੀ ਛਪਾਈ ਦਾ ਮਸਲਾ'

## 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਬੁੱਕ ਕਲੱਬ'




**ਅੰਮ੍ਰਿਤਸਰ ਟਾਈਮਜ਼ ਬਿਊਰੋ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਵਿੱਚ ਨਵੇਂ ਵਾਧੇ ਕਰਕੇ ਲਗਾ ਮਾਤਰਾ ਲਗਾ ਕੇ ਛਪਾਈ ਦਾ ਜੋ ਮਾਮਲਾ ਸਾਹਮਣੇ ਆਇਆ ਹੈ ਉਹ ਅੱਤ ਹੀ ਨਿੰਦਣਯੋਗ ਅਤੇ ਸਿੱਖ ਪੰਥ ਦੇ ਭਵਿੱਖ ਲਈ ਚਿੰਤਾਜਨਕ ਵਿਸ਼ਾ ਹੈ। ਚਿੰਤਾਜਨਕ ਇਸ ਲਈ ਹੈ ਕਿਉਂਕਿ ਜਿਸ ਸ਼ਬਦ ਗੁਰੂ ਤੋਂ ਸਮੁੱਚਾ ਜਗਤ ਜੀਵਨ-ਸੇਧ ਲੈਂਦਾ ਹੈ ਉਸ ਦੀ ਛਪਾਈ ਵਿੱਚ ਅਜਿਹੀਆਂ ਤਰੁੱਟੀਆਂ ਪੈਦਾ ਕਰ ਦੇਣੀਆਂ ਜਿਸ ਨਾਲ ਆਉਣ ਵਾਲੀਆਂ ਪੀੜੀਆਂ ਵਿੱਚ ਸੱਚ ਝੂਠ ਦੀ ਪਰਖ ਕਰਨੀ ਔਖੀ ਹੋ ਜਾਵੇ।

ਅਜਿਹਾ ਵਿਵਾਦਿਤ ਕੰਮ ਸਿੱਖ ਬੁੱਕ ਕਲੱਬ ਦੇ ਥਮਿੰਦਰ ਸਿੰਘ ਆਨੰਦ ਵੱਲੋਂ ਕੀਤਾ ਗਿਆ ਹੈ । ਜਿਸ ਵਿਚ ਉਨਾਂ ਨੇ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਿਤ ਕੀਤੇ ਜਾ ਰਹੇ ਪ੍ਰਿੰਟਿੰਗ ਬੀੜਾਂ ਤੋਂ ਅਲੱਗ ਬਿੰਦੀਆਂ ਤੇ ਨਵੀਆਂ ਲਗਾ ਮਾਤਰਾਵਾਂ ਲਾ ਕੇ ਇਕ ਸੋਧੇ ਹੋਏ ਸਰੂਪ ਦਾ ਨਾਮ ਦੇ ਕੇ ਆਨਲਾਈਨ ਅਤੇ ਛਪਵਾ ਕੇ ਅਮਰੀਕਾ ਵਿਚ ਵੰਡਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਦੁਨੀਆਂ ਭਰ ਤੋਂ ਸਿੱਖ ਬੁੱਕ ਕਲੱਬ ਨਾਲ ਜੁੜੇ ਹੋਏ ਲੱਖਾਂ ਲੋਕਾਂ ਨਾਲ ਇਕ spam ਈ-ਮੇਲ ਰਾਹੀਂ ਵੀ ਇਸ ਨੂੰ ਸਾਂਝਾ ਕੀਤਾ ਜਾ ਰਿਹਾ ਹੈ ਤੇ ਉਸ ਈ-ਮੇਲ ਵਿਚ ਉਨ੍ਹਾਂ ਨੇ ਸਾਫ ਸ਼ਬਦਾਂ ਵਿੱਚ ਲਿਖਿਆ ਹੋਇਆ ਹੈ ਕਿ 'ਅਸੀਂ 20 ਸਾਲ ਤੋਂ ਵੱਧ ਸਮੇਂ ਤੋਂ ਅਕਾਲ ਤਖ਼ਤ ਦੇ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਅਤੇ ਜੋਗਿੰਦਰ ਸਿੰਘ ਤਲਵਾੜਾ ਜੀ ਦੀ ਅਗਵਾਈ ਹੇਠ ਚੱਲ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਸਕਰਨ ਜਾਰੀ ਕਰ ਰਹੇ ਹਾਂ। ਇਹ ਸਰੂਪ Sikhbookclub.com ਵਿੱਚ ਡਿਜੀਟਲ ਫਾਰਮੇਟ ਵਿੱਚ ਉਪਲਬਧ ਹੈ। ਪ੍ਰਿੰਟ ਕੀਤਾ ਸੰਸਕਰਣ ਅਮਰੀਕਾ ਵਿੱਚ ਇਸ ਸਮੇਂ ਲਾਸ- ਏਂਜਲਸ ਵਿੱਚ ਅਤੇ ਸਾਲ ਦੇ ਅੰਤ ਤੱਕ ਲੰਡਨ, ਟੋਰਾਂਟੋ, ਨਿਊਯਾਰਕ ਅਤੇ ਮਿਆਮੀ ਵਿੱਚ ਮੁਫਤ ਉਪਲਬਧ ਹੈ। ਅਸੀਂ ਮਰਹੂਮ ਜੋਗਿੰਦਰ ਸਿੰਘ ਵੇਦਾਂਤੀ ਦੇ 20 ਸਾਲਾਂ ਤੋਂ ਵੱਧ ਦੇ ਅਣਥੱਕ ਕੰਮ ਅਤੇ ਕਈ ਹੋਰ ਵਲੰਟੀਅਰਾਂ ਦੇ ਯੋਗਦਾਨ ਲਈ ਧੰਨਵਾਦ ਕਰਦੇ ਹਾਂ ਅਤੇ ਯਾਦ ਕਰਨਾ ਚਾਹੁੰਦੇ ਹਾਂ ਜਿਨਾਂ ਨੇ ਸੁਧਾਰ ਦੇ ਕੰਮ ਵਿੱਚ ਏਨੇ ਸਾਲ ਸਮਰਪਿਤ ਕੀਤੇ।'





ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਮਰਹੂਮ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਜੀ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ), ਡਾ. ਵਿਕਰਮ ਸਿੰਘ, ਗਿਆਨੀ ਅਵਤਾਰ ਸਿੰਘ ਬੱਧਨੀ ਕਲਾਂ, ਪ੍ਰੋ. ਪ੍ਰਕਾਸ਼ ਸਿੰਘ ਆਦਿ ਨੂੰ ਮੈਂਬਰ ਨਿਯੁਕਤ ਕਰ ਕੇ ਕਾਰਜ ਸੌਂਪਿਆ ਗਿਆ ਤੇ ਗਠਿਤ ਕਮੇਟੀ ਨੇ ਜਦੋਂ ਅੰਤਰਿਮ ਰਿਪੋਰਟ ਪੇਸ਼ ਕੀਤੀ ਸੀ ਉਸ ਵਿਚ ਸਾਫ਼ ਲਿਖਿਆ ਸੀ ਕਿ ਇਸ ਕਮੇਟੀ ਨੇ 1106 ਅੰਗ ਤੱਕ ਕੰਮ ਕੀਤਾ ਤੇ ਸ਼੍ਰੋਮਣੀ ਕਮੇਟੀ ਨੂੰ ਵਿਚਾਰ ਕਰਨ ਲਈ ਰਿਪੋਰਟ ਭੇਜੀ ਸੀ, ਪਰ ਸ਼੍ਰੋਮਣੀ ਕਮੇਟੀ ਵਲੋਂ ਇਸ ਰਿਪੋਰਟ 'ਤੇ ਕੀ ਕਾਰਵਾਈ ਕੀਤੀ ਗਈ ਇਸ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਦੂਜੀ ਗੱਲ ਇਸ ਰਿਪੋਰਟ ਕਮੇਟੀ ਵਿਚ ਸ਼ਾਮਲ ਸਾਰੇ ਮੈਂਬਰਾਂ ਦੇ ਅਕਾਲ ਚਲਾਣਾ ਕਰਨ ਤੋਂ ਬਾਅਦ ਇਕ ਸਾਜ਼ਿਸ਼ ਤਹਿਤ ਕੰਮ ਕੀਤਾ ਗਿਆ ਹੈ ਜੇਕਰ ਇਹ ਕਾਰਜ ਸਹੀ ਹੁੰਦਾ ਤਾਂ ਉਨ੍ਹਾਂ ਦੇ ਜਿਉਂਦੇ-ਜੀਅ ਇਸ ਕਾਰਜ ਦੀ ਜਾਣਕਾਰੀ ਪੰਥ ਨਾਲ ਸਾਂਝੀ ਕਿਉਂ ਨਹੀਂ ਕੀਤੀ ਗਈ? ਸ਼੍ਰੋਮਣੀ ਕਮੇਟੀ ਨੇ ਕਦੇ ਵੀ ਇਸ 26 ਮਾਰਚ 1996 ਵਾਲੀ ਕਮੇਟੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 1106 ਅੰਗ ਤੱਕ ਵਾਲੀ ਇਹ ਰਿਪੋਰਟ ਪ੍ਰਵਾਨ ਨਹੀਂ ਕੀਤੀ ਹੈ। ਇਸ ਤੋਂ ਅੱਗੇ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਗਠਿਤ ਕਮੇਟੀ ਦੀ ਅੰਤ੍ਰਿਮ ਰਿਪੋਰਟ ਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜੋ ਪ੍ਰਤੀਕਰਮ ਰਹੇਗਾ ਉਸ ਤੋਂ ਬਾਅਦ ਹੀ ਅੱਗੇ ਦਾ ਕਾਰਜ ਕੀਤਾ ਜਾਵੇਗਾ। ਅਸੀਂ ਸਭ ਜਾਣਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਦਾ ਕਾਰਜ ਅਕਾਲ ਤਖ਼ਤ ਸਾਹਿਬ ਵੱਲੋਂ ਸਿਰਫ਼ ਤੇ ਸਿਰਫ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਿੱਤਾ ਗਿਆ ਹੈ ਇਸ ਤੋਂ ਇਲਾਵਾ ਕਿਸੇ ਨੂੰ ਇਹ ਹੱਕ ਨਹੀਂ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਛਪਾਈ ਕਰੇ।

ਸਿੱਖ ਬੁੱਕ ਕਲੱਬ ਦੇ ਥਮਿੰਦਰ ਸਿੰਘ ਆਨੰਦ ਨੇ ਨਾ ਸਿਰਫ ਗੁਰਬਾਣੀ ਦੇ ਪਾਠ ਵਿੱਚ ਫਰਕ ਪਾਏ ਹਨ ਬਲਕਿ ਉਸਨੇ ਮੁੰਦਾਵਣੀ ਤੋਂ ਬਾਅਦ ਇਕ ਖਾਲੀ ਅੰਗ ਰੱਖਕੇ ਅਗਲੇ ਅੰਗ ਤੇ ਰਾਗਮਾਲਾ ਛਾਪੀ ਹੈ। ਅਸੀਂ ਇਹ ਗੱਲ ਸਭ ਜਾਣਦੇ ਹਾਂ ਕਿ ਜਦੋਂ ਗੁਰੂ ਸਾਹਿਬਾਨਾਂ ਦੁਆਰਾ ਇਲਾਹੀ ਬਾਣੀ ਲਿਖੀ ਜਾਂਦੀ ਸੀ ਤਾਂ ਉਸ ਸਮੇਂ ਕੁਝ ਅੰਗ ਖਾਲੀ ਰੱਖੇ ਜਾਂਦੇ ਸਨ ਉਨ੍ਹਾਂ ਦਾ ਕੋਈ ਕਾਰਨ ਹੁੰਦਾ ਸੀ ਜਿਸ ਵਿੱਚ ਸਭ ਤੋਂ ਪਹਿਲਾਂ ਤਾਂ ਜੋ ਅਕਾਲ ਦੇ ਹੁਕਮ ਅਨੁਸਾਰ ਜਿਸ ਨੂੰ ਇਲਾਹੀ ਬਾਣੀ ਦਾ ਇਲਮ ਹੋਵੇ ਤਾਂ ਉਨ੍ਹਾਂ ਖਾਲੀ ਅੰਗਾਂ ਉੱਤੇ ਗੁਰਬਾਣੀ ਲਿਖੀ ਜਾਵੇ। ਅਜੋਕੇ ਸਮੇਂ ਕੋਈ ਵੀ ਐਸੀ ਗਿਆਨ ਵਾਨ ਰੂਹ ਨਹੀਂ ਹੈ ਜੋ ਗੁਰੂ ਸਹਿਬਾਨਾਂ ਦੀ ਤਰਾਂ ਗੁਰਬਾਣੀ ਦਾ ਉਚਾਰਣ ਕਰ ਸਕੇ। ਗੁਰਬਾਣੀ ਵਿੱਚ ਅਜਿਹੇ ਰਲਗਡ ਕਾਰਨਾਮੇ ਕਰ ਕੇ ਅਸੀਂ ਖ਼ੁਦ ਸਿੱਖ ਪੰਥ ਨੂੰ ਢਾਹ ਲਾ ਰਹੇ ਹਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਨੂੰ ਵਪਾਰਿਕ ਜ਼ਰੀਆ ਬਣਾ ਰਹੇ ਹਾਂ। ਮੋਹ ਮਾਇਆ ਵਿੱਚ ਡੁੱਬੀ ਇਸ ਕੁੱਲ ਕਾਇਨਾਤ ਨੇ ਬਾਣੀ ਨੂੰ ਵੀ ਪੈਸਾ ਕਮਾਉਣ ਦਾ ਜ਼ਰੀਆ ਬਣਾ ਲਿਆ ਹੈ ।

**ਸਿੱਖ ਵਿਦਵਾਨਾਂ ਅਤੇ ਬੁੱਧੀਜੀਵੀਆਂ ਨੂੰ ਕੁਝ ਸਵਾਲ**

ਸਿੱਖ ਬੁਕ ਕਲੱਬ ਵਲੋਂ ਜੋ ਈਮੇਲ ਆਈ ਸੀ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਬਾਰੇ ਜ਼ਿਕਰ ਕੀਤਾ ਗਿਆ ਉਸ ਵਿਚ ਕਿਹਾ ਗਿਆ ਕੀ ਇਸ ਸਰੂਪ ਦੀ ਤਿਆਰੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਦੀ ਸਰਪ੍ਰਸਤੀ ਵਿਚ ਕੀਤੀ ਗਈ ਹੈ ਜਿਸ ਦੇ ਲਈ ਸਿੱਖ ਬੁੱਕ ਕਲੱਬ ਨੂੰ 20 ਸਾਲ ਲੱਗ ਗਏ ਪਰ ਉਹਨਾਂ ਨੇ ਕਿਸੇ ਇਕ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੁਰਾਤਨ ਸਰੂਪ ਦਾ ਜ਼ਿਕਰ ਨਹੀਂ ਕੀਤਾ ਜਿਸ ਨੂੰ ਆਧਾਰ ਬਣਾ ਕੇ ਉਨਾਂ ਨੇ ਇਹ ਸਰੂਪ ਤਿਆਰ ਕੀਤਾ ਹੈ ?

-ਸਿੱਖ ਬੁੱਕ ਕਲੱਬ ਨੇ ਜਿਸ ਰਿਪੋਰਟ ਨੂੰ ਆਧਾਰ ਬਣਾ ਕੇ ਈਮੇਲ ਵਿਚ ਜ਼ਿਕਰ ਕੀਤਾ ਹੈ ਉਹ ਰਿਪੋਰਟ 26 ਮਾਰਚ 1996 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਲੜੀਵਾਰ ਸਰੂਪ ਸਾਲ 1991 ਤੇ ਇਕ ਪਦ ਛੇਦ ਸਰੂਪ ਸਾਲ 1994 ਦੀ ਪੜਤਾਲ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਸਰਪ੍ਰਸਤੀ ਹੇਠ ਇਕ 6 ਮੈਂਬਰੀ ਕਮੇਟੀ ਜਿਸ ਵਿਚ ਸੰਤ ਬਾਬਾ ਅਵਤਾਰ ਸਿੰਘ ਜੀ ਬੰਧਨੀ ਕਲਾ ਅਜਿਹੇ ਮਹਾਨ ਟਕਸਾਲੀ ਵਿਦਵਾਨਾਂ ਦੀ ਮੌਜੂਦਗੀ ਵਿਚ ਬਣਾਈ ਸੀ । ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਸ 12 ਪੰਨਿਆਂ ਦੀ ਸਾਰੀ ਰਿਪੋਰਟ ਵਿਚ ਕਿਤੇ ਵੀ ਸਿੱਖ ਬੁਕ ਕਲੱਬ ਦਾ ਜ਼ਿਕਰ ਨਹੀਂ ਹੈ। ਇਸ ਰਿਪੋਰਟ ਵਿਚ ਇਹ ਵੀ ਦਰਜ ਹੈ ਕਿ ਬਹੁਤ ਸਾਰੇ ਪੁਰਾਤਨ ਸਰੂਪਾਂ ਨੂੰ ਆਧਾਰ ਬਣਾ ਕੇ ਤੇ ਉਨਾਂ ਦੀ ਪੜਤਾਲ ਕਰ ਕੇ ਛਪਾਏ ਗਏ ਸਰੂਪਾਂ ਦੀ 1105 ਅੰਗਾਂ ਦੀ ਸੁਧਾਈ ਮਈ 1996 ਤੱਕ ਹੋ ਚੁੱਕੀ ਸੀ ਅਤੇ ਸਿੱਖ ਬੁੱਕ ਕਲੱਬ ਨੂੰ ਇਹ ਸਵਾਲ ਕੀਤਾ ਜਾਂਦਾ ਹੈ ਕਿ ਪੰਥਕ ਰਵਾਇਤਾਂ ਅਨੁਸਾਰ ਜਗਤ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨ ਅੰਗ 1430 ਹੈ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਿਪੋਰਟ ਅਨੁਸਾਰ ਮਈ 1996 ਤੱਕ 1105 ਅੰਗਾਂ ਦੀ ਸੁਧਾਈ ਹੋ ਚੁੱਕੀ ਸੀ ਫੇਰ ਕੀ 325 ਅੰਗਾਂ ਦੀ ਸੁਧਾਈ ਲਈ 20 ਸਾਲ ਲੱਗ ਗਏ ?

ਬਾਕੀ ਸਫ਼ਾ 34 'ਤੇ

## ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਵੱਲੋਂ ਬਣਾਈ ਗਈ ਕਮੇਟੀ

ਅੰਮ੍ਰਿਤਸਰ :ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਖ਼ਤ ਨੋਟਿਸ ਲਿਆ ਹੈ। ਉਨ੍ਹਾਂ ਇਸ ਮਾਮਲੇ ਵਿਚ ਸਿੱਖ ਵਿਦਵਾਨਾਂ ਦੀ ਇਕ ਕਮੇਟੀ ਬਣਾਈ ਹੈ, ਜੋ ਪੜਤਾਲ ਕਰ ਕੇ ਇੱਕ ਹਫ਼ਤੇ ਅੰਦਰ ਰਿਪੋਰਟ ਪੇਸ਼ ਕਰੇਗੀ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਕਿਹਾ ਕਿ ਇਸ ਸਬੰਧ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸ਼ਿਕਾਇਤਾਂ ਪੁੱਜੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖ ਬੁੱਕ ਕਲੱਬ ਦੇ ਪ੍ਰਕਾਸ਼ਕ ਥਮਿੰਦਰ ਸਿੰਘ ਅਨੰਦ ਵੱਲੋਂ ਅਮਰੀਕਾ ਵਿੱਚ ਬਿਨਾਂ ਪ੍ਰਵਾਨਗੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਛਾਪੇ ਗਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਇਹ ਕਿਸੇ ਸੋਚੀ-ਸਮਝੀ ਸਾਜ਼ਿਸ਼ ਤਹਿਤ ਕੀਤਾ ਗਿਆ ਕੰਮ ਹੈ। ਥਮਿੰਦਰ ਨੇ ਕੁਝ ਸਾਲ ਪਹਿਲਾਂ ਵੀ ਚੀਨ ਵਿੱਚ ਸਰੂਪ ਛਪਵਾ ਕੇ ਅਮਰੀਕਾ ਭੇਜਣ ਦਾ ਯਤਨ ਕੀਤਾ ਸੀ। ਉਸ ਵੇਲੇ ਸ਼੍ਰੋਮਣੀ ਕਮੇਟੀ ਵੱਲੋਂ ਅੰਮ੍ਰਿਤਸਰ ਦੇ ਥਾਣਾ ਈ-ਡਿਵੀਜ਼ਨ ਵਿੱਚ ਕੇਸ ਦਰਜ ਕਰਵਾਇਆ ਗਿਆ ਸੀ। ਉਨ੍ਹਾਂ ਦੱਸਿਆ ਕਿ ਸਿੱਖ ਵਿਦਵਾਨਾਂ ਦੀ ਇੱਕ ਕਮੇਟੀ ਬਣਾਈ ਗਈ ਹੈ, ਜੋ ਇੱਕ ਹਫ਼ਤੇ ਵਿੱਚ ਰਿਪੋਰਟ ਤਿਆਰ ਕਰ ਕੇ ਭੇਜੇਗੀ।ਕਮੇਟੀ ਵਿੱਚ ਸ਼ਾਮਲ ਮੈਂਬਰ ਸ. ਜਸਪਾਲ ਸਿੰਘ ਵੱਡੇ , ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਭਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਡਾ. ਅਮਰਜੀਤ ਸਿੰਘ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਇੰਦਰਜੀਤ ਸਿੰਘ ਗੋਗੋਆਣੀ ,ਅਤੇ ਪੰਥਕ ਚਿੰਤਕ ਸ. ਸਤਿੰਦਰ ਸਿੰਘ ਸ਼ਾਮਲ ਹਨ । ਉਨ੍ਹਾਂ ਸਮੂਹ ਗੁਰਦੁਆਰਾ ਕਮੇਟੀਆਂ, ਸਿੱਖ ਸੰਪਰਦਾਵਾਂ, ਜਥੇਬੰਦੀਆਂ ਤੇ ਸਿੱਖ ਸੰਗਤ ਨੂੰ ਅਪੀਲ ਕੀਤੀ ਹੈ ਕਿ ਅਜਿਹੇ ਪ੍ਰਕਾਸ਼ਕ ਖ਼ਿਲਾਫ਼ ਵੱਡੀ ਪੱਧਰ 'ਤੇ ਮੁਹਿੰਮ ਆਰੰਭੀ ਜਾਵੇ।

# ਦਿੱਲੀ ਦੇ ਧਾਰਮਿਕ ਸਥਾਨਾਂ ਨੂੰ ਸਿਆਸਤ ਤੋਂ ਮੁਕਤ ਕਰਵਾਓ

**ਇੰਦਰ ਮੋਹਨ ਸਿੰਘ**

ਲੰਬੀ ਜੱਦੋ-ਜਹਿਦ ਤੋਂ ਉਪਰੰਤ ਹੋਂਦ 'ਚ ਆਇਆ 'ਦਿੱਲੀ ਸਿੱਖ ਗੁਰਦੁਆਰਾ ਐਕਟ 1971' ਸਿੱਖ ਪੰਥ ਦੀ ਇਕ ਅਹਿਮ ਪ੍ਰਾਪਤੀ ਵਜੋਂ ਦੇਖਿਆ ਜਾਂਦਾ ਹੈ, ਕਿਉਂਕਿ ਇਸ ਐਕਟ ਦੀ ਬਦੌਲਤ ਹੀ ਦਿੱਲੀ ਦੇ ਗੁਰੂਧਾਮਾਂ ਦਾ ਪ੍ਰਬੰਧ ਦਿੱਲੀ ਦੇ ਸਥਾਨਕ ਵੋਟਰਾਂ ਦੇ ਹੱਥਾਂ 'ਚ ਸੌਂਪਿਆ ਗਿਆ ਸੀ। 'ਸਿੱਖ ਗੁਰਦੁਆਰਾ ਐਕਟ 1925' ਦੇ ਤਹਿਤ ਜੂਨ 1926 'ਚ ਹੋਂਦ ਵਿਚ ਆਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਮ੍ਰਿਤਸਰ ਸਾਹਿਬ ਤੋਂ ਬਾਅਦ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਦੂਜੇ ਨੰਬਰ 'ਤੇ ਆਉਣ ਵਾਲੀ ਇਕ ਵੱਡੀ ਧਾਰਮਿਕ ਸੰਸਥਾ ਹੈ, ਜਿਸ ਦਾ ਗਠਨ ਪਾਰਲੀਮੈਂਟ ਰਾਹੀਂ ਪਾਸ ਕੀਤੇ ਦਿੱਲੀ ਸਿੱਖ ਗੁਰਦੁਆਰਾ ਐਕਟ 1971 ਦੇ ਤਹਿਤ 28 ਅਪ੍ਰੈਲ, 1975 ਨੂੰ ਕੀਤਾ ਗਿਆ ਸੀ, ਜਿਸ ਦਾ ਮੁੱਖ ਮਨੋਰਥ ਦਿੱਲੀ ਦੇ ਗੁਰਦੁਆਰਿਆਂ 'ਤੇ ਉਨਾਂ ਦੀਆਂ ਜਾਇਦਾਦਾਂ ਦੀ ਸੇਵਾ-ਸੰਭਾਲ ਕਰਨਾ ਹੈ। ਦਿੱਲੀ ਗੁਰਦੁਆਰਾ ਕਮੇਟੀ 'ਤੇ ਸਮੇਂ-ਸਮੇਂ 'ਤੇ ਸਿੱਧੇ ਅਤੇ ਅਸਿੱਧੇ ਤੌਰ 'ਤੇ ਸਿਆਸੀ ਦਖ਼ਲਅੰਦਾਜ਼ੀ ਦੇ ਦੋਸ਼ ਲਗਦੇ ਰਹੇ ਹਨ ਤੇ ਇਹ ਜੱਗ ਜ਼ਾਹਰ ਹੈ ਕਿ ਮੌਕੇ ਦੀਆਂ ਸਰਕਾਰਾਂ ਨੂੰ ਆਪਣੇ ਵੋਟ ਬੈਂਕ ਦੀ ਖਾਤਰ ਧਾਰਮਿਕ ਸਟੇਜਾਂ ਦੀ ਲੋੜ ਹੁੰਦੀ ਹੈ ਜਦੋਂ ਕਿ ਆਪਣੇ ਨਿੱਜੀ ਮੁਫ਼ਾਦਾਂ ਦੇ ਕਾਰਨ ਕੁਝ ਮੌਕਾਪ੍ਰਸਤ ਧਾਰਮਿਕ ਆਗੂ ਵੀ ਧਰਮ ਦੀ ਆੜ 'ਚ ਸਿਆਸਤ ਕਰਨ ਤੋਂ ਬਾਜ਼ ਨਹੀ ਆਉਂਦੇ।

ਮੌਜੂਦਾ ਸਮੇਂ ਦਿੱਲੀ ਦੀ ਸਿੱਖ ਸਿਆਸਤ ਵਿਚ ਇਕ ਵਾਰੀ ਫਿਰ ਭਾਰੀ ਉਥਲ-ਪੁਥਲ ਦੇਖਣ ਨੂੰ ਮਿਲ ਰਹੀ ਹੈ। ਇਕ ਪਾਸੇ ਦਿੱਲੀ ਗੁਰਦੁਆਰਾ ਕਮੇਟੀ 'ਤੇ ਕਾਬਜ਼ ਸਾਲ 2021 ਦੀਆਂ ਆਮ ਚੋਣਾਂ ਵਿਚ ਜੇਤੂ 30 ਮੈਂਬਰਾਂ ਦੇ ਧੜੇ ਵਲੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਤੋਂ ਕਿਨਾਰਾ ਕਰਕੇ 'ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ' ਦੇ ਨਾਂਅ 'ਤੇ ਨਵਾਂ ਦਲ ਬਣਾਉਣ ਦਾ ਐਲਾਨ ਕੀਤਾ ਗਿਆ ਹੈ, ਉਥੇ ਦੂਜੇ ਪਾਸੇ ਵਿਰੋਧੀ ਧਿਰਾਂ ਦਾ ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲ ਅਚਨਚੇਤ ਜਾਗਿਆ ਮੋਹ ਹੈਰਾਨ ਕਰਨ ਵਾਲਾ ਹੈ। ਬੀਤੇ ਦਿਨੀਂ ਜਾਗੋ ਪਾਰਟੀ ਵਲੋਂ ਸੱਦੀ ਮੀਟਿੰਗ ਵਿਚ ਪਾਰਟੀ ਦੇ ਕਾਰਕੁੰਨਾਂ ਨੇ ਪਾਰਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੂੰ ਸ਼੍ਰੋਮਣੀ ਅਕਾਲੀ ਦਲ ਦੀ ਕਮਾਨ ਸੰਭਾਲਣ ਲਈ ਹੁੰਗਾਰਾ ਦਿੱਤਾ ਹੈ ਜਦ ਕਿ ਇਸ ਮੁਹਿੰਮ 'ਚ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਵੀ ਇਕ ਕਦਮ ਅੱਗੇ ਵਧਦੇ ਹੋਏ ਬੀਤੇ ਦਿਨੀਂ ਲੁਧਿਆਣਾ ਵਿਖੇ ਸਿੱਖ ਬੁੱਧੀਜੀਵੀਆਂ ਦੀ ਮੀਟਿੰਗ ਸੱਦ ਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਡਿਗਦੇ ਮਿਆਰ ਨੂੰ ਸੰਵਾਰਨ ਦੀ ਅਪੀਲ ਕੀਤੀ ਹੈ। ਦਿੱਲੀ ਦੀ ਸਿੱਖ ਸਿਆਸਤ 'ਚ ਵਿਚਰ ਰਹੀਆਂ ਇਨਾਂ ਵਿਰੋਧੀ ਪਾਰਟੀਆਂ ਨੂੰ ਇਕ ਸਵਾਲ ਹੈ ਕਿ ਉਨਾਂ ਨੂੰ ਹੁਣ ਅਚਨਚੇਤ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਸੰਭਾਲਣ ਦਾ ਵਿਚਾਰ ਕਿਵੇਂ ਆਇਆ ਜਦਕਿ ਸ਼੍ਰੋਮਣੀ ਅਕਾਲੀ ਦਲ ਦਾ ਸਿਆਸੀ ਪੱਧਰ ਬੀਤੇ ਲੰਬੇ ਸਮੇਂ ਤੋਂ ਲਗਾਤਾਰ ਡਿਗਦਾ ਜਾ ਰਿਹਾ ਸੀ। ਵਿਰੋਧੀ ਧਿਰ ਆਪਣੀ ਹੋਂਦ ਨੂੰ ਖ਼ਤਮ ਕਰਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਹੋਂਦ ਨੂੰ ਕਾਇਮ ਰੱਖਣ ਲਈ ਤਰਲੋ-ਮੱਛੀ ਹੋ ਰਹੇ ਹਨ, ਜਦ ਕਿ ਇਹ ਜੱਗ ਜ਼ਾਹਰ ਹੈ ਕਿ ਆਪਣੀ ਹਉਮੈ ਨੂੰ ਤਿਆਗ ਕੇ ਨਾ ਤਾਂ ਕੋਈ ਵਿਰੋਧੀ ਧਿਰ ਇਕਜੁਟ ਹੋਣ ਲਈ ਰਾਜ਼ੀ ਹੋਵੇਗੀ ਤੇ ਨਾ ਹੀ ਸ਼੍ਰੋਮਣੀ ਅਕਾਲੀ ਦਲ ਦੀ ਕਮਾਨ ਸੌਖੇ ਤਰੀਕੇ ਨਾਲ ਵਿਰੋਧੀ ਧਿਰ ਆਪਣੇ ਹੱਥਾਂ ਵਿਚ ਲੈ ਸਕੇਗੀ, ਕਿਉਂਕਿ ਬਾਦਲ ਦਲ ਨੇ ਇਸ ਨਾਜ਼ੁਕ ਹਾਲਾਤ ਦੀ ਪੜਚੋਲ ਲਈ ਆਪਣੇ ਤਜਰਬੇਕਾਰ ਆਗੂ ਜਥੇਦਾਰ ਅਵਤਾਰ ਸਿੰਘ ਹਿੱਤ ਦੀ ਕਮਾਨ ਹੇਠ 21 ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ ਹੈ।



ਇਹ ਖ਼ਬਰਾਂ ਵੀ ਸਾਹਮਣੇ ਆ ਰਹੀਆਂ ਹਨ ਕਿ ਸ਼੍ਰੋਮਣੀ ਅਕਾਲੀ ਦਲ ਦਿੱਲੀ (ਸਰਨਾ ਧੜਾ) ਤੇ ਜਾਗੋ ਪਾਰਟੀ ਵਲੋਂ ਸ਼੍ਰੋਮਣੀ ਅਕਾਲੀ ਦਲ (ਬਾਦਲ ਧੜੇ) ਨਾਲ ਗੱਠਜੋੜ ਕਰਕੇ ਦਿੱਲੀ ਗੁਰਦੁਆਰਾ ਕਮੇਟੀ 'ਤੇ ਕਾਬਜ਼ ਹੋਣ ਦੀਆਂ ਕੋਸ਼ਿਸ਼ਾਂ ਨੂੰ ਹਾਲ ਵਿਚ ਹੀ ਭਾਜਪਾ 'ਚ ਗਏ ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੇ ਸਮਰਥਕ ਮੈਂਬਰਾਂ ਨੇ ਨਾਕਾਮਯਾਬ ਕਰਕੇ ਕਮੇਟੀ ਦੇ ਕਾਰਜਕਾਰੀ ਬੋਰਡ ਦੀਆਂ ਚੋਣਾਂ 'ਚ ਇਕਤਰਫ਼ਾ ਜਿੱਤ ਹਾਸਲ ਕਰ ਲਈ ਸੀ, ਜਿਸ ਦੇ ਚਲਦਿਆਂ ਹੁਣ ਨਵੀਂ ਧੜੇਬੰਦੀ ਸ਼ੁਰੂ ਹੋ ਗਈ ਹੈ। ਪ੍ਰੰਤੂ ਹੁਣ ਇਹ ਦੇਖਣਾ ਹੋਵੇਗਾ ਕਿ ਇਹ ਨਵੇਂ ਗੱਠਜੋੜ ਦਿੱਲੀ ਦੀ ਸਿੱਖ ਸਿਆਸਤ ਨੂੰ ਕਿੱਥੇ ਲੈ ਕੇ ਜਾਂਦੇ ਹਨ ? ਦਿੱਲੀ ਗੁਰਦੁਆਰਾ ਕਮੇਟੀ 'ਚ ਸਿਆਸੀ ਦਖ਼ਲਅੰਦਾਜ਼ੀ 'ਤੇ ਗੁੱਟਬਾਜ਼ੀ ਇਕ ਵੱਡਾ ਕਾਰਨ ਹੈ ਜਿਸ ਨਾਲ ਕਮੇਟੀ ਦੇ ਵਿੱਦਿਅਕ ਅਦਾਰੇ ਬੰਦ ਹੋਣ ਦੇ ਕਗਾਰ 'ਤੇ ਹਨ ਤੇ ਸਮੇਂ-ਸਮੇਂ 'ਤੇ ਕਮੇਟੀ ਦੇ ਪ੍ਰਬੰਧਕਾਂ ਦੇ ਖ਼ਿਲਾਫ਼ ਗੁਰਦੁਆਰਾ ਫੰਡਾਂ ਦੀ ਦੁਰਵਰਤੋਂ ਕਰਨ ਦੇ ਵੀ ਗੰਭੀਰ ਇਲਜ਼ਾਮ ਲਗਦੇ ਰਹੇ ਹਨ, ਜੋ ਦਿੱਲੀ ਗੁਰਦੁਆਰਾ ਕਮੇਟੀ ਦੇ ਕੰਮਕਾਜ ਨੂੰ ਸਵਾਲਾਂ ਦੇ ਘੇਰੇ 'ਚ ਖੜਾ ਕਰਦੇ ਹਨ। ਇਸ ਪ੍ਰਕਾਰ ਗੁਰੂ ਦੀ ਗੋਲਕ ਦਾ ਲੰਮੇ ਸਮੇਂ ਤੋਂ ਘਾਣ ਹੋ ਰਿਹਾ ਹੈ ਜਦ ਕਿ ਸੰਗਤਾਂ ਵਲੋਂ ਦਿੱਤੀ ਤਿਲ-ਫੁਲ ਭੇਟਾ ਕੇਵਲ ਧਾਰਮਿਕ ਕਾਰਜਾਂ ਲਈ ਹੀ ਇਸਤੇਮਾਲ ਕੀਤੀ ਜਾਣੀ ਚਾਹੀਦੀ ਹੈ। ਸੰਗਤਾਂ ਵਲੋਂ ਚੁਣੇ ਦਿੱਲੀ ਕਮੇਟੀ ਦੇ ਇਨਾਂ ਨੁਮਾਇੰਦਿਆਂ ਨੂੰ ਆਪਣੇ ਨਿੱਜੀ ਮੁਫ਼ਾਦਾਂ 'ਤੇ ਸਿਆਸਤ ਨੂੰ ਦਰਕਿਨਾਰ ਕਰਕੇ ਸਿੱਖ ਕੌਮ ਦੀ ਚੜਦੀ ਕਲਾ 'ਤੇ ਨਿਰੋਲ ਧਾਰਮਿਕ ਪ੍ਰਚਾਰ ਕਰਨ ਵੱਲ ਤਵੱਜੋ ਦੇਣੀ ਚਾਹੀਦੀ ਹੈ, ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਦਿੱਲੀ ਦੇ ਧਾਰਮਿਕ ਸਥਾਨਾਂ ਨੂੰ ਸਿਆਸੀ ਰੰਗਤ ਤੋਂ ਮੁਕਤ ਕਰਵਾਉਣ ਲਈ ਸਿੱਖ ਸੰਕਤ ਨੂੰ ਮੁੜ ਤੋਂ ਸੰਘਰਸ਼ ਕਰਨਾ ਪਵੇਗਾ।

---

# ਕਹੁ ਪੰਡਿਤ ਸੂਚਾ ਕਵਨੁ ਠਾਉ ॥ ਜਹਾਂ ਬੈਸਿ ਹਉ ਭੋਜਨੁ ਖਾਉ

## ਮੂਲ ਰਚਨਾ, ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਸਿੰਘ ਮਸਕੀਨ ਜੀ

**ਭਾਗ-30**

**ਸੰਪਾਦਕ: ਸਰਬਜੀਤ ਕੌਰ ਸਰਬ**

ਇਹ ਬ੍ਰਾਹਮਣ ਦੇਵਤਾ ਤੂੰ ਹੀ ਦੱਸ ਕਿਹੜੀ ਜਗਾ ਸੁੱਚੀ ਹੈ। ਜਿੱਥੇ ਬੈਠ ਕੇ ਮੈਂ ਭੋਜਨ ਖਾਵਾਂ। ਮੈਂ ਤਾਂ ਐਸਾ ਦੇਖਦਾ ਹਾਂ ਕਿ ਸਾਰਾ ਸੰਸਾਰ ਹੀ ਮੈਲਾ ਹੈ, ਝੂਠਾ ਹੈ, ਕਬੀਰ ਜੀ ਇਸ ਜੂਠ ਦੀ ਗਿਣਤੀ ਇਸ ਤਰਾਂ ਕਰਦੇ ਹਨ :-

ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ ॥ ਆਵਹਿ ਜੂਠੇ ਜਾਹਿ ਭੀ ਜੂਠੇ ਜੂਠੇ ਮਰਹਿ ਅਭਾਗੇ ॥1॥ ਕਹੁ ਪੰਡਿਤ ਸੂਚਾ ਕਵਨੁ ਠਾਉ ॥ ਜਹਾਂ ਬੈਸਿ ਹਉ ਭੋਜਨੁ ਖਾਉ ॥1॥ ਰਹਾਉ ॥ ਜਿਹਬਾ ਜੂਠੀ ਬੋਲਤ ਜੂਠਾ ਕਰਨ ਨੇਤ੍ਰ ਸਭਿ ਜੂਠੇ ॥ ਇੰਦ੍ਰੀ ਕੀ ਜੂਠਿ ਉਤਰਸਿ ਨਾਹੀ ਬ੍ਰਹਮ ਅਗਨਿ ਕੇ ਲੂਠੇ ॥2॥ ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸਿ ਪਕਾਇਆ ॥ ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ ॥3॥ ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ ॥ ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ ॥4॥1॥7॥ ਪੰਨਾ 1195

ਪ੍ਰਿਥਮ ਤਾਂ ਮਾਂ ਜੂਠੀ ਹੈ, ਪਿਤਾ ਵੀ ਝੂਠਾ ਅਤੇ ਇਨਾਂ ਨੂੰ ਔਲਾਦ ਦੇ ਜੋ ਫਲ ਲੱਗਦੇ ਹਨ ਉਹ ਵੀ ਝੂਠੇ ਹਨ । ਖਲੜੀ ਦੇ ਥੱਲੇ ਕੀ ਹੈ ? ਮਿੱਝ। ਮਿੱਝ ਦੇ ਥੱਲੇ ਕੀ ਹੈ ? ਮਾਸ, ਅਤੇ ਮਾਸ ਦੇ ਥੱਲੇ ਕੀ ਹੈ ? ਹੱਡੀਆਂ। ਫਿਰ ਇਸ ਵਿੱਚ ਖ਼ੂਨ ਹੈ। ਕਬੀਰ ਜੀ ਕਹਿੰਦੇ ਹਨ ਕਿ ਇਸ ਵਿੱਚ ਵਿਸ਼ਟਾ, ਫਿਰ 'ਰਕਤ ਪਰੇਟੇ ਚਾਮ। ਫਿਰ ਊਪਰ ਲੈ ਰਾਖਹਿ ਗੁਮਾਨ।' ਕਿਹੜੀ ਗੱਲ ਦਾ ਅਹੰਕਾਰ ? ਗੰਦਗੀ ਹੈ, ਮਿੱਝ ਹੈ, ਮਾਸ ਹੈ, ਅਸਥੀਆਂ ਨੇ ਅਤੇ ਉੱਪਰ ਲਿਪਟੀ ਹੋਈ ਇਹ ਚਮੜੀ ਹੈ। ਸਾਰੇ ਦਾ ਸਾਰਾ ਸਰੀਰ ਮੈਲਾ, ਜੂਠਾ ਅਤੇ ਇਸ ਜੂਠੇ ਸਰੀਰ ਦੇ ਫਲ ਵੀ ਜੂਠੇ । ਮਾਂ-ਬਾਪ ਝੂਠੇ ਨੇ ਤੇ ਫਿਰ ਔਲਾਦ ਕਿੱਥੋਂ ਸੁੱਚੀ ਹੋਵੇਗੀ। ਉਹ ਤਾਂ ਆਪਣੇ ਆਪ ਜੂਠੀ ਹੋ ਗਈ। ਪੰਡਿਤ ਗੁਲਾਬ ਸਿੰਘ ਜੀ ਮਹਾਰਾਜ ਨੇ ਭਾਵ ਰਸਾਮਿਤ੍ਰ ਵਿੱਚ ਇੱਕ ਬੜਾ ਸੁੰਦਰ ਛੰਦ ਲਿਖਿਆ ਹੈ ।

'ਇਕ ਯੁਵਤੀ ਜਿਸ ਦੇ ਮੁਖੜੇ ਨੂੰ ਲੋਕੀਂ ਕਹਿੰਦੇ ਹਨ- ਚੰਦਰਮੁਖੀ। ਮੁਖੜਾ ਚੰਦਰਮਾ ਸਾਮਾਨ ਹੈ । ਪ੍ਰਾਚੀਨ ਜ਼ਮਾਨੇ ਵਿੱਚ ਸਰੀਰ ਦੇ ਨੈਣ ਨਕਸ਼ ਦੇਖ ਕੇ ਜਾਂ ਮਨੁੱਖ ਦਾ ਸੁਭਾਅ ਦੇਖ ਕੇ ਨਾਮ ਰੱਖੇ ਜਾਂਦੇ ਸਨ। ਜੈਸੇ ਰਾਵਣ ਦੀ ਭੈਣ, ਉਸ ਦਾ ਨੱਕ ਤੇ ਨੈਣ ਬੜੇ ਸੁੰਦਰ ਸਨ। ਨਾਮ ਰੱਖਿਆ ਗਿਆ- ਸਰੂਪਨਖਾ । ਨੱਕ ਬਹੁਤ ਹੀ ਸੁੰਦਰ-ਸਰੂਪ ਨਖਾ। ਤੋਂ ਸਾਰਾ ਹੀ ਮੁੱਖੜਾ ਕਿਸੇ ਦਾ ਬੜਾ ਸੁੰਦਰ ਹੋਵੇ ਤਾਂ ਨਾਮ ਦਿੱਤਾ ਜਾਂਦਾ ਸੀ ਚੰਦਰਮੁਖੀ। ਪੰਡਿਤ ਗੁਲਾਬ ਸਿੰਘ ਜੀ ਮਹਾਰਾਜ ਚੰਦਰਮੁਖੀ ਦੀ ਰੂਪ ਰੇਖਾ ਇੰਜ ਬਿਆਨ ਕਰਦੇ ਹਨ ।

ਹੇ ਮਲ ਮੂਤ ਕਸੂਤਾ ਸਭੋ ਪੂੰਨ ਔਰ ਸੁਲੇਖਨ ਭਾਜਨ ਭਾਰੀ ।

ਨਾਕ ਕੀ ਮੈਲ ਜਬੈ ਨਿਕਸੈ ਔਰ ਨਾਇ ਸੁੰਭਾਰ ਸੁ ਪੋਚ ਉਤਾਰੀ।

ਤਉ ਮੁਖ ਚੰਦ ਕਹੈ ਜਹਿ ਕਉ ਤਬ ਨਾਹਿ ਨਿਹਾਰ ਸਕੈ ਵਹੁ ਨਾਰੀ

(ਪੰਡਿਤ ਗੁਲਾਬ ਸਿੰਘ ਜੀ )

ਪੰਡਿਤ ਗੁਲਾਬ ਸਿੰਘ ਜੀ ਕਹਿੰਦੇ ਨੇ ਕਿ ਸੁੱਤੇ-ਸਿੱਧ ਹੀ ਚੰਦਰਮੁਖੀ ਦੇ ਨੱਕ ਵਿੱਚੋਂ ਮੈਲ ਨਿਕਲੀ। ਉਸ ਨੇ ਨੱਕ ਤੇ ਹੱਥ ਫੇਰ ਦਿੱਤਾ, ਉਹ ਮੈਲ ਸਾਰੇ ਮੁਖੜੇ ਉੱਤੇ ਫੈਲ ਗਈ। ਉਸ ਚੰਦਰ ਸਾਮਾਨ ਮੁਖੜੇ ਉੱਤੇ ਨੱਕ ਦੀ ਸਾਰੀ ਮੈਲ ਪੈ ਗਈ ।ਪੰਡਿਤ ਜੀ ਲਿਖਦੇ ਨੇ ਕਿ ਜਿਸ ਨੂੰ ਚੰਦਰਮੁਖੀ ਕਹਿੰਦਾ ਸੀ ਹੁਣ ਵੇਖ ਕੇ ਉਸ ਨੂੰ ਆਪਣੀਆਂ ਅੱਖਾਂ ਬੰਦ ਕਰਦਾ ਪਿਆ ਹੈ, ਹੁਣ ਇਹ ਮੁਖੜਾ ਦੇਖਿਆ ਨਹੀਂ ਜਾਂਦਾ।



**'ਤਉ ਮੁਖ ਚੰਦ ਕਹੈ ਜਹਿ ਕਉ ਤਬ ਨਾਹਿ ਨਿਹਾਰ ਸਕੈ ਵਹੁ ਨਾਰੀ।।'**

ਮੂਰਖ ਜਾਣਦਾ ਨਹੀਂ, ਰੰਚਕ ਮਾਤਰ ਮੈਲ ਨੂੰ ਦੇਖ ਕੇ ਘਿਰਣਾ ਪਿਆ ਕਰਦਾ ਹੈ, ਪਰ ਕੌਣ ਦੱਸੇ ਕਿ ਸਾਰੇ ਦਾ ਸਾਰਾ ਸਰੀਰ ਹੀ ਮੈਲਾ ਹੈ, ਮੈਲ ਦਾ ਘਰ ਹੈ ਮਨੁੱਖ, ਇਤਨਾ ਮੈਲਾ ਹੈ ਕਿ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ, ਕਿ ਇਹ ਸਭ ਕੁਛ ਨੂੰ ਮੈਲਾ ਕਰਦਾ ਹੈ। ਇਸ ਨਾਲ ਜੋ ਵੀ ਛੂਹ ਜਾਏ, ਉਹੀ ਮੈਲਾ ਹੋ ਜਾਂਦਾ ਹੈ, ਸਤਿਗੁਰੂ ਜੀ ਕਹਿੰਦੇ ਨੇ :-

**ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ**
**ਪੰਜਵਾ ਪਾਇਆ ਘਿਰਤੁ ॥**
**ਤਾ ਹੋਆ ਪਾਕੁ ਪਵਿਤੁ ॥ ਪਾਪੀ ਸਿਉ ਤਨੁ ਗਡਿਆ**
**ਥੁਕਾ ਪਈਆ ਤਿਤੁ ॥**
**ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥**
**ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥1॥**
**ਪੰਨਾ 473**

ਅੰਨ ਹੈ, ਪਾਣੀ ਹੈ, ਘਿਓ ਹੈ, ਲੂਣ ਹੈ, ਸਾਰੀ ਸਮੱਗਰੀ ਇਕੱਠੀ ਹੋਈ ਤਾਂ ਬੜਾ ਸੁੰਦਰ ਸਵਾਦਿਸ਼ਟ ਭੋਜਨ ਬਣ ਕੇ ਤਿਆਰ ਹੋ ਗਿਆ । 'ਪੰਜਵਾਂ ਪਾਇਆ ਘਿਰਤੁ' 'ਪਾਪੀ ਸਿਉ ਤਨੁ ਗਡਿਆ....' ਇਸ ਪਾਪੀ ਸਰੀਰ ਵਿਚ ਪਾਇਆ ਗਿਆ, ਖਾਧਾ ਗਿਆ। ਖਾਧਾ ਹੋਇਆ ਅੰਨ, ਗੰਦ ਬਣ ਗਿਆ। ਹੁਣ ਇਸ ਨੂੰ ਦੇਖ ਕੇ ਅੱਖਾਂ ਬੰਦ ਕਰਨੀਆਂ ਪੈਂਦੀਆਂ ਨੇ, ਜਦਕਿ ਇਹ ਅੰਨ ਹੈ, ਲੂਣ ਹੈ, ਘੀਉ ਹੈ। ਸਾਰੇ ਪਦਾਰਥ ਗੰਦ ਬਣ ਗਏ, ਸਰੀਰ ਇਤਨਾ ਮੈਲਾ ਹੈ, ਸਰੀਰ ਇਤਨਾ ਗੰਦਾ ਹੈ। ਸਰੀਰ ਦੀ ਇਸ ਅਪਵਿੱਤਰਤਾ ਤੇ ਗੰਦਗੀ ਦੀ ਤਰਫ ਕਦੀ ਕਦਾਈਂ ਹੀ ਕਿਸੇ ਦਾ ਧਿਆਨ ਜਾਂਦਾ ਹੈ। ਜੋ ਅੰਦਰ ਝਾਤ ਮਾਰਦੇ ਨੇ। ਬਾਹਰ ਦ੍ਰਿਸ਼ਟੀ ਰੱਖਣ ਵਾਲੇ, ਬੈਰੂਨੀ ਜ਼ਿੰਦਗੀ ਬਤੀਤ ਕਰਨ ਵਾਲੇ, ਬਸ ਬਾਹਰ ਦੀ ਹੀ ਸੁੱਚਤਾ, ਬਾਹਰ ਦੀ ਹੀ ਪਵਿੱਤਰਤਾ ਵਿੱਚ ਰਹਿ ਜਾਂਦੇ ਨੇ। ਬੜੇ ਬੜੇ ਕਰਮ-ਕਾਂਡੀ ਹਰ ਕੌਮ ਵਿਚ ਮਿਲਦੇ ਨੇ। ਇਸਾਈਆਂ ਵਿੱਚ ਮਿਲਦੇ ਨੇ, ਹਿੰਦੂਆਂ ਵਿੱਚ ਮਿਲਦੇ ਨੇ। ਬਦਕਿਸਮਤੀ ਦੀ ਗੱਲ ਇਹ ਹੈ ਕਿ ਹੁਣ ਤਾਂ ਸਿੱਖਾਂ ਵਿੱਚ ਵੀ ਮਿਲਦੇ ਹਨ। ਉਹ ਵੀ ਇਸ ਬੈਰੂਨੀ ਪਵਿੱਤਰਤਾ ਨੂੰ ਅਧਿਆਤਮਿਕ ਪਵਿੱਤਰਤਾ ਮੰਨ ਲੈਂਦੇ ਨੇ ਅਤੇ ਈਸ਼ਵਰ ਪ੍ਰਾਪਤੀ ਦਾ ਇੱਕ ਅਧਿਅਕਸ਼ ਜਾਣ ਲੈਂਦੇ ਨੇ ਕਿ ਜਦ ਐਸਾ ਨਹੀਂ ਹੈ ਪ੍ਰਾਚੀਨ ਜ਼ਮਾਨੇ ਵਿੱਚ ਵੀਹ ਤੀਹ ਹੁਣ ਵੀ ਲੱਕੜੀਆਂ ਨੂੰ ਧੋਂਦੇ ਹਨ।

# ਕਸ਼ਮੀਰ ਫਾਈਲਜ਼ ਅਤੇ ਮੈਡੇਲੀਨ ਅਲਬ੍ਰਾਈਟ

## ਕਸ਼ਮੀਰ ਦੀਆਂ ਧੁੰਦਲੀਆਂ ਫਾਈਲਾਂ 'ਚ ਮੈਡੇਲੀਨ ਅਲਬ੍ਰਾਈਟ



**ਸਰਬਜੀਤ ਕੌਰ ਸਰਬ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਸਿਫ਼ਾਰਿਸ਼ ਕੀਤੀ ਗਈ ਫ਼ਿਲਮ ਨਾਲ ਜੁੜੀਆਂ ਹੋਰ ਗੁੰਮ ਹੋਈਆਂ ਫਾਈਲਾਂ ਦੀ ਘੋਖ ਕੋਈ ਨਹੀਂ ਕਰ ਰਿਹਾ ਕਿਉਂਕਿ ਇਸ ਸਮੇਂ ਕਸ਼ਮੀਰ ਦੀਆਂ ਫਾਈਲਾਂ, ਸਿਨੇਮਾ ਹਾਲ ਦੇਸ਼ ਭਗਤੀ ਦੇ ਨਾਅਰਿਆਂ ਨਾਲ ਗੂੰਜ ਰਹੀਆਂ ਹਨ ।ਉਸ ਦੇ ਬੋਲ ਜੋ ਮੁਸਲਮਾਨਾਂ ਅਤੇ ਦੇਸ਼ ਲਈ ਬਦਸਲੂਕੀ ਦੇ ਰੂਪ ਵਿੱਚ ਗੂੰਜ ਰਹੇ ਹਨ। ਇਹ ਫ਼ਿਲਮ ਕਸ਼ਮੀਰ ਦੇ ਕੁਝ ਇਤਿਹਾਸ ਨੂੰ ਮਿਟਾ ਰਹੀ ਹੈ ਅਤੇ ਨਵੀਂ ਖੋਜ ਵੱਲ ਕਦਮ ਨੂੰ ਵਦਾ ਰਹੀ ਹੈ । ਕਸ਼ਮੀਰ ਦੇ ਮਸਲੇ ਨਾਲ ਸਬੰਧਿਤ ਮੈਡੇਲੀਨ ਅਲਬ੍ਰਾਈਟ ਜਿਸ ਦੀ 23 ਮਾਰਚ 2022 ਨੂੰ ਮੌਤ ਹੋ ਗਈ । ਉਹ ਅਮਰੀਕਾ ਦੀ ਪਹਿਲੀ ਮਹਿਲਾ ਸੈਕਟਰੀ ਆਫ਼ ਸਟੇਟ ਸੀ, ਜੋ ਕਿ ਕਲਿੰਟਨ ਕਾਬਲ ਦਾ ਹਿੱਸਾ ਸੀ ਤੇ ਜੋ ਇੱਕ ਨਵੇਂ ਵਿਸ਼ਵ ਵਿਵਸਥਾ ਨੂੰ ਤਿਆਰ ਕਰਨ ਵਿੱਚ ਰੁੱਝੀ ਹੋਈ ਸੀ, ਅਤੇ ਰਵਾਂਡਾ ਕਤਲੇਆਮ ਦਾ ਮੂਕ ਗਵਾਹ ਸੀ। ਮੈਡੇਲੀਨ ਅਲਬ੍ਰਾਈਟ ਉਹ ਔਰਤ ਸੀ ਜੋ ਭਾਰਤ ਲਈ ਸਭ ਤੋਂ ਵੱਡਾ ਖਤਰਾ ਸੀ।

### ਅਲਬ੍ਰਾਈਟ ਕਸ਼ਮੀਰ ਤੇ ਭਾਰਤ

1998 ਭਾਰਤ ਵਿੱਚ ਇੱਕ ਇਤਿਹਾਸਕ ਸਾਲ ਸੀ। ਇਸ ਨੇ ਪ੍ਰਮਾਣੂ ਹਥਿਆਰਾਂ ਵਾਲੇ ਰਾਜ ਵਜੋਂ ਭਾਰਤ ਦੀ ਆਮਦ ਦੀ ਨਿਸ਼ਾਨਦੇਹੀ ਕੀਤੀ ਅਤੇ ਆਪਣੇ ਦੋ ਦੁਸ਼ਮਣ ਗੁਆਂਢੀਆਂ- ਚੀਨ ਅਤੇ ਪਾਕਿਸਤਾਨ ਦੁਆਰਾ ਕੀਤੀ ਜਾ ਰਹੀ ਧੱਕੇਸ਼ਾਹੀ ਦੇ ਸਾਹਮਣੇ ਆਪਣੀ ਰੱਖਿਆ ਨੂੰ ਮਜ਼ਬੂਤ ਕੀਤਾ।ਪਰ ਭਾਰਤ ਨੂੰ ਅਮਰੀਕਾ ਤੋਂ ਸਿੱਧੇ ਧੱਕੇ ਦਾ ਸਾਹਮਣਾ ਕਰਨਾ ਪਿਆ। ਬਿਲ ਕਲਿੰਟਨ ਪ੍ਰਸ਼ਾਸਨ ਨੇ ਉਸ ਸਮੇਂ ਭਾਰਤ ਦੇ ਖਿਲਾਫ ਪਾਬੰਦੀਆਂ ਲਗਾ ਦਿੱਤੀਆਂ ਸਨ, ਜਿਸ ਨਾਲ ਭਾਰਤ ਨੂੰ ਅਮਰੀਕਾ ਦੀ ਸਹਾਇਤਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਖਤਮ ਕਰ ਦਿੱਤਾ ਗਿਆ ਸੀ ਅਤੇ ਵਿਸ਼ਵ ਵਿੱਤੀ ਸੰਸਥਾਵਾਂ ਦੁਆਰਾ ਭਾਰਤ ਦੀ ਉਧਾਰ ਦੇਣ ਤੱਕ ਪਹੁੰਚ ਨੂੰ ਘਟਾਉਣ ਦੀ ਧਮਕੀ ਦਿੱਤੀ ਗਈ ਸੀ ਪਾਬੰਦੀਆਂ ਨੂੰ ਅੱਗੇ ਵਧਾਉਣ ਵਾਲੀ ਔਰਤ ਕੋਈ ਹੋਰ ਨਹੀਂ ਬਲਕਿ ਅਮਰੀਕੀ ਵਿਦੇਸ਼ ਮੰਤਰੀ ਮੈਡੇਲਿਨ ਅਲਬ੍ਰਾਈਟ ਸੀ। ਉਸਨੇ ਉਦੋਂ ਭਾਰਤ ਦੁਆਰਾ ਕੀਤੇ ਪਰਮਾਣੂ ਪ੍ਰੀਖਣਾਂ ਨੂੰ "ਭਵਿੱਖ ਦੇ ਵਿਰੁੱਧ ਇੱਕ ਘੋਰ ਅਪਰਾਧ" ਦੱਸਿਆ ਸੀ ।

ਇਹ ਉਹ ਦੌਰ ਸੀ ਜਦੋਂ ਅਮਰੀਕਾ ਵਿੱਚ ਪਾਬੰਦੀਆਂ ਨੂੰ ਬਹੁਤ ਜ਼ਿਆਦਾ ਵਰਤੋਂ ਅਤੇ ਬੇਅਸਰ ਸਮਝਿਆ ਜਾ ਰਿਹਾ ਸੀ। ਹਾਲਾਂਕਿ, ਅਲਬ੍ਰਾਈਟ ਉਹ ਸੀ ਜਿਸ ਨੇ ਉਨਾਂ ਲਈ ਜੜ ਫੜੀ ਅਤੇ ਜਲਦੀ ਹੀ ਬਿਲ ਕਲਿੰਟਨ ਪ੍ਰਸ਼ਾਸਨ ਦੇ ਹੋਰ ਅਧਿਕਾਰੀ ਵੀ ਉਨਾਂ ਨੂੰ ਲਾਗੂ ਕਰਨ ਲਈ ਸਹਿਮਤ ਹੋ ਗਏ। ਮੈਡੇਲੀਨ ਅਲਬ੍ਰਾਈਟ ਨੇ ਸਾਬਕਾ ਪ੍ਰਧਾਨ ਮੰਤਰੀ, ਸਵਰਗੀ ਅਟਲ ਬਿਹਾਰੀ ਵਾਜਪਾਈ ਨੂੰ ਵਿਆਪਕ ਟੈਸਟ ਬੈਨ ਸੰਧੀ (ਸੀਟੀਬੀਟੀ) 'ਤੇ ਦਸਤਖ਼ਤ ਕਰਨ ਲਈ ਮਜਬੂਰ ਕਰਨ ਦੀ ਵੀ ਕੋਸ਼ਿਸ਼ ਕੀਤੀ। ਉਸਨੇ ਵਾਜਪਾਈ ਸਰਕਾਰ ਨੂੰ CTBT 'ਤੇ ਦਸਤਖ਼ਤ ਕਰਨ ਲਈ ਮਜਬੂਰ ਕਰਨ ਦੀ ਕੋਸ਼ਿਸ਼ ਵੀ ਕੀਤੀ। ਪਰ ਇੱਥੇ ਮਜ਼ੇਦਾਰ ਹਿੱਸਾ ਹੈ- ਅਲਬ੍ਰਾਈਟ ਨਵੀਂ ਦਿੱਲੀ ਨੂੰ CTBT 'ਤੇ ਦਸਤਖ਼ਤ ਕਰਨ ਲਈ ਮਜਬੂਰ ਕਰਦਾ ਰਿਹਾ, ਪਰ ਅਮਰੀਕੀ ਸੈਨੇਟ ਨੇ ਖੁਦ ਹੀ ਇਸ ਨੂੰ 51-48 ਵੋਟਾਂ ਨਾਲ ਰੱਦ ਕਰ ਦਿੱਤਾ ਸੀ । ਇਸ ਲਈ, ਅਲਬ੍ਰਾਈਟ ਅਮਲੀ ਤੌਰ 'ਤੇ ਕਹਿ ਰਿਹਾ ਸੀ- ਅਸੀਂ ਸੀਟੀਬੀਟੀ ਨੂੰ ਮਨਜ਼ੂਰੀ ਨਹੀਂ ਦੇਵਾਂਗੇ, ਪਰ ਅਸੀਂ ਚਾਹੁੰਦੇ ਹਾਂ ਕਿ ਭਾਰਤ ਪ੍ਰਮਾਣੂ ਪ੍ਰੀਖਣਾਂ ਨੂੰ ਸੀਮਤ ਕਰਨ ਵਾਲੀ ਸੰਧੀ ਦੁਆਰਾ ਬੰਨਿਆ ਜਾਵੇ। ਅੱਜ ਤੱਕ, ਅਮਰੀਕਾ ਨੇ ਟੈਸਟ ਬੈਨ ਸੰਧੀ ਦੀ ਪੁਸ਼ਟੀ ਨਹੀਂ ਕੀਤੀ ਹੈ। ਹਾਲਾਂਕਿ, ਅਲਬ੍ਰਾਈਟ ਦੇ ਅਧੀਨ, ਇਹ ਭਾਰਤ ਨੂੰ ਅਪਣਾਉਣ ਲਈ ਮਜਬੂਰ ਕਰਨ ਲਈ ਤਿਆਰ ਸੀ। ਮੈਡੇਲੀਨ ਅਲਬ੍ਰਾਈਟ ਨੂੰ ਕਸ਼ਮੀਰ ਵਿੱਚ ਵੱਡੇ ਪੱਧਰ 'ਤੇ ਕੰਮ ਕੀਤਾ ਗਿਆ ਸੀ। ਅਸਲ ਵਿੱਚ, 1998 ਵਿੱਚ ਭਾਰਤ ਦੁਆਰਾ ਪੋਖਰਣ ਟੈਸਟ ਕਰਵਾਉਣ ਤੋਂ ਬਾਅਦ , ਅਲਬ੍ਰਾਈਟ ਨੇ ਸਪੱਸ਼ਟ ਕੀਤਾ ਕਿ ਉਹ ਕਸ਼ਮੀਰ ਦਾ ਅੰਤਰਰਾਸ਼ਟਰੀਕਰਨ ਕਰਨ ਦਾ ਇਰਾਦਾ ਰੱਖਦੀ ਹੈ । ਉਸ ਨੇ ਕਿਹਾ ਕਿ ਉਹ ਕਸ਼ਮੀਰ ਨੂੰ ਗਲੋਬਲ ਏਜੰਡੇ ਵੱਲ ਧੱਕਣਾ ਚਾਹੁੰਦੀ ਹੈ। ਅਲਬ੍ਰਾਈਟ ਨੇ ਕਿਹਾ, "ਮੈਨੂੰ ਲਗਦਾ ਹੈ ਕਿ ਇਸ 'ਤੇ ਅੰਤਰਰਾਸ਼ਟਰੀ ਧਿਆਨ ਮਦਦ ਕਰੇਗਾ।"ਤਤਕਾਲੀ ਅਮਰੀਕੀ ਵਿਦੇਸ਼ ਮੰਤਰੀ ਨੇ ਇਹ ਵੀ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਵਿਚਕਾਰ ਕਸ਼ਮੀਰ ਸਮੇਤ ਉਨਾਂ ਦੇ ਵਿਵਾਦਾਂ 'ਤੇ ਦੁਵੱਲੀ ਗੱਲਬਾਤ ਬਹੁਤ ਮਹੱਤਵਪੂਰਨ ਹੈ ਕਿਉਂਕਿ ਉਹ ਮੂਲ ਕਾਰਨਾਂ ਨਾਲ ਨਜਿੱਠਦੇ ਹਨ।ਹਾਲਾਂਕਿ 2003 ਵਿੱਚ, ਅਲਬ੍ਰਾਈਟ ਨੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ। ਉਹ ਉਦੋਂ ਅਮਰੀਕੀ ਪ੍ਰਸ਼ਾਸਨ ਤੋਂ ਬਾਹਰ ਸੀ ਜਦੋਂ ਬੁਸ਼ ਪ੍ਰਸ਼ਾਸਨ 2001 ਵਿੱਚ ਸੱਤਾ ਵਿੱਚ ਆਇਆ ਸੀ। ਕਿਸੇ ਵੀ ਤਰਾਂ, ਉਸਨੇ ਕਸ਼ਮੀਰ ਨੂੰ 'ਦੁਨੀਆ ਦੇ ਸਭ ਤੋਂ ਖਤਰਨਾਕ ਅਤੇ ਦੁਖਦਾਈ ਸਥਾਨਾਂ' ਵਿੱਚੋਂ ਇੱਕ ਵਜੋਂ ਵਰਣਨ ਕਰਨ ਦੀ ਕੋਸ਼ਿਸ਼ ਕੀਤੀ ਸੀ। ਅਲਬ੍ਰਾਈਟ ਨੇ ਇਹ ਵੀ ਕਿਹਾ ਕਿ ਕਸ਼ਮੀਰੀ ਲੋਕਾਂ ਦੀਆਂ ਇੱਛਾਵਾਂ ਦਾ ਨਿਰਣਾ ਕਰਨ ਲਈ ਇੱਕ ਜਨਮਤ ਜਾਂ ਜਨਮਤ ਸੰਗ੍ਰਹਿ ਸਭ ਤੋਂ ਵਧੀਆ ਤਰੀਕਾ ਹੈ।ਇਸ ਤਰਾਂ ਅਲਬ੍ਰਾਈਟ ਨੇ ਕਈ ਸਾਲਾਂ ਤੱਕ ਕਸ਼ਮੀਰ 'ਤੇ ਪਾਕਿਸਤਾਨ ਦੇ ਏਜੰਡੇ ਨੂੰ ਅੱਗੇ ਵਧਾਇਆ। ਇੱਕ ਮੌਕਾ ਦੇ ਕੇ, ਉਹ ਭਾਰਤ ਨੂੰ ਪ੍ਰਮਾਣੂ ਹਥਿਆਰਾਂ ਵਾਲਾ ਦੇਸ਼ ਨਹੀਂ ਬਣਨ ਦਿੰਦੀ ਅਤੇ ਨਾ ਹੀ ਉਹ ਭਾਰਤ ਨੂੰ ਕਸ਼ਮੀਰ 'ਤੇ ਆਪਣੀ ਸਹੀ ਪ੍ਰਭੂਸੱਤਾ ਦਾ ਦਾਅਵਾ ਕਰਨ ਦਿੰਦੀ। ਹਾਲਾਂਕਿ, ਅਲਬ੍ਰਾਈਟ ਆਪਣੇ ਭਾਰਤ ਵਿਰੋਧੀ ਇਰਾਦਿਆਂ ਵਿੱਚ ਅਸਫਲ ਰਹੀ ਅਤੇ ਅੰਤ ਵਿੱਚ ਅਮਰੀਕੀ ਨੇਤਾਵਾਂ ਨੂੰ ਭਾਰਤ ਨਾਲ ਬਿਹਤਰ ਸਬੰਧ ਸਥਾਪਤ ਕਰਨੇ ਪਏ ਕਿਉਂਕਿ ਅੰਤਰਰਾਸ਼ਟਰੀ ਰਾਜਨੀਤੀ ਵਿੱਚ ਨਵੀਂ ਦਿੱਲੀ ਦਾ ਕੱਦ ਵਧਦਾ ਗਿਆ। ਮੈਡਲੀਨ ਅਲਬ੍ਰਾਈਟ ਨੇ ਸਾਡਾ ਧਿਆਨ ਸਿੱਖਾਂ, ਕਸ਼ਮੀਰ ਅਤੇ ਭਾਰਤ ਦੇ ਇਤਿਹਾਸ ਦੇ ਇਨਾਂ ਤਿੰਨ ਅਧਿਆਵਾਂ ਵੱਲ ਖਿੱਚਿਆ ਹੈ, ਇਸ ਤਰਾਂ ਸਾਡੇ ਲਈ ਸਾਡੀਆਂ ਕਸ਼ਮੀਰ ਫਾਈਲਾਂ ਨੂੰ ਪੂਰਾ ਕਰਨ ਲਈ ਇੱਕ ਕੇਸ ਬਣਾਇਆ ਹੈ। ਪੰਜਾਬ ਦੇ ਸਿੱਖ ਭਾਈਚਾਰੇ ਨੂੰ, ਅਤੇ ਦੁਨੀਆ ਭਰ ਦੇ ਸਿੱਖਾਂ ਨੂੰ, ਇਹਨਾਂ ਦੋਵਾਂ ਖਬਰਾਂ ਵਿੱਚ ਦਿਲਚਸਪੀ ਲੈਣੀ ਚਾਹੀਦੀ ਹੈ। ਨਫ਼ਰਤ ਫੈਲਾਉਣ ਵਾਲੀ ਮਸ਼ੀਨ ਜਿਸ ਨੂੰ ਕਸ਼ਮੀਰ ਫਾਈਲਾਂ ਰੋਅ ਕਿਹਾ ਜਾਂਦਾ ਹੈ, ਅਤੇ ਮੈਡੇਲੀਨ ਅਲਬ੍ਰਾਈਟ ਦੀ ਸ਼ਖਸੀਅਤ। ਮੈਡੇਲੀਨ ਅਲਬ੍ਰਾਈਟ ਨੇ ਕਸ਼ਮੀਰ ਫਾਈਲਾਂ ਦਾ ਇੱਕ ਹਿੱਸਾ ਲਿਖਿਆ ਸੀ ਜਿਸ ਨਾਲ ਸਿੱਖ ਭਾਈਚਾਰੇ ਨੂੰ ਜੁੜਨ ਦੀ ਲੋੜ ਹੈ।ਸਿੱਖਾਂ, ਕਸ਼ਮੀਰ ਅਤੇ ਮੈਡੇਲੀਨ ਅਲਬ੍ਰਾਈਟ ਦੇ ਵਿਚਕਾਰ, ਬਹੁਤ ਸਾਰੀਆਂ ਕਸ਼ਮੀਰ ਫਾਈਲਾਂ ਵੇਖੋਂਗੇ, ਜੋ ਸਾਡੀ ਯਾਦਾਂ ਦੇ ਵਿਗਾੜਾਂ ਵਿੱਚ ਸੁੱਟੀਆਂ ਹੋਈਆਂ ਹਨ ਅਤੇ ਇੱਕ ਨਵਾਂ ਹਿੰਦੂਤਵੀ ਆਦੇਸ਼ ਤਿਆਰ ਕਰਨ ਦੀ ਖ਼ੂਨੀ ਪ੍ਰਕਿਰਿਆ ਵਿੱਚ ਗੁਆਚੀਆਂ ਹੋਈਆਂ ਹਨ। ਕਸ਼ਮੀਰ ਫਾਇਲ ਤੋਂ ਇਲਾਵਾ ਇੱਥੇ ਦੋਂ ਹੋਰ ਹਨ ਹਨ ਜੋ ਭਾਰਤੀ ਬੰਦੂਕ ਦੀਆਂ ਗੋਲੀਆਂ, ਝੂਠ, ਧੋਖੇ ਅਤੇ ਰਾਜ ਦੇ ਗੁੰਡਾਗਰਦੀ ਖ਼ੂਨੀ ਦਾਸਤਾਨ ਬਿਆਨ ਕਰਦੀਆ ਹਨ।












### ਛੱਟੀਸਿੰਘਪੁਰਾ ਫਾਈਲਾਂ

ਸੰਯੁਕਤ ਰਾਜ ਦੇ ਰਾਸ਼ਟਰਪਤੀ ਬਿਲ ਕਲਿੰਟਨ ਦੇ ਭਾਰਤ ਦੌਰੇ ਲਈ ਨਵੀਂ ਦਿੱਲੀ ਪਹੁੰਚਣ ਤੋਂ ਕੁਝ ਘੰਟੇ ਪਹਿਲਾਂ, ਫੌਜੀ ਥਕਾਵਟ ਵਿੱਚ ਅਣਪਛਾਤੇ ਬੰਦੂਕਧਾਰੀਆਂ ਨੇ ਦੂਰ-ਦੁਰਾਡੇ ਦੱਖਣੀ ਕਸ਼ਮੀਰ ਦੇ ਪਿੰਡ ਚਿਟੀਸਿੰਘਪੁਰਾ ਵਿੱਚ ਦੋ ਗੁਰਦੁਆਰਿਆਂ ਦੇ ਸਾਹਮਣੇ 36 ਸਿੱਖਾਂ ਨੂੰ ਕਤਾਰ ਵਿੱਚ ਖੜਾ ਕਰ ਦਿੱਤਾ, ਜਿਨਾਂ ਕੋਲ ਇੱਕ ਫੋਨ ਵੀ ਨਹੀਂ ਸੀ। ਇੱਕ ਬੰਦੂਕ ਨਾਲ ਜ਼ਖਮੀ ਹੋ ਗਿਆ, ਜਦਕਿ 35 ਮਾਰੇ ਗਏ। ਅਜਿਹਾ ਕਰ ਕੇ ਕੋਈ ਤਾਕਤ ਵਾਸ਼ਿੰਗਟਨ ਨੂੰ ਸੁਨੇਹਾ ਭੇਜਣ ਦੀ ਕੋਸ਼ਿਸ਼ ਕਰ ਰਹੀ ਸੀ। ਪਾਕਿਸਤਾਨ ਨੇ ਕਿਹਾ ਕਿ ਇਸ ਕਤਲੇਆਮ ਪਿੱਛੇ ਭਾਰਤੀ ਸੁਰੱਖਿਆ ਬਲਾਂ ਦਾ ਹੱਥ ਸੀ ਕਿਉਂਕਿ ਭਾਰਤ ਪਾਕਿਸਤਾਨ ਨੂੰ ਬਦਨਾਮ ਕਰਨਾ ਚਾਹੁੰਦਾ ਸੀ, ਜਦੋਂ ਕਿ ਵਾਜਪਾਈ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਇਹ ਲਸ਼ਕਰ-ਏ-ਤੋਇਬਾ ਅਤੇ ਹਿਜ਼ਬੁਲ ਮੁਜਾਹਿਦੀਨ, ਪਾਕਿਸਤਾਨ ਦੀ ਹਮਾਇਤ ਵਾਲੇ ਦੋਵੇਂ ਸਮੂਹਾਂ ਦੁਆਰਾ ਕੀਤਾ ਜਾ ਰਿਹਾ ਸੀ।ਜਦੋਂ ਸਫਲਤਾ ਮਿਲੀ ਤਾਂ ਕਲਿੰਟਨ ਅਜੇ ਭਾਰਤ ਵਿੱਚ ਹੀ ਸੀ। ਯਾਕੂਬ ਵਾਗੇ ਨਾਮਕ ਵਿਅਕਤੀ, ਜੋ ਕਿ ਛੱਟੀਸਿੰਘਪੁਰਾ ਦਾ ਮੁਸਲਮਾਨ ਨਿਵਾਸੀ ਸੀ, ਨੂੰ ਫੜਿਆ ਗਿਆ ਸੀ। ਉਸ ਨੇ ਕਾਤਲਾਂ ਦੀ ਅਗਵਾਈ ਬੇਸਹਾਰਾ ਸਿੱਖਾਂ ਤੱਕ ਕੀਤੀ ਸੀ। ਸਾਰੇ ਖਾਤਿਆਂ ਦੁਆਰਾ, ਕਲਿੰਟਨ ਜ਼ਰੂਰ ਪ੍ਰਭਾਵਿਤ ਹੋਇਆ ਹੋਵੇਗਾ।ਅਡਵਾਨੀ ਅਤੇ ਤਤਕਾਲੀ ਮੁੱਖ ਮੰਤਰੀ ਫਾਰੂਕ ਅਬਦੁੱਲਾ ਨੂੰ ਸਾਈਟ ਦੇ ਨਕਸ਼ਿਆਂ ਦੀ ਮਦਦ ਨਾਲ ਇੱਕ ਵਿਸ਼ੇਸ਼ ਪੇਸ਼ਕਾਰੀ ਦਿੱਤੀ ਗਈ ਸੀ ਕਿ ਇਹ ਕਾਰਵਾਈ ਕਿਵੇਂ ਕੀਤੀ ਗਈ ਸੀ।

### ਪਾਥਰੀਬਲ ਫਾਈਲਾਂ

ਅਨੰਤਨਾਗ ਸ਼ਹਿਰ ਦੇ ਦੋ ਪਿੰਡਾਂ ਬਰਿਆਨਾਗਨ ਅਤੇ ਹਲਾਨ ਤੋਂ ਪੰਜ ਵਿਅਕਤੀ ਲਾਪਤਾ ਹੋ ਗਏ ਸਨ। ਉਨਾਂ ਦੇ ਰਿਸ਼ਤੇਦਾਰਾਂ ਨੇ ਦਾਅਵਾ ਕੀਤਾ ਕਿ ਅੱਧੀ ਰਾਤ ਨੂੰ ਫੌਜ ਦੇ ਜਵਾਨ ਉਨਾਂ ਨੂੰ ਚੁੱਕ ਕੇ ਲੈ ਗਏ ਸਨ।ਹਾਲਾਂਕਿ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਪੰਜ ਘੰਟੇ ਤੱਕ ਚੱਲੀ ਬੰਦੂਕ ਲੜਾਈ ਵਿੱਚ ਲਸ਼ਕਰ ਦੇ ਪੰਜ ਅੱਤਵਾਦੀ ਮਾਰੇ ਗਏ ਸਨ, ਪਰ ਪਿੰਡ ਵਾਸੀਆਂ ਨੂੰ ਅਜਿਹੀ ਕਿਸੇ ਗੋਲੀਬਾਰੀ ਦੀ ਜਾਣਕਾਰੀ ਨਹੀਂ ਸੀ।ਸ਼ੱਕ ਪੈਦਾ ਹੋਇਆ ਹੈ ਕਿ ਮੁਕਾਬਲੇ ਵਿੱਚ ਮਾਰੇ ਗਏ ਅਤੇ ਵਿਦੇਸ਼ੀ ਅੱਤਵਾਦੀ ਐਲਾਨੇ ਗਏ ਪੰਜ ਵਿਅਕਤੀ ਉਹੀ ਪੰਜ ਵਿਅਕਤੀ ਹੋ ਸਕਦੇ ਹਨ, ਜਿਨਾਂ ਨੂੰ ਫੌਜ ਨੇ ਉਨਾਂ ਦੇ ਘਰਾਂ ਤੋਂ ਅਗਵਾ ਕੀਤਾ ਸੀ। ਪੱਥਰੀਬਲ ਦੇ ਇੱਕ ਪਿੰਡ ਵਾਸੀ, ਜਿਸ ਨੇ ਮੁਕਾਬਲੇ ਵਿੱਚ ਮਾਰੇ ਗਏ ਵਿਅਕਤੀਆਂ ਦੀਆਂ ਲਾਸ਼ਾਂ ਦੇਖੀਆਂ, ਉਨਾਂ ਵਿੱਚੋਂ ਇੱਕ ਨੂੰ ਅਗਵਾ ਕੀਤੇ ਵਿਅਕਤੀਆਂ ਵਿੱਚੋਂ ਇੱਕ ਜੁਮਾ ਖਾਨ ਵਜੋਂ ਪਛਾਣਿਆ। ਅਨੰਤਨਾਗ ਵਿੱਚ ਪੰਜ ਲਾਪਤਾ ਵਿਅਕਤੀਆਂ ਦੇ ਰਿਸ਼ਤੇਦਾਰਾਂ ਵੱਲੋਂ ਜਲੂਸ ਕੱਢੇ ਗਏ। ਇਹ ਇੱਕ ਵੱਡਾ ਮੁੱਦਾ ਬਣ ਗਿਆ ਅਤੇ ਸਰਕਾਰ ਨੂੰ ਨਿਆਂਇਕ ਜਾਂਚ ਦਾ ਹੁਕਮ ਦੇਣ ਲਈ ਮਜਬੂਰ ਹੋਣਾ ਪਿਆ। ਪੰਜ ਮਾਰੇ ਗਏ ਅੱਤਵਾਦੀਆਂ ਨੂੰ ਇਕ ਦੂਜੇ ਤੋਂ ਮੀਲ ਦੂਰ ਕਬਰਿਸਤਾਨਾਂ ਵਿਚ ਕਿਉਂ ਦਫ਼ਨਾਇਆ ਗਿਆ ਸੀ, ਇਸ ਬਾਰੇ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ ਗਿਆ ਸੀ।ਪ੍ਰਦਰਸ਼ਨਕਾਰੀ, ਅਸੰਤੁਸ਼ਟ ਅਤੇ ਗੁੱਸੇ ਵਿੱਚ, 3 ਅਪ੍ਰੈਲ, 2000 ਨੂੰ ਡਿਪਟੀ ਕਮਿਸ਼ਨਰ ਦੇ ਦਫ਼ਤਰ ਵੱਲ ਮਾਰਚ ਕੀਤਾ, ਜਿੱਥੇ ਸੀਆਰਪੀਐਫ ਅਤੇ ਪੁਲਿਸ ਨੇ ਗੋਲੀਬਾਰੀ ਕੀਤੀ, ਉਹਨਾਂ ਵਿੱਚੋਂ 9 ਦੀ ਮੌਤ ਹੋ ਗਈ। ਮ੍ਰਿਤਕਾਂ ਵਿੱਚੋਂ ਕੁਝ ਲਾਪਤਾ ਪਿੰਡ ਵਾਸੀਆਂ ਦੇ ਕਰੀਬੀ ਰਿਸ਼ਤੇਦਾਰ ਸਨ।ਜਿਵੇਂ ਹੀ ਵਿਰੋਧ ਪ੍ਰਦਰਸ਼ਨ ਵਧਿਆ, ਜੰਮੂ-ਕਸ਼ਮੀਰ ਸਰਕਾਰ ਨੇ ਜ਼ਿਲਾ ਪੁਲਿਸ ਮੁਖੀ ਸਮੇਤ ਕੁਝ ਪੁਲਿਸ ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ, ਅਤੇ ਹੁਕਮ ਦਿੱਤਾ ਕਿ ਮੁਕਾਬਲੇ ਵਿੱਚ ਮਾਰੇ ਗਏ ਪੰਜ ਵਿਅਕਤੀਆਂ ਦੀਆਂ ਲਾਸ਼ਾਂ ਨੂੰ ਬਾਹਰ ਕੱਢਿਆ ਜਾਵੇ ਅਤੇ ਡੀਐਨਏ ਨਮੂਨਿਆਂ ਦੀ ਜਾਂਚ ਕੀਤੀ ਜਾਵੇ।

### ਕਸ਼ਮੀਰ ਵਾਂਗ ਧੁੰਦਲੀਆਂ ਫਾਈਲਾਂ

35 ਸਿੱਖਾਂ ਦੇ ਕਤਲ ਦੇ ਸੱਤ ਮਹੀਨਿਆਂ ਬਾਅਦ, ਮੁੱਖ ਮੰਤਰੀ ਫਾਰੂਕ ਅਬਦੁੱਲਾ ਨੇ ਜਸਟਿਸ ਪਾਂਡੀਅਨ ਦੀ ਅਗਵਾਈ ਵਿੱਚ ਨਿਆਂਇਕ ਕਮਿਸ਼ਨ ਦਾ ਐਲਾਨ ਕੀਤਾ ਸੀ। ਇਹ ਛੱਟੀਸਿੰਘਪੁਰਾ ਕਤਲੇਆਮ ਦੇ ਨਾਲ-ਨਾਲ ਪਥਰੀਬਲ ਫਰਜ਼ੀ ਮੁਕਾਬਲੇ ਦੀ ਜਾਂਚ ਲਈ ਸੀ। ਚੰਗੇ ਜੱਜ ਨੇ ਬ੍ਰੈਕਪੋਰਾ ਗੋਲੀਬਾਰੀ ਦੀ ਆਪਣੀ ਜਾਂਚ ਪੂਰੀ ਕਰ ਲਈ ਸੀ ਅਤੇ ਇਸ ਨੂੰ ਪਥਰੀਬਲ ਫਰਜ਼ੀ ਮੁਕਾਬਲੇ ਨਾਲ ਜੋੜਿਆ ਸੀ, ਪਰ ਮੁੱਖ ਮੰਤਰੀ ਨੇ ਮਨ ਬਦਲ ਲਿਆ ਅਤੇ ਫੈਸਲਾ ਕੀਤਾ ਕਿ ਛੱਟੀਸਿੰਘਪੁਰਾ ਦੀ ਜਾਂਚ ਦੀ ਕੋਈ ਲੋੜ ਨਹੀਂ ਹੈ। ਆਖਰਕਾਰ, ਪਥਰੀਬਲ ਕੇਸ 2003 ਵਿੱਚ ਸੀਬੀਆਈ ਕੋਲ ਗਿਆ ਜਿਸ ਨੂੰ ਆਖਰਕਾਰ ਇਹ ਸਾਬਤ ਕਰਨ ਵਿੱਚ ਤਿੰਨ ਸਾਲ ਲੱਗ ਗਏ ਕਿ ਇਹ ਇੱਕ ਫਰਜ਼ੀ ਮੁਕਾਬਲਾ ਸੀ ਅਤੇ ਭਾਰਤੀ ਫੌਜ ਦੇ ਅਫਸਰਾਂ ਦੁਆਰਾ ਇੱਕ "ਠੰਢੇ ਖ਼ੂਨ ਵਾਲੀ" ਸਾਜ਼ਿਸ਼ ਸੀ। ਛੱਟੀਸਿੰਘਪੁਰਾ ਕਤਲੇਆਮ ਦੀ ਕਦੇ ਕਿਸੇ ਨੇ ਜਾਂਚ ਨਹੀਂ ਕੀਤੀ। ਸੀ.ਬੀ.ਆਈ. ਦਾ ਅਧਿਕਾਰ ਪਥਰੀਬਲ ਤੱਕ ਸੀਮਤ ਸੀ। ਸਪਸ਼ਟ ਸਿੱਟਾ ਇਹ ਹੈ ਕਿ ਕੋਈ ਵੀ ਛੱਟੀਸਿੰਘਪੁਰਾ ਬਾਰੇ ਸੱਚਾਈ ਜਾਣਨਾ ਨਹੀਂ ਚਾਹੁੰਦਾ। ਇੱਕ ਪੜਾਅ 'ਤੇ, ਸੁਰੱਖਿਆ ਬਲਾਂ ਨੇ ਲਸ਼ਕਰ ਦੇ ਦੋ ਅੱਤਵਾਦੀਆਂ ਮੁਹੰਮਦ ਸੁਹੇਲ ਮਲਿਕ ਅਤੇ ਵਸੀਮ ਅਹਿਮਦ, ਦੋਵੇਂ ਪਾਕਿਸਤਾਨੀ ਨਾਗਰਿਕਾਂ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ, ਅਤੇ ਛੱਟੀਸਿੰਘਪੁਰਾ ਕਤਲੇਆਮ ਵਿੱਚ ਸ਼ਾਮਲ ਹੋਣ ਬਾਰੇ ਉਨਾਂ ਦਾ ਖੁਲਾਸਾ ਦਰਜ ਕੀਤਾ। ਉਨਾਂ ਨੂੰ ਹੇਠਲੀ ਅਦਾਲਤ ਨੇ ਬਰੀ ਕਰ ਦਿੱਤਾ ਸੀ, ਪਰ ਇਸ ਹੁਕਮ ਨੂੰ ਦਿੱਲੀ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਸੀ ਜਿਸ ਨੇ ਮਈ 2012 ਵਿੱਚ ਉਨਾਂ ਨੂੰ ਮੁੜ ਬਰੀ ਕਰ ਦਿੱਤਾ ਸੀ। ਆਖਰਕਾਰ, ਅਤੇ ਚੁੱਪਚਾਪ, ਉਨਾਂ ਨੂੰ ਪਾਕਿਸਤਾਨ ਵਾਪਸ ਭੇਜ ਦਿੱਤਾ ਗਿਆ। ਵਾਦੀ ਵਿੱਚ ਖਾੜਕੂਵਾਦ ਦੇ ਇਤਿਹਾਸ ਵਜੋਂ ਕਸ਼ਮੀਰ ਫਾਈਲਜ਼ ਫਿਲਮ ਦੀ ਸਿਫ਼ਾਰਸ਼ ਕਰਨ ਵਾਲੇ ਰਾਸ਼ਟਰਵਾਦੀਆਂ ਵਿੱਚੋਂ ਕਿਸੇ ਨੇ ਵੀ ਰੌਲਾ ਨਹੀਂ ਪਾਇਆ।

ਸੋ ਖਟਕੜ ਕਲਾਂ ਨੂੰ ਆਉਣ ਵਾਲੇ ਸੈਲਾਨੀ ਸ਼ਾਇਦ ਕਸ਼ਮੀਰ ਫਾਈਲਾਂ ਬਾਰੇ ਇੱਕ ਸ਼ਬਦ ਨਹੀਂ ਬੋਲਣਗੇ, ਨਾ ਉਹ ਜਿਹੜੇ ਪਹਿਲਾਂ ਬਿਨਾਂ ਸ਼ਰਤ ਅਤਿ-ਰਾਸ਼ਟਰਵਾਦੀਆਂ ਦੇ ਨਾਲ ਸਨ ਅਤੇ ਹੁਣ ਆਪਣੀ ਹੋਂਦ ਦੇ ਸੰਕਟ ਵਿੱਚ ਫਸੇ ਹੋਏ ਹਨ, ਅਤੇ ਨਾ ਹੀ ਕਾਂਗਰਸ ਜਿਸ ਨੇ ਪੁੱਛਣਾ ਬੰਦ ਕਰ ਦਿੱਤਾ ਹੈ। 2002 ਵਿੱਚ ਗੁਜਰਾਤ ਵਿੱਚ ਭਾਰਤੀ ਨਾਗਰਿਕਾਂ ਨੂੰ ਕਿਸਨੇ ਮਾਰਿਆ, ਪਰ ਸਾਡਾ ਕਿ ਅਸੀਂ ਇਨਾਂ ਬਾਰੇ ਕੁਝ ਨਹੀਂ ਬੋਲਣਾ ਕਿਉਂਕਿ ਸਮੇਂ ਦੀ ਹਕੂਮਤ ਨੇ ਆਮ ਇਨਸਾਨ ਨੂੰ ਕਮਜ਼ੋਰ ਆਰਥਿਕਤਾ 'ਚ ਉਲਝਾ ਕੇ ਮਾਨਸਿਕਤਾ ਨੂੰ ਕਮਜ਼ੋਰ ਕਰ ਦਿੱਤਾ ਹੈ। ਬੋਲਣਗੇ ਉਹ ਹੀ ਜਿਨਾਂ ਨੂੰ ਕੌਮ ਦਾ ਦਰਦ ਹੈ ਬੇਸ਼ਕ ਉਹ ਇਨਾਂ ਰਾਹਾਂ 'ਤੇ ਸ਼ਹੀਦੀ ਪਾ ਜਾਣ।

# ਖ਼ਾਲਸਾ ਰਾਜ ਦਾ ਆਖ਼ਰੀ ਦਰਬਾਰ

**ਇੰਦਰਜੀਤ ਸਿੰਘ**

29 ਮਾਰਚ, 1849 ਨੂੰ ਲਾਹੌਰ ਦੇ ਸ਼ਾਹੀ ਕਿਲੇ ਵਿਚ ਵਿਸ਼ੇਸ਼ ਦਰਬਾਰ ਲਗਾਇਆ ਗਿਆ। ਇਸ ਦਰਬਾਰ ਵਿਚ 10 ਸਾਲਾਂ ਦੇ ਮਹਾਰਾਜੇ ਦਲੀਪ ਸਿੰਘ ਕੋਲੋਂ ਇਕ ਦਸਤਾਵੇਜ਼ ’ਤੇ ਦਸਤਖ਼ਤ ਕਰਵਾਏ ਗਏ। ਦਲੀਪ ਸਿੰਘ ਨੇ ਰੋਮਨ ਅੱਖਰਾਂ ਵਿਚ ਆਪਣੇ ਦਸਤਖ਼ਤ ਕੀਤੇ। ਲਾਰਡ ਡਲਹੌਜ਼ੀ ਦੇ ਸਕੱਤਰ ਸਰ ਹੈਨਰੀ ਇਲੀਅਟ ਨੇ ਦਰਬਾਰ ਵਿਚ ਇਹ ਦਸਤਵੇਜ਼ ਉੱਚੀ ਆਵਾਜ਼ ਵਿਚ ਪੜ ਕੇ ਸੁਣਾਇਆ ਕਿ ਮਹਾਰਾਜਾ ਦਲੀਪ ਸਿੰਘ ਨੇ ਆਪਣੇ-ਆਪਣੇ ਵਾਰਸਾਂ ਦੇ ਪੰਜਾਬ ਉੱਪਰੋਂ ਸਾਰੇ ਹੱਕ, ਰੁਤਬੇ ਛੱਡੇ। ਕੋਹਿਨੂਰ ਸਮੇਤ ਸਾਰੇ ਖਜ਼ਾਨੇ ਅਤੇ ਰਾਜ ਦੀ ਜਾਇਦਾਦ ਦੀ ਮਾਲਕੀ ਛੱਡੀ ਜੋ ਹੁਣ ਬਰਤਾਨੀਆ ਦੀ ਹੈ। ਸਿੱਖ ਹਕੂਮਤ ਖ਼ਤਮ ਹੋਈ। ਇਹ ਹੁਣ ਬ੍ਰਿਟਿਸ਼ ਰਾਜ ਵਿਚ ਹੋਵੇਗੀ। ਐਲਾਨ ਦੌਰਾਨ ਸਾਰੇ ਦਰਬਾਰ ਵਿਚ ਖ਼ਾਮੋਸ਼ੀ ਪਸਰ ਗਈ। ਜਦੋਂ ਇਹ ਐਲਾਨ ਖ਼ਤਮ ਹੋਇਆ ਤਾਂ ਮਹਾਰਾਜਾ ਦਲੀਪ ਸਿੰਘ ਨੇ ਕੋਹਿਨੂਰ ਹੀਰਾ ਅੰਗਰੇਜ਼ਾਂ ਨੂੰ ਸੌਂਪ ਦਿੱਤਾ ਤੇ ਫਿਰ ਕਦੇ ਤਖ਼ਤ ’ਤੇ ਨਾ ਬੈਠਣ ਲਈ ਆਪਣੇ ਮਹਾਨ ਪਿਤਾ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਤਖ਼ਤ ਤੋਂ ਥੱਲੇ ਉਤਰ ਗਿਆ। ਜਿਉਂ ਹੀ ਮਹਾਰਾਜਾ ਦਲੀਪ ਸਿੰਘ ਤਖ਼ਤ ਤੋਂ ਥੱਲੇ ਉੱਤਰਿਆ ਤਾਂ ਸਰਕਾਰ-ਏ-ਖ਼ਾਲਸਾ ਦਾ ਸੂਰਜ ਵੀ ਨਾਲ ਹੀ ਡੁੱਬ ਗਿਆ। ਦਰਬਾਰ ਵਿਚ ਬੈਠੇ ਸਿੱਖ ਸਰਦਾਰਾਂ ਵਿਚ ਮਾਯੂਸੀ ਪਸਰ ਗਈ।

ਇਸ ਤੋਂ ਪਹਿਲਾਂ ਜਦੋਂ ਖ਼ਾਲਸਾ ਫ਼ੌਜ ਦੀ ਆਪਣਿਆਂ ਦੀ ਗ਼ਦਾਰੀ ਕਾਰਨ ਹਾਰ ਹੋਈ ਸੀ ਤਾਂ ਅੰਗਰੇਜ਼ਾਂ ਨੇ ਉਸ ਸਮੇਂ ਦੀ ਉਦਾਸ ਤਸਵੀਰ ਇਸ ਤਰਾਂ ਬਿਆਨ ਕੀਤੀ ਹੈ: ‘ਜਦੋਂ ਹਾਰੇ ਹੋਏ ਖ਼ਾਲਸਾ ਸਿਪਾਹੀ ਹਥਿਆਰਾਂ ਦੇ ਢੇਰ ਉੱਪਰ ਆਪਣੀਆਂ ਬੰਦੂਕਾਂ, ਤਲਵਾਰਾਂ, ਢਾਲਾਂ ਤੇ ਨੇਜ਼ੇ ਸੁੱਟ ਕੇ ਆਤਮ-ਸਮਰਪਣ ਕਰ ਰਹੇ ਸਨ ਤਾਂ ਸਭ ਤੋਂ ਦਿਲ ਵਿੰਨਵਾਂ ਦ੍ਰਿਸ਼ ਉਦੋਂ ਹੁੰਦਾ ਜਦੋਂ ਸਿੱਖ ਸਿਪਾਹੀ ਦਾ ਘੋੜਾ ਉਸ ਕੋਲੋਂ ਸਦਾ ਲਈ ਵਿਛੜਦਾ ਤੇ ਜਾਂਦੇ ਘੋੜੇ ਵੱਲ ਆਖ਼ਰੀ ਨਜ਼ਰ ਮਾਰਦਾ।’

ਇਕ ਹੋਰ ਅੰਗਰੇਜ਼ ਜਨਰਲ ਠੈਕਵੈਲ ਨੇ ਵੀ ਇਸ ਦ੍ਰਿਸ਼ ਨੂੰ ਇਸ ਤਰਾਂ ਵਰਨਣ ਕੀਤਾ ਹੈ ਕਿ ‘ਬਜ਼ੁਰਗ ਖ਼ਾਲਸਾ ਮਹਾਂਰਥੀਆਂ ਦੀ ਹਥਿਆਰ ਸੁੱਟਣ ਦੀ ਝਿਜਕ ਸਾਫ਼ ਦਿਖਾਈ ਦਿੰਦੀ ਸੀ। ਕਈ ਤਾਂ ਆਪਣੇ ਅੱਥਰੂ ਵੀ ਨਾ ਰੋਕ ਸਕੇ। ਦੂਸਰਿਆਂ ਦੇ ਚਿਹਰਿਆਂ ’ਤੇ ਗੁੱਸਾ ਤੇ ਨਫ਼ਰਤ ਸਾਫ਼ ਦਿਖਾਈ ਦਿੰਦੀ ਸੀ। ਇਕ ਚਿੱਟੀ ਦਾੜੀ ਵਾਲੇ ਬਜ਼ੁਰਗ ਦੀ ਟਿੱਪਣੀ ਨੇ ਪੰਜਾਬ ਦੇ ਇਤਿਹਾਸ ਦਾ ਸਾਰ ਪ੍ਰਗਟ ਕਰਦਿਆਂ ਕਿਹਾ : ‘ਅੱਜ ਰਣਜੀਤ ਸਿੰਘ ਮਰ ਗਿਆ ਹੈ।’

ਇਸ ਸਭ ਤੋਂ ਬਾਅਦ ਜਦੋਂ 29 ਮਾਰਚ, 1849 ਨੂੰ ਜਦੋਂ ਖ਼ਾਲਸਾ ਰਾਜ ਦਾ ਆਖ਼ਰੀ ਦਰਬਾਰ ਲਗਾਇਆ ਗਿਆ ਤਾਂ ਵੱਡੇ ਸਿੱਖ ਜਰਨੈਲ ਨੀਵੀਆਂ ਪਾਈ ਆਪਣੀ ਹੋਣੀ ’ਤੇ ਝੂਰ ਰਹੇ ਸਨ। ਇਕ ਨਾਬਾਲਗ ਮਹਾਰਾਜੇ ਕੋਲੋਂ ਮਕਾਰੀ



ਨਾਲ ਉਸ ਦੀ ਸਲਤਨਤ ਖੋਹੀ ਗਈ ਸੀ। ਜਿਉਂ ਹੀ ਮਹਾਰਾਜਾ ਦਲੀਪ ਸਿੰਘ ਆਪਣੇ ਸ਼ਾਹੀ ਤਖ਼ਤ ਤੋਂ ਥੱਲੇ ਉਤਰਿਆ ਤਾਂ ਲਾਹੌਰ ਦੇ ਸ਼ਾਹੀ ਕਿਲੇ ਉੱਪਰੋਂ ਖ਼ਾਲਸਾਈ ਨਿਸ਼ਾਨ ਉਤਾਰ ਕੇ ਯੂਨੀਅਨ ਜੈਕ ਝੁਲਾ ਦਿੱਤਾ ਗਿਆ। ਕੁਝ ਅਰਸੇ ਤੋਂ ਬਾਅਦ ਇਕ ਅੰਗਰੇਜ਼ ਅਧਿਕਾਰੀ ਜਾਨ ਲਾਰੰਸ ਨੇ ਲਿਖਿਆ ਸੀ ਕਿ ਅਸੀਂ ਦੁਸ਼ਮਣੀ ਵਾਲੀ ਨਫ਼ਰਤ ਨਾਲ ਸਿੱਖਾਂ ਵਿਰੁੱਧ ਫ਼ੌਜਾਂ ਚਾੜੀਆਂ ਸਨ ਪਰ ਛੇਤੀ ਹੀ ਸਾਨੂੰ ਪਤਾ ਲੱਗ ਗਿਆ ਸੀ ਕਿ ਇਹ ਸਤਿਕਾਰ ਦੇ ਹੱਕਦਾਰ ਹਨ। ਸਾਰੇ ਭਾਰਤ ਵਿਚੋਂ ਇਨਾਂ ਵਰਗਾ ਬਹਾਦਰ, ਪੱਕੇ ਇਰਾਦੇ ਵਾਲਾ, ਯੁੱਧ ਵਿਚ ਖੌਫ਼ਜ਼ਦਾ ਕਰਨ ਵਾਲਾ ਹੋਰ ਕੋਈ ਗਰੁੱਪ ਨਹੀਂ।

29 ਮਾਰਚ 1849 ਤੋਂ ਬਾਅਦ ਅੰਗਰੇਜ਼ ਹਕੂਮਤ ਦਾ ਪੰਜਾਬ ਉੱਪਰ ਕਬਜ਼ਾ ਹੋ ਗਿਆ ਅਤੇ ਤਖ਼ਤਾਂ ਦੇ ਵਾਰਿਸ ਤਖ਼ਤਿਆਂ ਉੱਪਰ ਆ ਗਏ। ਮਹਾਰਾਜਾ ਰਣਜੀਤ ਸਿੰਘ ਦਾ ਖ਼ਾਲਸਾ ਰਾਜ ਇਸ ਕਦਰ ਹਰਮਨ-ਪਿਆਰਾ ਅਤੇ ਧਰਮ-ਨਿਰਪੱਖ ਸੀ ਕਿ ਅੱਜ ਵੀ ਪੂਰੀ ਦੁਨੀਆ ਵਿਚ ਉਸ ਦੀਆਂ ਮਿਸਾਲਾਂ ਦਿੱਤੀਆਂ ਜਾਂਦੀਆਂ ਹਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਖ਼ਤਮ ਹੋਇਆਂ ਭਾਵੇਂ ਅੱਜ 173 ਸਾਲ ਹੋ ਗਏ ਹਨ ਪਰ ਖ਼ਾਲਸਾ ਰਾਜ ਦੌਰਾਨ ਮਹਾਰਾਜਾ ਰਣਜੀਤ ਸਿੰਘ ਅਤੇ ਹੋਰ ਬਹਾਦਰ ਯੋਧਿਆਂ ਦੇ ਬਹਾਦਰੀ ਭਰੇ ਕਾਰਨਾਮੇ ਹਮੇਸ਼ਾ ਪੰਜਾਬੀਆਂ ਦੇ ਮਨਾਂ ਉੱਪਰ ਰਾਜ ਕਰਦੇ ਰਹਿਣਗੇ।

# ਮਸਲਾ ਸਾਡੇ ਧਰਮ ਅਸਥਾਨਾਂ ਦਾ ਹੈ

**ਸ਼ਮਸ਼ੇਰ ਸਿੰਘ ਜੇਠੂਵਾਲ**



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਵਿਖੇ ਪਰਿਕਰਮਾ ਸਥਿਤ ਜਿਸ ਡਿਓੜੀ ਵਿੱਚ ਦਮਦਮੀ ਟਕਸਾਲ ਦੇ ਚੌਂਦਵੇਂ ਮੁਖੀ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਸ਼ਹਾਦਤ ਤੋਂ ਬਾਅਦ ਪਵਿੱਤਰ ਸਰੀਰ ਰੱਖਿਆ ਗਿਆ ਸੀ,ਉਹ ਅਸਥਾਨ ਬਿਲਕੁੱਲ ਠੀਕ ਠਾਕ ਹੈ,ਸਿੱਖ ਵਿਰੋਧੀਆਂ ਵਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਦਨਾਮ ਕਰਨ ਲਈ ਕੋਝੀਆਂ ਚਾਲਾਂ ਖੇਡੀਆਂ ਜਾ ਰਹੀਆਂ ਹਨ। ਅਣਜਾਣ ਸਿੱਖ ਸੰਗਤਾਂ ਗੁਮਰਾਹ ਹੋ ਰਹੀਆਂ ਹਨ,ਪੰਥ ਦੋਖ਼ੀ ਹੁਣ ਕੇਵਲ ਘੁਸਪੈਠ ਨਹੀਂ ਸਗੋਂ ਸਿੱਧੇ ਰੂਪ ਵਿੱਚ ਗੁਰਦੁਆਰਾ ਪ੍ਰਬੰਧ ਕੇ ਕਾਬਜ ਹੋਣ ਦੀ ਤਾਕ ਵਿੱਚ ਹਨ ਸੁੱਚੇਤ ਰਹਿਣ ਦੀ ਜਰੂਰਤ ਹੈ।

ਹਿਮਾਚਲ ਵਿਚ ਸੰਤਾਂ ਦੀ ਤਸਵੀਰ ਬਾਰੇ ਵਿਵਾਦ ਉਠੱਣ ਤੋਂ ਬਾਅਦ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਲੋਂ ਹੋਲੇ-ਮਹੱਲੇ ਦੀ ਸਟੇਜ਼ ਤੋਂ ਨੋਟਿਸ ਲਿਆ ਗਿਆ....ਪਰ ਜਥੇਦਾਰ ਅਤੇ ਤਖ਼ਤ ਸਾਹਿਬ ਵਿਰੁੱਧ ਦਿਨ-ਰਾਤ ਕੂੜ ਪ੍ਰਚਾਰ ਕਰਨ ਵਾਲੇ ਵਿਕਾਊ ਚੈਂਨਲਾਂ ਅਤੇ **paid** ਬੰਦਿਆਂ ਨੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਦੀ ਇਹ ਖ਼ਬਰ ਤੱਕ ਨਹੀ ਕੱਢੀ,ਕਿਉਂਕਿ ਜਿਆਦਾਤਰ ਦਾ ਮਕਸਦ ਪੰਥ ਦੀ ਸੇਵਾ ਨਹੀ ਬਲਕਿ ਪੰਥ ਦੀ ਆੜ ਵਿਚ ਧੰਦੇਬਾਜ਼ੀ ਤੇ ਸਿਆਸਤ ਹੈ।

ਮਨਮਰਜੀ ਨਾਲ ਬਿੰਦੀਆਂ ਲਾ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਛੇੜਛਾੜ ਕਰਨ ਦੇ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ **(SGPC)** ਨੇ ਲਿਆ ਐਕਸ਼ਨ **under Section 295-A (deliberate and malicious acts, intended to outrage religious feelings)** ਹੇਠ ਕੇਸ ਦਰਜ

ਮਾਰਚ **22** ਰਾਤ **8.50** ਤੋਂ ਬਾਅਦ ਇਕ ਝਗੜਾਲੂ ਇਨਸਾਲ ਵਲੋਂ ਫੇਸਬੁੱਕ ਤੇ ਲਾਈਵ ਹੋ ਕੇ ਐਨ,ਆਰ,ਆਈ ਸਰਾਂ ਵਿਚ ਖੌਰੂ ਪਾ ਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੇਵਾਦਾਰਾਂ ਵਿਰੁੱਧ ਬਹੁਤ ਹੀ ਉਲਟ-ਪੁਲਟ ਬੋਲਿਆ ਜਿਸ ਦਾ ਨੋਟਿਸ ਲੈਂਦਿਆਂ ਸ੍ਰੋਮਣੀ ਕਮੇਟੀ ਵਲੋਂ ਮੀਡੀਆ ਨੂੰ ਮੁਖਾਤਿਬ ਹੁੰਦਿਆਂ ਰਜਿਸਟਰ ਚੈੱਕ ਕਰਵਾ ਕੇ ਸਪੱਸ਼ਟੀਕਰਨ ਦਿੱਤਾ ਗਿਆ ਕਿ ਬੱਚਿਆਂ ਦੀਆਂ ਛੁਟੀਆਂ ਕਾਰਨ ਸੰਗਤਾਂ ਦੀ ਗਿਣਤੀ ਵੱਧਣ ਕਾਰਨ ਕਮਰੇ ਖਾਲੀ ਨਾ ਹੋਣ ਕਾਰਨ **22** ਮਾਰਚ ਦੀ ਰਾਤ **8.50** ਵਜੇ ਤੱਕ ਸਾਰੇ ਕਮਰਿਆਂ ਦੀ ਬੁਕਿੰਗ ਹੋ ਚੁੱਕੀ ਸੀ ਉਸਤੋਂ ਬਾਅਦ **23** ਦੀ ਸਵੇਰ **6.30** ਵਜੇ ਕਮਰਾ ਦਿੱਤਾ ਗਿਆ।

ਸ਼ਹੀਦਾਂ ਦੀ ਵਰੋਸਾਈ ਜਥੇਬੰਦੀ ਸ੍ਰੋਮਣੀ ਅਕਾਲੀ ਦਲ ਤੇ ਕਾਬਜ ਵਰਤਮਾਨ ਲੀਡਰਸ਼ਿਪ ਵਲੋਂ ਨਾ ਤਾ ਕਦੇ ਪੰਥ ਦੀ ਪ੍ਰਵਾਹ ਕੀਤੀ ਨਾ ਪੰਥ ਦੋਖ਼ੀ ਸ਼ਕਤੀਆਂ ਵਲੋਂ ਨਜਾਇਜ ਖੜੇ ਕੀਤੇ ਪੰਥਕ ਮਸਲਿਆਂ ਬਾਰੇ ਸੰਗਤਾਂ ਨੂੰ ਸੁਚੇਤ ਕੀਤਾ,ਜਿਸ ਕਾਰਨ ਖਮਿਆਜਾ ਪਾਰਟੀ ਨੂੰ ਭੁਗਤਣਾ ਪਿਆ...ਪੰਥ ਨੂੰ ਵਿਸਾਰਕੇ ਨਿਰਪੱਖ ਬਣਦਾ-ਬਣਦਾ ਅਕਾਲੀ ਦਲ ਅੱਜ ਪੰਜਾਬ ਦੀ ਸੱਤਾ ਚੋਂ ਬਾਹਰ ਹੋ ਗਿਆ,ਅਕਾਲੀ,ਕਾਂਗਰਸ ਦੀ ਜਗਾ ਆਏ ਇਨਕਲਾਬ ਬਾਰੇ ਵੀ ਸੁਹਿਰਦ ਸਿੱਖਾਂ ਨੂੰ ਕੋਈ ਭੁਲੇਖਾ ਨਹੀ ਰਿਹਾ।

ਸ਼ੋਸ਼ਲ ਮੀਡੀਆ ਤੇ ਬਹੁਤ ਸਾਰੀਆਂ ਸਿੱਖ ਵਿਰੋਧੀ ਸ਼ਕਤੀਆਂ ਵਲੋਂ ਗੁਰਦੁਆਰਾ ਸਾਹਿਬ ਵਿਰੁੱਧ ਕੂੜ ਪ੍ਰਚਾਰ ਇਸ ਕਰਕੇ ਵੀ ਕਰ ਰਹੀਆਂ ਹਨ ਕਿ ਵੱਧ ਤੋਂ ਵੱਧ ਸਿੱਖਾਂ ਨੂੰ ਗੁਰੂਘਰਾਂ ਤੋਂ ਤੋੜਿਆ ਜਾਵੇ,ਮਿਸਾਲ ਵਜੋਂ ਮੇਰੀ ਵਾਕਫੀਅਤ ਚੋਂ ਗਿਰਜੇ ਅਤੇ ਦੇਹਧਾਰੀ ਗੁਰੂਆਂ ਕੋਲ ਜਾਣ ਵਾਲੇ ਸੱਜਣ ਸ੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਰੁੱਧ ਕੂੜ ਪ੍ਰਚਾਰ ਨੂੰ ਪ੍ਰਮੁਖਤਾ ਨਾਲ ਸ਼ੇਅਰ ਕਰਦੇ ਹਨ।

ਸਿਆਸੀ ਲੜਾਈ ਲੜ ਰਹੇ ਅਜੋਕੇ ਸਿੱਖਾਂ ਦੀ ਮਨੋਦਸ਼ਾ ਬਾਰੇ ਇਕ ਕਥਾ ਯਾਦ ਆਈ....

“ਇਕ ਵਾਰ ਸ਼ਰੀਕ ਤੋਂ ਤੰਗ ਆਇਆ ਬੰਦਾ ਸ਼ਿਲਾ ਕੱਟਣ ਬੈਠ ਗਿਆ ਨੇਮ ਤੋਂ ਪ੍ਰਸੰਨ ਹੋ ਕੇ ਦੇਵ ਰੂਹਾਂ ਪ੍ਰਗਟ ਹੋਈਆ ਕਿਹਾ ਦੱਸੋ ਭਗਤ ਜਨ ਕੀ ਚਾਹੀਦਾ...? ਪਰ ਇਕ ਸ਼ਰਤ ਆ ਜੋ ਵੀ ਮੰਗੋਗੇ ਤੁਹਾਡੇ ਵਿਰੋਧੀ ਨੂੰ ਦੋ ਮਿਲਣਗੇ।

ਕਹਿੰਦਾ ਇਕ ਤਾਂ ਮੇਰੀ ਅੱਖ ਅੰਨੀ ਕਰ ਦਿਓ....ਦੂਸਰਾ ਮੇਰੇ ਘਰ ਦੇ ਬੂਹੇ ਅੱਗੇ ਇਕ ਖੂਹ ਪੁਟਵਾ ਦਿਓ“

ਬਸ ਉਹੀ ਹਾਲਾਤ ਸਾਡੇ ਅਜੋਕੇ ਇਨਕਲਾਬੀ ਭਰਾਵਾਂ ਦੇ ਹਨ।

# ਇਤਿਹਾਸਕ ਗੁਰਦੁਆਰਾ ਗੁਰੂਸਰ ਮੰਜੀ ਸਾਹਿਬ ਗੁੱਜਰਵਾਲ (ਲੁਧਿਆਣਾ)



**ਤਸਵਿੰਦਰ ਸਿੰਘ ਬੜੈਚ**

**ਮੋਬਾ-7527931887**

ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਗੁਰੂਸਰ ਮੰਜੀ ਸਾਹਿਬ, ਗੁੱਜਰਵਾਲ, ਸਨਅੱਤੀ ਸ਼ਹਿਰ ਲੁਧਿਆਣਾ ਤੋਂ 20 ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ। ਇਤਿਹਾਸ ਮੁਤਾਬਿਕ ਮੀਰੀ -ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ 1688 ਬਿਕਰਮੀ ਨੂੰ ਪਿੰਡ ਗੁੱਜਰਵਾਲ (ਲੁਧਿ.) ਤੋਂ ਬਾਹਰਵਾਰ ਚੜਦੇ ਪਾਸੇ ਪੁਰਾਣੀ ਢਾਬ ਤੇ ਆਪਣੇ 2200 ਤੋਂ ਵੱਧ ਘੋੜਸਵਾਰ ਫੌਜੀ ਸਿਪਾਹੀਆਂ ਸਮੇਤ ਡੇਰਾ ਲਾਇਆ ਤਾਂ ਸਭ ਪਾਸੇ ਰੌਣਕਾਂ ਲੱਗ ਗਈਆਂ। ਗੁਰੂ ਸਾਹਿਬ ਦੇ ਪਿੰਡ ਗੁੱਜਰਵਾਲ ਆਉਣ ਦੀ ਖਬਰ ਸੁਣ ਕੇ ਸੰਗਤਾਂ ਗੁਰੂ ਦੇ ਦਰਸ਼ਨਾਂ ਲਈ ਆਉਣ ਲੱਗੀਆਂ। ਜਿਸ ਵਕਤ ਇਲਾਕੇ (ਪਿੰਡ) ਦੇ ਚੌਧਰੀ ਫਤੂਹੀ ਨੂੰ ਗੁਰੂ ਸਾਹਿਬ ਦੇ ਆਉਣ ਦਾ ਪਤਾ ਲੱਗਿਆ ਤਾਂ ਉਹ ਝਟਪਟ ਨੌਕਰਾਂ ਸਮੇਤ ਘੋੜੇ ’ਤੇ ਸਵਾਰ ਹੋ ਕੇ ਗੁਰੂ ਜੀ ਦੇ ਚਰਨਾਂ ਵਿਚ ਆ ਹਾਜਰ ਹੋਇਆ। ਨਮਸਕਾਰ ਕੀਤੀ ਤੇ ਹੱਥ ਜੋੜ ਕੇ ਬੇਨਤੀ ਕਰਨ ਲੱਗਾ, ‘ਦੀਨਾ ਬੰਧੁ ਦਾਤਾਰ ਮੈਨੂੰ ਕੋਈ ਸੇਵਾ ਬਖਸੋ।’ ਗੁਰੂ ਜੀ ਕਹਿਣ ਲੱਗੇ, ‘ਸਾਨੂੰ ਕਿਸੇ ਚੀਜ਼ ਦੀ ਲੋੜ



ਨਹੀਂ। ‘ਚੌਧਰੀ ਦੇ ਵਾਰ-ਵਾਰ ਬੇਨਤੀ ਕਰਨ ’ਤੇ ਗੁਰੂ ਜੀ ਨੇ ਕਿਹਾ ‘ਸਾਨੂੰ ਆਪਣੇ ਹੱਥ ਵਾਲਾ ਬਾਜ ਦੇ ਦੇ।’ ਚੌਧਰੀ ਨੇ ਬਾਜ ਦੇਣ ਤੋਂ ਅਸਮਰੱਥਾ ਜਾਹਿਰ ਕੀਤੀ ਤੇ ਨਿਮੋਝੂਣਾ ਹੋ ਕੇ ਆਪਣੇ ਕਿਲੇ ਨੂੰ ਵਾਪਸ ਚਲਿਆ ਗਿਆ। ਕੁਦਰਤੀ ਹੀ ਕਿਲੇ ਵਿਚ ਜਾ ਕੇ ਬਾਜ ਨੇ ਗਲੇ ਵਾਲਾ ਡੋਰਾ ਨਿਗਲ ਲਿਆ ਅਤੇ ਬਾਜ ਦਰਦ ਨਾਲ ਤੜਪਣ ਲੱਗਾ। ਚੌਧਰੀ ਝੱਟ ਘੋੜੇ ’ਤੇ ਸਵਾਰ ਹੋ ਕੇ ਤੜਪਦੇ ਬਾਜ ਨੂੰ ਚੁੱਕ ਕੇ ਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋਇਆ ਤੇ ਗਲਤੀ ਦਾ ਅਹਿਸਾਸ ਕਰਾਇਆ, ਬਾਜ ਦੀ ਜਾਨ ਬਖਸ਼ੀ ਲਈ ਅਰਦਾਸ ਕੀਤੀ। ਜਿਉਂ ਹੀ ਗੁਰੂ ਜੀ ਨੇ ਆਪਣੇ ਪਵਿੱਤਰ ਹੱਥ ਬਾਜ ਦੇ ਸਿਰ ਉੱਪਰ ਹੱਥ ਫੇਰਨੇ ਸ਼ੁਰੂ ਕੀਤੇ ਤਾਂ ਬਾਜ ਨੇ ਉਸੇ ਵਕਤ ਡੋਰਾ ਉਗਲ ਦਿੱਤਾ ਅਤੇ ਬਾਜ ਰਾਜੀ ਹੋ ਗਿਆ। ਰੱਬੀ ਰੰਗ ਵਿੱਚ ਰੰਗੇ ਗੁਰੂ ਸਾਹਿਬ ਦੇ ਇਸ ਹੈਰਾਨੀ ਜਨਕ ਕੌਤਕ ਨੇ ਚੌਧਰੀ ਦੇ ਮਨ ਅੰਦਰਲਾ ਹਨੇਰਾ ਦੂਰ ਕਰ ਦਿੱਤਾ। ਉਪਰੰਤ ਚੌਧਰੀ ਨੇ ਬਾਜ ਗੁਰੂ ਜੀ ਨੂੰ ਭੇਂਟ ਕਰਨਾ ਚਾਹਿਆ ਪ੍ਰੰਤੂ ਗੁਰੂ ਜੀ ਨੇ ਬਾਜ ਲੈਣ ਤੋਂ ਇਨਕਾਰ ਕਰ ਦਿੱਤਾ। ਗੁਰੂ ਜੀ ਆਪ ਜਿਸ ਥਾਂ ਸੁਸ਼ੋਭਿਤ ਹੋਇਆ ਕਰਦੇ ਸਨ, ਉਸ ਅਸਥਾਨ ’ਤੇ ਅੱਜ ਗੁਰਦੁਆਰਾ ਮੰਜੀ ਸਾਹਿਬ ਸੁਸੋਭਿਤ ਹੈ। ਜਿਸ ਪੁਰਾਣੀ ਢਾਬ ਦੇ ਕੱਢੇ ਗੁਰੂ ਸਾਹਿਬ ਠਹਿਰੇ ਸਨ, ਉਸ ਥਾਂ ਪਵਿੱਤਰ ਸਰੋਵਰ ਵੀ ਬਣਿਆ ਹੋਇਆ ਹੈ, ਜਿਸ ਵਿਚ ਇਸ਼ਨਾਨ ਕਰਨ ਨਾਲ ਦੁੱਖ ਦੂਰ ਹੁੰਦੇ ਹਨ। ਇਸ ਪਾਵਨ ਪਵਿੱਤਰ ਅਸਥਾਨ ’ਤੇ ਹਰ ਸਾਲ ਚੇਤਰ ਚੌਂਦੇ ਦੀ ਮੱਸਿਆ ਨੂੰ ਭਾਰੀ ਜੋੜ ਮੇਲਾ ਸ਼੍ਰੋਮਣੀ ਕਮੇਟੀ ਤੇ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾਂਦਾ ਹੈ, ਜਿਸ ਵਿਚ ਦੇਸ਼-ਵਿਦੇਸ਼ ਤੋਂ ਸੰਗਤਾਂ ਬਹੁਤ ਹੀ ਸਰਧਾ ਨਾਲ ਪਹੁੰਚ ਕੇ ਨਤਮਸਤਕ ਹੁੰਦੀਆਂ ਹਨ। ਤਿੰਨ ਦਿਨ ਭਾਰੀ ਇਕੱਠ ਦੌਰਾਨ ਗੁਰਮਿਤ ਦੀਵਾਨ ਸਜਦੇ ਹਨ, ਜਿਥੇ ਉੱਘੇ ਰਾਗੀ ਢਾਡੀ, ਕੀਰਤਨੀਏ, ਕਥਾਵਾਚਕ ਪਹੁੰਚਦੇ ਹਨ।

# ਬੋਲੇ ਸੋ ਨਿਹਾਲ



ਹੰਸਰਾਜ ਰਹਿਬਰ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ : 21



ਅਨੁਵਾਦ : ਮਹਿੰਦਰ ਬੇਦੀ, ਜੈਤੋ
9417730600

ਸਾਬਾਜੀ ਦਿੱਲੀ ਭੱਜ ਗਿਆ ਸੀ, ਪਰ ਸਿੱਖਾਂ ਨੇ ਜਨਤਾ ਵਿਚ ਇਹ ਵਿਸ਼ਵਾਸ ਪੈਦਾ ਕਰਨਾ ਸੀ ਕਿ ਅਬਦਾਲੀ ਚਾਹੇ ਕਿੰਨਾ ਵੀ ਤਾਕਤਵਰ ਕਿਉਂ ਨਾ ਹੋਏ, ਉਸ ਨਾਲ ਵੀ ਲੜਿਆ ਜਾ ਸਕਦਾ ਹੈ। ਕਿਉਂਕਿ ਬਿਨਾਂ ਲੜੇ ਕੁਝ ਨਹੀਂ ਮਿਲਦਾ। ਉਨਾਂ ਦੀ ਜੋ ਲੜਾਈ ਪਹਿਲਾਂ ਮੁਗਲਾਂ ਦੇ ਖ਼ਿਲਾਫ਼ ਸੀ, ਹੁਣ ਅਫਗਾਨਾਂ ਦੇ ਖ਼ਿਲਾਫ਼ ਹੈ।

20 ਅਕਤੂਬਰ 1759 ਦੀ ਦੀਵਾਲੀ ਸੀ। ਇਸ ਮੌਕੇ ਉਪਰ ਜੱਸਾ ਸਿੰਘ ਆਹਲੂਵਾਲੀਆ, ਜੈ ਸਿੰਘ ਕਨਈਆ, ਚੜਤ ਸਿੰਘ ਸ਼ੁਕਰਚੱਕੀਆ, ਗੁੱਜਰ ਸਿੰਘ, ਲਹਿਣਾ ਸਿੰਘ ਭੰਗੀ ਤੇ ਕੁਝ ਹੋਰ ਮਿਸਲਾਂ ਦੇ ਸਰਦਾਰ ਅੰਮ੍ਰਿਤਸਰ ਵਿਚ ਮੌਜੂਦ ਸਨ। ਖਬਰ ਮਿਲੀ ਕਿ ਅਬਦਾਲੀ ਅਟਕ ਪਾਰ ਕਰਕੇ ਲਾਹੌਰ ਦੇ ਨੇੜੇ ਪਹੁੰਚ ਗਿਆ ਹੈ। ਅਬਦਾਲੀ ਨਾਲ ਟੱਕਰ ਲੈਣ ਦਾ ਗੁਰਮਤਾ ਪਾਸ ਕਰਕੇ ਉਹਨਾਂ ਜਲਦੀ ਜਲਦੀ ਫੌਜ ਇਕੱਠੀ ਕੀਤੀ ਤੇ ਰਾਤੋ-ਰਾਤ ਸ਼ਾਲੀਮਾਰ ਬਾਗ ਜਾ ਪਹੁੰਚੇ। ਜਦੋਂ ਦੁਰਾਨੀ ਫੌਜ ਉੱਥੋਂ ਲੰਘ ਰਹੀ ਸੀ ਸਿੱਖਾਂ ਨੇ ਉਸ ਉਪਰ ਅਚਾਨਕ ਧਾਵਾ ਬੋਲ ਦਿੱਤਾ। ਸਿੰਘਾਂ ਨੂੰ ਦੇਖ ਦੁਰਾਨੀ ਭੱਜ ਖੜੇ ਹੋਏ। ਖਾਲਸੇ ਨੇ ਬਾਗਵਾਨ ਪੁਰ ਤੇ ਬੇਗਮਪੁਰਾ ਬਸਤੀਆਂ ਤਕ ਉਨਾਂ ਦਾ ਪਿੱਛਾ ਕੀਤਾ। ਘੋੜੇ, ਖੱਚਰ ਤੇ ਹੋਰ ਸਾਮਾਨ ਜੋ ਵੀ ਹੱਥ ਲੱਗਿਆ ਕਾਬੂ ਕਰ ਲਿਆ।

ਜਦੋਂ ਅਬਦਾਲੀ ਨੂੰ ਖਾਲਸਿਆਂ ਦੇ ਇਸ ਹਮਲੇ ਦਾ ਪਤਾ ਲੱਗਿਆ, ਉਸਨੇ ਜਹਾਨ ਖਾਂ ਨੂੰ ਫੌਜ ਦੇ ਕੇ ਮੁਕਾਬਲੇ ਲਈ ਭੇਜ ਦਿੱਤਾ। ਸਿੰਘ ਪਹਿਲਾਂ ਹੀ ਤਿਆਰ ਸਨ। ਦੁਰਾਨੀਆਂ ਦੇ ਆਉਂਦਿਆਂ ਹੀ ਜੱਸਾ ਸਿੰਘ ਨੇ ਸੱਜੇ ਪਾਸਿਓਂ ਤੇ ਚੜਤ ਸਿੰਘ, ਗੁੱਜਰ ਸਿੰਘ ਤੇ ਲਹਿਣਾ ਸਿੰਘ ਨੇ ਖੱਬੇ ਪਾਸਿਓਂ ਹਮਲਾ ਬੋਲ ਦਿੱਤਾ। ਦੁਰਾਨੀ ਸੈਨਾ ਦੋ ਪਸਿਓਂ ਘਿਰ ਗਈ ਤੇ ਮਾਰਕਾਟ ਸ਼ੁਰੂ ਹੋ ਗਈ। ਜਦੋਂ ਦੁਰਾਨੀ ਸਰਦਾਰ ਚੜਤ ਸਿੰਘ ਵੱਲ ਵਧਦੇ, ਜੱਸਾ ਸਿੰਘ ਦਾ ਜੱਥਾ ਪਿੱਛੋਂ ਹੱਲਾ ਬੋਲ ਦਿੰਦਾ ਸੀ ਤੇ ਜਦੋਂ ਦੁਰਾਨੀ ਜੱਸਾ ਸਿੰਘ ਵੱਲ ਵਧਦੇ ਸਨ ਤਾਂ ਚੜਤ ਸਿੰਘ ਹੁਰਾਂ ਦਾ ਜੱਥਾ ਹੱਲਾ ਬੋਲਾ ਦਿੰਦਾ ਸੀ। ਸ਼ਾਮ ਤਕ ਘਮਾਸਾਨ ਦਾ ਯੁੱਧ ਹੋਇਆ, ਜਿਸ ਵਿਚ ਲਗਭਗ ਦੋ ਹਜ਼ਾਰ ਦੁਰਾਨੀ ਖੇਤ ਰਹੇ। ਉਨਾਂ ਦਾ ਸੈਨਾਪਤੀ ਜਹਾਨ ਖਾਂ ਵੀ ਜਖ਼ਮੀ ਹੋ ਗਿਆ। ਰਾਤ ਦਾ ਹਨੇਰਾ ਉਤਰ ਆਇਆ ਤਾਂ ਦੋਹੇਂ ਫੌਜਾਂ ਪਿੱਛੇ ਹਟ ਗਈਆਂ। ਖਾਲਸੇ ਦੀ ਹਾਰ-ਜਿੱਤ ਦਾ ਫੈਸਲਾ ਨਹੀਂ ਹੋ ਸਕਿਆ। ਉਹ ਕੋਈ ਫੈਸਲਾ ਕਰਨ ਵੀ ਨਹੀਂ ਸਨ ਆਏ, ਸਿਰਫ ਦੁਰਾਨੀਆਂ ਨੂੰ ਆਪਣੇ ਹੱਥ ਦਿਖਾਉਣ ਆਏ ਸਨ। ਉਹ ਮਾਝੇ ਵਿਚ ਖਿੱਲਰ ਗਏ ਤਾਂ ਕਿ ਜਦੋਂ ਅਬਦਾਲੀ ਕੂਚ ਕਰੇ ਤਾਂ ਜਿੱਥੇ ਕਿਤੇ ਦਾਅ ਲੱਗੇ ਅਚਾਨਕ ਧਾਵਾ ਬੋਲ ਸਕਣ।

ਅਬਦਾਲੀ ਜਾਰਚੀ ਕਰੀਮਦਾਦ ਨੂੰ ਲਾਹੌਰ ਦਾ ਹਾਕਮ ਬਣਾ ਕੇ ਚਲਾ ਗਿਆ। ਉਹ ਬੜਾ ਹੁਸ਼ਿਆਰ ਆਦਮੀ ਸੀ। ਉਸਨੇ ਕਾਫੀ ਹੱਦ ਤਕ ਅਮਨ-ਅਮਾਨ ਬਹਾਲ ਕਰ ਲਿਆ। ਸਿੱਖ ਇਧਰ ਉਧਰ ਘਾਤ ਲਾਈ ਬੈਠੇ ਸਨ। ਜਦੋਂ ਮੌਕਾ ਮਿਲਦਾ ਸੀ, ਅਚਾਨਕ ਧਾਵਾ ਬੋਲਦੇ ਸਨ ਤੇ ਫੇਰ ਛੁਪ ਜਾਂਦੇ ਸਨ। ਦੁਰਾਨੀਆਂ ਲਈ ਚੈਨ ਦੀ ਨੀਂਦ ਸੌਣਾ ਹਰਾਮ ਹੋ ਗਿਆ ਸੀ।

ਅਬਦਾਲੀ ਨੂੰ ਜਾਰਚੀ ਵਰਗੇ ਯੋਗ ਆਦਮੀ ਦੀ ਮੋਰਚੇ ਉਪਰ ਲੋੜ ਸੀ। ਇਸ ਲਈ ਅਬਦਾਲੀ ਨੇ ਜਾਰਚੀ ਨੂੰ 1760 ਵਿਚ ਭਾਵ ਚਾਰ ਪੰਜ ਮਹੀਨੇ ਬਾਅਦ ਹੀ ਆਪਣੇ ਕੋਲ ਬੁਲਾਅ ਲਿਆ ਤੇ ਪੰਜਾਬ ਵਿਚ ਸਰ ਬੁਲੰਦ ਖਾਂ ਨੂੰ ਹਾਕਮ ਥਾਪ ਦਿੱਤਾ। ਸਰ ਬੁਲੰਦ ਖਾਂ ਵਿਚ ਹੌਂਸਲੇ ਤੇ ਪਹਿਲ ਕਦਮੀਂ ਕਰਨ ਦੀ ਘਾਟ ਸੀ। ਉਹ ਸਿੱਖਾਂ ਦੇ ਡਰ ਕਾਰਨ ਅੱਗੇ ਨਹੀਂ ਵਧਿਆ-ਜਲੰਧਰ ਵਿਚ ਆ ਕੇ ਹੀ ਰੁਕ ਗਿਆ ਤੇ ਜਲੰਧਰ ਨੂੰ ਹੀ ਆਪਣਾ ਸਦਰ ਮੁਕਾਮ ਬਣਾ ਲਿਆ। ਉਸਨੇ ਸਆਦਤ ਖਾਂ ਨੂੰ ਆਪਣਾ ਨਾਇਬ ਬਣਾ ਕੇ ਲਾਹੌਰ ਭੇਜਿਆ ਤੇ ਰੁਸਤਮ ਖਾਂ ਨੂੰ ਚਹਾਰ ਮਹਿਲ ਦਾ ਫੌਜਦਾਰ ਬਣਾ ਦਿੱਤਾ। ਇਹ ਦੋਹੇਂ ਆਦਮੀ ਵੀ ਅਯੋਗ ਆਦਮੀ ਹੀ ਸਨ। ਰਾਜ ਭਾਗ ਚਲਾਉਣਾ ਉਨਾਂ ਦੇ ਵੱਸ ਦਾ ਰੋਗ ਨਹੀਂ ਸੀ।

ਅਹਿਮਦ ਸ਼ਾਹ ਅਬਦਾਲੀ ਡੇਢ ਸਾਲ ਹਿੰਦੁਸਤਾਨ ਵਿਚ ਰਿਹਾ। ਉਸਨੇ ਆਪਣੀ ਸਾਰੀ ਸ਼ਕਤੀ ਮਰਾਠਿਆਂ ਦੇ ਖ਼ਿਲਾਫ਼ ਲਾਈ ਹੋਈ ਸੀ। ਇਹ ਉਸ ਲਈ ਮੌਤ ਤੇ ਜ਼ਿੰਦਗੀ ਦਾ ਸਵਾਲ ਸੀ। ਪੰਜਾਬ ਵਿਚ ਉਸਦੇ ਜਿਹੜੇ ਅਫਸਰ ਸਨ, ਉਹਨਾਂ ਦਾ ਮੁੱਖ ਕੰਮ ਸੀ ਮਾਲੀਆ ਉਗਰਾਉਣਾ ਤੇ ਮੋਰਚੇ ਉੱਤੇ ਰਸਦ ਭੇਜਣਾ। ਉਹਨਾਂ ਕੋਲ ਜਿਹੜੀ ਸੈਨਾ ਸੀ, ਮੁੱਖ ਰੂਪ ਵਿਚ ਇਸੇ ਕੰਮ ਲਈ ਇਸਤੇਮਾਲ ਹੁੰਦੀ ਸੀ। ਅੰਦਰੂਨੀ ਅਫਰਾ-ਤਫਰੀ ਤੇ ਗੜਬੜੀ ਦੀ ਖ਼ੁਦ ਅਬਦਾਲੀ ਨੂੰ ਵੀ ਬਹੁਤੀ ਪ੍ਰਵਾਹ ਨਹੀਂ ਸੀ।

ਸਿੱਖਾਂ ਨੂੰ ਇਹ ਮੌਕਾ ਵਾਹਿਗੁਰੂ ਨੇ ਦਿੱਤਾ। ਉਹ ਦੁਰਾਨੀ ਅਫਸਰਾਂ ਦੀ ਕਮਜ਼ੋਰੀ ਤੇ ਸੈਨਕ ਸਾਧਨਾ ਦੀ ਕਮੀ ਕਾਰਨ ਖੁਸ਼ ਸਨ। ਮਿਸਲਾਂ ਦੇ ਸਰਦਾਰਾਂ ਨੇ ਇਸ ਸਥਿਤੀ ਦਾ ਲਾਭ ਤੱਕ ਕੇ ਪੰਜਾਬ ਵਿਚ ਜਗਾ ਜਗਾ ਕਿਲਿਆਂ ਤੇ ਕੋਟਾਂ ਦੀ ਉਸਾਰੀ ਕਰ ਲਈ। ਇਹ ਕਿਲੇ ਉਹਨਾਂ ਵਧੇਰੇ ਕਰਕੇ ਆਪਣੀ ਹਮਦਰਦ ਆਬਾਦੀ ਵਾਲੇ ਇਲਾਕੇ ਵਿਚ ਬਣਾਏ ਸਨ ਤਾਂ ਕਿ ਲੋੜ ਪੈਣ ’ਤੇ ਉਨਾਂ ਦੀ ਸਹਾਇਤਾ ਵੀ ਲਈ ਜਾ ਸਕੇ। ਫੇਰ ਇਹ ਕਿਲੇ ਜਮਨਾ ਤੋਂ ਰਾਵੀ ਤਕ ਹਿਮਾਲਿਆ ਦੀ ਤਲਹੱਟੀ ਵਿਚ ਬਣਾਏ ਗਏ ਸਨ, ਜਿੱਥੇ ਅਬਦਾਲੀ ਉਨਾਂ ਦਾ ਪਿੱਛਾ ਨਾ ਕਰ ਸਕੇ। ਇਨਾਂ ਕਿਲਿਆਂ ਦੇ ਨਿਰਮਾਣ ਕਾਰਨ ਖਾਲਸੇ ਦੇ ਵਿਰੋਧੀ ਵੀ ਭੈ-ਭੀਤ ਹੋ ਗਏ।

ਚੰਗੀ ਤਰਾਂ ਮਸ਼ਹੂਰ ਹੋਣ ਪਿੱਛੋਂ ਖਾਲਸੇ ਨੇ ਨਵੇਂ ਨਵੇਂ ਪਿੰਡਾਂ ਵਿਚ ਆਪਣੀ ਰਾਖੀ-ਪ੍ਰਣਾਲੀ ਦਾ ਵਿਸਥਾਰ ਕੀਤਾ ਤੇ ਉੱਥੋਂ ਦਾ ਮਾਲੀਆ ਤੇ ਨਜ਼ਰਾਨਾ (ਸੁਗਾਤਾਂ) ਖ਼ੁਦ ਉਗਰਾਉਣਾ ਸ਼ੁਰੂ ਕਰ ਦਿੱਤਾ। ਇਸ ਲਈ ਦੁਰਾਨੀ ਅਫਸਰਾਂ ਨਾਲ ਮੁਠਭੇੜ ਹੋਣੀ ਲਾਜ਼ਮੀ ਸੀ। ਅਕਤੂਬਰ 1760 ਵਿਚ ਚਹਾਰ ਮਹਿਲ ਦੇ ਫੌਜਦਾਰ ਰੁਸਤਮ ਖਾਂ ਨੂੰ ਪਤਾ ਲੱਗਿਆ ਸਿਆਲਕੋਟ ਤੋਂ ਛੇ ਕੋਹ ਦੇ ਫਾਸਲੇ ਉੱਤੇ 50 ਸਿੱਖ ਇਕ ਪਿੰਡ ਵਿਚ ਉਗਰਾਈ ਕਰ ਰਹੇ ਹਨ। ਉਹ ਡੇਢ ਸੌ ਘੋੜਸਵਾਰ ਤੇ ਪੈਦਲ ਨਾਲ ਲੈ ਕੇ ਸਿੱਖਾਂ ਨਾਲ ਲੜਨ ਜਾ ਪਹੁੰਚਿਆ। ਉਸਨੂੰ ਦੇਖਦਿਆਂ ਹੀ ਸਿੱਖ ਮੁਕਾਬਲੇ ਲਈ ਡਟ ਗਏ। ਰੁਸਤਮ ਖਾਂ ਦੇ ਡੇਢ ਸੌ ਭਾੜੇ ਦੇ ਟੱਟੂ ਜਾਨ ਉੱਤੇ ਖੇਡ ਜਾਣ ਵਾਲੇ ਪੰਜਾਹ ਸਿੱਖਾਂ ਦਾ ਕੀ ਖਾ ਕੇ ਮੁਕਾਬਲਾ ਕਰਦੇ ? ਜਲਦੀ ਹੀ ਉਹਨਾਂ ਦੇ ਪੈਰ ਉੱਖੜ ਗਏ। ਨੇੜੇ ਹੀ ਇਕ ਪੁਰਾਣਾ ਕਿਲਾ ਸੀ। ਰੁਸਤਮ ਖਾਂ ਭੱਜ ਕੇ ਉਸ ਵਿਚ ਜਾ ਲੁਕਿਆ। ਸਿੱਖਾਂ ਨੇ ਕਿਲੇ ਨੂੰ ਜਾ ਘੇਰਿਆ। ਖਬਰ ਸੁਣ ਕੇ ਆਸੇ ਪਾਸੇ ਦੇ ਕੁਝ ਹੋਰ ਸਿੱਖ ਵੀ ਉਹਨਾਂ ਦੀ ਮਦਦ ਲਈ ਆ ਪਹੁੰਚੇ। ਉਹਨਾਂ ਕਿਲੇ ਉਪਰ ਚੜ ਕੇ ਉਸਦੀ ਕੰਧ ਢਾਅ ਸੁੱਟੀ। ਦੁਸ਼ਮਣ ਫੌਜ ਬਾਹਰ ਨਿਕਲਣ ਲਈ ਮਜ਼ਬੂਰ ਹੋ ਗਈ। ਖਾਲਸੇ ਨੇ ਰੁਸਤਮ ਖਾਂ ਨੂੰ ਤੇ ਮੁਗਲਾਨੀ ਬੇਗਮ ਦੇ ਕਾਰਦਾਰ ਤਹਿਮਸ ਖਾਂ ਮਸਕੀਨ ਨੂੰ ਜਿਹੜਾ ਹੁਣ ਰੁਸਤਮ ਖਾਂ ਦਾ ਨਾਇਬ ਸੀ, ਗਿਰਫਤਾਰ ਕਰ ਲਿਆ। ਰੁਸਤਮ ਖਾਂ ਨੇ ਜੰਮੂ ਦੇ ਰਾਜੇ ਤੋਂ 20 ਹਜ਼ਾਰ ਰੁਪਏ ਮੰਗਵਾ ਕੇ ਸਿੱਖਾਂ ਨੂੰ ਨਜ਼ਰਾਨੇ ਵਜੋਂ ਦਿੱਤੇ ਤਾਂ ਕਿਤੇ ਜਾ ਕੇ ਉਹ ਦੋਹੇਂ ਰਿਹਾਅ ਕੀਤੇ ਗਏ।



ਦੁਰਾਨੀਆਂ ਦੇ ਲਾਹੌਰ ਵਿਚ ਆਉਂਦਿਆਂ ਹੀ ਮੁਗਲਾਨੀ ਬੇਗਮ ਨੂੰ ਆਪਣੀ ਪਹਿਲੀ ਪੈਂਸ਼ਨ ਫੇਰ ਮਿਲਨ ਲੱਗ ਪਈ ਸੀ। ਹੁਣ ਉਹ ਫੇਰ ਠਾਠ ਨਾਲ ਰਹਿੰਦੀ ਤੇ ਰੰਗ-ਰਲੀਆਂ ਮਨਾਉਂਦੀ ਸੀ। ਜਦੋਂ ਤਕ ਕਰੀਮਦਾਦ ਖਾਂ ਰਿਹਾ ਤੇ ਮਸਕੀਨ ਵੀ ਉਸਦੇ ਨਾਲ ਸੀ, ਬੇਗਮ ਨੇ ਕਿਸੇ ਹੱਦ ਤਕ ਆਪਣੇ ਆਪ ਉੱਤੇ ਕਾਬੂ ਰੱਖਿਆ ਸੀ...ਪਰ ਜਦੋਂ ਕਰੀਮਦਾਦ ਪਿੱਛੋਂ ਸਆਦਤ ਖਾਂ, ਸਰਬੁਲੰਦ ਖਾਂ ਦਾ ਨਾਇਬ ਬਣ ਕੇ ਲਾਹੌਰ ਆਇਆ ਤੇ ਤਹਿਮਸ ਖਾਂ ਮਸਕੀਨ ਨੂੰ ਰੁਸਤਮ ਖਾਂ ਦਾ ਨਾਇਬ ਬਣਾ ਕੇ ਸਿਆਲਕੋਟ ਭੇਜ ਦਿੱਤਾ ਗਿਆ ਤਾਂ ਬੇਗਮ ਖੁੱਲ ਖੇਡੀ। ਸਆਦਤ ਖਾਂ ਇਕ ਕਮਜ਼ੋਰ ਹਾਕਮ ਹੋਣ ਦੇ ਇਲਾਵਾ ਅਯਾਸ਼ ਆਦਮੀ ਸੀ। ਬੇਗਮ ਨੇ ਉਸਨੂੰ ਆਪਣੇ ਨਾਲ ਹੀ ਰੰਗ ਰਲੀਆਂ ਵਿਚ ਸ਼ਾਮਲ ਕਰ ਲਿਆ। ਸ਼ਾਮ ਨੂੰ ਉਸਦੇ ਨਾਲ ਮਹਿਫਲ ਜਮਾਉਂਦੀ ਤੇ ਜਾਮ ਨਾਲ ਜਾਮ ਟਕਰਾਅ ਕੇ ਕਹਿੰਦੀ, ‘ਆਓ ਪਿਆਰੇਓ, ਅੱਖਾਂ ਵਿਚ ਅੱਖਾਂ ਪਾ ਕੇ ਗੱਲਾਂ ਕਰੀਏ ਤੇ ਲਾਹੌਰ ਦੀ ਧੁੰਦਲੀ ਸ਼ਾਮ ਨੂੰ ਅਵਧ ਦੀ ਹੁਸੀਨ ਤੇ ਰੰਗੀਨ ਸ਼ਾਮ ਬਣਾਅ ਦੇਈਏ। ਮੈਂ ਤੈਮੂਰ ਦੀ ਭੈਣ ਤੇ ਅਬਦਾਲੀ ਦੀ ਬੇਟੀ, ਤੇਰੀ ਸਿਹਤ ਦਾ ਜਾਮ ਪੀਂਦੀ ਆਂ ਤੇ ਤੁਸੀਂ ਮੇਰੀ ਸਿਹਤ ਦਾ ਜਾਮ ਪੀਓ।’ ਦੋ ਜਾਮ ਪੀ ਚੁੱਕਣ ਪਿੱਛੋਂ ਲੋਰ ਵਿਚ ਆ ਕੇ ਬੜਬੜਾਉਂਦੀ, ‘ਇਨਾਂ ਪਾਜੀ ਮਰਹੱਟਿਆਂ ਨੇ ਸ਼ਰੀਫ ਆਦਮੀਆਂ ਦਾ ਜਿਉਣਾ ਹਰਾਮ ਕਰ ਦਿੱਤਾ ਸੀ, ਪਰ ਹੁਣ ਅਬਦਾਲੀ ਦੇ ਆਉਣ ਦੀ ਖਬਰ ਸੁਣੀ ਤਾਂ ਪੂਛਾਂ ਗਿੱਟਿਆਂ ’ਚ ਲੈ ਕੇ ਭੱਜ ਗਏ। ਕਿਉਂ ਬੇਟਾ ਸ਼ਾਦ ਅਲੀ ਦੇਖਿਆ ਸੀ ਨਾ ਤੂੰ, ਪੂਛਾਂ ਦੱਬੀ ਭੱਜੇ ਜਾਂਦਿਆਂ ਨੂੰ ?’

‘ਹਾਂ ਖਾਲਾਜਾਨ ਦੇਖਿਆ ਸੀ, ਪੂਰੇ ਗੌਰ ਨਾਲ ਦੇਖਿਆ ਸੀ।’ ਸ਼ਾਦ ਅਲੀ ਯਾਨੀ ਮੇਹਰ ਚੰਦ ਉਰਫ਼ ਮੇਰਹ ਅਲੀ ਨੇ ਉਸਦੀ ਹਾਂ ਵਿਚ ਹਾਂ ਮਿਲਾਈ।

ਤਹਿਮਸ ਖਾਂ ਮਸਦੀਨ ਸਿਆਲਕੋਟ ਜਾਂਦਿਆਂ ਹੋਇਆਂ ਸ਼ਾਦ ਅਲੀ ਨੂੰ ਲਾਹੌਰ ਵਿਚ ਹੀ ਛੱਡ ਗਿਆ ਸੀ ਤਾਂ ਕਿ ਉੱਥੇ ਬੈਠਾ ਉਹ ਉਸਦੇ ਰੋਜ਼ਨਾਮਚਿਆਂ ਦੀਆਂ ਨਕਲਾਂ ਉਤਾਰਦਾ ਰਹੇ ਤੇ ਇਹ ਖਿਆਲ ਰੱਖੇ ਕਿ ਮੁਗਲਾਨੀ ਬੇਗਮ ਨੂੰ ਕਿਸੇ ਕਿਸਮ ਦੀ ਕੋਈ ਔਖ ਤਾਂ ਨਹੀਂ। ਉਸਨੂੰ ਜਿਸ ਚੀਜ਼ ਦੀ ਜ਼ਰੂਰਤ ਹੋਏ ਤੁਰੰਤ ਮੰਗਵਾ ਦਏ। ਸ਼ਾਦ ਅਲੀ ਨੇ ਬੇਗਮ ਦੀ ਸੇਵਾ ਵਿਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ। ਬੇਗਮ ਅੱਧੀ ਰਾਤ ਨੂੰ ਕੋਈ ਹੁਕਮ ਦਿੰਦੀ, ਸ਼ਾਦ ਅਲੀ ਉਸਨੂੰ ਪੂਰਾ ਕਰਨਾ ਆਪਣਾ ਫਰਜ਼ ਸਮਝਦਾ। ਇੱਥੋਂ ਤਕ ਕਿ ਉਹ ਬੇਗਮ ਨੂੰ ਖਾਲਾ ਜਾਨ ਤੇ ਬੇਗਮ ਉਸਨੂੰ ਬੇਟਾ ਕਹਿਣ ਲੱਗੀ। ਪਰ ਇਸ ਰਿਸ਼ਤੇ ਵਿਚ ਜਿਹੜਾ ਮੋਹ-ਪਿਆਰ ਤੇ ਸ਼ਰਮ-ਲਿਹਾਜ਼ ਹੁੰਦਾ ਹੈ, ਉਸਦੀ ਇੱਥੇ ਗੁੰਜਾਇਸ਼ ਨਹੀਂ ਸੀ। ਇਹ ਇਕ ਸਿੱਧਾ ਸਪਾਟ ਰਿਸ਼ਤਾ ਸੀ, ਜਿਹੜਾ ਹੁਕਮ ਦੇਣ ਤੇ ਹੁਕਮ ਮੰਨ ਲੈਣ ਦੇ ਪ੍ਰਤੀਕਰਮ ਵਜੋਂ ਐਵੇਂ ਹੀ ਪੈਦਾ ਹੋ ਗਿਆ ਸੀ। ਬੇਗਮ, ਸ਼ਾਦ ਅਲੀ ਲਈ ਇਕ ਖੁੱਲੀ ਕਿਤਾਬ ਸੀ। ਉਹ ਉਸਦੀ ਹਰੇਕ ਹਰਕਤ ਦੇਖਦਾ ਤੇ ਹਰੇਕ ਗੱਲ ਸੁਣਦਾ ਸੀ...ਪਰ ਇੰਜ ਘੁੰਨਾ ਬਣਿਆਂ ਰਹਿੰਦਾ ਸੀ ਜਿਵੇਂ ਦੇਖ ਕੇ ਵੀ ਕੁਝ ਨਾ ਦੇਖਿਆ ਹੋਏ ਤੇ ਸੁਣ ਕੇ ਵੀ ਕੁਝ ਨਾ ਸੁਣਿਆਂ ਹੋਏ। ਬੋਲਦਾ ਵੀ ਉਦੋਂ ਸੀ ਜਦੋਂ ਬਿਲਕੁਲ ਹੀ ਨਹੀਂ ਸਰਦਾ ਸੀ-ਵਰਨਾ, ਅੱਖਾਂ ਬੰਦ, ਮੂੰਹ ਬੰਦ ਤੇ ਕੰਨ ਬੰਦ।

ਮੁਗਲਾਨੀ ਬੇਗਮ ਦੀਆਂ ਫਰਮਾਇਸ਼ਾਂ ਪੂਰੀਆਂ ਕਰਨ ਲਈ ਉਹ ਕਿਸੇ ਨੌਕਰ ਜਾਂ ਨੌਕਰਾਣੀ ਨੂੰ ਸ਼ਹਿਰ ਭੇਜਣ ਦੇ ਬਜਾਏ ਖ਼ੁਦ ਸ਼ਹਿਰ ਚਲਾ ਜਾਂਦਾ ਸੀ। ਇਸ ਦੌਰਾਨ ਉਹ ਆਪਣਾ ਉਹ ਫਰਜ਼ ਪੂਰਾ ਕਰਦਾ ਸੀ, ਜਿਸਦੀ ਸਿੱਖਿਆ ਅਲਹੋਲ ਮਕਤਬ ਵਿਚ ਉਸਨੂੰ ਮਿਲੀ ਸੀ ਤੇ ਜਿਸ ਦੇ ਲਈ ਭੂਪਾ ਸ਼ਾਹ ਉਸਨੂੰ ਇੱਥੇ ਛੱਡ ਗਿਆ ਸੀ।

ਬੇਗਮ ਦੇ ਸਆਦਤ ਖਾਂ ਦੀ ਐਸ਼ਪ੍ਰਸਤੀ ਕਾਰਨ ਸ਼ਹਿਰ ਦਾ ਪ੍ਰਬੰਧ ਵਿਗੜ ਗਿਆ ਸੀ। ਚੋਰੀ ਚਕਾਰੀ ਤੇ ਹੇਰਾਫੇਰੀ ਦੀਆਂ ਵਾਰਦਾਤਾਂ ਵਧ ਰਹੀਆਂ ਸਨ। ਸਿੱਖਾਂ ਕੋਲ ਹਰੇਕ ਖਬਰ ਪਹੁੰਚ ਰਹੀ ਸੀ। ਉਨਾਂ ਲਾਹੌਰ ਦੇ ਆਸੇ ਪਾਸੇ ਦੀਆਂ ਬਸਤੀਆਂ ਉਪਰ ਧਾਵੇ ਬੋਲਣੇ ਤੇ ਉਗਰਾਈ ਕਰਨੀ ਸ਼ੁਰੂ ਕਰ ਦਿੱਤੀ ਸੀ। ਇਸ ਕਾਰਨ ਬੁਲੰਦ ਖਾਂ ਨੇ ਸਆਦਤ ਖਾਂ ਨੂੰ ਹਟਾਅ ਦੇ ਸ਼ਹਿਰ ਦੇ ਇਕ ਪ੍ਰਮੁੱਖ ਸ਼ਾਹੂਕਾਰ ਦੀਵਾਨ ਸੂਰਤ ਸਿੰਘ ਨੂੰ ਆਪਣਾ ਨਾਇਬ ਬਣਾ ਦਿੱਤਾ। ਸ਼ਾਇਦ ਉਸਦਾ ਖ਼ਿਆਲ ਸੀ ਕਿ ਸੂਰਤ ਸਿੰਘ ਸਿੱਖਾਂ ਨੂੰ ਸਮਝਾ ਬੁਝਾ ਕੇ ਧਾਵੇ ਕਰਨ ਤੋਂ ਰੋਕ ਦਏਗਾ। ਪਰ ਇੰਜ ਨਹੀਂ ਹੋਇਆ ਤੇ ਸੂਰਤ ਸਿੰਘ ਨੇ ਜਲਦੀ ਹੀ ਅਸਤੀਫਾ ਦੇ ਦਿੱਤਾ। ਸਰ ਬੁਲੰਦ ਖਾਂ ਨੇ ਹੁਣ ਮੋਮਿਨ ਖਾਂ ਕਸੂਰੀ ਦੇ ਪੁੱਤਰ ਮੁਹੰਮਦ ਖਾਂ ਨੂੰ ਲਾਹੌਰ ਦਾ ਹਾਕਮ ਬਣਾਇਆ। ਇਸ ਸਾਲ 7 ਨਵੰਬਰ ਦੀ ਦੀਵਾਲੀ ਸੀ। ਇਸ ਮੌਕੇ ਉਪਰ ਸਿੱਖ ਸਰਦਾਰ ਤੇ ਆਮ ਲੋਕ ਭਾਰੀ ਗਿਣਤੀ ਵਿਚ ਅੰਮ੍ਰਿਤਸਰ ਵਿਖੇ ਇਕੱਤਰ ਹੋਏ ਤੇ ਉਤਸਵ ਪੂਰੀ ਧੂਮਧਾਮ ਨਾਲ ਮਨਾਇਆ ਗਿਆ। ਖਾਲਸਾ ਅਬਦਾਲੀ ਨੂੰ ਇਹ ਦੱਸ ਦੇਣਾ ਚਾਹੁੰਦਾ ਸੀ ਕਿ ਉਹ ਚਾਹੇ ਕਿਸੇ ਨੂੰ ਵੀ ਲਾਹੌਰ ਦਾ ਹਾਕਮ ਬਣਾ ਦਏ ਤੇ ਚਾਹੇ ਖ਼ੁਦ ਉੱਥੇ ਆ ਕੇ ਬੈਠ ਜਾਏ, ਉਹ ਪੰਜਾਬ ਉਪਰ ਹਕੂਮਤ ਨਹੀਂ ਕਰ ਸਕਦਾ। ਇਸ ਲਈ ਇਸ ਦੀਵਾਲੀ ਦੇ ਦੀਵਾਨ ਵਿਚ ਇਹ ਗੁਰਮਤਾ ਪਾਸ ਹੋਇਆ ਕਿ ਲਾਹੌਰ ਉਪਰ ਇਕ ਤਕੜਾ ਹਮਲਾ ਕੀਤਾ ਜਾਏ।

ਇਸ ਗੁਰਮਤੇ ਅਨੁਸਾਰ ਦੀਵਾਲੀ ਤੋਂ ਕੁਝ ਦਿਨ ਬਾਅਦ ਖਾਲਸੇ ਨੇ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਲਾਹੌਰ ਉਪਰ ਚੜਾਈ ਕਰ ਦਿੱਤੀ ਤੇ ਉਸ ਦੀਆਂ ਬਾਹਰੀ ਬਸਤੀਆਂ ਉਪਰ ਕਬਜਾ ਕਰ ਲਿਆ। ਮੀਰ ਮੁਹੰਮਦ ਖਾਂ ਨੇ ਸਿੱਖਾਂ ਤੋਂ ਡਰ ਕੇ ਸ਼ਹਿਰ ਦੇ ਦਰਵਾਜ਼ੇ ਬੰਦ ਕਰ ਲਏ। ਇੰਜ ਸ਼ਹਿਰ ਖ਼ੁਦ ਹੀ ਘੇਰੇ ਵਿਚ ਆ ਗਿਆ। ਅਵਾਜਾਈ ਬੰਦ ਹੋ ਗਈ। ਘੇਰਾਬੰਦੀ ਲਗਾਤਾਰ ਗਿਆਰਾਂ ਦਿਨ ਤਕ ਰਹੀ। ਸ਼ਹਿਰ ਦੇ ਲੋਕ ਤੰਗ ਆ ਗਏ ਤੇ ਮੀਰ ਮੁਹੰਮਦ ਘਬਰਾ ਗਿਆ। ਪਰ ਖਾਲਸੇ ਦਾ ਮਕਸਦ ਲੋਕਾਂ ਨੂੰ ਤੰਗ ਕਰਨਾ ਨਹੀਂ ਸੀ-ਮੀਰ ਮੁਹੰਮਦ ਨੂੰ ਸੰਦੇਸ਼ ਭੇਜਿਆ ਗਿਆ ਕਿ ਜੇ ਤੂੰ ਕੜਾਹ ਪ੍ਰਸ਼ਾਦ ਦੀ ਦੇਗ ਲਈ ਨਜ਼ਰਾਨਾ ਦੇਣਾ ਮੰਜ਼ੂਰ ਕਰੇਂ ਤਾਂ ਖਾਲਸਾ ਘੇਰਾਬੰਦੀ ਹਟਾਅ ਲਏਗਾ। ਮੀਰ ਮੁਹੰਮਦ ਮਜ਼ਬੂਰ ਤੇ ਬੇਵੱਸ ਸੀ, ਪੈਸੇ ਵੀ ਉਸ ਕੋਲ ਜ਼ਿਆਦਾ ਨਹੀਂ ਸਨ। ਉਸਨੇ ਜਿਵੇਂ ਤਿਵੇਂ ਕਰਕੇ ਤੀਹ ਹਜ਼ਾਰ ਰੁਪਏ ਇਕੱਠੇ ਕੀਤੇ ਤੇ ਸ਼ਹਿਰ ਦੇ ਪਤਵੰਤਿਆਂ-ਪੀਰਜਾਦਾ ਗ਼ੁਲਾਮ ਹੁਸੈਨ ਸਰਹਿੰਦੀ, ਮੀਆਂ ਮੁਹੰਮਦ ਤਕੀ, ਮੀਰ ਨੱਨੂੰਸ਼ਾਹ ਤੇ ਹਾਫਿਜ਼ ਕਾਦਿਰ ਬਖ਼ਸ਼ ਦੇ ਹੱਥ ਦੇਗ ਲਈ ਖਾਲਸੇ ਨੂੰ ਭੇਂਟ ਕੀਤੇ।

ਮਕਸਦ ਹਕੂਮਤ ਨੂੰ ਝੁਕਾਉਣ ਦਾ ਸੀ, ਉਹ ਝੁਕ ਗਈ। ਸਿੰਘ ਅਗਲੇ ਪ੍ਰੋਗਰਾਮ ਉਲੀਕਣ ਲਈ ਅੰਮ੍ਰਿਤਸਰ ਵੱਲ ਰਵਾਨਾ ਹੋ ਗਏ।

ਇਸ ਸਾਲ ਵਿਸਾਖੀ ਦਾ ਤਿਉਹਾਰ 10 ਅਪ੍ਰੈਲ ਨੂੰ ਆਇਆ। ਮਾਝੇ ਤੇ ਮਾਲਵੇ ਦਾ ਲਗਭਗ ਪੂਰਾ ਪੈਂਡੂ ਇਲਾਕਾ ਖਾਲਸੇ ਦੀ ਰਾਖੀ ਪ੍ਰਣਾਲੀ ਵਿਚ ਆ ਚੁੱਕਿਆ ਸੀ। ਇਸ ਲਈ ਖੇਤਾਂ ਵਿਚ ਕਣਕ ਲਹਿਰਾ ਰਹੀ ਸੀ। ਜਿਵੇਂ ਮੋਰ ਸਾਵਨ ਦੀ ਘਟਾ ਨੂੰ ਦੇਖ ਕੇ ਨੱਚ ਉਠਦਾ ਹੈ, ਉਵੇਂ ਹੀ ਮਾਝੇ ਮਾਲਵੇ ਦੇ ਕਿਸਾਨ ਕਣਕ ਦੀਆਂ ਬੱਲੀਆਂ ਨੂੰ ਦੇਖ ਕੇ ਮਸਤੀ ਵਿਚ ਆਏ ਹੋਏ ਸਨ ਤੇ ਨੱਚ ਗਾ ਕੇ ਵਿਸਾਖੀ ਦਾ ਤਿਉਹਾਰ ਮਨਾ ਰਹੇ ਸਨ-ਅਸਲ ਵਿਚ ਵਿਸਾਖੀ ਦਾ ਦਿਨ ਹੁੰਦਾ ਹੀ ਨੱਚਣ ਗਾਉਣ ਤੇ ਖੁਸ਼ੀਆਂ ਮਨਾਉਣ ਲਈ ਹੈ। ਇਸ ਪਿੱਛੋਂ ਖੇਤਾਂ ਵਿਚ ਦਾਤੀ ਪੈ ਜਾਂਦੀ ਹੈ। ਦਾਣੇ ਘਰ ਆਉਂਦੇ ਹਨ। ਇਹ ਦਾਣੇ ਜਦੋਂ ਖ਼ੂਨ ਤੇ ਮਾਸ ਵਿਚ ਢਲਦੇ ਹਨ ਤਾਂ ਮਨੁੱਖ ਨੂੰ ਸੁੰਦਰ, ਸੁਡੌਲ ਤੇ ਨਿਡਰ ਵੀ ਬਣਾ ਦਿੰਦੇ ਹਨ। ਨਿਡਰ ਮਨੁੱਖ ਨੱਚਦਾ ਗਾਉਂਦਾ ਵੀ ਹੈ ਤੇ ਆਪਣੇ ਇਨਾਂ ਖੁਸ਼ੀਆਂ-ਖੇੜਿਆਂ ਤੇ ਗੀਤਾਂ ਦੇ ਲਈ ਲੜਦਾ ਵੀ ਹੈ। ਜੱਗਾ ਜੱਟ ਪੰਜਾਬੀ ਲੋਕ ਗੀਤਾਂ ਦਾ ਨਾਇਕ ਇਸ ਲਈ ਹੈ ਕਿ ਉਹ ਨਾਚ ਤੇ ਗੀਤਾਂ ਦਾ ਗਲ਼ਾ ਘੁੱਟ ਦੇਣ ਵਾਲੇ ਅਨਿਆਈਆਂ ਤੇ ਅਤਿਆਚਾਰੀਆਂ ਦੇ ਵਿਰੁੱਧ ਲੜਨ ਵਾਲਾ ਇਕ ਯੋਧਾ ਪੁਰਸ਼ ਵੀ ਸੀ। ਜੱਗੇ ਜੱਟ ਦੀ ਨਿਮਰਤਾ ਤੇ ਬੀਰਤਾ ਪੰਜਾਬ ਦੀ ਰੂਹ ਬਣ ਗਈ ਹੈ, ਜਿਹੜੀ ਨੌਜਵਾਨਾਂ ਨੂੰ ਹਲੂਣਦੀ, ਪ੍ਰੇਰਨਾ ਦਿੰਦੀ ਤੇ ਲਹੂ ਦੇ ਉਬਾਲ ਨੂੰ ਕਾਇਮ ਰੱਖਦੀ ਹੈ। ਵਿਸਾਖੀ ਦੇ ਇਸ ਦਿਹਾੜੇ ‘ਤੇ ਕਿਸਾਨ ਜਿੱਥੇ ਭੰਗੜੇ ਪਾ ਰਹੇ ਸਨ ਤੇ ਮਾਹੀਏ ਗਾ ਰਹੇ ਸਨ, ਉੱਥੇ ਜੱਗੇ ਜੱਟ ਦੀ ਇਸ ਰਵਾਇਤ ਨੂੰ ਵੀ ਲਹਿਕ-ਲਹਿਕ ਕੇ ਥਿਰਕ-ਥਿਰਕ ਕੇ ਉਚੀਆਂ ਆਵਾਜ਼ਾਂ ਵਿਚ ਗਾਇਆ ਜਾ ਰਿਹਾ ਸੀ :-

‘ਜੱਗਾ ਜੱਟ ਨੀਂ ਕਿਸੇ ਬਣ ਜਾਣਾ
ਘਰ ਘਰ ਪੁੱਤ ਜੰਮਣੇ।’

ਕਿਸਾਨ ਨੌਜਵਾਨਾਂ ਨੇ ਝੂੰਮ ਝੂੰਮ ਕੇ ਗਾਇਆ, ਫੇਰ ਸੁਰ ਬਦਲਿਆ :-

‘ਜੇ ਮੈਂ ਜਾਣਦੀ ਜੱਗੇ ਨੇ ਮਰ ਜਾਣਾ
ਇਕ ਦੇ ਦੋ ਜੰਮਦੀ।’

ਗੁਰੂ ਦੀ ਨਗਰੀ ਅੰਮ੍ਰਿਤਸਰ ਵਿਚ ਹਰ ਛੇ ਮਹੀਨੇ ਬਾਅਦ ਦੀਵਾਲੀ ਤੇ ਵਿਸਾਖੀ ਦਾ ਜਿਹੜਾ ਪਰਵ ਮਨਾਇਆ ਜਾਂਦਾ ਸੀ,

ਬਾਕੀ ਸਫ਼ਾ 34 ’ਤੇ

## ਬੰਕਰ ਤੋਂ ਪਿੰਡ ਪੁੱਜੀ ਬੱਚੀ ਦੀ ਦਾਸਤਾਨ

ਮੈਂ ਕੀ ਵੇਖਾਂ
ਯੂਕਰੇਨ ਦੀ ਧਰਤ ਕੰਬੇ
ਰੂਸ ਨੇ ਬਰਬਾਦੀ ਦੀ ਜੰਗ ਛੇੜ ਦਿੱਤੀ।
ਸਿੱਖਿਆ ਡਾਕਟਰੀ ਲੈਣ ਖ਼ਾਤਰ
ਰੋਗੀਆਂ ਨੂੰ ਸਿਹਤਯਾਫ਼ਤਾ ਕਰਨ ਖ਼ਾਤਰ
ਪਿੰਡੋਂ ਪਰਾਈ ਧਰਤ ਉੱਤੇ
ਕਰਨਾ ਪਿਆ ਉੱਦਮ ਮੈਨੂੰ,
ਬਾਬਲ ਦੀ ਧੀ ਪਿਆਰੀ
ਅੰਮੜੀ ਦੀ ਲਾਡਲੀ ਇਕਲੌਤੀ
ਆਪ ਹੁਣ ਮੌਤ ਦੇ ਖ਼ੌਫ਼ ਕਾਰਨ
ਬੰਕਰ 'ਚ ਲਿਪਟੀ ਭੁੱਖੀ-ਤ੍ਰਿਹਾਈ
ਬੰਬਾਂ ਦੀ ਤਬਾਹੀ ਤੱਕਾਂ
ਮੌਤ ਨਾਲ ਲੜਨਾ ਸਿੱਖਾਂ
ਦੂਜਿਆਂ ਦੀ ਜਾਨ ਬਚਾਉਣ ਦੀ
ਸਿੱਖਿਆ ਲੈਣ ਵਾਲੀ
ਤ੍ਰੇਹ-ਭੁੱਖ ਭੁੱਲ ਗਈ ਮੇਰੀ
ਕੇਵਲ ਜ਼ਿੰਦਾ ਰਹਿਣ ਲਈ ਜੂਝਾਂ
ਕਿੰਜ ਬੰਕਰ 'ਚੋਂ ਨਿਕਲਾਂ
ਵਤਨ ਵੱਲ ਪਰਤਾਂ
ਇੱਕੋ ਸੁਆਲ ਰਹਿ ਗਿਆ ਬਾਕੀ
ਕਦੇ ਸੁਪਨਿਆਂ 'ਚ ਇੰਜ ਹੋਣਾ
ਸੋਚਿਆ ਵੀ ਨਹੀਂ ਸੀ ਮੈਂ ਤਾਂ,
ਮਾਪਿਆਂ ਦੀ ਕਮਾਈ ਦਾਅ 'ਤੇ ਲਾ ਕੇ
ਤੱਕੇ ਸਨ ਸੁਨਹਿਰੀ ਸੁਪਨੇ
ਡਾਕਟਰ ਬਣਨ ਖ਼ਾਤਰ।
ਇਹ ਕੀ ਹੋਇਆ
ਦੇਸ਼, ਦੁਸ਼ਮਣ ਬਣ ਗਏ ਦੋਵੇਂ
ਲੋਕਾਈ ਮਰ ਗਈ ਤੱਕਾਂ
ਤਬਾਹੀ ਹੋ ਰਹੀ ਤੱਕਾਂ
ਅੱਥਰੂ ਝੁੱਥ ਗਏ ਕਿਧਰੇ
ਟੈਂਕ ਦੈਂਤਾਂ ਦੇ ਵਾਂਗ ਘੁੰਮਣ
ਰਾਕਟਾਂ ਅਤਿ ਹੈ ਚੁੱਕੀ
ਹਥਿਆਰਾਂ ਨੇ ਦਿਨੇ, ਰਾਤ ਹੈ ਕੀਤੀ
ਮਾਰੂ ਗੈਸਾਂ ਦੇ ਅੰਬਾਰ ਉਮੜਦੇ ਤੱਕਾਂ,
ਚੀਕਾਂ ਕੁਰਲਾਹਟਾਂ, ਲਹੂ ਵਗੇ, ਵਿਲਕਦੇ
ਲੋਕੀਂ
ਪੰਛੀ ਉੱਡ ਗਏ ਕਿਧਰੇ, ਝੁਲਸੀ ਗਈ
ਕੁਦਰਤ
ਢਹਿ-ਢੇਰੀ ਇਮਾਰਤਾਂ ਹੋਈਆਂ
ਪਤਾ ਨਹੀਂ ਕਿੰਨੀਆਂ ਜਾਨਾਂ ਮੋਈਆਂ
ਅੱਗਾਂ ਹੀ ਅੱਗਾਂ ਚੁਫ਼ੇਰੇ
ਲਾਟਾਂ ਬਣ ਗਈਆਂ ਸੜਕਾਂ
ਦੱਸਾਂ ਤਾਂ ਕਿਸ ਨੂੰ ਕੀ ਦੱਸਾਂ
ਬੰਕਰ 'ਚ ਵੀ ਜਾਨ ਨੂੰ ਖ਼ਤਰਾ
ਵਤਨ ਤੋਂ ਉਦਾਸ ਮਾਪਿਆਂ ਦੀਆਂ
ਸਿਸਕੀਆਂ
ਕੋਈ ਵੀ ਹਮਦਰਦੀ ਨਹੀਂ ਮੇਰਾ
ਜੋ ਮੋਢਾ ਦੇ ਸਕੇ ਮੈਨੂੰ
ਹੌਸਲਾ ਕਰ ਉੱਠ...
ਆਖ਼ਰ ਵਤਨ ਨੂੰ ਮੁੜਨ ਦੀ
ਜੰਗ ਸ਼ੁਰੂ ਕੀਤੀ
ਕਠਿਨ ਪੈਂਡੇ ਗੱਡੇ
ਪੇਟ ਭੁੱਖਾ, ਜੇਬ ਖਾਲੀ
ਕੇਵਲ ਪਿੱਠੂ ਹੀ ਮੇਰੀ ਪੂੰਜੀ
'ਮਨੁੱਖ ਹਾਰਦਾ ਨਹੀਂ ਆਖ਼ਰ'
ਪੜ੍ਹਿਆ ਸੀ, ਕਰਿਆ ਮੈਂ ਚੇਤੇ
ਦੌੜ ਲਾਈ ਪੈਰਾਂ ਨੇ ਸਾਥ ਦਿੱਤਾ
ਪੁੱਜ ਗਈ ਹਵਾਈ ਉਡਾਣ ਖਾਤਰ।
ਕੋਈ ਦੁਖੜਾ ਸੁਣਨ ਲਈ
ਕੋਲ ਕਿੰਜ ਆਵੇ ?
ਹਰ ਕੋਈ ਮੌਤ ਨਾਲ ਲੜ ਰਿਹਾ ਜਾਪੇ।
ਆਖ਼ਰ ਉਤਰ ਗਈ ਅੰਬਰੋਂ ਸਲਾਮਤ
ਆਪਣੇ ਵਤਨ ਦੀ ਧਰਤ ਚੁੰਮੀ,
ਪਿੰਡ ਪੁੱਜੀ ਤਾਂ ਸਾਹ ਵਿੱਚ ਸਾਹ ਆਇਆ
ਉਦਾਸੇ ਪਿੰਡ ਨੂੰ ਸਬਰ ਆਇਆ,
ਗਲੇ ਲੱਗ ਬਾਬਲ ਰੋਇਆ
ਗਲੇ ਲੱਗ ਅੰਮੜੀ ਸਿਸਕੀ
ਇਹ ਕੇਹਾ ਕਹਿਰ ਹੋਇਆ
ਅੰਬਰ ਰੋਵੇ, ਧਰਤ ਰੋਵੇ,
ਇਹ ਮਹਾਂ ਯੁੱਧ ਬੰਦ ਹੋਵੇ, ਕਦੇ ਨਾ ਜੰਗ
ਹੋਵੇ।
ਮਨੁੱਖਤਾ ਬੱਚੇ, ਧਰਤ ਹੱਸੇ
ਇਹੋ ਹੈ ਦੁਆ ਮੇਰੀ।।

**ਮਨਮੋਹਨ ਸਿੰਘ ਦਾਊਂ**
**ਸੰਪਰਕ : 98151-23900**

-----

## ਲੋਹੇ ਦਾ ਜਿੰਦਰਾ

ਸੋਨੇ ਤੇ ਲੋਹੇ ਦਾ ਸੀ
ਤਕਰਾਰ ਹੋ ਗਿਆ
ਘਮੰਡ ਦੇ ਭਰੇ ਸੋਨੇ ਨੂੰ
ਹੰਕਾਰ ਹੋ ਗਿਆ
ਤੂੰ ਸਸਤਾ ਤੇ ਮੈਂ
ਪੁੱਜਕੇ ਮਹਿੰਗਾ
ਤੂੰ ਕਿੱਦਾਂ ਮੇਰਾ
ਯਾਰ ਹੋ ਗਿਆ ?
ਲੋਹਾ ਕਹਿੰਦਾ ਮੇਰੀ
ਕੀਮਤ ਤੂੰ ਕੀ ਆਂਕੇਂਗਾ
ਸੁਣਕੇ ਸੱਚੀਆਂ ਮੈਥੋਂ
ਤੂੰ ਤਾਂ ਝੇਂਪ ਝਾਕੇਂਗਾ
ਤੂੰ ਸੀ ਮਿੱਟੀ ਵਿੱਚ ਦੱਬਿਆ
ਤੈਨੂੰ ਕੱਢਿਆ ਲੋਹੇ ਨੇ
ਗਹਿਣੇ ਬਣਾਉਣ ਲਈ ਤੈਨੂੰ
ਕੁੱਟਿਆ ਵੱਢਿਆ ਲੋਹੇ ਨੇ
ਜਿੱਥੇ ਤੂੰ ਰਹੇਂ ਸੁਰੱਖਿਅਤ
ਉਹ ਵੀ ਹੈ ਗੱਲਾ ਲੋਹੇ ਦਾ
ਨਾਪ ਜੋ ਉਂਗਲੀ ਦਾ ਲੈਂਦੈ
ਉਹ ਵੀ ਹੈ ਛੱਲਾ ਲੋਹੇ ਦਾ
ਹੁਣ ਦੇਵੇ ਕਿੰਝ ਜਵਾਬ
ਕੁਲਵਿੰਦਰਾ ਲੋਹੇ ਦਾ
ਸੋਨੇ ਦੀ ਹੱਟ ਨੂੰ ਸੀ
ਲੱਗਿਆ ਜਿੰਦਰਾ ਲੋਹੇ ਦਾ।

**ਕੁਲਵਿੰਦਰ ਸਿੱਧੂ ਕਾਮੇ ਕਾ**

---------

## ਧੀ ਦੀ ਆਵਾਜ਼

ਇਕ ਵਾਰੀ ਆ ਜਾ ਤੂੰ, ਨੀਲੇ ਘੋੜੇ 'ਤੇ
ਬੈਠ ਕੇ।
ਤੈਨੂੰ ਤੇਰੀ ਧੀ ਆਵਾਜ਼ਾਂ, ਮਾਰਦੀ ਏ
ਬਾਬਲਾ।
ਕੰਢਿਆਂ ਦੇ ਰਾਹ 'ਤੇ, ਤੋਰਿਆ ਸੀ ਜਦ
ਬਾਬਲਾ।
ਅੱਜ ਓਥੇ ਇਕੱਲੀ ਖੜੀ, ਰਹਿ ਗਈ ਸੀ
ਬਾਬਲਾ।
ਔਖੇ ਸਮੇਂ ਛੱਡ ਗਿਆ ਉਹ, ਸਾਥ ਮੇਰੇ
ਬਾਬਲਾ।
ਤੋੜ ਗਿਆ ਉਹ ਦਿਲਾਂ ਦੀ, ਸਾਂਝ ਮੇਰੇ
ਬਾਬਲਾ।
ਤੈਨੂੰ ਤੇਰੀ ਧੀ, ਆਵਾਜ਼ਾਂ ਮਾਰਦੀ ਏ
ਬਾਬਲਾ।
ਬਹੁਤੇ ਪੁੱਤਰਾਂ ਨੂੰ ਤੂੰ ਗੋਦ ਵਿੱਚ,
ਖਿਲਾਇਆ ਏ ਬਾਬਲਾ।
ਅੱਜ ਇੱਕ ਧੀ ਨੂੰ ਵੀ, ਗੋਦ ਵਿੱਚ ਲੈ ਮੇਰੇ
ਬਾਬਲਾ।
ਪੁੱਤਰਾਂ ਦੀ ਲੋੜ ਸਾਰੇ, ਜੱਗ ਨੂੰ ਏ ਬਾਬਲਾ।
ਤਾਂਹੀਓ ਰੋਲੀ ਜਾਂਦੇ ਨੇ ਏਹ, ਇੱਜ਼ਤ
ਧੀਆਂ ਦੀ ਬਾਬਲਾ।
ਤੈਨੂੰ ਤੇਰੀ ਧੀ, ਆਵਾਜ਼ਾਂ ਮਾਰਦੀ ਏ
ਬਾਬਲਾ।
ਵਕਤ ਵੀ ਗਵਾਹੀ ਜਦ, ਮੰਗੂ ਮੈਥੋਂ
ਬਾਬਲਾ।
ਸ਼ੀਸ਼ਾ ਜ਼ਾਲਮਾਂ ਨੂੰ ਤੂੰ, ਦਿਖਾ ਦੇਈਂ ਵੇ
ਬਾਬਲਾ।
ਜ਼ੁਲਮ ਨਾਲ ਕਰਾਂਗੀ ਟਾਕਰਾ, ਖੁੱਲੇ
ਮੈਦਾਨ 'ਚ।
ਅਜੀਤ ਸਿੰਘ ਵਰਗੀ ਹਿੰਮਤ ਦੇਈਂ ਵੇ
ਬਾਬਲਾ।
ਤੈਨੂੰ ਤੇਰੀ ਧੀ, ਆਵਾਜ਼ਾਂ ਮਾਰਦੀ ਏ
ਬਾਬਲਾ।
ਇੱਕ ਹੀ ਅਰਜ਼ੋਈ, ਤੇਰੇ ਅੱਗੇ ਵੇ ਬਾਬਲਾ।
ਧੀ ਕੋਈ ਵੀ ਨਾ ਰੋਵੇ, ਉਹ ਘਰ ਤੇਰੀਂ ਵੇ
ਮੇਰੇ ਬਾਬਲਾ।
ਨਹੀਂ ਤਾਂ ਘਰ ਕੋਈ ਵੀ ਨਹੀਂ ਹੋਣਾ,
ਉਹਦਾ ਤੇਰੇ ਬਿਨਾਂ ਬਾਬਲਾ।
ਬਸ ਅਪਣੀ ਗੋਦ 'ਚ ਉਦੋਂ, ਲੈ ਲਵੀਂ ਵੇ
ਬਾਬਲਾ।
ਤੈਨੂੰ ਤੇਰੀ ਧੀ, ਆਵਾਜ਼ਾਂ ਮਾਰਦੀ ਏ
ਬਾਬਲਾ।
ਇਕ ਵਾਰੀ ਆ ਜਾ ਤੂੰ, ਨੀਲੇ ਘੋੜੇ 'ਤੇ
ਬੈਠ ਕੇ।
ਤੈਨੂੰ ਤੇਰੀ ਧੀ ਆਵਾਜ਼ਾਂ, ਮਾਰਦੀ ਏ
ਬਾਬਲਾ।

**ਇੰਦਰ**

-----

## ਅਣਜੰਮੀ ਧੀ ਦੀ ਫ਼ਰਿਆਦ

ਪੁੱਤਾਂ ਦੀਆਂ ਲੋਹੜੀਆਂ ਮਨਾਵੇ ਸਾਰਾ
ਜੱਗ ਮਾਏ
ਸਾਡੀਆਂ ਵੀ ਲੋਹੜੀਆਂ ਮਨਾ
ਨੀਂ ਅੰਮੀਏ ਕੁੱਖ 'ਚ ਨਾ ਮੈਨੂੰ ਮਰਵਾ..।
ਕੁੱਖ 'ਚ ਮਰਾਉਣ ਵਾਲੀ ਗੱਲ ਦੇਵੀਂ
ਟਾਲ ਨੀਂ ਵੀਰੇ ਨਾਲੋਂ ਵੱਧ ਤੇਰਾ ਰੱਖੂੰਗੀ
ਖਿਆਲ ਨੀਂ
ਸਾਨੂੰ ਵੀ ਏ ਰੀਝ ਬੜੀ ਸੋਹਣਾ ਜੱਗ ਦੇਖਣੇ
ਦੀ
ਲੋਹੜੀ ਦੇਖਣੇ ਦਾ ਬੜਾ ਚਾਅ..।
ਨੀਂ ਅੰਮੀਏ....।
ਪੜ੍ਹ-ਲਿਖ ਮਾਏ ਤੇਰਾ ਨਾਮ ਚਮਕਾਉਂਗੀ,
ਬਾਬਲੇ ਦੀ ਪੱਗ ਨੂੰ ਮੈਂ ਦਾਗ਼ ਨਹੀਂ
ਲਾਉਂਗੀ,
ਦੇਸ਼ਾਂ ਤੇ ਵਿਦੇਸ਼ਾਂ ਦੀ ਮੈਂ ਕਰਵਾਉਣੀ ਸੈਰ
ਤੈਨੂੰ
ਮੱਲਾਂ ਮਾਰ ਦੇਣੀਆਂ ਦਿਖਾ।
ਨੀਂ ਅੰਮੀਏ....।
ਜੱਗ ਤੋਂ ਲੁਕਾ ਕੇ ਰੱਖੀਂ ਮਾਏ ਮੇਰੀ ਦਿੱਖ
ਨੀਂ
ਪੀੜ ਦੇਣਾ ਨਰਸਾਂ ਨੇ, ਪੀੜੇ ਜਿਵੇਂ ਇੱਖ
ਨੀਂ,
ਸਹਿ ਨਹੀਂਓ ਹੋਣਾ ਇੰਨਾ ਦੁੱਖ ਇਸ
ਤੱਤੜੀ ਤੋਂ
ਕੁੱਖ ਨੂੰ ਕੁਲਾੜੀ ਨਾ ਬਣਾ।
ਨੀਂ ਅੰਮੀਏ ਕੁੱਖ 'ਚ ਨਾ ਮੈਨੂੰ ਮਰਵਾ।
ਨੀਂ ਅੰਮੀਏ ਲੋਹੜੀ ਦੇਖਣੇ ਦਾ ਬੜਾ
ਚਾਅ।
ਕੱਠੇ ਹੋ ਕੇ ਸਾਰੇ ਫਿਰ ਲੋਹੜੀਆਂ
ਮਨਾਉਣ,
ਢੋਲ ਉੱਤੇ ਡੱਗਾ ਲਾ ਕੇ ਭੰਗੜੇ ਵੀ
ਪਾਉਣ,
ਕੁੜੀ ਅਤੇ ਮੁੰਡੇ ਵਾਲਾ ਫ਼ਰਕ ਮਿਟਾ ਕੇ
ਮਾਏ,
ਨਵੀਂ ਸੋਚ ਝੋਲੀ ਵਿੱਚ ਪਾ।
ਨੀਂ ਅੰਮੀਏ ਕੁੱਖ 'ਚ ਨਾ ਮੈਨੂੰ ਮਰਵਾ।
ਨੀਂ ਅੰਮੀਏ ਲੋਹੜੀ ਦੇਖਣੇ ਦਾ ਬੜਾ ਚਾਅ
ਨੀਂ ਅੰਮੀਏ ਕੁੱਖ 'ਚ ਨਾ ਦੇਵੀਂ ਮਰਵਾ।

**ਰਾਜ ਕੌਰ ਕਮਾਲਪੁਰ,**
**ਪਟਿਆਲਾ**

-----

## ਔਰਤ ਦੀ ਆਵਾਜ

ਐ 'ਮਰਦ-ਪਰਧਾਨ'
ਸਮਾਜ ਦੇ ਬਾਸ਼ਿੰਦਿਓ...
ਮੈਂ ਸੁਣਿਆਂ,
ਅੱਜ 'ਔਰਤ ਦਿਵਸ' ਮਨਾ ਰਹੇ ਹੋ...
ਵਿੱਦਿਅਕ ਸੰਸਥਾਵਾਂ, ਵੱਡੇ-ਵੱਡੇ ਸ਼ਹਿਰਾਂ
'ਚ 'ਨਾਰੀ-ਚੇਤਨਾ' ਸਮਾਗਮ ਕਰਾ ਰਹੇ ਹੋ।
ਇਹਦੇ ਲਈ,
ਤੁਹਾਡਾ ਸ਼ੁਕਰਾਨਾ ਕਰਨਾ ਤਾਂ ਬਣਦਾ...
ਪਰ,
ਇਸਤੋਂ ਪਹਿਲਾਂ ਕੁੱਝ ਸਵਾਲ ਨੇ ਮੇਰੇ ਮਨ
'ਚ
ਕੀ ਕਦੇ ਸੁਰੱਖਿਅਤ ਹੋਵੇਗਾ,
ਮੇਰਾ 'ਕੁੱਖ ਤੋਂ ਕਬਰ' ਤੱਕ ਦਾ ਸਫ਼ਰ...?
ਕੀ ਮੈਂ ਅਜ਼ਾਦ ਹੋ ਕੇ,
ਸੁਰੱਖਿਅਤ ਘੁੰਮ ਸਕਾਗੀਂ
'ਘਰ ਤੋਂ ਲੈ ਕੇ ਸਮਾਜ ਵਿੱਚ'..?
ਕੀ ਕਦੇ ਸੰਗਲੀ ਪਵੇਗੀ,
ਸਿਆਸਤ ਦੇ ਪਾਲਤੂ ਕੁੱਤਿਆਂ
ਨੂੰ..?
ਜੋ ਸਿਰਫ਼ ਜਿਸਮਾਂ ਦੇ ਭੁੱਖੇ ਨੇ,
ਤੇ ਆਪਣੀ ਇਸ ਭੁੱਖ ਲਈ, ਮੇਰੀ ਹੋਂਦ
ਤੇ ਮੇਰੀ ਕੁੱਖ ਨੂੰ ਖ਼ਤਰੇ ਵਿਚ ਪਾ ਰਹੇ ਨੇ...
ਕੀ ਮੈਨੂੰ, ਕਵਿਤਾਵਾਂ, ਭਾਸ਼ਣਾਂ ਤੇ
ਤੁਹਾਡੇ ਸੈਮੀਨਰਾਂ ਦੇ ਬਿਆਨੀਏ ਲਹਿਜੇ
ਤੋਂ ਬਿਨਾਂ, ਤੁਹਾਡੇ ਖਿਆਲਾਂ, ਤੁਹਾਡੀ
ਜ਼ਿੰਦਗੀ
ਤੇ ਤੁਹਾਡੀ ਸੋਚ ਵਿਚ
'ਬਰਾਬਰਤਾ' ਦਾ ਅਧਿਕਾਰ ਮਿਲ਼ੇਗਾ....?
ਮਾਫ਼ ਕਰਨਾ ਦੋਸਤੋ,
ਮੈਂ ਉਸੇ ਦਿਨ ਹੀ ਕਬੂਲਾਂਗੀ 'ਔਰਤ
ਦਿਵਸ'
ਦੀ ਮੁਬਾਰਕਬਾਦ... ।



**ਸੁਖਚੈਨ ਸਿੰਘ ਕੁਰੜ**

-----

## ਚਾਂਦੀ ਦੇ ਉਹ ਸ਼ਬਦ

ਮੁਹੱਬਤ ਕਿਥੋਂ ਸਮਝਣਗੇ
ਸੋਨੇ ਦੇ ਮਹਿੰਗੇ ਕਾਗਜ਼
ਸਾਡੀ ਗਵਾਹੀ ਨਹੀਂ ਭਰਦੇ
ਅਹਿਸਾਸਾਂ ਦੀ ਇੱਕ
ਅਲੱਗ ਹੀ ਰੰਗਾਂ ਹੁੰਦੀ ਹੈ
ਇਹਦੇ ਅੰਦਰ ਮੈਂ
ਮੇਰੀ ਤੇ ਹਾਉਮੈ ਨਹੀਂ ਤਰਦੇ
ਐਨਾ ਕੁ ਹੈ ਮਾਣ
ਸੱਚ ਨੂੰ ਬੋਲਣ ਦਾ
ਜਿੱਤ ਹਾਰ ਦਾ ਕੀ ਮਸਲਾ
ਪਰ ਜਿਉਂਦੇ ਨਹੀਂ ਮਰਦੇ
ਮਰ ਜਾਣਾ ਅਸੀਂ
ਤੇਰੀ ਆਈ ਤੇ ਵੀ
ਸਾਡੇ ਕਰਕੇ ਉਜੜੇ ਕੋਈ
ਨਹੀਂ ਜੀ ਅਸੀਂ ਏਦਾਂ ਨਹੀਂ ਕਰਦੇ।

**ਕੇਵਲ ਧਰਮਪੁਰਾ**
**ਮੋ. 9878801561**

-----

## ਪੰਜਾਬ

ਨਾਲ ਪਜਾਮਿਆਂ ਦੇ ਹੁਣ ਕਿੱਥੇ
ਲੇਹ ਚਿੰਬੜਦੀ ਆ,
ਅੱਜ ਕੱਲ ਉਂਗਲਾਂ ਦੇ ਨਾਲ
ਯੂਰੀਆ ਰੇਹ ਚਿੰਬੜਦੀ ਆ।
ਕੌਣ ਕੱਸੀ 'ਤੇ ਮਾਰੇ ਗੇੜਾ
ਮੱਛੀ ਮੋਟਰ ਚੱਲੇ,
ਜੱਟ ਜਾਂਦਾ ਏ ਕਰਜ਼ਾ ਚੁੱਕਣ
ਪਾਣੀ ਜਾਂਦਾ ਥੱਲੇ।
ਨਹਿਰੀ ਖਾਲ ਤੇ ਪਹੀਆਂ ਵੱਢ ਕੇ
ਖੇਤਾਂ ਵਿੱਚ ਰਲਾ ਲਏ,
ਲਿਮਟਾਂ ਨਾਲ ਕਢਾ ਕੇ ਟਰੈਕਟਰ
ਔਹ ਚੱਕ ਟੋਚਣ ਪਾ ਲਏ।
ਕੰਧਾਂ ਦੇ ਪਰਛਾਵੇਂ ਬਾਕੀ
ਵੱਢ ਕੇ ਰੁੱਖ ਨਿਬੇੜੇ,
ਲੱਕੜ ਦੇ ਬਣਾ ਕੇ ਆਲਣੇ
ਟੰਗਤੇ ਪਿੰਡ ਬਥੇਰੇ।
ਸਾਡੀ ਹਿੱਕ ਦੇ ਉੱਪਰੋਂ ਛਲਕਦੀ
ਐਸ ਵਾਈ ਐੱਲ ਵੀ ਜਾਣੀ,
ਨਾ ਜਾਗੇ ਜੇ ਪੁੱਤਰ ਏਹਦੇ
ਪੰਜਾਬ ਦੀ ਖ਼ਤਮ ਕਹਾਣੀ।



**ਰਜਿੰਦਰ ਸਿੰਘ**

-----

## ਨਵੇਂ ਸੰਮਤ 'ਤੇ ਦੇਸੀ ਮਹੀਨਿਆਂ ਦਾ ਲੇਖਾ-ਜੋਖਾ

ਬੇਬੇ ਕਹਿੰਦੀ ਚੇਤਿਆਂ 'ਚ ਰੱਖੀਂ ਪੁੱਤਾ
ਚੇਤ,
ਇਸ ਰੁੱਤੇ ਪੁੱਛੀਂ ਪਿਉ ਤੋਂ ਕਿਵੇਂ ਖੁਸ਼ ਹੁੰਦੇ
ਖੇਤ।
ਵਿਸਾਖ ਮਹੀਨੇ ਨਾ ਭੁੱਲੀਂ ਇਤਿਹਾਸ ਤੂੰ
ਵਿਸਾਖੀ ਦਾ,
ਜੱਟ ਸੀਰੀ ਸਾਂਝ ਪਾਉਂਦੇ ਕਣਕਾਂ ਨਾਲ਼
ਦਾਤੀ ਦਾ।
ਜੇਠ ਦਾ ਮਹੀਨਾ ਜ਼ੋਰ ਹੁੰਦਾ ਪੂਰਾ ਲੋਆਂ
ਦਾ,
ਬੜਾ ਔਖਾ ਹੁੰਦਾ ਸਫ਼ਰ ਫਿਰ ਕੋਹਾਂ ਦਾ।
ਹਾੜ ਦੇ ਮਹੀਨੇ ਪਿੰਡੇ ਭੱਠੀ ਵਾਂਗ ਤਪਦੇ,
ਸਾਉਣ ਦੇ ਮਹੀਨੇ ਮੋਰ ਖ਼ੁਸ਼ੀ ਵਿੱਚ ਨੱਚਦੇ।
ਭਾਦੋਂ ਮਹੀਨੇ ਪੂਰਾ ਕਹਿਰ ਹੁੰਦਾ ਪਿੱਤ ਦਾ,
ਅੱਸੂ ਦਾ ਮਹੀਨਾ ਥੋੜਾ ਪਾਲੇ ਵੱਲ
ਖਿੱਚਦਾ।
ਕੱਤੇ ਦੇ ਮਹੀਨੇ ਜੱਟ ਫਸਲਾਂ ਨੂੰ ਸਾਂਭ ਦਾ,
ਮੱਘਰ ਮਹੀਨੇ ਮਨ ਸਵੈਟਰਾਂ ਲਈ ਤਾਂਘ
ਦਾ।
ਪੋਹ ਦੇ ਮਹੀਨੇ ਪਾਲਾ ਹੱਡਾਂ ਨੂੰ ਪੂਰਾ
ਠਾਰਦਾ,
ਮਾਘ ਮਹੀਨਾ ਫਿਰ ਰੁੱਖਾਂ ਦੇ ਪੱਤੇ ਝਾੜਦਾ।
ਫੱਗਣ ਕੰਧੀਂ ਲੱਗਣਾ ਬੇਬੇ ਦੱਸ ਪਰਾਂ
ਉੱਠਗੀ,
ਕੁਰੜ ਵਾਲੇ ਸੁਖਚੈਨ ਦੀ ਕਲਮ ਫਿਰ
ਰੁਕਗੀ।

**ਸੁਖਚੈਨ ਸਿੰਘ ਕੁਰੜ**
**ਮੋ. 9463551814**

## ਹੰਝੂਆਂ ਦਾ ਦਰਦ

ਏਧਰ ਹੰਝੂ, ਓਧਰ ਹੰਝੂ
ਦੇ 'ਗੀ ਸਾਨੂੰ ਚੌਧਰ ਹੰਝੂ
ਕੀ ਆਖਾਂ ਸਰਕਾਰਾਂ ਤਾਈਂ
ਮੰਨ ਲਿਆ ਤੇਰੇ ਭਾਣੇ ਨੂੰ
ਤਾਰਾਂ ਵਿੱਚੋਂ ਸਿਜਦਾ ਕਰਕੇ
ਮੁੜ ਆਇਆ ਨਨਕਾਣੇ ਨੂੰ
ਮੈਂ ਵਾੜਾਂ ਵਿੱਚੋਂ ਸਿਜਦਾ ਕਰਕੇ...।
ਵੰਡਿਆ ਜਦੋਂ ਪੰਜਾਬ ਸੀ ਮੇਰਾ
ਵੰਡੇ ਨਾਲ ਵੀ ਆਬ ਗਏ
ਅੰਬਰਸਰ ਵਿੱਚ ਜੰਮਿਆਂ ਦੇ
ਲਾਹੌਰ ਨੂੰ ਉਜੜੇ 'ਖਾਬ ਗਏ
ਲਹਿੰਦੇ ਵਾਲੇ ਚੜਦੇ ਦੇ ਵਿੱਚ
ਚੁਗਣ ਖਿਲਾਰੇ ਦਾਣੇ ਨੂੰ
ਤਾਰਾਂ ਵਿੱਚੋਂ ਸਿਜਦਾ ਕਰਕੇ
ਮੁੜ ਆਇਆ ਨਨਕਾਣੇ ਨੂੰ
ਮੈਂ ਵਾੜਾਂ ਵਿੱਚੋਂ ਸਿਜਦਾ ਕਰਕੇ...।
ਬਾਬਾ ਨਾਨਕ ਹੱਥੀਂ ਢਾਹੂ
ਬਾਡਰ ਵਾਲੀਆਂ ਕੰਧਾਂ ਨੂੰ
ਜੱਫੀਆਂ ਦੇ ਵਿੱਚ ਬਦਲ ਦਿਊ
ਕਦੇ ਬੰਦੇ ਖਾਣੀਆਂ ਜੰਗਾਂ ਨੂੰ
ਲੱਭੂ ਆਪੇ ਕਿਤੇ ਗਵਾਚੇ
ਸਾਡੇ ਮੋਹ ਪੁਰਾਣੇ ਨੂੰ
ਤਾਰਾਂ ਵਿੱਚੋਂ ਸਿਜਦਾ ਕਰਕੇ
ਮੁੜ ਆਇਆ ਨਨਕਾਣੇ ਨੂੰ
ਮੈਂ ਵਾੜਾਂ ਵਿੱਚੋਂ ਸਿਜਦਾ ਕਰਕੇ ...।

**ਰਜਿੰਦਰ**

# ਬਹੁਪੱਖੀ ਸ਼ਖ਼ਸੀਅਤ ਗਿਆਨੀ ਗੁਰਵਿੰਦਰ ਸਿੰਘ ਜੀ ਨੰਗਲੀ



ਡਾ. ਦਿਲਵਰ ਸਿੰਘ

ਗਿਆਨੀ ਗੁਰਵਿੰਦਰ ਸਿੰਘ ਜੀ ਨੰਗਲੀ ਸਿੱਖ ਪੰਥ ਦੀ ਉੱਭਰਦੀ ਸ਼ਖਸੀਅਤ ਹਨ ਜੋ ਪੂਰਨ ਤੌਰ 'ਤੇ ਬਾਣੀ-ਬਾਣੇ ਦੇ ਧਾਰਨੀ ਹਨ। ਗਿਆਨੀ ਜੀ ਦਾ ਜਨਮ ਪਿਤਾ ਸਰਦਾਰ ਕਸ਼ਮੀਰ ਸਿੰਘ ਦੇ ਘਰ ਮਾਤਾ ਨਰਿੰਦਰ ਕੌਰ ਦੀ ਕੁੱਖੋਂ 8 ਚੇਤ 1990 ਈ. ਨੂੰ ਪਿੰਡ ਨੰਗਲੀ ਜ਼ਿਲਾ ਅੰਮ੍ਰਿਤਸਰ ਵਿੱਚ ਹੋਇਆ। ਬਚਪਨ ਤੋਂ ਹੀ ਇਨਾਂ ਨੂੰ ਅਧਿਆਤਮਕ ਅਤੇ ਦੁਨਿਆਵੀ ਵਿੱਦਿਆ ਦੀ ਪ੍ਰਾਪਤੀ ਦੀ ਬੜੀ ਲਾਲਸਾ ਸੀ। ਇਸੇ ਲਾਲਸਾ ਦੀ ਪੂਰਤੀ ਲਈ ਗਿਆਨੀ ਜੀ ਨੇ ਬਹੁਤ ਮਿਹਨਤ ਕੀਤੀ ਅਤੇ ਅਧਿਆਤਮਕ ਵਿੱਦਿਆ ਦੇ ਨਾਲ -ਨਾਲ ਦੁਨਿਆਵੀ ਵਿੱਦਿਆ ਵੀ ਖ਼ੂਬ ਪੜੀ ਅਤੇ ਨਿਰੰਤਰ ਪੜ ਰਹੇ ਹਨ।

ਗਿਆਨੀ ਗੁਰਵਿੰਦਰ ਸਿੰਘ ਜੀ ਨੇ ਗੁਰਮਤਿ ਦੀ ਮੁੱਢਲੀ ਵਿੱਦਿਆ ਆਪਣੇ ਨਗਰ ਦੇ ਬਾਬਾ ਅਮਰ ਸਿੰਘ ਜੀ ਦੇ ਪਾਸੋਂ ਪ੍ਰਾਪਤ ਕੀਤੀ। ਉਚੇਰੀ ਵਿੱਦਿਆ ਉਨਾਂ ਨੇ ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ ਵਿਖੇ ਰਹਿ ਕੇ ਪ੍ਰਾਪਤ ਕੀਤੀ। ਗਿਆਨੀ ਜੀ ਨੇ ਜਥੇ ਵਿਚ ਰਹਿ ਕੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਦਸਮ ਗ੍ਰੰਥ ਸਾਹਿਬ ਜੀ ਅਤੇ ਭਾਈ ਸਾਹਿਬ ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਕਬਿੱਤ ਸਵੱਈਆਂ, ਸ੍ਰੀ ਗੁਰੂ ਨਾਨਕ ਪ੍ਰਕਾਸ਼, ਸੂਰਜ ਪ੍ਰਕਾਸ਼, ਸ੍ਰੀ ਗੁਰੂ ਪੰਥ ਪ੍ਰਕਾਸ਼, ਅਧਿਆਤਮ ਪ੍ਰਕਾਸ਼, ਵਿਚਾਰ ਮਾਲਾ ਸਾਰਕੁਤਾਵਲੀ, ਭਾਵਰਸਾਮ੍ਰਿਤ, ਚਾਣਕੀਆ ਨੀਤੀ, ਪਿੰਗਲ ਇਤਿਆਦਕ ਗ੍ਰੰਥਾਂ ਦਾ ਅਧਿਐਨ ਅਤੇ ਸੰਥਿਆ ਕੀਤੀ। ਹਜ਼ੂਰੀ ਟਕਸਾਲ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਗਿਆਨੀ ਹਰਦੀਪ ਸਿੰਘ ਜੀ ਪਾਸੋਂ ਜ਼ਫ਼ਰਨਾਮਾ ਅਤੇ ਸ੍ਰੀ ਸਰਬਲੋਹ ਗ੍ਰੰਥ ਜੀ ਦੀ ਸੰਥਿਆ ਕੀਤੀ। ਨਿਰਮਲੇ ਸੰਤਾਂ ਵਿਚੋਂ ਸੰਤ ਤੇਜਾ ਸਿੰਘ ਜੀ ਖੁੱਡੇ ਵਾਲਿਆਂ, ਅਚਾਰੀਆ ਪੁਸ਼ਪਰਾਜ ਜੀ ਤੇ ਸੁਆਮੀ ਨਿਰਮਲ ਚੇਤਨ ਜੀ ਪਾਸੋਂ ਅਧਿਆਤਮ ਪ੍ਰਕਾਸ਼, ਵੈਰਾਗ ਸ਼ੱਤਕ, ਪ੍ਰਬੋਧ ਚੰਦਰਨਾਟਕ, ਵਿਚਾਰ ਚੰਦਰ , ਵੀਚਾਰ ਸਾਗਰ, ਆਦਿਕ ਅਤੇ ਸੰਸਕ੍ਰਿਤ ਦੀ ਮੁੱਢਲੀ ਵਿੱਦਿਆ ਦਾ ਅਧਿਐਨ ਕੀਤਾ।



ਮੌਲਵੀ ਅਤੀਕ ਅਹਿਮਦ ਸਾਹਿਬ ਜੀ ਪਾਸੋਂ ਗਿਆਨੀ ਜੀ ਨੇ ਫ਼ਾਰਸੀ ਦੀ ਵਿਆਕਰਣ ਅਤੇ ਭਾਈ ਸਾਹਿਬ ਨੰਦ ਲਾਲ ਜੀ ਦੀ ਸਾਰੀ ਬਾਣੀ ਦੇ ਅਰਥ, ਫਤਹਨਾਮਹ, ਜ਼ਫ਼ਰਨਾਮਹ ਅਤੇ ਸ੍ਰੀ ਸਰਬਲੋਹ ਗ੍ਰੰਥ ਵਿਚ ਦਰਜ ਫ਼ਾਰਸੀ ਅਤੇ ਅਰਬੀ ਦੇ ਸ਼ਬਦਾਂ ਦਾ ਡੂੰਘਾ ਅਧਿਐਨ ਕੀਤਾ। ਗਿਆਨੀ ਜੀ ਨੇ ਅਨੇਕਾਂ ਵਿਦਵਾਨ ਪੁਰਸ਼ਾਂ ਅਤੇ ਮਹਾਂਪੁਰਸ਼ਾਂ ਕੋਲ ਰਹਿ ਕੇ ਉੱਚ ਦਰਜੇ ਦੀ ਵਿੱਦਿਆ ਹਾਸਲ ਕੀਤੀ ਅਤੇ ਹੁਣ ਗਿਆਨੀ ਜੀ ਗੁਰਮਤਿ ਵਿੱਦਿਆ ਪੜਾਉਣ ਦੇ ਨਾਲ ਨਾਲ ਸਿੱਖੀ ਦੇ ਪ੍ਰਚਾਰ ਸਬੰਧੀ ਵਡੇ ਕਾਰਜ ਕਰ ਰਹੇ ਹਨ। ਗਿਆਨੀ ਜੀ ਪੰਜਾਬੀ, ਹਿੰਦੀ, ਅੰਗਰੇਜ਼ੀ, ਉਰਦੂ, ਅਰਬੀ, ਫ਼ਾਰਸੀ ਅਤੇ ਸੰਸਕ੍ਰਿਤ ਆਦਿਕ ਭਾਸ਼ਾਵਾਂ ਦੇ ਗਿਆਤਾ ਹਨ। ਗਿਆਨੀ ਗੁਰਵਿੰਦਰ ਸਿੰਘ ਜੀ ਨੇ ਸਤਿਗੁਰੂ ਜੀ ਦੇ ਪਾਵਨ ਉਪਦੇਸ਼ ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥ ਦੇ ਅਨੁਸਾਰੀ ਹੁੰਦਿਆਂ ਆਪਣੀ ਵਿੱਦਿਆ ਨੂੰ ਆਪਣੇ ਤੱਕ ਹੀ ਸੀਮਤ ਨਾ ਰੱਖਦਿਆਂ ਹੋਰਾਂ ਨਾਲ ਵੀ ਸਾਂਝਾ ਕਰਦਿਆਂ ਇਕ ਦਰਜਨ ਤੋਂ ਵੱਧ ਪੁਸਤਕਾਂ ਲਿਖ ਕੇ ਪੰਥ ਨੂੰ ਭੇਟ ਕੀਤੀਆਂ ਹਨ। ਇਨਾਂ ਵਿੱਚ ਗੰਜ ਨਾਮਹ (ਭਾਈ ਨੰਦ ਲਾਲ ਜੀ), ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦਾ ਬੰਸਾਵਲੀਨਾਮਹ, ਬ੍ਰਹਮਕਵਚ, ਭਗਉਤੀ ਅਸਤੋਤਰ ਦਾ ਟੀਕਾ, ਇਤਿਹਾਸ ਬਾਬਾ ਸੁਧਾ ਸਿੰਘ ਜੀ, ਪੰਥਕ ਸੰਪਰਦਾਈ ਗੁਰਬਾਣੀ ਉਚਾਰਨ ਬੋਧ-ਭਾਗ ਪਹਿਲਾ-ਭਾਗ ਦੂਜਾ-ਭਾਗ ਤੀਜਾ, ਨਸੀਹਤਨਾਮਹ, ਕਰਨੀਨਾਮਹ ਦਾ ਟੀਕਾ, ਜਿੰਦਗੀਨਾਮਹ (ਭਾਈ ਨੰਦ ਲਾਲ) ਦਾ ਟੀਕਾ, ਕਾਵਿ ਪ੍ਰਕਾਸ਼, ਦੀਵਾਲੀ ਪਾਠ ਮਹਾਤਮ, ਖ਼ਾਲਸਾ ਪੰਥ ਪ੍ਰਕਾਸ਼ ਆਦਿਕ ਪੁਸਤਕਾਂ ਪ੍ਰਮੁੱਖ ਹਨ। 20 15 ਵਿਚ ਗਿਆਨੀ ਗੁਰਵਿੰਦਰ ਸਿੰਘ ਜੀ ਨੇ ਸਮਾਧ ਬਾਬਾ ਨੌਧ ਸਿੰਘ ਜੀ ਚੱਬਾ ਵਿਖੇ ਵੱਡੇ ਪੱਧਰ ਤੇ ਸ੍ਰੀ ਸਰਬਲੋਹ ਗ੍ਰੰਥ ਜੀ ਦਾ ਪਾਠ ਬੋਧ ਸਮਾਗਮ ਵੀ ਕਰਵਾਇਆ। ਗਿਆਨੀ ਜੀ ਸ੍ਰੀ ਸਰਬਲੋਹ ਬੁੰਗਾ ਨੰਗਲੀ ਅਤੇ ਗੁਰਮਤਿ ਵਿਦਿਆਲਿਆ ਸਮਾਧ ਬਾਬਾ ਨੌਧ ਸਿੰਘ ਜੀ ਚੱਬਾ ਵਿਖੇ ਬਤੌਰ ਅਧਿਆਪਕ ਸੇਵਾਵਾਂ ਨਿਭਾਅ ਰਹੇ ਹਨ। ਆਨਲਾਈਨ ਮਾਧਿਅਮ ਰਾਹੀਂ ਵੀ ਗਿਆਨੀ ਜੀ ਤੋਂ ਦੇਸ਼ਾਂ-ਵਿਦੇਸ਼ਾਂ ਵਿੱਚ ਅਨੇਕਾਂ ਵਿਦਿਆਰਥੀ ਗੁਰਬਾਣੀ ਦੀ ਸੰਥਿਆ ਪ੍ਰਾਪਤ ਕਰ ਰਹੇ ਹਨ। ਇੰਟਰਨੈੱਟ ਦੇ ਮਾਧਿਅਮ ਰਾਹੀਂ ਵੀ ਗਿਆਨੀ ਜੀ ਗੁਰਬਾਣੀ ਦੀ ਕਥਾ-ਵਿਚਾਰ ਦੀ ਰਿਕਾਰਡਿੰਗ ਕਰਕੇ ਸੰਗਤਾਂ ਨੂੰ ਬਾਣੀ-ਬਾਣੇ ਨਾਲ ਜੋੜ ਰਹੇ ਹਨ। ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਹੈ ਕਿ ਗਿਆਨੀ ਜੀ ਨੂੰ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਬਖ਼ਸ਼ੇ ਤਾਂ ਜੋ ਉਹ ਬਾਣੀ-ਬਾਣੇ ਦਾ ਪ੍ਰਚਾਰ ਸਮੁੱਚੀ ਦੁਨੀਆਂ ਦੇ ਵਿੱਚ ਕਰ ਸਕਣ।

# ਰਿਸ਼ਤਿਆਂ ਦੀ ਤਾਣੀ



ਜਸਕੀਰਤ ਸਿੰਘ
ਸੰਪਰਕ :- 98889-49201

ਇਨਸਾਨ ਦੀ ਜ਼ਿੰਦਗੀ ਵਿੱਚ ਰਿਸ਼ਤੇ ਬਹੁਤ ਹੀ ਜ਼ਿਆਦਾ ਮਾਅਨੇ ਰੱਖਦੇ ਹਨ। ਉਹ ਭਾਵੇਂ ਖ਼ੂਨ ਦਾ ਹੋਵੇ ਜਾਂ ਫਿਰ ਇਨਸਾਨੀਅਤ ਦਾ ਰਿਸ਼ਤਾ । ਰਿਸ਼ਤੇ ਬਹੁਤ ਹੀ ਪਾਕ ਹੁੰਦਾ ਹਨ, ਬਹੁਤ ਹੀ ਘੱਟ ਲੋਕ ਇਸ ਦੀ ਅਹਿਮੀਅਤ ਸਮਝ ਸਕਦੇ ਹਨ। ਰਿਸ਼ਤੇ ਜੁੜਦੇ ਬਹੁਤ ਮੁਸ਼ਕਿਲ ਨਾਲ ਹਨ ਪਰ ਤਿੜਕਣ ਲੱਗੇ ਇੱਕ ਪਲ ਵੀ ਨਹੀਂ ਲੱਗਦਾ। ਕਈ ਵਾਰ ਗ਼ਲਤ ਫ਼ੈਸਲਿਆ, ਕਰੋਧ, ਹੰਕਾਰ ਅਤੇ ਆਪਣਾ ਆਪ ਉੱਚਾ ਦਿਖਾਉਣ ਦੇ ਚੱਕਰ ਵਿੱਚ ਮਨੁੱਖ ਆਪਣੇ ਅਨਮੋਲ ਰਿਸ਼ਤੇ ਗਵਾ ਦਿੰਦਾ ਹੈ ਜਿਸ ਨੂੰ ਮੁੜ ਹਾਸਿਲ ਕਰਨਾ ਮੋਏ ਇਨਸਾਨ ਵਿੱਚ ਸਾਹ ਪਾਉਣ ਦੇ ਬਰਾਬਰ ਹੈ।

ਕੁਦਰਤ ਨੇ ਮਨੁੱਖ ਨੂੰ ਕਈ ਪ੍ਰਕਾਰ ਦੇ ਰਿਸ਼ਤਿਆਂ ਦੀ ਦਾਤ ਬਖ਼ਸ਼ੀ ਹੈ ਜਿਵੇਂ ਮਾਂ-ਪੀਓ, ਭੈਣ-ਭਰਾ ਅਤੇ ਰਿਸ਼ਤੇਦਾਰ। ਇਹ ਉਹ ਰਿਸ਼ਤੇ ਹਨ ਜੋ ਇਨਸਾਨ ਕੁਝ ਆਪ ਬਣਾਉਂਦਾ ਹੈ ਅਤੇ ਕੁਝ ਕੁਦਰਤ ਵੱਲੋਂ ਦਾਤ ਦੇ ਰੂਪ ਵਿੱਚ ਮਿਲਦੇ ਹਨ ਅਤੇ ਇਹ ਸਾਰੇ ਰਿਸ਼ਤੇ ਸਮਾਜ ਦੀਆਂ ਅੱਖਾਂ ਵਿੱਚ ਜਾਇਜ਼ ਵੀ ਹਨ । ਪਰ ਇਨਾਂ ਤੋਂ ਵੱਖ ਇਕ ਐਸਾ ਵੀ ਰਿਸ਼ਤਾ ਹੈ ਜੋ ਸਮਾਜ ਦੀਆਂ ਨਜ਼ਰਾਂ ਵਿੱਚ ਗ਼ਲਤ 'ਤੇ ਨਾਜਾਇਜ਼ ਵੀ ਅਖਵਾਉਂਦਾ ਹੈ ਜੋ ਕਿ ਹੈ ਇੱਕ ਔਰਤ ਅਤੇ ਮਰਦ ਦੀ ਦੋਸਤੀ ਦਾ ਰਿਸ਼ਤਾ, ਜੋ ਰਿਸ਼ਤਾ ਔਰਤ ਅਤੇ ਮਰਦ ਦੇ ਨਜ਼ਰੀਏ ਵਿੱਚ ਕੇਵਲ ਚੰਗੇ ਦੋਸਤ ਇਕ ਸੱਚੇ ਹਮਦਰਦ ਦਾ ਹੁੰਦਾ ਹੈ ਪਰ ਸਮਾਜ ਉਨਾਂ ਨੂੰ ਆਪਣੀਆਂ ਨਜ਼ਰਾਂ ਵਿਚ ਇਕ ਪ੍ਰੇਮੀ ਜੋੜਾ ਸਾਬਿਤ ਕਰਨ ਵਿੱਚ ਲੱਗਿਆ ਰਹਿੰਦਾ ਹੈ । ਸਮਾਜ ਇਸ ਦੋਸਤੀ ਦੇ ਰਿਸ਼ਤੇ ਨੂੰ ਪ੍ਰਵਾਨਗੀ ਦੇ ਲਈ ਹਰਗਿਜ਼ ਰਾਜ਼ੀ ਨਹੀਂ ਸਮਾਜ ਦੀ ਨਿਗਾਹ ਵਿੱਚ ਇਕ ਮਰਦ ਅਤੇ ਔਰਤ ਕਦੇ ਵੀ ਦੋਸਤ ਨਹੀਂ ਹੋ ਸਕਦੇ। ਦੋਸਤੀ ਇਨਾਂ ਨੂੰ ਸ਼ੋਭਾ ਨਹੀਂ ਦਿੰਦੀ।

ਇੱਥੇ ਹੀ ਬੱਸ ਨਹੀਂ ਸਮਾਜ ਦੇ ਲੋਕ ਤਾਂ ਕਈ ਵਾਰ ਜੇ ਕਿਤੇ ਪਾਰਕ, ਦੁਕਾਨ ਵਿੱਚ ਜਾਂ ਕਿਤੇ ਧਾਰਮਿਕ ਅਸਥਾਨ ਵਿੱਚ ਸਕੇ ਭੈਣ-ਭਰਾ ਜਾਂ ਕਹਿ ਲਓ ਮੂੰਹ ਬੋਲੇ ਭੈਣ-ਭਰਾ ਹੀ ਕਿਉਂ ਨਾ ਬੈਠੇ ਹੋਣ ਉਨਾਂ ਉੱਪਰ ਵੀ ਪ੍ਰੇਮੀ ਜੋੜੇ ਦੀ ਮੋਹਰ ਲਾ ਦਿੰਦਾ ਹੈ। ਬਿਨਾਂ ਉਨਾਂ ਦੀ ਅਸਲੀਅਤ 'ਤੇ ਬਿਨਾਂ ਉਨਾਂ ਦੇ ਰਿਸ਼ਤੇ ਨੂੰ ਜਾਣੇ ਸਮਾਜ ਦੀ ਨਿਗਾ ਵਿੱਚ ਹਰ ਇੱਕ ਮੁੰਡਾ-ਕੁੜੀ ਜਾਂ ਮਰਦ-ਔਰਤ ਪ੍ਰੇਮੀ ਜੋੜਾ ਹੀ ਹੈ ਬੇਸ਼ੱਕ ਉਹ ਭੈਣ-ਭਰਾ ਜਾਂ ਚੰਗੇ ਦੋਸਤ ਹੀ ਕਿਉਂ ਨਾ ਹੋਣ।

21ਵੀਂ ਸਦੀ ਨੂੰ ਚਲਦਿਆਂ ਦੋ ਦਹਾਕੇ ਹੋ ਗਏ ਹਨ ਪਰ ਸਾਡਾ ਸਮਾਜ ਅੱਜ ਵੀ ਦਸ ਦਹਾਕੇ ਪੁਰਾਣੀਆਂ ਗੱਲਾਂ ਫੜੀ ਬੈਠਾ ਹੈ । ਇਹ ਆਪਣਾ ਪੈਰ ਅੱਗੇ ਵਧਾਉਣ ਦੀ ਕੋਸ਼ਿਸ਼ ਹੀ ਨਹੀਂ ਕਰਦਾ, ਖੌਰੇ ਕਦੋਂ ਇਹ ਸਮਾਜ ਆਪਣੀ ਨਿਗਾਹ ਉੱਪਰੋਂ ਗ਼ਲਤ ਰਿਸ਼ਤੇ ਦੀ ਪੱਟੀ ਖੋਲ ਕੇ ਇਕ ਮਰਦ ਅਤੇ ਔਰਤ ਨੂੰ ਬਿਨਾਂ ਸਮਝੇ ਉਨਾਂ ਦੇ ਰਿਸ਼ਤੇ ਨੂੰ ਸਤਿਕਾਰ ਦੇਵੇਗਾ।

DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਪੰਜਾਬੀ ਗਾਇਕੀ ਦੇ ਬਾਬਾ ਬੋਹੜ ਲਾਲ ਚੰਦ ਯਮਲਾ ਜੱਟ

**ਦਰਸ਼ਨ ਸਿੰਘ ਪ੍ਰੀਤੀਮਾਨ**

ਸਖਸ਼ੀਅਤ

ਲਾਲ ਚੰਦ ਯਮਲਾ ਜੱਟ ਦਾ ਜਨਮ ਮਾਤਾ ਹਰਨਾਮ ਕੌਰ ਦੀ ਕੁੱਖੋਂ ਪਿਤਾ ਸ੍ਰੀ ਖੇੜਾ ਰਾਮ ਦੇ ਘਰ ਬਾਬਾ ਸ੍ਰੀ ਝੰਡਾ ਰਾਮ ਬਦਵਾਲ ਦੇ ਵਿਹੜੇ 28 ਮਾਰਚ 1906 ਨੂੰ ਪਿੰਡ ਚੱਕ ਨੰ: 384 ਈਸਪੁਰ ਤਹਿਸੀਲ ਟੋਭਾ ਟੇਕ ਸਿੰਘ, ਜ਼ਿਲਾ ਲਾਇਲਪੁਰ (ਪਾਕਿਸਤਾਨ) ਵਿੱਚ ਹੋਇਆ। ਆਪ ਜੀ ਦੇ ਪਿਤਾ ਰਾਸਧਾਰੀਆ ਦੀ ਮੰਡਲੀ ਨਾਲ ਰਹਿੰਦੇ ਸਨ ਤੇ ਇਨਾਂ ਦੇ ਬਾਬਾ ਜੀ ਵੰਝਲੀ ਦੇ ਬਹੁਤ ਮਾਹਿਰ ਸਨ। 1919 'ਚ ਛੋਟੀ ਉਮਰੇ ਪਿਤਾ ਦਾ ਸਾਇਆ ਸਿਰੋਂ ਉੱਠ ਜਾਣ ਕਾਰਨ ਕਬੀਲਦਾਰੀ ਦਾ ਬੋਝ ਆਪ ਦੇ ਸਿਰ 'ਤੇ ਆ ਪਿਆ। 1947 'ਚ ਦੇਸ਼ ਦੀ ਵੰਡ ਤੋਂ ਬਾਅਦ ਉਹ ਲੁਧਿਆਣੇ ਆ ਕੇ ਵਸ ਗਏ। ਉਨਾਂ ਨੂੰ ਕਵੀ ਨਰਾਇਣ ਸਿੰਘ ਦਰਦੀ ਦੇ ਘਰ ਮਾਲੀ ਦੀ ਨੌਕਰੀ ਵੀ ਕਰਨੀ ਪਈ ਤੇ ਬਾਜ਼ਾਰ ਵਿਚ ਖਲੋ ਕੇ ਫੁੱਲਾਂ ਦੇ ਹਾਰ ਵੀ ਵੇਚਣੇ ਪਏ। ਉਨਾਂ ਦੀ ਹਮਸਫ਼ਰ ਬੀਬੀ ਰਾਮਰੱਖੀ ਬਣੀ ਤੇ ਉਨਾਂ ਦੇ ਘਰ ਪੰਜ ਪੁੱਤਰਾਂ ਤੇ ਦੋ ਧੀਆਂ ਨੇ ਜਨਮ ਲਿਆ। ਉਹ ਸਿਰਫ਼ 9 ਕੁ ਸਾਲ ਦੀ ਉਮਰ 'ਚ ਹੀ ਗਾਇਕੀ ਵੱਲ ਖਿੱਚੇ ਗਏ। ਉਨਾਂ ਨੇ 'ਆਸੀ ਜੀ' ਨੂੰ ਉਸਤਾਦ ਧਾਰਿਆ। ਸਾਰੰਗੀ, ਢੋਲਕ ਤੇ ਦੋ ਤਾਰਾ ਵਜਾਉਣ 'ਚ ਮੁਹਾਰਤ ਰੱਖਣ ਵਾਲੇ ਨੇ ਪਿੱਛੋਂ ਪੱਕੇ ਰਾਗਾਂ ਦੀ ਸਿੱਖਿਆ ਹਾਸਲ ਕਰਨ ਲਈ ਚੌਧਰੀ ਮਜੀਦ ਦਾ ਲੜ ਫੜ ਲਿਆ। ਛੋਟੀ ਉਮਰੇ ਸਿਰਫ਼ 17 ਕੁ ਸਾਲ ਦੀ ਉਮਰ ਵਿਚ ਹੀ ਉਨਾਂ ਨੇ ਪੰਡਤ ਸਾਹਿਬ ਦਿਆਲ ਤੋਂ ਵੰਝਲੀ, ਅਲਗੋਜ਼ੇ, ਸਾਰੰਗੀ, ਦੋ ਤਾਰਾ ਤੇ ਇਕ ਤਾਰਾ ਵਜਾਉਣੇ ਸਿੱਖੇ। ਢੋਲਕ, ਮਦਰੰਗ ਤੇ ਤੌਂਝਿਆਂ ਦੇ ਵੀ ਮਾਹਰ ਬਣੇ। ਉਨਾਂ ਨੇ ਸਮੇਂ ਦੀ ਜ਼ਰੂਰਤ ਨੂੰ ਮੁੱਖ ਰੱਖ ਕੇ ਤੂੰਬੀ ਦੀ ਕਾਢ ਕੱਢੀ।ਪਹਿਲਾਂ ਤੂੰਬੀ ਪਿੱਤਲ ਦੀ ਕੌਲੀ ਤੋਂ ਬਣਾਈ, ਜੋ ਵੱਡੇ ਤੂੰਬੇ ਦਾ ਹੀ ਰੂਪ ਸੀ। ਫਿਰ ਤੂੰਬੀ ਵਜਾਉਣ 'ਚ ਐਨੀ ਮੁਹਾਰਤ ਹਾਸਲ ਕੀਤੀ ਕਿ ਤੂੰਬੀ ਦੀ ਇਕ ਤਾਰ ਉੱਤੇ ਸੱਤੇ ਸੁਰਾਂ ਜਗਾ ਦਿੰਦੇ ਸਨ। ਉਨਾਂ ਨੇ 1950 ਵਿਚ ਪਹਿਲੀ ਵਾਰ ਗੀਤ ਰਿਕਾਰਡ ਕਰਵਾਏ। ਉਨਾਂ ਨੇ ਬੀਬੀ ਮਹਿੰਦਰਜੀਤ ਕੌਰ ਸੇਖੋਂ ਨਾਲ ਦੋਗਾਣੇ ਵੀ ਗਾਏ। ਉਹ ਕੈਨੇਡਾ, ਇੰਗਲੈਂਡ ਵੀ ਜਾ ਆਏ। ਉਨਾਂ ਨੂੰ ਸੰਗੀਤ ਨਾਟਕ ਅਕਾਦਮੀ ਵੱਲੋਂ 1989 'ਚ ਕੌਮੀ ਪੁਰਸਕਾਰ ਨਾਲ ਨਿਵਾਜ਼ਿਆ ਗਿਆ। ਡਾ. ਰਜਿੰਦਰ ਪ੍ਰਸਾਦ, ਗਿਆਨੀ ਜ਼ੈਲ ਸਿੰਘ, ਪੰਡਤ ਜਵਾਹਰ ਲਾਲ ਨਹਿਰੂ ਤੇ ਵੈਂਕਟਾਰਮਨ ਵਰਗੀਆਂ ਅਨੇਕਾਂ ਵੱਡੀਆਂ ਹਸਤੀਆਂ ਹੱਥੋਂ ਪ੍ਰਸ਼ੰਸਾ ਪੱਤਰ ਹਾਸਲ ਕੀਤੇ। ਆਪਣੇ ਸਮੇਂ 'ਚ ਉਨਾਂ ਦੀ ਚਾਰੇ ਪਾਸੇ ਧੁੰਮ ਪੈਂਦੀ ਸੀ। ਉਨਾਂ ਦਾ ਜਿੱਥੇ ਵੀ ਅਖਾੜਾ ਲੱਗਣਾ ਹੁੰਦਾ, ਲੋਕ ਸੁਣਨ ਲਈ ਉਤਾਵਲੇ ਹੁੰਦੇ ਤੇ ਵਹੀਰਾਂ ਘੱਤ ਕੇ ਅਖਾੜਾ ਵੇਖਣ ਲਈ ਪਹੁੰਚਦੇ। ਉਨਾਂ ਦੀ ਮਿੱਠੜੀ ਰਸੀਲੀ ਆਵਾਜ਼ ਕੰਨ ਵਿਚ ਪੈਂਦੀ ਤਾਂ ਸਰੋਤੇ ਸੁੱਸਰੀ ਵਾਂਗ ਸੌਂ ਜਾਂਦੇ। ਉਨਾਂ ਦੇ ਬਹੁਤ ਸਾਰੇ ਗੀਤ ਮਕਬੂਲ ਹੋਏ, ਜੋ ਸਦੀਵੀ ਰੂਪ ਧਾਰ ਗਏ ਜਿਵੇਂ 'ਦੱਸ ਮੈਂ ਕੀ ਪਿਆਰ ਵਿੱਚੋਂ ਖੱਟਿਆ', 'ਸਤਿਗੁਰੂ ਨਾਨਕ ਤੇਰੀ ਲੀਲਾ ਨਿਆਰੀ ਐ', 'ਜੱਗ ਦਿਆ ਚਾਨਣਾ ਮੁੱਖ ਨਾ ਲੁਕਾ ਵੇ', 'ਨਾਮ ਸਾਂਈ ਦਾ ਬੋਲ', 'ਜਗਤੇ ਨੂੰ ਛੱਡ ਕੇ', 'ਚਿੱਟਾ ਹੋ ਗਿਆ ਲਹੂ ਭਰਾਵਾਂ', 'ਆਰ ਟਾਗਾਂ-ਪਾਰ ਟਾਗਾਂ', 'ਰਾਣੀ ਇੱਛਰਾਂ' ਆਦਿ। ਮਾਂ- ਬੋਲੀ ਦਾ ਹੀਰਾ ਗਾਇਕ ਲਾਲ ਚੰਦ ਯਮਲਾ ਜੱਟ 20 ਦਸੰਬਰ 1991 ਨੂੰ ਰੱਬ ਨੂੰ ਪਿਆਰਾ ਹੋ ਗਿਆ। ਭਾਵੇਂ ਇਹ ਯੁੱਗ ਗਾਇਕ ਅੱਜ ਸਾਡੇ ਵਿਚਕਾਰ ਤਾਂ ਨਹੀਂ ਰਿਹਾ ਪਰ ਇਨਾਂ ਦੀ ਪਿਆਰੀ ਵਜ਼ਨਦਾਰ ਲਿਖਤ (ਗੀਤਕਾਰੀ) ਤੇ ਮਿੱਠੜੀ ਆਵਾਜ਼ ਵਿਚ ਰਿਕਾਰਡ ਕਰਵਾਏ ਗੀਤ ਹਮੇਸ਼ਾ ਉਨਾਂ ਨੂੰ ਅਮਰ ਰੱਖਣਗੇ। ਉਨਾਂ ਦੀ ਜ਼ਿੰਦਗੀ ਤੇ ਗਾਇਕੀ ਤੋਂ ਅਜੋਕੇ ਗਾਇਕਾਂ ਤੇ ਗੀਤਕਾਰਾਂ ਨੂੰ ਵੀ ਸੇਧ ਲੈਣ ਦੀ ਲੋੜ ਹੈ।



# ਵੱਡੀ ਅਣਗਹਿਲੀ ...!



**ਮਾਸਟਰ ਸੰਜੀਵ ਧਰਮਾਣੀ**
9478561356

ਇੱਕ ਥਾਂ ਤੋਂ ਦੂਸਰੀ ਥਾਂ ਤੱਕ ਆਉਣ - ਜਾਣ ਲਈ ਮਨੁੱਖ ਦੁਆਰਾ ਕਈ ਸਾਧਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨਾਂ ਆਵਾਜਾਈ ਦੇ ਸਾਧਨਾਂ ਵਿਚੋਂ ਇੱਕ ਮੁੱਖ ਸਾਧਨ ਹੈ: ਮੋਟਰਸਾਈਕਲ ਜਾਂ ਸਕੂਟਰੀ।ਅਸੀਂ ਅਕਸਰ ਆਪਣੇ ਪਰਿਵਾਰਕ ਮੈਂਬਰਾਂ , ਰਿਸ਼ਤੇਦਾਰਾਂ ਤੇ ਜਾਣਕਾਰ ਵਿਅਕਤੀਆਂ ਨਾਲ ਮੋਟਰਸਾਈਕਲ 'ਤੇ ਸਫਰ ਕਰਦੇ ਹਾਂ ਅਤੇ ਰੋਜ਼ਾਨਾ ਜੀਵਨ ਦੇ ਕੰਮ-ਧੰਦੇ ਪੂਰੀ ਕਰਦੇ ਹਾਂ। ਇਸੇ ਤਰਾਂ ਸਾਡੀਆਂ ਮਾਤਾਵਾਂ, ਭੈਣਾਂ, ਧੀਆਂ ਵੀ ਮੋਟਰਸਾਈਕਲਾਂ 'ਤੇ ਸਫ਼ਰ ਕਰਦੀਆਂ ਹਨ, ਪ੍ਰੰਤੂ ਕਈ ਵਾਰ ਇਹ ਦੇਖਣ ਵਿੱਚ ਆਉਂਦਾ ਹੈ ਕਿ ਅਕਸਰ ਔਰਤਾਂ ਮੋਟਰਸਾਈਕਲ 'ਤੇ ਸਫਰ ਕਰਨ ਦੇ ਦੌਰਾਨ ਆਪਣੇ ਗਲ਼ ਵਿੱਚ ਪਾਈ ਹੋਈ ਚੁੰਨੀ ਜਾਂ ਦੁਪੱਟਾ ਆਦਿ ਗਲ਼ ਵਿੱਚ ਪਾ ਕੇ ਹੇਠਾਂ ਮੋਟਰਸਾਈਕਲ ਜਾਂ ਸਕੂਟਰੀ ਦੇ ਟਾਇਰਾਂ ਵੱਲ ਸੁੱਟ/ਕਰ ਰੱਖਦੀਆਂ ਹਨ ਜੋ ਕਿ ਬਹੁਤ ਵੱਡੀ ਭਿਆਨਕ ਜਾਨਲੇਵਾ ਅਣਗਹਿਲੀ ਹੈ। ਜਿਸ ਨਾਲ ਕਿ ਕਿਸੇ ਵੀ ਧੀ, ਭੈਣ, ਮਾਤਾ ਦੀ ਜਾਨ ਜਾ ਸਕਦੀ ਹੈ ਅਤੇ ਅਚਾਨਕ ਹੀ ਬਹੁਤ ਵੱਡੀ ਦੁਖਦਾਇਕ ਦੁਰਘਟਨਾ ਵਾਪਰ ਸਕਦੀ ਹੈ ਤੇ ਅਚਾਨਕ ਹੀ ਹੱਸਦੇ-ਵੱਸਦੇ ਘਰ ਉੱਜੜ ਜਾਂਦੇ ਹਨ। ਇਹ ਤਾਂ ਕੇਵਲ ਤੇ ਕੇਵਲ ਉਸ ਇਨਸਾਨ ਨੂੰ ਹੀ ਪਤਾ ਹੈ, ਜਿਸ ਵਿਚਾਰੇ ਨਾਲ ਜ਼ਰਾ ਜਿੰਨੀ ਵਾਪਰੀ ਅਣਗਹਿਲੀ ਸਦਕਾ ਪਰਿਵਾਰ ਦਾ ਮੈਂਬਰ ਅਕਾਲ ਮ੍ਰਿਤੂ ਦੇ ਮੂੰਹ ਵਿੱਚ ਚਲਾ ਜਾਂਦਾ ਹੈ। ਵੀਰਾਂ ਤੇ ਬਜ਼ੁਰਗਾਂ ਨੂੰ ਵੀ ਅਜਿਹੀ ਅਣਗਹਿਲੀ ਲਈ ਖ਼ੁਦ ਪ੍ਰਤੀ ਅਤੇ ਖ਼ਾਸ ਤੌਰ 'ਤੇ ਔਰਤਾਂ ਪ੍ਰਤੀ ਬਹੁਤ ਜ਼ਿਆਦਾ ਸੁਚੇਤ ਹੋਣਾ ਪੈਣਾ ਹੈ । ਇਸ ਦੇ ਨਾਲ ਹੀ ਸਾਨੂੰ ਆਪਣੇ ਮੋਟਰਸਾਈਕਲ/ਸਕੂਟਰੀ ਆਦਿ ਦਾ ਸਟੈਂਡ ਵੀ ਡਰਾਈਵਿੰਗ ਕਰਦੇ ਸਮੇਂ ਜ਼ਰੂਰ ਚੁੱਕ ਲੈਣਾ/ ਉੱਪਰ ਕਰ ਲੈਣਾ ਚਾਹੀਦਾ ਹੈ। ਇਨਾਂ ਦੋਵਾਂ ਨਿੱਕੀਆਂ, ਪਰ ਬਹੁਤ ਘਾਤਕ ਅਣਗਹਿਲੀਆਂ ਪ੍ਰਤੀ ਸਾਨੂੰ ਖੁਦ ਅਤੇ ਸੜਕ 'ਤੇ ਆ-ਜਾ ਰਹੇ ਹੋਰ ਦੂਸਰੇ ਲੋਕਾਂ ਪ੍ਰਤੀ ਵੀ ਧਿਆਨ ਦਿੰਦੇ ਰਹਿਣਾ ਚਾਹੀਦਾ ਹੈ। ਸ਼ਾਇਦ ਦੂਸਰਿਆਂ ਪ੍ਰਤੀ ਨਿਭਾਇਆ ਗਿਆ ਇਹ ਫ਼ਰਜ਼ ਬਹੁਤ ਵੱਡਾ ਪੁੰਨ ਹੀ ਹੈ।

'ਖ਼ੁਦ ਬਚੋ, ਪਰਿਵਾਰਕ ਮੈਂਬਰਾਂ ਨੂੰ ਤੇ ਦੂਸਰਿਆਂ ਨੂੰ ਵੀ ਬਚਾਓ,
ਸੜਕ ਸੁਰੱਖਿਆ ਦੇ ਨਿਯਮ ਅਪਣਾਓ,
ਮਾਨਵਤਾ ਦਾ ਧਰਮ ਨਿਭਾਓ।'






# ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਤੇ ਨੋਡਲ ਅਧਿਕਾਰੀ ਦੀ ਨਿਯੁਕਤੀ ਬਨਾਮ ਆਪ ਸਰਕਾਰ

**ਰਜਿੰਦਰ ਸਿੰਘ ਪੁਰੇਵਾਲ**

ਹੁਣੇ ਜਿਹੇ ਪੰਜਾਬ ਐੱਨਆਰਆਈ ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਸਰਕਾਰ ਨੇ ਪੰਜਾਬ ਦੇ ਸਾਰੇ 23 ਜ਼ਿਲਿਆਂ ਵਿੱਚ ਨੋਡਲ ਅਧਿਕਾਰੀ ਨਿਯੁਕਤ ਕਰਨ ਦਾ ਫ਼ੈਸਲਾ ਕੀਤਾ ਹੈ ਤਾਂ ਕਿ ਪਰਵਾਸੀ ਭਾਰਤੀਆਂ ਦੀ ਹਰ ਸੰਭਵ ਮਦਦ ਕੀਤੀ ਜਾ ਸਕੇ। ਉਨਾਂ ਅਨੁਸਾਰ ਅੰਮ੍ਰਿਤਸਰ, ਪਟਿਆਲਾ, ਲੁਧਿਆਣਾ ਤੇ ਬਠਿੰਡਾ ਜ਼ਿਲਿਆਂ ਵਿੱਚ ਵਿਸ਼ੇਸ਼ ਅਦਾਲਤਾਂ ਬਣਾਈਆਂ ਜਾਣਗੀਆਂ ਤਾਂ ਕਿ ਪਰਵਾਸੀ ਭਾਰਤੀਆਂ ਨਾਲ ਸਬੰਧਿਤ ਕੇਸਾਂ ਦਾ ਸਮੇਂ ਸਿਰ ਨਿਪਟਾਰਾ ਕੀਤਾ ਜਾ ਸਕੇ। ਯਾਦ ਰਹੇ ਕਿ ਹੁਣ ਤਕ ਕਿਸੇ ਵੀ ਸਰਕਾਰ ਨੇ ਸਧਾਰਨ ਪ੍ਰਵਾਸੀ ਪੰਜਾਬੀ ਦਾ ਕੁਝ ਨਹੀਂ ਸੰਵਾਰਿਆ।

ਪ੍ਰਵਾਸੀ ਪੰਜਾਬੀਆਂ ਦੇ ਮਸਲੇ ਬਹੁਤ ਵੱਡੇ ਹਨ। ਇਹ ਮਸਲੇ ਜਿੱਥੇ ਉਹਨਾਂ ਦੀ ਜਾਇਦਾਦ ਨਾਲ ਜੁੜੇ ਹੋਏ ਹਨ, ਉੱਥੇ ਉਹਨਾਂ ਦੀ ਭਾਰਤ ਫੇਰੀ ਦੌਰਾਨ ਉਹਨਾਂ ਨਾਲ ਹੁੰਦੇ ਵਿਵਹਾਰ, ਉਹਨਾ ਦੇ ਜੀਵਨ ਦੀ ਸੁਰੱਖਿਆ, ਉਹਨਾਂ ਵੱਲੋਂ ਉਦਯੋਗ ਜਾਂ ਵਿਆਪਾਰ ਵਿਚ ਲਗਾਏ ਗਏ ਜਾਂ ਜਾਣ ਵਾਲੇ ਧਨ ਨਾਲ ਜੁੜੇ ਹੋਏ ਹਨ ਤੇ ਉਹਨਾਂ ਦੇ ਬਚਿਆਂ ਦੇ ਭਵਿੱਖ ਨਾਲ ਵੀ ਜਿਹੜੇ ਭਾਰਤ ਦੀ ਭੈੜੀ ਸਿਆਸੀ, ਸਮਾਜਿਕ, ਆਰਥਿਕ ਸਥਿਤੀ ਕਾਰਨ ਦੇਸ਼ ਵਲ ਨੂੰ ਮੂੰਹ ਵੀ ਨਹੀਂ ਕਰਨਾ ਚਾਹੁੰਦੇ।

ਪਿਛਲੇ ਪੰਜਾਹ ਵਰਿਆਂ ਦੌਰਾਨ ਹਜ਼ਾਰਾਂ ਪੰਜਾਬੀਆਂ ਚੰਗੇਰੇ ਭਵਿੱਖ ਲਈ ਆਪਣਾ ਘਰ-ਬਾਰ ਛੱਡਿਆ ਹੈ। ਭਾਵੇਂ ਕਿ ਪੰਜਾਬੀਆਂ ਦੇ ਪ੍ਰਵਾਸ ਦੀ ਕਹਾਣੀ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਸ਼ੁਰੂ ਹੁੰਦੀ ਹੈ ਪਰ ਅਸਲ ਵਿਚ 1960 ਤੋਂ ਬਾਅਦ ਜ਼ਿਆਦਾ ਪੰਜਾਬੀਆਂ ਨੇ ਪੰਜਾਬੋਂ ਤੋਰੇ ਪਾਏ, ਆਪਣੇ ਪਿੱਛੇ ਰਹੇ ਪਰਿਵਾਰਾਂ ਦੀਆਂ ਤੰਗੀਆਂ-ਤੁਰਸ਼ੀਆਂ ਦੂਰ ਕਰਨ ਲਈ ਸਿਰਤੋੜ ਯਤਨ ਕੀਤੇ। ਪੰਜਾਬ ਵਿਚ ਜ਼ਮੀਨਾਂ-ਜਾਇਦਾਦਾਂ ਦੀ ਸਾਂਭ-ਸੰਭਾਲ ਉਹਨਾ ਦੇ ਜੀਅ ਦਾ ਜੰਜਾਲ ਬਣ ਗਈ। ਪਿੱਛੇ ਰਹੇ ਕੁਝ ਰਿਸ਼ਤੇਦਾਰਾਂ, ਕੁਝ ਦੋਸਤਾਂ-ਮਿੱਤਰਾਂ, ਸੰਗੀਆਂ-ਸਾਥੀਆਂ ਉਹਨਾ ਨਾਲ ਠੱਗੀਆਂ-ਠੋਰੀਆਂ ਕੀਤੀਆਂ। ਜਾਅਲੀ ਮੁਖ਼ਤਾਰਨਾਮੇ ਤਿਆਰ ਕਰਕੇ, ਜਾਅਲੀ ਬੰਦੇ ਖੜੇ ਕਰਕੇ ਉਹਨਾ ਦੀਆਂ ਜ਼ਮੀਨਾਂ-ਜਾਇਦਾਦਾਂ ਹਥਿਆ ਲਈਆਂ ਜਾਂ ਹਥਿਆਉਣ ਦਾ ਯਤਨ ਕੀਤਾ। ਇਹਨਾਂ ਮਸਲਿਆਂ ਸਬੰਧ ਸੈਂਕੜੇ ਨਹੀਂ ਹਜ਼ਾਰਾਂ ਕੇਸ ਪੁਲਿਸ, ਅਦਾਲਤਾਂ ਕੋਲ ਇਨਸਾਫ਼ ਦੀ ਉਡੀਕ ਵਿਚ ਵਰਿਆਂ ਤੋਂ ਪਏ ਹਨ। ਕਈ ਵੇਰ ਜਦੋਂ ਪ੍ਰਵਾਸੀ ਆਪਣੀਆਂ ਜਾਇਦਾਦਾਂ ਦੀ ਦੇਖ-ਭਾਲ, ਸੰਭਾਲ ਜਾਂ ਕੇਸਾਂ ਸਬੰਧੀ ਜਾਣਕਾਰੀ ਲਈ ਦੇਸ਼ ਪਰਤਦੇ ਹਨ ਤਾਂ ਭੂ-ਮਾਫੀਏ ਨਾਲ ਜੁੜੇ ਲੋਕ ਉਹਨਾ ਨੂੰ ਡਰਾ ਕੇ, ਧਮਕਾ ਕੇ, ਉਹਨਾ ਨਾਲ ਜ਼ਮੀਨੀ ਸੌਦੇ ਕਰਦੇ ਹਨ। ਕਾਨੂੰਨ ਤੋਂ ਉਲਟ ਜਾਕੇ, ਪ੍ਰਵਾਸੀਆਂ ਨੂੰ ਬਿਨਾਂ ਦੱਸੇ ਉਹਨਾ ਤੋਂ ਅਸ਼ਟਾਮਾਂ ਜਾਂ ਹੋਰ ਕਾਗਜ਼ਾਂ ਉੱਤੇ ਦਸਤਖ਼ਤ ਕਰਵਾ ਕੇ ਸਰਕਾਰੀ ਮਿਲੀ ਭੁਗਤ ਨਾਲ ਉਹਨਾ ਦੀ ਕਰੋੜਾਂ ਜਾਇਦਾਦ ਕੌਡੀਆਂ ਦੇ ਭਾਅ ਲੁੱਟ ਲੈਂਦੇ ਹਨ।

ਐਨ.ਆਰ.ਆਈ. ਥਾਣਿਆਂ ਤੇ ਐਨ.ਆਰ.ਆਈ. ਅਦਾਲਤਾਂ ਦੀ ਕਾਰਗੁਜ਼ਾਰੀ ਕਦੇ ਵੀ ਸੰਤੋਖਜਨਕ ਨਹੀਂ ਰਹੀਂ ।ਇਸ ਵੇਲੇ ਦੇਸ਼ ਦੇ ਬਾਕੀ ਹਿੱਸਿਆਂ ਨਾਲੋਂ ਵਧ ਪੰਜਾਬ ਦੇ ਲੋਕ ਪ੍ਰਵਾਸ ਦੇ ਰਾਹ ਪਏ ਹੋਏ ਹਨ। ਪੰਜਾਬੀ ਵਿਦਿਆਰਥੀ ਧੜਾ ਧੜ ਪੜਾਈ ਕਰਨ ਅਤੇ ਉੱਥੇ ਪੱਕੀ ਰਿਹਾਇਸ਼ ਕਰਨ ਲਈ ਤਤਪਰ ਹਨ ਅਤੇ ਨਿੱਤ ਪੰਜਾਬ ਛੱਡ ਰਹੇ ਹਨ। ਉਹਨਾਂ ਨੂੰ ਪੰਜਾਬ ਆਪਣਿਆਂ ਲਈ ਸੁਰੱਖਿਅਤ ਨਹੀਂ ਦਿਸਦਾ। ਪਰ ਇਸ ਸਭ ਕੁਝ ਦੇ ਬਾਵਜੂਦ ਉਹ ਆਪਣੀ ਜਨਮ ਭੂਮੀ, ਪੰਜਾਬ ਦੀ ਨਸ਼ਿਆਂ, ਬੇਰੁਜ਼ਗਾਰੀ, ਹਫੜਾ-ਦਫੜੀ ਨਾਲ ਮਾਰੀ, ਨਸ਼ਾ-ਭੂ ਮਾਫੀਆ, ਅਫ਼ਸਰਸ਼ਾਹੀ ਅਤੇ ਸਿਆਸੀ ਲੋਕਾਂ ਦੀ ਤਿੱਕੜੀ ਦੀ ਜਕੜ ਵਿਚ ਆਈ ਪੰਜਾਬ ਦੀ ਧਰਤੀ ਉੱਤੇ ਪੈਰ ਰੱਖਣੋਂ ਆਕੀ ਹਨ। ਦੇਸ਼ ਦੀ ਕੇਂਦਰੀ ਸਰਕਾਰ ਕਹਿਣ ਨੂੰ ਤਾਂ ਉਹਨਾ ਲਈ ਅੰਮ੍ਰਿਤਸਰ, ਚੰਡੀਗੜ 'ਚ ਅੰਤਰਰਾਸ਼ਟਰੀ ਹਵਾਈ ਅੱਡੇ ਬਣਾਉਣ ਦਾ ਦਮ ਭਰਦੀ ਹੈ, ਪਰ ਇਹਨਾ ਹਵਾਈ ਅੱਡਿਆਂ ਉੱਤੋਂ ਅੰਤਰਰਾਸ਼ਟਰੀ ਉਡਾਣਾਂ ਭਰਨ ਦੀ ਆਗਿਆ ਨਹੀਂ ਦਿੰਦੀ ਅਤੇ ਉਹਨਾ ਨੂੰ ਆਪਣੇ ਪਿੰਡ, ਆਪਣੇ ਸ਼ਹਿਰ ਪੁੱਜਣ ਲਈ 24 ਘਟੇ ਤੋਂ 36 ਤਕ ਬੇ-ਘਰੇ ਹੋ ਕੇ, ਪਹਿਲਾ ਹਵਾ ਵਿਚ ਫਿਰ ਦਿਲੀ ਤੋਂ ਘਰ ਵਾਲੀਆਂ ਆਉਂਦੀਆਂ ਘਟੀਆ ਸੜਕਾਂ ਤੇ ਹੀ ਨਹੀਂ ਲਟਕਣਾ ਪੈਂਦਾ, ਸਗੋਂ ਦਿਲੀ ਹਵਾਈ ਅੱਡੇ ਉੱਤੇ ਕੁਰਖ਼ਤ ਬੋਲਾਂ, ਸ਼ੱਕੀ ਨਜ਼ਰਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ।

ਉਹ ਜਦੋਂ ਪੰਜਾਬ ਵਿਚ ਆਪਣਾ ਉਦਯੋਗ ਖੋਲਦੇ ਹਨ, ਕਾਰੋਬਾਰ ਕਰਨਾ ਚਾਹੁੰਦੇ ਹਨ, ਉਹ ਇੱਥੇ ਹੁੰਦੇ ਵਿਵਹਾਰ ਅਤੇ ਇੰਸਪੈਕਟਰੀ ਰਾਜ ਦੀਆਂ ਜ਼ਿਆਦਤੀਆਂ ਤੋਂ ਤੰਗ ਆਕੇ ਆਪਣੇ ਕੰਮ, ਆਪਣੇ ਕਾਰੋਬਾਰ ਸਮੇਟ ਮੁੜ ਪ੍ਰਵਾਸ ਹੰਢਾਉਣ ਲਈ ਹੋ ਤੁਰਦੇ ਹਨ। ਮੁਹਾਲੀ, ਜਲੰਧਰ, ਲੁਧਿਆਣਾ ਵਰਗੇ ਸ਼ਹਿਰਾਂ 'ਚ ਉਦਯੋਗ ਚਲਾਉਣ ਲਈ ਕਈ ਪ੍ਰਵਾਸੀ ਪੰਜਾਬੀਆਂ ਹੱਥ ਅਜ਼ਮਾਏ, ਪਰ ਸਰਕਾਰੀ ਸੁਸਤੀ ਅਤੇ ਉਦਾਸੀਨਤਾ ਦਾ ਸ਼ਿਕਾਰ ਹੋ ਕਰੋੜਾਂ ਰੁਪਏ ਗੁਆ ਬੈਠੇ।ਕੀ ਆਪ ਸਰਕਾਰ ਕੋਲ ਇਸ ਦਾ ਹਲ ਹੈ।

# ਇਨਸਾਫ਼ ਉਡੀਕਦਿਆਂ ਉਮਰਾਂ ਮੁੱਕੀਆਂ

**ਸੱਤਪਾਲ ਸਿੰਘ ਦਿਓਲ ਐਡਵੋਕੇਟ**
ਮੋ. 9878170771

ਬੇਹੱਦ ਸਿੱਧੇ ਸੁਭਾਅ ਦੀ ਔਰਤ ਕਰੀਬ ਦੱਸ ਸਾਲ ਪਹਿਲਾਂ ਖ਼ਰਚੇ ਗੁਜ਼ਾਰੇ ਦੇ ਕੇਸ ਵਿੱਚ ਮੇਰੇ ਕੋਲ ਸਹਾਇਤਾ ਲੈਣ ਲਈ ਆਈ ਸੀ।ਅਦਾਲਤ ਨੇ ਉਸ ਨੂੰ ਅਤੇ ਉਸ ਦੀ ਨਾਬਾਲਗ਼ ਬੱਚੀ ਨੂੰ ਮਹੀਨਾਵਾਰ ਖ਼ਰਚਾ ਗੁਜ਼ਾਰਾ ਅਦਾ ਕਰਨ ਲਈ ਉਸ ਦੇ ਪਤੀ ਨੂੰ ਆਦੇਸ਼ ਦਿੱਤਾ ਹੋਇਆ ਸੀ।ਮੈਂ ਸਿਰਫ ਤਹਿ ਹੋਏ ਖ਼ਰਚੇ ਗੁਜ਼ਾਰੇ ਦੀ ਵਸੂਲੀ ਵਾਸਤੇ ਇਜ਼ਰਾਏ ਹੀ ਦਾਇਰ ਕਰਨੀ ਸੀ।ਉਹ ਔਰਤ ਬਹੁਤ ਉਮੀਦਾਂ ਲੈ ਕੇ ਮੇਰੇ ਕੋਲ ਆਈ ਸੀ।ਉਸ ਦੀ ਬੱਚੀ ਸਕੂਲ ਵਿੱਚ ਪੜ ਰਹੀ ਸੀ ਜਿਸ ਕਾਰਨ ਉਸ ਦਾ ਖ਼ਰਚਾ ਵੱਧ ਗਿਆ ਸੀ ਪਰ ਅਦਾਲਤ ਦਾ ਹੁਕਮ ਪੁਰਾਣਾ ਹੋ ਚੁੱਕਾ ਸੀ ਜਿਸ ਨਾਲ ਉਸ ਦਾ ਗੁਜ਼ਾਰਾ ਮੁਸ਼ਕਲ ਸੀ।ਉਸ ਦੇ ਪਤੀ ਕੋਲ ਖੇਤੀਯੋਗ ਜ਼ਮੀਨ ਸੀ ਇਸ ਲਈ ਉਹ ਰਾਜਸਥਾਨ ਵਿਚ ਖੇਤੀ ਕਰਦਾ ਸੀ। ਚਲਦੇ ਕੇਸ ਦੌਰਾਨ ਹੀ ਉਸ ਨੇ ਬਗੈਰ ਤਲਾਕ ਲਏ ਦੂਸਰਾ ਵਿਆਹ ਕਰਾ ਲਿਆ ਸੀ।ਪਰ ਸਹੀ ਸਮੇ ਤੇ ਉਹ ਸਹੀ ਕਾਨੂੰਨੀ ਸਹਾਇਤਾ ਨਾਂ ਲੈ ਸਕਣ ਕਾਰਨ ਯੋਗ ਅਪਰਾਧਿਕ ਕਾਨੂਨੀ ਧਾਰਾਵਾਂ ਦਾ ਲਾਭ ਨਹੀਂ ਲੈ ਸਕੀ।ਮੇਰੇ ਤੱਕ ਪਹੁੰਚਣ ਤੋਂ ਪਹਿਲਾਂ ਉਹ ਆਪਣੇ ਪਤੀ ਵੱਲੋਂ ਕੀਤੇ ਸਾਰੇ ਅਪਰਾਧਿਕ ਕੰਮਾਂ ਦੀ ਮਿਆਦ ਲੰਘਾ ਚੁੱਕੀ ਸੀ।ਉਸ ਦੇ ਪਤੀ ਦੇ ਦੂਸਰੀ ਪਤਨੀ ਤੋਂ ਹੋਏ ਬੱਚੇ ਵੀ ਜਵਾਨ ਹੋ ਰਹੇ ਸਨ।

ਬੜੀ ਦਰਦ ਭਰੀ ਕਹਾਣੀ ਸੀ ਉਸ ਦੇ ਇਨਸਾਫ਼ ਤੋਂ ਵਾਂਝੇ ਰਹਿਣ ਦੀ। ਉਸ ਦਾ ਵਿਸ਼ਵਾਸ ਸਾਰੀ ਵਿਵਸਥਾ ਤੋਂ ਉੱਠ ਚੁੱਕਾ ਸੀ ਕਦੇ ਕਦੇ ਉਸ ਨੂੰ ਮੁਕੱਦਮੇਬਾਜ਼ੀ ਵਿੱਚ ਪੈਣ ਦਾ ਬਹੁਤ ਅਫ਼ਸੋਸ ਹੁੰਦਾ। ਉਸ ਦਾ ਪਤੀ ਸ਼ਰਾਬ ਪੀ ਕੇ ਉਸ ਦੀ ਕੁੱਟ-ਮਾਰ ਕਰਦਾ।ਉਹ ਕਿੰਨਾ ਜਾਲਮ ਹੋਵੇਗਾ ਉਸ ਦਾ ਅੰਦਾਜ਼ਾ ਉਸ ਦੀਆਂ ਬਾਂਹਾਂ ਲੱਤਾਂ 'ਤੇ ਪਏ ਜ਼ਖ਼ਮਾਂ ਦੇ ਨਿਸ਼ਾਨਾਂ ਤੋਂ ਨਜ਼ਰ ਆਉਂਦਾ ਸੀ।ਆਪਣੇ ਪੇਕਿਆਂ ਦੇ ਘਰ ਮਜਦੂਰੀ ਕਰਕੇ ਉਸ ਨੇ ਸਿਰਫ ਇੱਕ ਦੱਸ ਫੁੱਟ ਚੌੜਾ ਤੇ ਪੰਦਰਾਂ ਫੁੱਟ ਲੰਬਾ ਕਮਰਾ ਬਣਾਇਆ ਸੀ ਜੋ ਉਸ ਦੀ ਬੇਟੀ ਤੇ ਉਸ ਦੀ ਸਾਰੀ ਉਮਰ ਦੀ ਜਾਇਦਾਦ ਸੀ।ਉਸ



ਕਲਮਾਂ ਦੇ ਜਜ਼ਬਾਤ

ਦਾ ਪਤੀ ਵਧੀਆ ਜ਼ਮੀਨ ਦਾ ਮਾਲਕ ਸੀ ਅਤੇ ਚੰਗੀ ਜ਼ਿੰਦਗੀ ਆਪਣੀ ਦੂਸਰੀ ਪਤਨੀ ਨਾਲ ਗੁਜ਼ਾਰ ਰਿਹਾ ਸੀ।ਕਾਨੂੰਨ ਵਿੱਚ ਇਹ ਵਿਵਸਥਾ ਹੈ ਕਿ ਪਤਨੀ ਨੂੰ ਪਤੀ ਦੁਆਰਾ ਆਪਣੀ ਹੈਸੀਅਤ ਮੁਤਾਬਕ ਗੁਜ਼ਾਰਾ ਕਰਾਉਣ ਲਈ ਪਾਬੰਦ ਹੋਣਾ ਪਵੇਗਾ। ਕਿਤਾਬਾਂ ਵਿੱਚ ਇਹ ਲਿਖੇ ਹੋਏ ਸ਼ਬਦ ਪੜਨ ਕਹਿਣ ਤੇ ਸੁਣਨ ਲਈ ਕਿੰਨੇ ਚੰਗੇ ਜਾਪਦੇ ਹਨ। ਪਰ ਹਕੀਕਤ ਕੁਝ ਹੋਰ ਹੀ ਹੈ। ਅਮਲ ਰੂਪ ਵਿੱਚ ਇਹਨਾਂ ਕਾਨੂੰਨਾਂ ਦਾ ਲਾਭ ਲੈਣਾ ਪਾਰਸ ਦਾ ਪੱਥਰ ਲੱਭਣ ਦੀ ਨਿਆਈਂ ਹੈ। ਕਈ ਵਾਰ ਉਹ ਨਿਰਾਸ ਹੋ ਕੇ ਕਹਿਣ ਲੱਗਦੀ ਕਿ ਲੋਕ ਉਸ ਦੇ ਚਰਿੱਤਰ ਨੂੰ ਮਾੜਾ ਕਹਿ ਰਹੇ ਹਨ।ਪਰ ਮੈਂ ਅਕਸਰ ਅਦਾਲਤ ਵੱਲ ਜਾਂਦਿਆਂ ਕਈ ਵਾਰ ਰਸਤੇ ਵਿਚ ਪੈਂਦੇ ਖੇਤਾਂ ਵਿੱਚ ਮਜ਼ਦੂਰੀ ਕਰਦਿਆਂ ਤੇ ਸਖ਼ਤ ਮਿਹਨਤ ਕਰਦਿਆਂ ਦੇਖਦਾ। ਉਹ ਕਈ ਵਾਰ ਮੁਕੱਦਮੇਬਾਜ਼ੀ ਤੋਂ ਅੱਕ ਕੇ ਮੈਨੂੰ ਆਖ ਵੀ ਦਿੰਦੀ ਕਿ 'ਇਹਦੇ ਨਾਲ਼ੋਂ ਤਾਂ ਮੈ ਸਹੁਰੇ ਘਰ ਦਾ ਜ਼ੁਲਮ ਹੀ ਸ਼ਹਿ ਲੈਂਦੀ ਵੱਧ ਤੋਂ ਵੱਧ ਮੈਨੂੰ ਕੁੱਟ-ਮਾਰ ਕਰਕੇ ਮਾਰ ਹੀ ਦਿੰਦੇ'।ਇਹ ਗੱਲਾਂ ਸੁਣ ਕੇ ਸਾਰੀ ਨਿਆਂ ਵਿਵਸਥਾ ਤੇ ਕਾਨੂੰਨ ਲਾਗੂ ਕਰਨ ਵਾਲੀਆਂ ਸੰਸਥਾਵਾਂ ਤੇ ਬਹੁਤ ਅਫ਼ਸੋਸ ਹੁੰਦਾ। ਇਸਦੇ ਨਾਲ ਹੀ ਆਪਣੇ ਆਪ ਤੇ ਵੀ ਅਫ਼ਸੋਸ ਹੁੰਦਾ ਕਿਉਂ ਜੋ ਮੈਂ ਵੀ ਇਸੇ ਵਿਵਸਥਾ ਦਾ ਇੱਕ ਛੋਟਾ ਜਿਹਾ ਹਿੱਸਾ ਹਾਂ।

ਬਹੁਤ ਕੋਸ਼ਿਸ਼ ਕਰਨ ਤੇ ਉਸ ਦਾ ਖ਼ਰਚਾ ਗੁਜ਼ਾਰਾ ਵਧਾਉਣ ਵਿੱਚ ਅਸੀਂ ਕਾਮਯਾਬ ਹੋ ਗਏ ਪਰ ਗੱਲ ਫਿਰ ਵਸੂਲੀ ਆ ਕੇ ਅਟਕ ਜਾਂਦੀ।ਉਸ ਔਰਤ ਲਈ ਖ਼ਰਚਾ ਗੁਜ਼ਾਰਾ ਕਿੰਨਾ ਜ਼ਰੂਰੀ ਸੀ ਉਸ ਬਾਰੇ ਉਸ ਦੇ ਘਰੇਲੂ ਹਾਲਾਤਾਂ ਤੋਂ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਸੀ। ਬੜੀ ਉਮੀਦ ਲੈ ਕੇ ਉਹ ਖ਼ਰਚਾ ਹਾਸਲ ਕਰਨ ਲਈ ਉਹ ਕਚਹਿਰੀ ਅਹਾਤੇ ਵਿੱਚ ਆਉਂਦੀ। ਪਰ ਉਸ ਦਾ ਪਤੀ ਕਈ ਵਾਰ ਟਾਲ ਜਾਂਦਾ ਕਈ ਵਾਰ ਉਹ ਵਾਰ ਵਾਰ ਸੰਮਨ ਜਾਣ ਤੇ ਜਾਣ ਬੁੱਝ ਕੇ ਵੀ ਪੇਸ਼ ਨਾਂ ਹੁੰਦਾ। ਵਰੰਟ ਜਾਰੀ ਹੋਣ ਤੇ ਵੀ ਉਹ ਖ਼ਰਚਾ ਥੋੜਾ ਥੋੜਾ ਕਰਕੇ ਦਿੰਦਾ। ਕਈ ਵਾਰ ਉਹ ਵਰੰਟ ਤਾਮੀਲ ਕਰਨ ਵਾਲੇ ਅਧਿਕਾਰੀਆਂ ਨਾਲ ਗੰਢ ਤੁੱਪ ਕਰਕੇ ਕਈ ਕਈ ਮਹੀਨੇ ਅਦਾਲਤ ਵਿੱਚ ਹਾਜ਼ਰ ਹੀ ਨਾਂ ਹੁੰਦਾ। ਅਦਾਲਤ ਵਿੱਚ ਅਸੀਂ ਕਈ ਵਾਰ ਉਸ ਦੇ ਹਾਲਾਤ ਬਿਆਨ ਕਰਦੇ ਹਮੇਸ਼ਾ ਉਹ ਅਦਾਲਤ ਦੇ ਦਬਕੇ ਤੋਂ ਡਰਦਾ ਖ਼ਰਚਾ ਅਦਾ ਕਰਦਾ। ਆਪ ਉਹ ਵਧੀਆ ਜ਼ਿੰਦਗੀ ਬਤੀਤ ਕਰਦਾ। ਵੀਹ ਸਾਲ ਤੱਕ ਉਸ ਦੇ ਕੇਸ ਦੀ ਪੈਰਵੀ ਮੇਰੇ ਸਮੇਤ ਕਈ ਵਕੀਲਾਂ ਨੇ ਕੀਤੀ। ਇਸ ਸਮੇਂ ਦੌਰਾਨ ਬਹੁਤ ਕੁਝ ਬਦਲਿਆ ਉਸ ਦੇ ਪਤੀ ਨੇ ਦੂਜੇ ਵਿਆਹ ਵਾਲੇ ਬੱਚੇ ਵੀ ਵਿਆਹ ਲਏ।ਪਰ ਉਸ ਨੂੰ ਆਪਣੀ ਬੇਟੀ ਦੇ ਵਿਆਹ ਦਾ ਝੋਰਾ ਹਮੇਸ਼ਾ ਲੱਗਾ ਰਹਿੰਦਾ। ਫਿਰ ਵੀ ਉਹ ਸਖ਼ਤ ਜਾਨ ਔਰਤ ਸਖ਼ਤ ਮਿਹਨਤ ਕਰਦੀ ਨਜ਼ਰ ਆਉਂਦੀ। ਇੱਕ ਦਿਨ ਪਤਾ ਲੱਗਾ ਕਿ ਉਸ ਦੇ ਪਤੀ ਦੀ ਮੌਤ ਦਿਲ ਦਾ ਦੌਰਾ ਪੈਣ ਨਾਲ ਹੋ ਚੁੱਕੀ ਹੈ। ਬਹੁਤ ਮੁਸ਼ਕਲ ਨਾਲ ਉਸ ਨੂੰ ਸਮਝਾਇਆ ਕਿ ਹੁਣ ਖ਼ਰਚਾ ਗੁਜ਼ਾਰਾ ਉਸ ਨੂੰ ਨਹੀਂ ਮਿਲ ਸਕਦਾ। ਉਹ ਬਹੁਤ ਨਿਰਾਸ ਹੋ ਕੇ ਅਦਾਲਤ ਵਿੱਚੋਂ ਗਈ। ਹੁਣ ਵੀ ਕਦੇ ਕਦੇ ਮੇਰੇ ਅਦਾਲਤ ਜਾਣ ਦੇ ਰਸਤੇ ਵਿੱਚ ਉਹ ਬੁਢਾਪੇ ਦੀ ਉਮਰ ਵਿੱਚ ਮਨਰੇਗਾ ਸਕੀਮ ਅਧੀਨ ਕੰਮ ਕਰਦੀ ਨਜ਼ਰ ਪੈਂਦੀ ਹੈ। ਆਪਣੀ ਪੱਚੀ ਸਾਲ ਦੀ ਉਮਰ ਵਿੱਚ ਉਹ ਇਨਸਾਫ਼ ਲੈਣ ਤੁਰ ਪਈ ਸੀ ਪੰਜਾਹ ਸਾਲ ਦੀ ਉਮਰ ਤੱਕ ਇਨਸਾਫ਼ ਅਤੇ ਹਕੀਕਤ ਦੇ ਵਿਚਕਾਰਲੀ ਕੰਧ ਵਿੱਚ ਟੱਕਰਾਂ ਮਾਰਦੀ ਰਹੀ ਪਰ ਇਨਸਾਫ਼ ਹਾਸਲ ਕਰਨ ਲਈ ਉਹ ਮੇਰੇ ਸਾਹਮਣੇ ਹੀ ਸੱਠ ਸਾਲ ਤੱਕ ਦੀ ਉਮਰ ਪਾਰ ਕਰ ਚੁੱਕੀ ਹੈ। ਉਸ ਔਰਤ 'ਤੇ ਨਜ਼ਰ ਪੈਂਦਿਆਂ ਹਮੇਸ਼ਾ ਉਸ ਔਰਤ ਨਾਲ ਹੋਈ ਬੇਇਨਸਾਫ਼ੀ ਉਸ ਦੇ ਨਾਲ ਖੜੀ ਹੀ ਨਜ਼ਰ ਪੈਂਦੀ ਹੈ। ਇਹ ਕਹਾਣੀ ਉਸ ਇਕੱਲੀ ਦੀ ਨਹੀਂ ਅਦਾਲਤਾਂ ਦੇ ਚੱਕਰ ਕੱਟਦੀਆਂ ਬਹੁਤ ਸਾਰੀਆਂ ਔਰਤਾਂ ਦੀ ਹੈ।ਬਹੁਤ ਸਾਰੇ ਨਵੇਂ ਕਾਨੂੰਨ ਬਣ ਕੇ ਹੋਂਦ ਵਿੱਚ ਆ ਚੁੱਕੇ ਹਨ ਜਿਨਾਂ ਦਾ ਕੋਈ ਬਹੁਤਾ ਅਸਰ ਨਹੀਂ ਹੈ ਪਰ ਇਸ ਵਿਵਸਥਾ ਵਿੱਚ ਸੁਧਾਰ ਕਰਨ ਲਈ ਆਗੂ ਹੱਥ ਪਤਾ ਨਹੀਂ ਕਦੋਂ ਗੂੜੀ ਨੀਂਦ ਵਿੱਚੋਂ ਜਾਗ ਕੇ ਇਨਾਂ ਔਰਤਾਂ ਦਾ ਸਹਾਰਾ ਬਣਨਗੇ।

# ਉਲਟੇ ਪਾਣੀ ਤਰਨ ਦਾ ਹੌਂਸਲਾ

**ਹਰਪ੍ਰੀਤ ਸਿੰਘ ਜਵੰਦਾ**

'ਮੋਹ ਮਾਇਆ ਐਂਡ ਮਨੀ', ਸੰਨ ਸੋਲਾਂ ਵਿਚ ਬਣੀ ਹਿੰਦੀ ਫਿਲਮ, ਕਮਾਲ ਦੀ ਸਟੋਰੀ ਲਾਈਨ, ਇੱਕ ਐਸੀ ਸੋਚ ਅਤੇ ਵਿਚਾਰਧਾਰਾ ਦੀ ਗੱਲ..ਜਿਹੜੀ ਲੋਭ ਮੋਹ ਦੇ ਘੋੜੇ 'ਤੇ ਚੜੀ, ਨਾਇਕ ਰਣਬੀਰ ਸ਼ੋਰੀ ਨੂੰ ਹਰ ਵੇਲੇ ਮਿਡਲ ਕਲਾਸ ਵਿਚੋਂ ਅਮੀਰ ਕਲੱਬ ਵਿਚ ਜਾਣ ਲਈ ਕਿਸੇ ਵੀ ਹੱਦ ਤੱਕ ਤੁਰ ਜਾਣ ਲਈ ਪ੍ਰੇਰਦੀ।

ਪ੍ਰੋਪਰਟੀ ਡੀਲਰ ਦਾ ਧੰਦਾ, ਨਿੱਕੀਆਂ ਮੋਟੀਆਂ ਹੇਰਾ-ਫੇਰੀਆਂ ਕਰਦਾ ਇੱਕ ਦਿਨ ਇੱਕ ਐਸੇ ਚੱਕਰ ਵਿਚ ਜਾ ਫਸਦਾ ਕਿ ਪਰਿਵਾਰ ਘਰ ਬਾਰ ਨੌਕਰੀ ਇੱਜਤ ਸੁਖ ਚੈਨ ਸਭ ਕੁਝ ਗਵਾਚ ਜਾਂਦਾ। ਅਖੀਰ ਝੂਠਾ ਇੰਸ਼ੋਰੈਂਸ ਕਲੇਮ ਲਈ ਆਪਣੇ ਆਪ ਨੂੰ ਮਰਿਆ ਸਾਬਤ ਕਰਨ ਲਈ ਇੱਕ ਕਤਲ ਵੀ ਕਰ ਦਿੰਦਾ, ਇਨਸਾਨ ਦਾ ਮਨ ਸ਼ੈਤਾਨ ਦੀ ਫੈਕਟਰੀ ਕਿੱਦਾਂ ਬਣ ਜਾਂਦੀ, ਇੱਥੇ ਵਿਖਾਇਆ।

ਇੱਕ ਝੂਠ ਮਗਰੋਂ ਦੂਜਾ ਫੇਰ ਤੀਜਾ,,ਧੋਖਿਆਂ ਦੀ ਨਾ ਮੁੱਕਣ ਵਾਲੀ ਲੜੀ, ਦੌੜ, ਲਾਲਸਾ, ਖਿੱਚ, ਚਕਾਚੌਂਦ, ਰੋਸ਼ਨੀ, ਲਾਪ੍ਰਵਾਹੀ, ਹੋਰ ਬਣਾ ਲੈਣ ਦੀ ਵਾਹੋਦਾਹੀ..।

ਇੰਝ ਦੇ ਕਿੰਨੇ ਅਸਲੀ ਪਾਤਰ ਖੁਦ ਅੱਖੀਂ ਵੇਖੇ, ਬੇਸ਼ੁਮਾਰ ਦੌਲਤ ਵੀ ਕਮਾਈ, ਲੋਕਾਂ ਨੂੰ ਵਕਤੀ ਤੌਰ ਤੇ ਪ੍ਰਭਾਵਿਤ ਵੀ ਕੀਤਾ ਪਰ ਛੇਤੀ ਹੀ ਕਿਸੇ ਗਲਤ ਫੈਸਲੇ ਕਾਰਨ ਦੀਵਾ ਬੁਝ ਗਿਆ, ਮੁੜ ਸਦੀਵੀ ਹਨੇਰਾ..।

ਕਈਆਂ ਲਾਲਚ ਵੱਸ ਆਪਣੀ ਔਲਾਦ ਦੇ ਗਲਤ ਥਾਂ ਰਿਸ਼ਤੇ ਵੀ ਕਰਵਾ ਦਿੱਤੇ, ਜਮੀਨ ਆਵੇਗੀ, ਪੈਸਾ ਆਵੇਗਾ, ਪਰ ਸਰੀਰਾਂ ਤੋਂ ਪਹਿਲੋਂ ਦਿਲਾਂ ਦੇ ਮੇਲੇ ਨਹੀਂ ਕਰਵਾਏ, ਉਹ ਇੱਕ ਦੂਜੇ ਸੰਗ ਚਲੇ ਤਾਂ ਜਰੂਰ ਪਰ ਰੇਲ ਪਟੜੀਆਂ ਵਾਂਙ ਕਦੀ ਨਾ ਮਿਲ ਸਕੇ, ਕਈਆਂ ਚਕਾਚੌਂਦ ਵਾਲਾ ਤਾਜ ਪਹਿਨ ਬਾਕੀ ਦੁਨੀਆ ਨੂੰ ਇਹ ਅਹਿਸਾਸ ਕਰਵਾਇਆ ਕਿ ਤੁਸੀਂ ਛੋਟੇ ਹੋ, ਘਟੀਆ ਹੋ, ਨਖਿੱਦ ਹੋ, ਪਰ ਥੋੜ-ਚਿਰੀ ਬੱਲੇ-ਬੱਲੇ ਮਗਰੋਂ ਐਸੇ ਗਵਾਚੇ ਕੇ ਨਾਮੋ ਨਿਸ਼ਾਨ ਹੀ ਮਿੱਟ ਗਿਆ..।

ਆਪਣੀ ਜਵਾਨ ਹੁੰਦੀ ਔਲਾਦ ਨੂੰ ਇੱਕ ਹੋਰ ਫਿਲਮ ਜਰੂਰ ਵਿਖਾਓ, 'ਰਾਕਟ ਸਿੰਘ-ਸੇਲਜ਼ ਮੈਨ ਆਫ ਦਾ ਈਯਰ'

ਮੁੱਖ ਪਾਤਰ ਹਰਪ੍ਰੀਤ ਸਿੰਘ ਬੇਦੀ, ਯਾਨੀ ਰਣਬੀਰ ਕਪੂਰ ਕਿਹੜੇ ਕਿਹੜੇ ਸੂਈ ਦੇ ਨੱਕਿਆਂ ਵਿਚੋਂ ਨਿੱਕਲਦਾ।



ਹਰਫਾਂ ਦੇ ਨੂਰ

ਅਧਿਆਪਕ ਲਾਈਨ ਵਾਲੇ ਅਤੇ ਹਮੇਸ਼ਾ ਆਪਣੀ ਔਲਾਦ ਨੂੰ ਕਿਸੇ ਨਾ ਕਿਸੇ ਗੱਲੋਂ ਕੋਸਦੇ ਹੀ ਰਹਿੰਦੇ 'ਤਾਰੇ ਜਮੀਨ ਪੇ' ਫਿਲਮ ਜਰੂਰ ਵੇਖਣ..।

ਮਾੜਾ ਭ੍ਰਿਸ਼ਟ ਸਿਸਟਮ ਨੌਜੁਆਨੀ ਦੇ ਮਨ ਤੇ ਕਿੱਦਾਂ ਅਸਰ ਅੰਦਾਜ ਹੁੰਦਾ ਅਤੇ ਉਹ ਹਥਿਆਰ ਚੁੱਕਣ ਲਈ ਕਿੱਦਾਂ ਮਜਬੂਰ ਹੁੰਦੀ, ਇਹ ਵੇਖਣਾ ਏ ਤਾਂ 'ਰੰਗ ਦੇ ਬਸੰਤੀ' ਨਾਮ ਦੀ ਫਿਲਮ ਵੇਖਣ ਦੀ ਸਿਫਾਰਿਸ਼ ਕਰਾਂਗਾ..।

ਕਸ਼ਮੀਰ ਫਾਈਲ ਦੇ ਇੱਕ ਪਾਸੜ ਮਾਹੌਲ ਵਿੱਚ ਇਰਫ਼ਾਨ ਖ਼ਾਨ ਅਤੇ ਸ਼ਾਹਿਦ ਕਪੂਰ ਦੀ 'ਹੈਦਰ' ਜਰੂਰ ਵੇਖੋ, ਕਸ਼ਮੀਰ ਦੀ ਅਸਲ ਦੁਖਦੀ ਰਗ ਕੀ ਹੈ ਝੂਠੇ ਮੁਕਾਬਲੇ ਅਤੇ ਅਸਲੀ ਮੁਕਾਬਲੇ ਕੀ ਹੁੰਦੇ ਪਤਾ ਲੱਗ ਜੂ..।

ਲਿਸਟ ਲੰਮੀ ਏ ਪਰ ਏਨੀ ਗੱਲ ਜਰੂਰ ਆਖਾਂਗਾ ਕੇ ਬੰਬਈ ਬੈਠੇ ਕਈ ਨਿਰਮਾਤਾ ਅਜੇ ਵੀ ਉਲਟੇ ਪਾਣੀ ਤਰਨ ਦਾ ਮਾਦਾ ਰੱਖਦੇ, ਕੁਝ ਨਾ ਕੁਝ ਐਸਾ ਜਰੂਰ ਸਿਰਜ ਹੀ ਜਾਂਦੇ ਜਿਹੜਾ ਮੁੜ ਇਤਿਹਾਸ ਬਣ ਅਸਲ ਸੁਨਹਿਰੀ ਭਵਿੱਖ ਸਿਰਜਣ ਦੀ ਸਮਰੱਥਾ ਰੱਖਦਾ ਏ..।

# ਪੁਸਤਕ ਪੜਚੋਲ



**ਗੁਰਮੀਤ ਸਿੰਘ ਪਲਾਹੀ**
9815802070

ਅਨੰਤ ਅਪਣੱਤ ਦੇ ਧਾਗੇ 'ਚ ਪਰੋਏ ਮਨੁੱਖੀ ਭਾਈਚਾਰੇ ਦਾ ਲਿਖਾਇਕ ਹੈ-'ਕੌਮਾਂਤਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ'/ਗੁਰਮੀਤ ਸਿੰਘ ਪਲਾਹੀ

ਆਈਨਸਟਾਈਨ ਲਿਖਦਾ ਹੈ ਕਿ ਇਸ ਦੁਨੀਆ ਵਿੱਚ ਮਨੁੱਖ ਦਾ ਆਉਣਾ ਅਸਲ ਵਿੱਚ ਦੂਜਿਆਂ ਲਈ ਹੀ ਹੈ-ਖ਼ਾਸ ਕਰਕੇ ਉਨਾਂ ਲਈ, ਜਿਨਾਂ ਦੀ ਖ਼ੁਸ਼ੀ 'ਤੇ ਸਾਡੀ ਆਪਣੀ ਖ਼ੁਸ਼ੀ ਨਿਰਭਰ ਹੈ। ਅਨੇਕਾਂ ਰੂਪਾਂ ਵਿੱਚ ਖਿੰਡਰਿਆ ਇਹ ਸਾਡਾ ਮਨੁੱਖੀ ਭਾਈਚਾਰਾ ਕਿਸੇ ਅਨੰਤ ਅਪਣੱਤ ਦੇ ਧਾਗੇ ਨਾਲ ਹੀ ਤਾਂ ਬੱਝਾ ਹੋਇਆ ਹੈ।

ਗੁਰੂ ਨਾਨਕ ਦੇਵ-ਗੁਰੂ ਗੋਬਿੰਦ ਸਿੰਘ ਵਿਚਾਰਧਾਰਾ ਦੀ ਪਰਿਕਰਮਾ ਕਰਨ ਵਾਲਾ ਪੰਜਾਬੀ ਦਾ ਕੌਮਾਂਤਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ, ਸੰਸਾਰ ਦੇ ਉੱਘੇ ਸਾਇੰਸਦਾਨ ਅਤੇ ਸਮਾਜਿਕ ਚਿੰਤਕ ਆਈਨਸਟਾਈਨ ਦੇ ਵਿਚਾਰਾਂ ਦੀ ਤਰਜ਼ਮਾਨੀ ਕਰਦਾ ਹੈ। ਸ਼ੇਰਗਿੱਲ ਨਿਰੰਤਰਤਾ ਨਾਲ ਵਿਸ਼ਵੀ ਭਾਈਚਾਰੇ ਨੂੰ ਇੱਕ ਲੜੀ ਵਿਚ ਪ੍ਰੋਰਦਿਆਂ, ਉਨਾਂ ਦੇ ਸਮਾਜਿਕ ਅਤੇ ਸਿਆਸੀ ਮੁੱਦਿਆਂ-ਮਸਲਿਆਂ-ਸੱਮਸਿਆਵਾਂ 'ਤੇ ਬੇਬਾਕ, ਇਤਿਹਾਸਕ ਲੇਖ ਲਿਖਦਾ ਹੈ ਅਤੇ ਵਿਸ਼ਵ ਭਾਈਚਾਰੇ ਨੂੰ 'ਅਨੰਤ ਅਪਣੱਤ' ਦੇ ਧਾਗੇ ਵਿਚ ਪਰੋਣ ਦਾ ਯਤਨ ਕਰਦਾ ਹੈ।

ਨਰਪਾਲ ਸਿੰਘ ਸ਼ੇਰਗਿੱਲ ਨੇ ਇੱਕ ਹਜ਼ਾਰ ਤੋਂ ਵੱਧ ਲੇਖ ਲਿਖੇ ਹਨ, ਜਿਨਾਂ ਵਿੱਚੋਂ ਚੋਣ ਕਰਦਿਆਂ ਪੁਸਤਕ 'ਕੌਮਾਂਤਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ' ਵਿੱਚ ਉਸਦੇ ਦਹਿਸ਼ਤਵਾਦ, ਪੱਤਰਕਾਰੀ, ਗੈਰ-ਕਾਨੂੰਨੀ ਪਰਵਾਸ, ਚਲੰਤ ਮਾਮਲਿਆਂ ਸਬੰਧੀ 33 ਲੇਖਾਂ ਦੀ ਚੋਣ ਸੰਪਾਦਕ ਨੇ ਕੀਤੀ ਹੈ, ਜੋ ਉਸਦੀ ਪ੍ਰਪੱਕ ਲੇਖਣੀ ਦੇ ਲਿਖਾਇਕ ਹਨ। ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਦਾ ਪੱਤਰਕਾਰੀ ਦਾ ਸਮਾਂ ਪੰਜ ਦਹਾਕਿਆਂ ਦਾ ਹੈ। ਇਸ ਸਮੇਂ ਦੌਰਾਨ ਉਸਨੇ ਅੰਗਰੇਜੀ, ਪੰਜਾਬੀ ਪੱਤਰਕਾਰੀ 'ਚ ਨਵੀਆਂ ਪੈੜਾਂ ਪਾਈਆਂ ਹਨ। ਦੇਸ਼, ਵਿਦੇਸ਼ ਦੀਆਂ




ਦਰਜਨਾਂ ਪੰਜਾਬੀ ਅਖ਼ਬਾਰਾਂ, ਰਸਾਲਿਆਂ ਵਿਚ ਉਸਦੇ ਲੇਖ ਛਪਦੇ ਹਨ। ਉਸਦੀ ਲੇਖਣੀ ਦਾ ਇਹ ਪ੍ਰਵਾਹ ਹੁਣ ਤੱਕ ਨਿਰੰਤਰ ਜਾਰੀ ਹੈ। ਇਸ ਪੁਸਤਕ ਵਿੱਚ ਜਿਥੇ ਪੱਤਰਕਾਰੀ ਸਬੰਧੀ 'ਪ੍ਰਵਾਸੀਆਂ ਦੇ ਵਿਕਾਸ ਵਿੱਚ ਪੱਤਰਕਾਰੀ ਦਾ ਯੋਗਦਾਨ', 'ਜਾਨਲੇਵਾ ਬਣ ਰਿਹਾ ਪੱਤਰਕਾਰੀ ਕਿੱਤਾ', ਵਿਸ਼ੇਸ਼ ਲੇਖ ਸ਼ਾਮਲ ਹਨ, ਉਥੇ ਦਹਿਸ਼ਤਵਾਦ ਸਬੰਧੀ '2014 ਵਿੱਚ ਇਸਲਾਮੀ ਦਹਿਸ਼ਤਵਾਦ', 'ਭਾਰਤ ਵਿੱਚ ਦਹਿਸ਼ਤਵਾਦ', ਗੈਰ-ਕਾਨੂੰਨੀ ਪਰਵਾਸ ਸਬੰਧੀ 'ਸਮੁੰਦਰਾਂ ਅਤੇ ਮਾਰੂਥਲਾਂ ਰਾਹੀਂ ਪਰਵਾਸ', 'ਪੰਜਾਬ ਵਿੱਚੋਂ ਗੈਰ-ਕਾਨੂੰਨੀ ਪਰਵਾਸ', 'ਪੰਜਾਬੀ ਸਿਆਸਤ ਦਾ ਪ੍ਰਵਾਸੀਆਂ 'ਤੇ ਪ੍ਰਭਾਵ', 'ਕਬੂਤਰਬਾਜ਼ੀ ਨੂੰ ਕੌਮਾਂਤਰੀ ਸ਼ਹਿ' ਅਤੇ ਚਲੰਤ ਮਾਮਲਿਆਂ ਸਬੰਧੀ 'ਭਾਰਤ ਦਾ ਕੌਮਾਂਤਰੀ ਵਪਾਰ ਅਤੇ ਵਕਾਰ', 'ਨਿਲਾਮ ਹੋ ਰਿਹਾ ਭਾਰਤੀ ਵਿਰਸਾ' ਜਿਹੇ ਲੇਖ ਵਿਸ਼ਵ ਪੱਧਰੀ ਮਨੁੱਖੀ ਵਰਤਾਰੇ ਸਬੰਧੀ ਲੇਖ ਹਨ। ਇਨਾਂ ਲੇਖਾਂ ਨੇ ਸਮੇਂ-ਸਮੇਂ 'ਤੇ ਵਿਸ਼ਵ ਪੱਧਰੀ ਵਿਚਾਰਧਾਰਕ ਚਰਚਾ ਛੇੜੀ ਹੈ ਅਤੇ ਇਹ ਲੇਖ ਉਨਾਂ ਦੀ ਸਾਰਥਿਕ ਲੋਕ-ਹਿਤੈਸ਼ੀ ਲੇਖਣੀ ਦੀਆਂ ਉਦਾਹਰਨ ਹਨ। ਪੁਸਤਕ ਵਿੱਚ ਸੰਪਾਦਕ ਅਤੇ ਚੋਣਕਾਰ ਨੇ ਨਰਪਾਲ ਸਿੰਘ ਸ਼ੇਰਗਿੱਲ ਦੇ ਜੀਵਨ, ਉਨਾਂ ਦੀ ਲੇਖਣੀ ਸਬੰਧੀ, ਉਨਾਂ ਵਲੋਂ ਜਾਰੀ ਸਲਾਨਾ ਪੁਸਤਕ 'ਇੰਡੀਅਨ ਐਵਰੋਂਡ ਐਂਡ ਪੰਜਾਬ ਇਮਪੈਕਟ' ਸਬੰਧੀ ਵਿਚਾਰਵਾਨਾਂ, ਲੇਖਕਾਂ ਦੇ ਵਿਚਾਰ ਵੀ ਸ਼ਾਮਲ ਕੀਤੇ ਹਨ। ਜਿਨਾਂ ਵਿੱਚ ਪ੍ਰਸਿੱਧ ਪੱਤਰਕਾਰ ਉਜਾਗਰ ਸਿੰਘ, ਬਲਵੀਰ ਸਿੰਘ ਕੰਵਲ (ਲੰਡਨ), ਪ੍ਰੋ. ਕੁਲਵੰਤ ਸਿੰਘ ਗਰੇਵਾਲ, ਡਾ. ਹਰਜਿੰਦਰ ਸਿੰਘ ਵਾਲੀਆ ਦੇ ਲੇਖ ਸ਼ਾਮਲ ਹਨ। ਪੁਸਤਕ ਵਿੱਚ ਉਨਾਂ ਦੀਆਂ ਜੀਵਨ ਭਰ ਦੀਆਂ ਪ੍ਰਾਪਤੀਆਂ, ਉਨਾਂ ਨੂੰ ਮਿਲੇ ਮਾਣ-ਸਨਮਾਨ ਸਬੰਧੀ ਇਤਿਹਾਸਕ ਪਲਾਂ ਨੂੰ ਬਿਆਨ ਕਰਦੀਆਂ ਫੋਟੋ 8 ਰੰਗਦਾਰ ਸਫ਼ਿਆਂ 'ਚ ਛਾਪੀਆਂ ਹਨ।

ਹੱਥਲੀ ਰੰਗਦਾਰ, ਸੁਚਿੱਤਰ ਪੁਸਤਕ 'ਗੁਰੂ ਨਾਨਕ ਦੇਵ-ਗੁਰੂ ਗੋਬਿੰਦ ਸਿੰਘ ਵਿਚਾਰਧਾਰਾ ਦੀ ਪਰਿਕਰਮਾ ਕਰਨ ਵਾਲਾ ਪੰਜਾਬੀ ਦਾ ਕੌਮਾਂਤਰੀ ਪੱਤਰਕਾਰ-ਨਰਪਾਲ ਸਿੰਘ ਸ਼ੇਰਗਿੱਲ' ਦੇ 184 ਸਫ਼ੇ ਹਨ। ਕੀਮਤ 500 ਰੁਪਏ (ਭਾਰਤੀ), 10 ਪੌਂਡ (ਬਰਤਾਨੀਆ), 20 ਡਾਲਰ (ਕੈਨੇਡਾ, ਅਮਰੀਕਾ) ਹੈ ਅਤੇ ਪ੍ਰਕਾਸ਼ਕ ਹਨ ਪੰਜਾਬੀ ਵਿਰਸਾ ਟਰੱਸਟ (ਰਜਿ:) ਫਗਵਾੜਾ, ਪੁਸਤਕ ਦਾ ਆਈਐਸਬੀਐਨ ਨੰਬਰ 978-81-956091-2-3 ਹੈ।

ਪੁਸਤਕ ਯਾਦਗਾਰੀ ਹੈ। ਸਾਂਭਣਯੋਗ ਅਤੇ ਪੜਨਯੋਗ ਹੈ। ਇਹ ਪੁਸਤਕ 'ਪੰਜਾਬੀ ਵਿਰਸਾ ਟਰੱਸਟ (ਰਜਿ:) ਫਗਵਾੜਾ, ਫੋਨ ਨੰ: 9815802070 ਤੇ ਉਪਲਬਧ ਹੈ।

# ਲਾਂਵਾਂ ਨਾਲ ਵਿਆਹੀ

**ਹਰਪ੍ਰੀਤ ਬਰਾੜ ਸਿੱਧੂ**

ਮੇਰੇ ਮੰਮੀ ਡੈਡੀ ਹਮੇਸ਼ਾ ਨਿੱਕੀ ਨਿੱਕੀ ਗੱਲ 'ਤੇ ਨੋਕ-ਝੋਕ ਕਰਦੇ ਰਹਿੰਦੇ ਹਨ। ਕਈ ਵਾਰ ਤਾਂ ਮੰਮੀ ਖਿੱਝ ਕੇ ਕਹਿ ਦਿੰਦੇ ਹਨ ਕਿ ਫੇਰ ਛੱਡੋ ਮੇਰਾ ਖਹਿੜਾ ਪਰ ਡੈਡੀ ਅੱਗੋਂ ਹੱਸ ਕੇ ਕਹਿ ਦਿੰਦੇ ਹਨ ਕਿ ਲਾਂਵਾਂ ਨਾਲ ਵਿਆਹੀਆਂ ਕਦੇ ਛੱਡੀਦੀਆਂ ਨਹੀਂ ਹੁੰਦੀਆਂ ਅਤੇ ਗੱਲ ਹਾਸੇ ਵਿੱਚ ਬਦਲ ਜਾਂਦੀ ਹੈ। ਮੈਨੂੰ ਵੀ ਡੈਡੀ ਦੀ ਇਹ ਗੱਲ ਬਹੁਤ ਚੰਗੀ ਲੱਗਦੀ ਹੈ। ਜਦੋਂ ਮੇਰਾ ਵਿਆਹ ਤੈਅ ਹੋਇਆ ਤਾਂ ਡੈਡੀ ਨੇ ਇੱਕੋ ਗੱਲ ਕਹੀ ਸੀ ਕਿ ਰਿਸ਼ਤੇ ਜੋੜਨੇ ਸੌਖੇ ਹਨ ਪਰ ਨਿਭਾਉਣੇ ਬਹੁਤ ਔਖੇ, ਆਵਦੇ ਰਿਸ਼ਤੇ ਦਾ ਹਮੇਸ਼ਾ ਮਾਣ ਰੱਖੀਂ।

ਸਾਡਾ ਵਿਆਹ ਕਾਹਲੀ-ਕਾਹਲੀ ਵਿੱਚ ਹੀ ਹੋ ਗਿਆ। ਸਵਾ ਕੁ ਮਹੀਨੇ ਵਿੱਚ ਹੀ ਦੇਖ-ਦੇਖਾਈ, ਮੰਗਣੀ, ਵਿਆਹ ਸਭ ਹੋ ਗਿਆ। ਮੈਨੂੰ ਇਹ ਸੀ ਕਿ ਸਾਨੂੰ ਥੋੜਾ ਸਮਾਂ ਮਿਲੇ, ਪਰ ਘਰਦਿਆਂ ਨੂੰ ਤਾਂ ਵਿਆਹ ਕਰਨ ਦੀ ਕਾਹਲੀ ਸੀ। ਵਿਆਹ ਤੋਂ ਪਹਿਲਾਂ ਅਸੀ ਦੋ-ਤਿੰਨ ਵਾਰ ਹੀ ਮਿਲੇ ਅਤੇ ਹਮੇਸ਼ਾ ਇਹ ਸੰਗਦੀ ਜਿਹੀ ਚੁੱਪ-ਚੁੱਪ ਹੀ ਲੱਗੀ। ਮੰਗਣੀ ਵਾਲੇ ਦਿਨ ਵੀ ਜਦੋਂ ਫੋਟੋਗ੍ਰਾਫਰ ਨੇ ਹੱਥ ਫੜਨ ਨੂੰ ਕਿਹਾ ਤਾਂ ਕੰਬ ਜੀ ਗਈ ਸੀ, ਮੈਂ ਸੋਚਿਆ ਸੰਗਦੀ ਹੈ। ਫਿਰ ਉਸ ਦਿਨ ਜਦੋਂ ਮੈਂ ਇਹਦੀ ਬੈਂਕ ਵੀ ਬਿਨਾਂ ਦੱਸੇ ਮਿਲਣ ਪਹੁੰਚ ਗਿਆ ਤਾਂ ਮੈਨੂੰ ਇਹ ਗੁੰਮ-ਸੁੰਮ ਜਿਹੀ ਹੀ ਲੱਗੀ। ਮੇਰੇ ਮਨ ਵਿੱਚ ਤੌਖਲਾ ਜਿਹਾ ਹੋਇਆ। ਮੈਂ ਆਵਦਾ ਸ਼ੱਕ ਦੂਰ ਕਰਨ ਲਈ, ਇਹਦੇ ਬੈਂਕ ਦੇ ਮੈਨੇਜਰ (ਮੇਰਾ ਚੰਗਾ ਮਿੱਤਰ ਅਤੇ ਵਿਚੋਲਾ) ਨਾਲ ਗੱਲ ਕੀਤੀ ਤਾਂ ਉਹ ਕਹਿੰਦਾ ਐਵੇਂ ਬਹੁਤਾ ਨਾ ਸੋਚ, ਘਬਰਾ ਗਈ ਹੋਊ। ਬਹੁਤ ਚੰਗੀ ਕੁੜੀ ਹੈ, ਬੱਸ ਆਵਦੇ ਕੰਮ ਨਾਲ ਹੀ ਮਤਲਬ ਰੱਖਦੀ ਹੈ, ਬੈਂਕ ਵਿੱਚ ਸਭ ਦੀ ਮੱਦਦ ਕਰਦੀ ਹੈ।

ਚੱਲੋ ਕਰਦੇ ਕਰਾਉਂਦੇ ਵਿਆਹ ਵੀ ਹੋ ਗਿਆ। ਵਿਆਹ ਦੀ ਪਹਿਲੀ ਰਾਤ ਵੀ ਜਦੋਂ ਮੈਂ ਇਹਦੇ ਕੋਲ ਜਾ ਕੇ ਬੈਠਾ ਤਾਂ ਇੱਕਦਮ ਡਰ ਜੀ ਗਈ ਸੀ। ਫਿਰ ਮੈਂ ਵੀ ਕਹਿ ਦਿੱਤਾ ਕਿ ਤੂੰ ਬੇਫਿਕਰ ਹੋ ਜਾ ਰਿਸ਼ਤਾ ਤੇਰੀ ਸਹਿਮਤੀ ਨਾਲ ਹੀ ਅੱਗੇ ਵਧੂ, ਸਾਰੀ ਉਮਰ ਹੁਣ ਆਪਾਂ ਇਕੱਠੇ ਹੀ ਰਹਿਣਾ, ਤੂੰ ਪਹਿਲਾਂ ਸਹਿਜ ਹੋ ਜਾ ਅਤੇ ਫਿਰ ਉਹ ਚੁੱਪਚਾਪ ਬੈੱਡ ਦੇ ਇੱਕ ਕੋਨੇ ਲੱਗ ਕੇ ਪੈ ਗਈ। ਪਰ ਮੈਨੂੰ ਪਤਾ ਸਾਰੀ ਰਾਤ ਉਸ ਨੇ ਜਾਗਦੀ ਨੇ ਹੀ ਕੱਢ ਦਿੱਤੀ। ਇੰਜ ਉਹਦੀ ਚੁੱਪ ਨੇ ਮੈਨੂੰ ਫਿਕਰਾਂ ਵਿੱਚ ਪਾ ਦਿੱਤਾ।

ਅਗਲੇ ਦਿਨ ਜਦ ਉਹ ਮੇਰੇ ਜਾਗਣ ਤੋਂ ਪਹਿਲਾਂ ਹੀ ਉੱਠ ਕੇ ਚਲੀ ਗਈ। ਮੈਂ ਦੇਖਿਆ, ਮੰਮੀ ਡੈਡੀ ਨਾਲ ਤਾਂ ਉਹ ਬਹੁਤ ਖੁਸ਼ ਸੀ। ਪਰ ਰਾਤ ਨੂੰ ਉਹ ਫਿਰ ਮੇਰੇ ਨਾਲ ਬਿਨਾਂ ਕੋਈ ਗੱਲ ਕੀਤੇ ਚੁੱਪ-ਚਾਪ ਸੌਂ ਗਈ। ਸਾਰੀ ਰਾਤ ਮੇਰੇ ਦਿਮਾਗ ਵਿੱਚ ਅਜੀਬ-ਅਜੀਬ ਖਿਆਲ ਆਉਂਦੇ ਰਹੇ ਅਤੇ ਫਿਰ ਅਗਲੀ ਸਵੇਰ ਉਹ ਵਾਪਸ ਪੇਕੇ ਚਲੀ ਗਈ।

ਦੋ ਦਿਨ ਬਾਅਦ ਜਦੋਂ ਮੈਂ ਉਸਨੂੰ ਲੈਣ ਵੀ ਗਿਆ ਤਾਂ ਉਹ ਘਰਦਿਆਂ ਸਾਹਮਣੇ ਤਾਂ ਬਹੁਤ ਖੁਸ਼ ਸੀ ਪਰ ਕਾਰ ਵਿੱਚ ਬੈਠਦੇ ਹੀ ਫਿਰ ਉਹਦੇ ਚਿਹਰੇ 'ਤੇ ਚੁੱਪ ਪਸਰ ਗਈ ਸੀ। ਹੁਣ ਤਾਂ ਮੇਰਾ ਸਬਰ ਵੀ ਜਵਾਬ ਦੇ ਰਿਹਾ ਸੀ। ਮੇਰੇ ਵਾਰ-ਵਾਰ ਪੁੱਛਣ 'ਤੇ ਵੀ ਜਵਾਬ ਬੱਸ ਹੂੰ-ਹਾਂ ਹੀ ਸੀ। ਮਨ ਡਾਹਢਾ ਦੁਖੀ ਸੀ, ਜੀਅ ਕੀਤਾ ਇਸ ਨੂੰ ਵਾਪਸ ਪੇਕੇ ਹੀ ਛੱਡ ਆਂਵਾਂ, ਪਰ ਫਿਰ ਡੈਡੀ ਦੀਆਂ ਗੱਲਾਂ ਯਾਦ ਆ ਗਈਆਂ।

ਅੱਜ ਤਾਂ ਮੈਂ ਪੱਕਾ ਧਾਰ ਲਿਆ ਸੀ ਕਿ ਗੱਲ ਇੱਕ ਪਾਸੇ ਲਾ ਹੀ ਦੇਣੀ ਹੈ।ਬਹੁਤ ਦੁਖੀ ਸੀ ਮੈਂ, ਚਾਂਵਾਂ ਨਾਲ ਕਰਾਇਆ ਵਿਆਹ ਗਲੇ ਦਾ ਫੰਦਾ ਬਣ ਗਿਆ ਸੀ। ਰਾਤ ਨੂੰ ਉਹ ਚੁੱਪ-ਚਾਪ ਕਮਰੇ ਵਿੱਚ ਆ ਕੇ ਪੈ ਗਈ। ਮੈਨੂੰ ਇੰਨਾ ਗੁੱਸਾ ਆਇਆ ਕਿ ਮੈਂ ਕੰਬਲ ਵਗਾ ਕੇ ਮਾਰਿਆ ਤੇ ਪੁੱਛਿਆ ਜੇ ਕੋਈ ਹੋਰ ਹੈ ਤੇਰੇ ਦਿਲ ਵਿੱਚ ਤਾਂ ਮੇਰੇ ਨਾਲ ਵਿਆਹ ਹੀ ਕਿਉਂ ਕਰਾਇਆ? ਬਹੁਤ ਡਰ ਗਈ, ਮੈਨੂੰ ਗੁੱਸੇ ਵਿੱਚ ਦੇਖ ਕੇ। ਮੈਂ ਹੋਰ ਵੀ ਗੁੱਸੇ ਵਿੱਚ ਕਿਹਾ ਕਿ ਕੱਲ ਤੇਰੇ ਘਰਦਿਆਂ ਨੂੰ ਸੱਦਦਾਂ, ਦੱਸਦਾਂ ਉਨਾਂ ਨੂੰ ਕਿ ਤੂੰ ਤਾਂ ਮੈਨੂੰ ਬੁਲਾ ਕੇ ਵੀ



ਰਾਜੀ ਨਹੀਂ।

ਘਰਦਿਆਂ ਦਾ ਨਾਮ ਸੁਣ ਕੇ ਉਹ ਮੇਰੇ ਅੱਗੇ ਹੱਥ ਜੋੜ ਕੇ ਬੈਠ ਗਈ। ਕਹਿੰਦੀ ਜੋ ਤੁਸੀਂ ਸੋਚ ਰਹੇ ਹੋ, ਇਹੋ ਜਿਹਾ ਕੁੱਝ ਨਹੀਂ ਹੈ। ਤੁਹਾਡੇ ਨਾਲ ਤਾਂ ਮੈਂ ਖੁਸ਼ ਹਾਂ ਪਰ ਮੇਰਾ ਅਤੀਤ ਮੇਰਾ ਪਿੱਛਾ ਨਹੀਂ ਛੱਡ ਰਿਹਾ। ਇੰਨਾ ਸੁਣਦੇ ਹੀ ਮੇਰੇ ਦਿਲ ਦੀ ਧੜਕਣ ਵੱਧ ਗਈ। ਉਹ ਅੱਗੇ ਦੱਸਣ ਲੱਗੀ ਕਿ ਗੱਲ ਬਹੁਤ ਪੁਰਾਣੀ ਹੈ, ਮੈਂ ਛੇਵੀ ਕਲਾਸ ਵਿੱਚ ਪੜਦੀ ਸੀ। ਗਰਮੀ ਦੀਆਂ ਛੁੱਟੀਆਂ ਸਨ। ਮੈਂ ਤੇ ਮੇਰਾ ਭਰਾ ਸਾਡੇ ਸਾਇੰਸ ਵਾਲੇ ਸਰ ਕੋਲ ਟਿਊਸ਼ਨ ਜਾਂਦੇ ਸੀ। ਹੋਰ ਵੀ ਬੱਚੇ ਸਨ ਉੱਥੇ। ਸਰ ਦੇ ਬੱਚੇ ਅਤੇ ਪਤਨੀ ਕਿਤੇ ਬਾਹਰ ਗਏ ਹੋਏ ਸਨ। ਉਸ ਦਿਨ ਸਰ ਨੇ ਸਾਰੇ ਬੱਚਿਆਂ ਨੂੰ ਭੇਜ ਦਿੱਤਾ, ਮੇਰੇ ਭਰਾ ਨੂੰ ਵੀ ਪਰ ਮੈਨੂੰ ਰੋਕ ਲਿਆ। ਕਹਿੰਦੇ ਕਿ ਮੈਥ ਦਾ ਨਵਾਂ ਚੈਪਟਰ ਕਰਾਉਣਾ। ਫਿਰ ਉਹ ਮੈਨੂੰ ਚਾਹ ਦੇ ਬਹਾਨੇ ਅੰਦਰ ਲੈ ਗਏ ਅਤੇ ਫਿਰ ਮੇਰੇ ਨਾਲ ਗਲਤ ਹਰਕਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਮੈਂ ਬਹੁਤ ਡਰ ਗਈ ਸੀ, ਪਰ ਉਦੋਂ ਤੱਕ ਮੇਰਾ ਭਰਾ ਵਾਪਿਸ ਮੁੜ ਆਇਆ, ਸ਼ਾਇਦ ਉਹਨੂੰ ਬਾਪੂ ਦੀ ਗੱਲ ਯਾਦ ਆ ਗਈ ਸੀ ਕਿ ਤੁਸੀ ਦੋਵਾਂ ਨੇ ਇਕੱਠੇ ਹੀ ਜਾਣਾ ਤੇ ਇਕੱਠੇ ਹੀ ਵਾਪਿਸ ਆਉਣਾ। ਜਦੋਂ ਉਹਨੇ ਬਾਹਰ ਆ ਕੇ ਆਵਾਜ ਦਿੱਤੀ ਤਾਂ ਮੈਂ ਭੱਜ ਕੇ ਬਾਹਰ ਆ ਗਈ ਪਰ ਨਾ ਤਾਂ ਮੈਂ ਉਸਨੂੰ ਦੱਸਿਆ ਤੇ ਨਾ ਹੀ ਘਰ ਆ ਕੇ ਕਿਸੇ ਨੂੰ।

ਡਰ ਕਾਰਨ ਮੈਂ ਬੁਖਾਰ ਹੋ ਗਿਆ। ਫੇਰ ਮੰਮੀ ਦੇ ਵਾਰ-ਵਾਰ ਪੁੱਛਣ ਤੇ ਮੈਂ ਉਨਾਂ ਨੂੰ ਸਾਰੀ ਗੱਲ ਦੱਸੀ। ਮੰਮੀ ਵੀ ਬਹੁਤ ਰੋਏ ਪਰ ਉਨਾਂ ਨੇ ਕਿਸੇ ਹੋਰ ਨੂੰ ਦੱਸਣ ਨੂੰ ਮਨਾ ਕਰ ਦਿੱਤਾ। ਸ਼ਾਇਦ ਉਹ ਬਾਪੂ ਜੀ ਅਤੇ ਡੈਡੀ ਦੇ ਸੁਭਾਅ ਤੋਂ ਡਰਦੇ ਸਨ। ਵੈਸੇ, ਉਸ ਸਰ ਨੂੰ ਮੈਂ ਫਿਰ ਕਦੇ ਨਹੀਂ ਦੇਖਿਆ, ਉਹ ਕਿਸੇ ਹੋਰ ਸ਼ਹਿਰ ਚਲਾ ਗਿਆ ਸੀ। ਪਰ ਉਹ ਡਰ ਕਦੇ ਵੀ ਮੇਰੇ ਦਿਮਾਗ ਵਿੱਚੋਂ ਨਹੀਂ ਨਿਕਲਿਆ। ਮੈਂ ਕਦੇ ਕਿਸੇ ਮਰਦ ਨਾਲ ਇਕੱਲੇ ਰਹਿ ਕੇ ਨਹੀਂ ਦੇਖਿਆ, ਵਿਸ਼ਵਾਸ ਕਰਨਾ ਬਹੁਤ ਔਖਾ ਲੱਗਦਾ।

ਉਸ ਨੂੰ ਇੰਜ ਰੋਂਦੀ ਸਿਸਕਦੀ ਨੂੰ ਦੇਖ ਕੇ ਮੇਰਾ ਗੁੱਸਾ ਤਾਂ ਕਿੱਧਰੇ ਉੱਡ ਗਿਆ ਸੀ। ਮੈਨੂੰ ਤਾਂ ਉਹ ਨਿੱਕੀ ਜਿਹੀ ਡਰੀ ਸਹਿਮੀ ਹੀ ਦਿੱਖੀ। ਮੈਨੂੰ ਉਸ ਉੱਪਰ ਬਹੁਤ ਤਰਸ ਆਇਆ। ਮੈਂ ਉਸ ਦੇ ਹੰਝੂ ਪੂੰਝ ਕੇ ਗਲ ਲਾ ਲਿਆ। ਪਲੀਜ ਮੈਨੂੰ ਛੱਡਿਓ ਨਾ, ਮੇਰੇ ਮਾਂ-ਪਿਉ ਜਿਉਂਦੇ ਜੀਅ ਮਰ ਜਾਣਗੇ। ਉਹ ਰੋਂਦੀ-ਰੋਂਦੀ ਬੋਲੀ। ਅਤੇ ਮੇਰੇ ਮੂੰਹੋਂ ਸਹਿਜ ਭਾਅ ਹੀ ਨਿਕਲ ਗਿਆ ਕਿ ਕਮਲੀਏ ਲਾਂਵਾਂ ਨਾਲ ਵਿਆਹੀ ਕਦੇ ਛੱਡੀ ਦੀ ਨਹੀਂ ਹੁੰਦੀ। ਤੇ ਉਹ ਪਤਾ ਨਹੀਂ ਕਦੋਂ ਮੇਰੀ ਬਾਂਹ 'ਤੇ ਸਿਰ ਧਰੀ ਰੋਂਦੀ ਰੋਂਦੀ ਹੀ ਸੌਂ ਗਈ ਸੀ।

---

# ਜਿੱਦ

**ਸੁਖਬੀਰ ਕੌਰ**

ਅੱਜ ਦਿਆਲੋ ਬੜੀ ਖੁਸ਼ੀ ਸੀ। ਉਹ ਖੁਸ਼ੀ ਵਿਚ ਸਰੂਰੀ ਹੋਈ ਆਪਣੇ ਪਤੀ ਪਾਲਾ ਸਿੰਘ ਨੂੰ ਕਹਿ ਰਹੀ ਸੀ, 'ਲੈ ਆਪਣੇ ਵਰਗਾ ਕੌਣ ਐ, ਦਸ ਕਿੱਲੇ ਆਪਣੇ ਕੋਲ ਪਹਿਲਾਂ ਸੀ, ਆਪਣੀ ਨੂੰਹ ਵੀ ਆਪਣੇ ਮਾਪਿਆਂ ਦੀ ਇਕੱਲੀ-ਇਕਹਿਰੀ ਧੀ ਐ, ਉਹਦੇ ਵਾਲੇ ਦਸ ਕਿੱਲੇ ਵੀ ਆਪਣੇ ਪੁੱਤ ਦੇ, ਅੱਜ ਮੇਰਾ ਪੁੱਤ ਵੀਹ ਕਿੱਲਿਆਂ ਦਾ ਮਾਲਕ ਬਣ ਗਿਆ।' ਪਰ ਉਸਦਾ ਪਤੀ ਉਦਾਸ ਸੀ।ਉਹ ਕੁਝ ਵੀ ਨਾ ਬੋਲਿਆ ਤੇ 'ਹੂੰਅ' ਕਹਿ ਕੇ ਕੁਝ ਸੋਚਣ ਲੱਗਾ। ਉਸਦੇ ਮੱਥੇ 'ਤੇ ਡੂੰਘੀ ਚਿੰਤਾ ਦੀਆਂ ਰੇਖਾਵਾਂ ਉਭਰਣ ਲੱਗੀਆਂ। ਜਿਵੇਂ ਉਸਨੂੰ ਭਵਿੱਖ ਵਿਚ ਵਾਪਰਨ ਵਾਲੀ ਕੋਈ ਅਣਹੋਣੀ ਸਤਾ ਰਹੀ ਹੋਵੇ।

ਉਨਾਂ ਦੇ ਪੁੱਤਰ ਗਿੰਦਰ ਨੂੰ ਆਪਣੇ ਨਵੇਂ ਵਿਆਹ ਦਾ ਉੱਕਾ ਈ ਚਾਅ ਨਹੀਂ ਸੀ। ਉਹ ਆਪਣੀ ਨਵ-ਵਿਆਹੀ ਵਹੁਟੀ ਹਰਨਾਮੀ ਨਾਲ ਬਹੁਤੀ ਗੱਲਬਾਤ ਨਾ ਕਰਦਾ। ਇਕ ਦਿਨ ਹਰਨਾਮੀ ਦੇ ਪੇਕੇ ਉਹਨੂੰ ਮਿਲਣ ਆਏ, ਪਰ ਜਾਂਦੇ ਹੋਏ ਉਹਨੂੰ ਇਹ ਕਹਿੰਦੇ ਹੋਏ ਨਾਲ ਲੈ ਗਏ ਕਿ ਚਲ ਚਾਰ ਦਿਨ ਸਾਡੇ ਕੋਲ ਰਹਿ ਲੂ। ਫੇਰ ਨਾਂ ਤਾਂ ਗਿੰਦਰ ਈ ਉਹਨੂੰ ਲੈਣ ਗਿਆ ਤੇ ਨਾ ਹੀ ਉਹ ਆਈ।ਜੇ ਕਦੇ ਦਿਆਲੋ ਗਿੰਦਰ ਨੂੰ ਵਹੁਟੀ ਨੂੰ ਲਿਆਉਣ ਲਈ ਕਹਿੰਦੀ ਤਾਂ ਗਿੰਦਰ ਅੱਗੋਂ ਕਹਿੰਦਾ, 'ਮਾਂ ਤੇਰੀ ਜਿੱਦ ਨੇ ਮੈਨੂੰ ਕਿੱਲਿਆਂ ਨਾਲ ਵਿਆਹਿਆ ਐ, ਨਾਂ ਕਿ ਮੇਰੇ ਪਸੰਦ ਦੀ ਕੁੜੀ ਨਾਲ, ਹੁਣ ਤੂੰ ਇਹ ਕਿੱਲੇ ਈ ਸੰਭਾਲ। 'ਦਿਨ ਲੰਘ ਦੇ ਗਏ। ਕੁਝ ਮਹੀਨਿਆਂ ਬਾਅਦ ਗਿੰਦਰ ਦੇ ਸਹੁਰਿਆਂ ਤੋਂ ਫੋਨ ਆਇਆ ਕਿ ਹਰਨਾਮੀ ਪੁੱਤ ਦੀ ਮਾਂ ਬਣ ਗਈ ਹੈ।

ਦਿਆਲੋ ਅੱਜ ਫੇਰ ਬੜੀ ਖੁਸ਼ ਸੀ।ਉਸਨੂੰ ਦਿਨ ਫਿਰਦੇ ਜਾਪੇ। ਉਹ ਪੋਤੇ ਦਾ ਮੂੰਹ ਦੇਖਣ ਲਈ ਕਾਹਲੀ ਪੈ ਗਈ। ਉਹ ਪੰਜੀਰੀ ਤੇ ਮਾਂ- ਪੁੱਤ ਲਈ ਕੱਪੜੇ ਤੇ ਟੂੰਮਾਂ ਲੈ ਕੇ ਕੁੜਮਾਂ ਦੇ ਘਰ ਜਾ ਪਹੁੰਚੀ। ਫੇਰ ਸਵਾ ਕੁ ਮਹੀਨੇ ਬਾਅਦ ਉਹ ਨੂੰਹ-ਪੋਤੇ ਨੂੰ ਘਰ ਲੈ ਆਈ। ਉਸਨੇ ਸੋਚਿਆ ਕਿ ਸ਼ਾਇਦ ਗਿੰਦਰ ਆਪਣੇ ਪੁੱਤ ਨੂੰ ਦੇਖ ਮੋਹ ਜਾਲ ਵਿਚ ਉਲਝ ਜਾਵੇ, ਆਪਣੇ ਪੁੱਤਰ ਤੇ ਪਤਨੀ ਨੂੰ ਖੁੱਲੇ ਮਨ ਨਾਲ ਅਪਣਾ ਲਵੇ। ਪਰ ਗਿੰਦਰ ਦੇ ਅੰਦਰ ਕੁਝ ਵੀ ਨਾ ਬਦਲਿਆ।

ਤਿੰਨ ਕੁ ਮਹੀਨੇ ਬਾਅਦ ਹਰਨਾਮੀ ਫੇਰ ਪੇਕੇ ਘਰ ਚਲੀ ਗਈ। ਕੁਝ ਮਹੀਨਿਆਂ ਬਾਅਦ ਫੇਰ ਇਕ ਪੁੱਤ ਦੀ ਮਾਂ ਬਣ ਗਈ।ਪਰ ਇਸ ਵਾਰ ਗਿੰਦਰ ਨੇ ਆਪਣੀ ਮਾਂ ਦਿਆਲੋ ਨੂੰ ਪੰਜੀਰੀ ਲੈ ਕੇ ਜਾਣ ਤੋਂ ਰੋਕ ਦਿੱਤਾ। ਹਰਨਾਮੀ ਵੀ ਕਦੇ ਸਹੁਰੇ ਘਰ ਵਾਪਸ ਨਾ ਆਈ। ਪਾਲਾ ਸਿੰਘ ਤੋਂ ਇਹ ਦੁੱਖ ਝੱਲਿਆ ਨਹੀਂ ਗਿਆ ਤੇ ਉਹ ਇਸੇ ਦੁੱਖ ਨਾਲ ਘੁਲਦਾ ਰੱਬ ਨੂੰ ਪਿਆਰਾ ਹੋ ਗਿਆ।

ਹੁਣ ਦਿਆਲੋ ਨੂੰ ਆਵਦੇ ਘਰ ਦੀਆਂ ਖੁਸ਼ੀਆਂ ਖਤਮ ਹੁੰਦੀਆਂ ਜਾਪੀਆਂ। ਗਿੰਦਰ ਜਦੋਂ ਆਪਣੇ ਯਾਰ ਬੇਲੀਆਂ ਨੂੰ ਆਪਣੀਆਂ



ਮਨਪਸੰਦ ਜੀਵਨ ਸਾਥਣਾਂ ਨਾਲ ਹੱਸਦੇ ਵੱਸਦੇ ਦੇਖਦਾ ਤਾਂ ਉਸਨੂੰ ਜਾਪਦਾ ਜਿਵੇਂ ਉਸਦੇ ਅੰਦਰ ਕੋਈ ਅੱਗ ਬਲ਼ ਰਹੀ ਹੋਵੇ, ਇਸਦਾ ਸੇਕ ਉਸਦੇ ਦਿਮਾਗ ਨੂੰ ਚੜ ਰਿਹਾ ਹੋਵੇ। ਹੁਣ ਉਸਦੀ ਹਾਲਤ ਨੀਮ ਪਾਗਲਾਂ ਵਰਗੀ ਹੋ ਗਈ ।ਦਿਆਲੋ ਉਹਦੀ ਹਾਲਤ ਦੇਖਕੇ ਜਰ ਨਾ ਸਕਦੀ। ਉਹ ਉਸ ਤੋਂ ਮੁਆਫ਼ੀ ਮੰਗਦੀ ਤੇ ਨੂੰਹ ਤੇ ਪੋਤਿਆਂ ਨੂੰ ਘਰ ਲਿਆਉਣ ਲਈ ਉਸਦੇ ਮਿੰਨਤਾਂ ਤਰਲੇ ਕਰਦੀ। ਪਰ ਉਹ ਨਾ ਮੰਨਿਆ। ਹੌਲੀ-ਹੌਲੀ ਉਸਦੀ ਹਾਲਤ ਵਿਗੜਦੀ ਗਈ ਤੇ ਉਹ ਬਿਲਕੁਲ ਹੀ ਪਾਗਲ ਹੋ ਗਿਆ। ਹੁਣ ਦਵਾਈਆਂ ਦਾ ਵੀ ਉਸਤੇ ਕੋਈ ਅਸਰ ਨਾ ਹੁੰਦਾ। ਅੰਤ ਜ਼ਿੰਦਗੀ ਦੀ ਬਾਜੀ ਹਾਰ ਗਿਆ।

ਅੱਜ ਦਿਆਲੋ ਗਿੰਦਰ ਦੇ ਸੱਥਰ 'ਤੇ ਬੈਠੀ ਪਛਤਾਵੇ ਦੇ ਹੰਝੂ ਵਹਾ ਰਹੀ ਸੀ।ਸੋਚ ਰਹੀ ਸੀ ਕਿ ਮੈਂ ਜ਼ਮੀਨ ਦੇ ਲਾਲਚ ਵਿੱਚ, ਆਵਦੇ ਪੁੱਤ ਦਾ ਵਿਆਹ ਉਸ ਕੁੜੀ ਨਾਲ ਕਰਵਾ ਕੇ ਕੀ ਖੱਟਿਆ ਜਿਹੜੀ ਕਿ ਉਸਨੂੰ ਪਸੰਦ ਈ ਨਹੀਂ ਸੀ। ਸਾਰਾ ਪਰਿਵਾਰ ਗੁਆ ਕੇ ਬਹਿ ਗਈ।

---

# ਤੂੰ ਕੌਣ ਏ ?



**ਅਸ਼ੋਕ ਸੋਨੀ**

ਮੋ. 9872705078

ਧਰਮ ਨਾਲ ਸੰਬੰਧਤ ਪਵਿੱਤਰ ਪਸ਼ੂਆਂ ਦੇ ਬੇਰਹਿਮੀ ਨਾਲ ਕੀਤੇ ਕਤਲ ਤੇ ਉਸ ਤੋਂ ਬਾਅਦ ਧਾਰਮਿਕ ਗ੍ਰੰਥਾਂ ਦੀ ਸਾਜਿਸ਼ ਅਧੀਨ ਹੋਈਆਂ ਬੇਅਦਬੀਆਂ ਤੋਂ ਬਾਅਦ, ਦੋ ਧਾਰਮਿਕ ਧਿਰਾਂ ਵਿਚਕਾਰ ਚਾਰ ਦਿਨਾਂ ਤੋਂ ਚੱਲ ਰਹੇ ਦੰਗਿਆਂ ਵਿੱਚ ਸੈਂਕੜੇ ਮੌਤਾਂ ਹੋਣ ਤੋਂ ਬਾਅਦ ਚਾਰੇ ਪਾਸੇ ਤਨਾਅਪੂਰਨ ਸ਼ਾਂਤੀ ਪਸਰੀ ਹੋਈ ਏ। ਸੱਤ ਕੁ ਸਾਲ ਦਾ ਉਹ ਮਾਸੂਮ, ਬੁਰੀ ਤਰਾਂ ਥਕਿਆ, ਡਰਿਆ, ਕਮਜ਼ੋਰ ਤੇ ਸਹਿਮਿਆ ਹੋਇਆ ਏ, ਆਪਣੇ ਪੂਰੇ ਪਰਿਵਾਰ ਦੇ ਖਾਤਮੇ ਤੋਂ ਬਾਅਦ, ਪਿਛਲੇ ਤਿੰਨ ਦਿਨਾਂ ਤੋਂ ਕਿਸੇ ਤਰਾਂ ਭੱਜਦਾ-ਭਜਾਉਂਦਾ ਮਾਸੂਮ ਬਚਦਾ ਆ ਰਿਹਾ ਸੀ। ਹੁਣ ਲਗਾਤਾਰ ਰੋਣ ਕਾਰਨ ਉਸਦੀਆਂ ਅੱਖਾਂ ਵਿੱਚ ਸ਼ਾਇਦ ਪਾਣੀ ਵੀ ਮੁੱਕ ਚੁੱਕਾ ਸੀ, ਹੁਣ ਲਗਾਤਾਰ ਭੱਜਣ ਤੋਂ ਬਾਅਦ ਥੱਕ-ਹਾਰ ਕੇ, ਮੁਹੱਲੇ ਦੇ ਇਕ ਧਰਮ ਦੇ ਧਾਰਮਿਕ ਸਥਾਨ ਦੇ ਸਾਹਮਣੇ, ਇੱਕ ਪਾਸੇ ਕੰਧ ਨਾਲ ਲੱਗ ਕੇ ਖੜਾ ਹੈ। ਹੌਲੀ-ਹੌਲੀ ਮੁਹੱਲੇ ਦੇ ਲੋਕ ਕਰਫਿਊ ਵਿਚ ਮਿਲੀ



ਖੁਲ ਕਾਰਨ ਬਾਹਰ ਨਿਕਲ ਕੇ ਆ ਰਹੇ ਹਨ, ਕਿਉਂਕਿ ਅੱਜ ਉਨਾਂ ਦੇ ਧਰਮ ਨਾਲ ਸਬੰਧਤ ਮੰਤਰੀ ਸਾਬ ਵੀ ਤਾਂ ਮੁਹੱਲੇ ਉਨੌਂ ਦੇ 'ਦੁੱਖ ਦਰਦ ਸੁਣਨ' ਪਹੁੰਚ ਰਹੇ ਹਨ।

ਹੁਣ ਕੰਧ ਨਾਲ ਲੱਗੇ ਖੜੇ ਮਾਸੂਮ ਦੇ ਲਾਗੇ ਭੀੜ ਇਕੱਠੀ ਹੋ ਗਈ ਏ, ਹਰ ਕੋਈ ਉਸ ਨੂੰ ਦੇਖ ਰਿਹਾ ਏ, ਕਿਸੇ ਨੂੰ ਮਾਸੂਮ ਤਾਂ ਕਿਸੇ ਨੂੰ ਦੁਸ਼ਮਣ ਨਜ਼ਰ ਆ ਰਿਹਾ ਏ, ਕੋਈ ਦਇਆ ਨਾਲ ਤਾਂ ਕੋਈ ਨਫਰਤ ਨਾਲ ਉਸਨੂੰ ਤੱਕ ਰਿਹਾ ਏ। ਹਰ ਕੋਈ ਉਸਨੂੰ ਇਕੋ ਸਵਾਲ ਪੁੱਛ ਰਿਹਾ ਏ, ਤੂੰ ਕੌਣ ਏ? ਤੂੰ ਕੌਣ ਏ? ਦਰਅਸਲ ਹਰੇਕ ਦੀ ਇੱਛਾ ਉਸਦਾ ਧਰਮ ਜਾਨਣ ਦੀ ਸੀ ਤਾਂ ਜੋ ਉਸੇ ਅਨੁਸਾਰ ਉਸਤੇ ਰਹਿਮ ਜਾਂ ਕਹਿਰ ਦਾ ਫੈਸਲਾ ਕੀਤਾ ਜਾ ਸਕੇ ਪਰ ਉਹ ਚੁੱਪ ਸੀ, ਬਿਲਕੁਲ ਚੁੱਪ, ਸਹਿਮਿਆ ਹੋਇਆ ਪਰ ਹੁਣ ਲੋਕਾਂ ਨੇ ਉਸ ਨੂੰ ਝੰਜੋੜਨਾ ਸ਼ੁਰੂ ਕਰ ਦਿੱਤਾ, ਉਹ ਹੁਣ ਚਿਲਾਉਣ ਲੱਗ ਪਏ, ਤੂੰ ਕੌਣ ਏ, ਬੋਲ, ਤੂੰ ਕੌਣ ਏ? ਬੋਲ, ਬੋਲ, ਬੋਲ? ਤੇ ਫੇਰ ਦਬਾਅ ਵਿਚ ਉਸ ਮਾਸੂਮ ਦਾ ਸਬਰ ਜਵਾਬ ਦੇ ਜਾਂਦਾ ਏ, ਉਹ ਆਪਣੇ ਸਰੀਰ ਦਾ ਬਚਿਆ ਹੋਇਆ ਸਾਰਾ ਜ਼ੋਰ ਇਕੱਠਾ ਕਰਕੇ ਚੀਕ ਦੇ ਨਾਲ ਰੋਂਦਾ ਹੋਇਆ, ਆਖਰ ਆਪਣੀ ਅਸਲ ਪਛਾਣ ਦੱਸਦਾ ਇੰਨਾ ਕਹਿ ਕੇ ਹੀ ਡਿੱਗ ਪੈਂਦਾ ਏ, 'ਮੈਂ ਭੁੱਖਾ ਹਾਂ, ਮੈਂ ਭੁੱਖਾ ਹਾਂ'। ਲੋਕਾਂ ਦੀ ਭੀੜ ਵਿੱਚ ਇਕਦਮ ਪਸਰੀ ਮੁਰਦਾ ਸ਼ਾਂਤੀ ਨੂੰ, ਇੱਧਰ ਆਉਂਦੀ ਮੰਤਰੀ ਸਾਬ ਦੀ ਗੱਡੀ ਦਾ ਤੇਜ਼ ਹੂਟਰ ਵੀ ਤੋੜਨ ਵਿੱਚ ਅਸਮਰੱਥ ਜਾਪ ਰਿਹਾ ਸੀ।

ਇੱਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email:asrtimes@gmail.com




# ਪਾਠਕਾਂ ਦਾ ਨਜ਼ਰੀਆ

## ਪੰਜਾਬੀ ਵਿਚ ਸਿੱਖਿਆ ਵੱਲ ਧਿਆਨ ਦੇਣ ਦੀ ਲੋੜ

ਪੰਜਾਬ ਦੇ ਪ੍ਰਾਇਮਰੀ ਸਕੂਲਾਂ ਦੀ ਹਾਲਤ ਅਕਸਰ ਅਸੀਂ ਪਿੰਡਾਂ ਵਿਚ ਵੇਖਦੇ ਹਾਂ। ਸਰਕਾਰਾਂ ਨੇ ਸੁਧਾਰਨ ਦੀ ਕੋਸ਼ਿਸ਼ ਤਾਂ ਕੀਤੀ ਹੈ ਪਰ ਫਿਰ ਵੀ ਕੋਈ ਖ਼ਾਸ ਸੁਧਾਰ ਨਹੀਂ ਹੋਇਆ। ਪ੍ਰਾਇਮਰੀ ਤੋਂ ਬਾਅਦ ਮਿਡਲ ਤੇ ਸੈਕੰਡਰੀ ਸਕੂਲਾਂ ਦੀ ਹਾਲਤ ਨੂੰ ਵੀ ਸੁਧਾਰਨ ਦੀ ਲੋੜ ਹੈ। ਕੁਝ ਸਕੀਮਾਂ ਤਾਂ ਸਰਕਾਰਾਂ ਵਲੋਂ ਸ਼ੁਰੂ ਕੀਤੀਆਂ ਗਈਆਂ ਹਨ, ਜਿਸ ਤਰਾਂ ਪ੍ਰਾਇਮਰੀ ਸਕੂਲਾਂ ਵਿਚ ਬੱਚਿਆਂ ਲਈ ਖਾਣੇ ਦੀ ਸਹੂਲਤ, ਫਿਰ ਵੀ ਕਿਤੇ ਨਾ ਕਿਤੇ ਕਮੀ ਤਾਂ ਹੈ ਹੀ, ਜਿਸ ਕਰਕੇ ਬੱਚਿਆਂ ਦਾ ਦਾਖ਼ਲਾ ਪ੍ਰਾਇਮਰੀ ਸਕੂਲਾਂ ਵਿਚ ਘਟਿਆ ਹੈ। ਜ਼ਿਆਦਾਤਰ 70 ਫ਼ੀਸਦੀ ਦੇ ਕਰੀਬ ਬੱਚੇ ਪ੍ਰਾਈਵੇਟ ਸਕੂਲਾਂ ਵਿਚ ਪੜਨ ਲਈ ਜਾਂਦੇ ਹਨ। ਸਰਕਾਰੀ ਕਾਲਜਾਂ ਦੀ ਹਾਲਤ ਵੀ ਦਿਨ ਪ੍ਰਤੀ ਦਿਨ ਥੱਲੇ ਨੂੰ ਜਾ ਰਹੀ ਹੈ।

ਇਕ ਤਾਂ ਸਰਕਾਰੀ ਕਾਲਜਾਂ ਵਿਚ ਲੈਕਚਰਾਰਾਂ ਦੀ ਬਹੁਤ ਕਮੀ ਹੈ। ਗੈਸਟ ਫੈਕਲਟੀ 'ਤੇ ਲੈਕਚਰਾਰਾਂ ਨੂੰ ਰੱਖ ਕੇ ਕੰਮ ਚਲਾਇਆ ਜਾ ਰਿਹਾ ਹੈ। ਪੱਕੇ ਲੈਕਚਰਾਰਾਂ ਦੀ ਭਰਤੀ ਬਹੁਤ ਸਾਲਾਂ ਤੋਂ ਨਹੀਂ ਕੀਤੀ ਗਈ। ਸਟਾਫ਼ ਵੀ ਥੋੜਾ ਰੱਖਿਆ ਜਾਂਦਾ ਹੈ ਤੇ ਸਟਾਫ਼ ਦੀ ਘਾਟ ਕਾਰਨ ਸਾਰਾ ਢਾਂਚਾ ਸਰਕਾਰੀ ਕਾਲਜਾਂ ਦਾ ਵਿਗੜਿਆ ਹੋਇਆ ਹੈ। ਸਰਕਾਰ ਨੇ ਇਕ ਹੋਰ ਬਹੁਤ ਵੱਡੀ ਅਣਗਹਿਲੀ ਕੀਤੀ ਹੈ, ਧੜਾਧੜ ਪ੍ਰਾਈਵੇਟ ਕਾਲਜ ਖੋਲਣ 'ਤੇ ਕਿਸੇ ਕਿਸਮ ਦੀ ਕੋਈ ਰੋਕ ਨਹੀਂ ਲਗਾਈ। ਅਸੀਂ ਦੇਖਦੇ ਹਾਂ ਜ਼ਿਆਦਾ ਪ੍ਰਾਈਵੇਟ ਕਾਲਜ ਖੁੱਲ ਜਾਣ ਕਾਰਨ ਬੱਚੇ ਪ੍ਰਾਈਵੇਟ ਕਾਲਜਾਂ ਨੂੰ ਵੱਧ ਭੱਜਦੇ ਹਨ। ਇਸ ਦਾ ਅਸਰ ਸਰਕਾਰੀ ਕਾਲਜਾਂ 'ਤੇ ਬਹੁਤ ਪਿਆ ਹੈ। ਸਰਕਾਰੀ ਕਾਲਜਾਂ ਵਿਚ ਬੱਚਿਆਂ ਦੀ ਘਾਟ ਆ ਗਈ ਤੇ ਦਾਖ਼ਲੇ ਬਹੁਤ ਘਟ ਗਏ, ਜਿਸ ਕਰਕੇ ਸਰਕਾਰੀ ਕਾਲਜ ਉੱਜੜਦੇ ਜਾ ਰਹੇ ਹਨ। ਕਾਲਜਾਂ ਤੋਂ ਬਾਅਦ ਸਰਕਾਰੀ ਯੂਨੀਵਰਸਿਟੀਆਂ ਦੀ ਹਾਲਤ ਵਿਚ ਪਿਛਲੇ ਵਰਿਆਂ ਨਾਲੋਂ ਨਿਘਾਰ ਆਇਆ ਹੈ। ਵੱਧ ਪ੍ਰਾਈਵੇਟ ਯੂਨੀਵਰਸਿਟੀਆਂ ਖੁੱਲ ਜਾਣ ਕਾਰਨ ਇਸ ਦਾ ਨਤੀਜਾ ਇਹ ਹੋਇਆ ਕਿ ਸਰਕਾਰੀ ਯੂਨੀਵਰਸਿਟੀਆਂ ਦੀ ਹਾਲਤ ਪਤਲੀ ਹੋ ਗਈ। ਵੱਡੇ-ਵੱਡੇ ਸ਼ਾਹੂਕਾਰਾਂ ਨੇ ਪ੍ਰਾਈਵੇਟ ਯੂਨੀਵਰਸਿਟੀਆਂ ਸਥਾਪਤ ਕਰ ਲਈਆਂ ਹਨ ਤੇ ਸਰਕਾਰੀ ਯੂਨੀਵਰਸਿਟੀਆਂ ਵੱਲ ਸਰਕਾਰਾਂ ਨੇ ਕਿਸੇ ਕਿਸਮ ਦੀ ਕੋਈ ਨਜ਼ਰ ਨਹੀਂ ਮਾਰੀ। ਪੰਜਾਬ ਦਾ 2020-21 ਦਾ ਕੁੱਲ ਘਰੇਲੂ ਉਤਪਾਦਨ 5.29 ਲੱਖ ਕਰੋੜ ਸੀ। ਚਾਲੂ ਸਾਲ 2021-22 ਦਾ ਕੁੱਲ ਸਿੱਖਿਆ ਬਜਟ 13,080 ਕਰੋੜ ਰੁਪਿਆ ਹੈ। ਜਿਸ ਵਿਚੋਂ ਪ੍ਰਾਇਮਰੀ ਸਿੱਖਿਆ ਦਾ 4006 ਕਰੋੜ, ਸੈਕੰਡਰੀ ਸਿੱਖਿਆ ਦਾ 7582.8 ਕਰੋੜ ਤੇ 986.7 ਕਰੋੜ ਹੈ। ਕੁਝ ਖੇਡਾਂ ਲਈ ਵੀ ਹੈ। ਸਿੱਖਿਆ ਦੇ ਖੇਤਰ ਵਿਚ ਪੰਜਾਬ ਸਰਕਾਰ ਵਲੋਂ ਪੈਸਾ ਖਰਚ ਵੀ ਕੀਤਾ ਗਿਆ। ਪਰ 70-80 ਫ਼ੀਸਦੀ ਸਿੱਖਿਆ ਬਜਟ ਦਾ ਹਿੱਸਾ ਤਾਂ ਸਕੂਲਾਂ ਵਿਚ ਹੀ ਲੱਗ ਜਾਂਦਾ ਹੈ। ਸਕੂਲੀ ਸਿੱਖਿਆ ਦੀ ਹਾਲਤ ਫਿਰ ਵੀ ਮੰਦੀ, ਬਾਕੀ ਬਚਦਾ ਹਿੱਸਾ ਉੱਚ ਸਿੱਖਿਆ ਲਈ ਹੈ। ਤੁਸੀਂ ਆਪ ਸੋਚੋ ਬਚਦੇ ਹਿੱਸੇ ਨਾਲ ਉੱਚ ਸਿੱਖਿਆ ਵਿਚ ਕਿੰਨਾ ਕੁ ਸੁਧਾਰ ਹੋ ਸਕਦਾ ਹੈ ? ਉੱਚ ਸਿੱਖਿਆ ਵੱਲ ਵੇਖੀਏ ਤਾਂ ਪੰਜਾਬ ਦੀ ਉੱਚ ਸਿੱਖਿਆ ਵਿਚ ਸਭ ਤੋਂ ਵੱਡੀ ਘਾਟ ਲਾਇਬ੍ਰੇਰੀਆਂ ਦੀ ਹੈ ਪਰ ਹਰ ਸਰਕਾਰ ਵਲੋਂ ਇਸ ਨੂੰ ਅਣਗੌਲਿਆ ਕੀਤਾ ਜਾਂਦਾ ਹੈ। ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਦਾ ਕੇਂਦਰ ਦੀ ਨਵੀਂ ਸਿੱਖਿਆ ਨੀਤੀ ਦੇ ਮੱਦੇਨਜ਼ਰ ਸਰਕਾਰ ਕੀ ਕਰੇਗੀ ? ਪ੍ਰਾਈਵੇਟ ਅਤੇ ਸਰਕਾਰੀ ਅਦਾਰਿਆਂ ਵਿਚ ਮਿਆਰੀ ਪਾਠ ਪੁਸਤਕਾਂ ਆਦਿ ਦੀ ਬਰਾਬਰੀ ਤੇ ਗੁਣਵੱਤਾ ਕਿਵੇਂ ਲਿਆਏਗੀ ? ਪ੍ਰਾਈਵੇਟ ਯੂਨੀਵਰਸਿਟੀਆਂ ਨੂੰ ਮਨਮਰਜ਼ੀ ਦੀਆਂ ਫੀਸਾਂ ਵਸੂਲਣ ਤੋਂ ਕਿਵੇਂ ਰੋਕੇਗੀ ? ਬਾਕੀ ਹੋਰ ਮਸਲੇ ਹਨ ਝੂਠੀਆਂ ਡਿਗਰੀਆਂ ਦੇ, ਗ਼ੈਰ-ਹਾਜ਼ਰ ਰਹਿ ਕੇ ਤਨਖ਼ਾਹਾਂ ਲੈਣ ਦੇ, ਰਾਖਵੇਂਕਰਨ ਦੇ ਝੂਠੇ ਸਰਟੀਫਿਕੇਟਾਂ ਰਾਹੀਂ ਨੌਕਰੀਆਂ ਲੈਣ ਦੇ, ਸਿਆਸੀ ਬੰਦਿਆਂ ਵਲੋਂ ਨੌਕਰੀ ਦੇ ਬਣਦੇ ਹੱਕਦਾਰ ਦਾ ਹੱਕ ਮਾਰ ਕੇ ਆਪਣੇ ਕਰੀਬੀਆਂ ਨੂੰ ਸਿਫ਼ਾਰਸ਼ਾਂ ਲਗਾ ਕੇ ਨੌਕਰੀਆਂ ਦੇਣ ਦੇ, ਪੈਨਸ਼ਨਾਂ ਅਤੇ ਤਨਖ਼ਾਹਾਂ ਦੋਵੇਂ ਲੈਣ ਦੇ, ਭ੍ਰਿਸ਼ਟਾਚਾਰ ਦੇ, ਰਿਸ਼ਵਤਖੋਰੀ ਦੇ, ਬੱਚਿਆਂ ਦੇ ਮਾਨਸਿਕ ਅਤੇ ਸਰੀਰਕ ਸ਼ੋਸ਼ਣ ਦੇ, ਕੰਮ ਨਾ ਆਉਣ ਦੇ, ਪਾਠ ਪੁਸਤਕਾਂ ਦੀਆਂ ਗੰਭੀਰ ਗ਼ਲਤੀਆਂ ਦੇ, ਨੌਕਰੀਆਂ ਵਿਚ ਠੇਕੇਦਾਰੀ ਸਿਸਟਮ ਬੰਦ ਕਰਨ ਦੇ ਆਦਿ ? ਇਨਾਂ ਮਸਲਿਆਂ ਦਾ ਸਬੰਧ ਵੀ ਸਿੱਖਿਆ ਦੇ ਖੇਤਰ ਨਾਲ ਹੈ। ਹੁਣ ਜਦੋਂ ਕਿ ਨਵੀਂ ਸਰਕਾਰ ਵਾਗਡੋਰ ਸੰਭਾਲ ਰਹੀ ਹੈ ਤਾਂ ਇਹ ਬਹੁਤ ਜ਼ਰੂਰੀ ਹੋ ਜਾਂਦਾ ਹੈ ਕਿ ਆਮ ਆਦਮੀ ਪਾਰਟੀ ਵਲੋਂ ਕੀਤੇ ਗਏ ਵਾਅਦੇ ਮੁਤਾਬਿਕ ਸਰਕਾਰ ਸਿੱਖਿਆ ਦੇ ਖੇਤਰ ਨੂੰ ਤਰਜੀਹ ਦੇਵੇ।

**ਅਸਿਸਟੈਂਟ ਪ੍ਰੋਫ਼ੈਸਰ (ਇਤਿਹਾਸ), ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ**

## ਪੰਜਾਬੀ ਮੀਡੀਆ ਪੰਜਾਬੀ ਸੱਭਿਆਚਾਰ ਨੂੰ ਲਗਾ ਰਿਹਾ ਏ ਢਾਹ

ਕਾਰਪੋਰੇਟ ਘਰਾਣੇ ਮੀਡੀਆ ਦੇ ਮਾਧਿਅਮ ਰਾਹੀਂ ਤੀਜੀ ਦੁਨੀਆ ਦੇ ਦੇਸ਼ਾਂ 'ਤੇ ਸੱਭਿਆਚਾਰਕ ਇਜਾਰੇਦਾਰੀ ਸਥਾਪਤ ਕਰਨਾ ਚਾਹੁੰਦੇ ਹਨ। ਪੰਜਾਬੀ ਮੀਡੀਆ (ਰੇਡੀਓ ਅਤੇ ਟੀਵੀ ਚੈਨਲ) ਵੀ ਇਸ ਤੋਂ ਅਛੂਤੇ ਨਹੀਂ ਹਨ। ਪੂੰਜੀਵਾਦ ਦੇ ਇਸ ਦੌਰ ਵਿਚ ਪੰਜਾਬੀ ਵਿਚ 100 ਦੇ ਕਰੀਬ ਰੇਡੀਓ ਚੈਨਲ ਅਤੇ 30 ਤੋਂ ਜ਼ਿਆਦਾ ਟੀਵੀ ਚੈਨਲ ਵੱਖ-ਵੱਖ ਬਹੁ-ਕੌਮੀ ਕੰਪਨੀਆਂ ਵੱਲੋਂ ਪ੍ਰਸਾਰਿਤ ਹੋ ਰਹੇ ਹਨ। ਕੰਪਿਊਟਰ ਤੇ ਮੋਬਾਈਲ 'ਤੇ ਇੰਟਰਨੈੱਟ ਦੀ ਸਹਾਇਤਾ ਨਾਲ ਸੋਸ਼ਲ ਮੀਡੀਆ ਸਾਈਟਸ ਫੇਸਬੁਕ, ਟਵਿੱਟਰ, ਵਟਸਐਪ, ਯੂ-ਟਿਊਬ ਆਦਿ ਦੀ ਵਰਤੋਂ ਕਰਨ ਵਿਚ ਵੀ ਪੰਜਾਬੀ ਕਿਸੇ ਤੋਂ ਪਿੱਛੇ ਨਹੀਂ ਹਨ। ਬਿਜਲਈ ਮੀਡੀਆ ਦੇ ਇਹ ਸਾਧਨ ਸਾਡੇ ਸੱਭਿਆਚਾਰਕ ਮੁੱਲਾਂ ਨੂੰ ਬੁਰੀ ਤਰਾਂ ਢਾਅ ਲਾ ਰਹੇ ਹਨ। ਵਿਸ਼ਵੀਕਰਨ ਦੇ ਦੌਰ 'ਚ ਸੱਭਿਆਚਾਰਕ ਸਾਮਰਾਜਵਾਦ ਰਾਹੀਂ ਕੌਮਾਂਤਰੀ ਕੰਪਨੀਆਂ ਆਪਣੇ ਉਤਪਾਦ ਵੇਚਣ ਲਈ ਸਮੁੱਚੇ ਸੰਸਾਰ ਨੂੰ ਮੰਡੀ ਵਜੋਂ ਵਰਤਦੀਆਂ ਹਨ। ਸਾਧਨ ਸੰਪੰਨ ਲੋਕ (ਸਾਮਰਾਜਵਾਦੀ ਤਾਕਤਾਂ) ਮੀਡੀਆ 'ਤੇ ਕੰਟਰੋਲ ਕਰ ਕੇ ਇਸ ਨੂੰ ਹਥਿਆਰ ਵਜੋਂ ਵਰਤ ਰਹੇ ਹਨ। ਇਸ ਰਾਹੀਂ ਉਹ ਆਪਣੀ ਸ਼ਕਤੀ ਅਤੇ ਪੂੰਜੀ ਵਿਚ ਇਜ਼ਾਫ਼ਾ ਕਰ ਰਹੇ ਹਨ। ਫਿਲਮਾਂ, ਗਾਣੇ, ਖ਼ਬਰਾਂ, ਆਦਿ ਹਰ ਮਾਧਿਅਮ ਰਾਹੀਂ ਇਹ ਕੰਪਨੀਆਂ ਸਥਾਨਕ ਸੱਭਿਆਚਾਰ 'ਤੇ ਆਪਣੀ ਵਿਚਾਰਧਾਰਾ ਥੋਪ ਕੇ ਸਥਾਨਕ ਲੋਕਾਂ ਨੂੰ ਆਪਣੇ ਹੱਕ 'ਚ ਕਰਨ ਦਾ ਯਤਨ ਕਰਦੀਆਂ ਹਨ। ਅਜਿਹਾ ਕਰ ਕੇ ਉਹ ਸਾਡੇ ਰਹਿਣ-ਸਹਿਣ, ਖਾਣ-ਪੀਣ ਅਤੇ ਪਹਿਰਾਵੇ ਦੇ ਤੌਰ-ਤਰੀਕਿਆਂ 'ਤੇ ਗ਼ਲਬਾ ਬਣਾਉਣ ਦੇ ਨਾਲ-ਨਾਲ ਸੋਚਣ-ਸਮਝਣ ਦੇ ਢੰਗ-ਤਰੀਕਿਆਂ ਨੂੰ ਵੀ ਪ੍ਰਭਾਵਿਤ ਕਰਦੇ ਹਨ। ਅੱਜ-ਕੱਲ ਪੰਜਾਬੀ ਆਪਣੇ ਰਵਾਇਤੀ ਭੋਜਨ (ਸਾਗ, ਮੱਕੀ ਦੀ ਰੋਟੀ, ਦਹੀਂ, ਮਿੱਸੀ ਰੋਟੀ, ਖੀਰ ਆਦਿ) ਛੱਡ ਕੇ ਵਿਦੇਸ਼ੀ ਖਾਣੇ (ਮੈਗੀ, ਨੂਡਲ, ਬਰਗਰ, ਪੀਜ਼ਾ, ਮੋਮੋਜ਼) ਖਾਣਾ ਪਸੰਦ ਕਰਦੇ ਹਨ। ਇਨਾਂ ਸਾਮਰਾਜਵਾਦੀ ਕੰਪਨੀਆਂ ਨੇ ਤਾਂ ਸਾਡੀ ਮਾਨਸਿਕਤਾ ਨੂੰ ਇਸ ਪ੍ਰਕਾਰ ਜਕੜ ਲਿਆ ਹੈ ਕਿ ਅਸੀਂ ਘਰ ਆਏ ਪ੍ਰਾਹੁਣੇ ਨੂੰ ਲੱਸੀ, ਸ਼ਿਕੰਜਵੀ ਪਿਆਉਣ ਵਿਚ ਸ਼ਰਮ ਮਹਿਸੂਸ ਕਰਨ ਲੱਗ ਪਏ ਹਾਂ ਅਤੇ ਇਸ ਦੀ ਬਜਾਏ ਕੋਲਡ ਡਰਿੰਕ ਆਦਿ ਪਿਆਉਣ ਵਿਚ ਮਾਣ ਮਹਿਸੂਸ ਕਰਦੇ ਹਾਂ। ਅੱਜ ਦਾ ਪੰਜਾਬੀ ਤਾਂ ਲੱਸੀ, ਸ਼ਿਕੰਜਵੀ, ਦੁੱਧ, ਦਹੀਂ ਆਦਿ ਵੀ ਬਹੁਕੌਮੀ ਕੰਪਨੀਆਂ ਵੱਲੋਂ ਬੰਦ ਪੈਕਟਾਂ ਵਾਲਾ ਜ਼ਿਆਦਾ ਵਧੀਆ ਅਤੇ ਸੁਰੱਖਿਅਤ ਸਮਝਦਾ ਹੈ। ਇਸੇ ਤਰਾਂ ਹੁਣ ਰਵਾਇਤੀ ਪਹਿਰਾਵੇ ਦੀ ਥਾਂ ਭੜਕੀਲੇ ਅਤੇ ਫੈਸ਼ਨੇਬਲ ਪਹਿਰਾਵੇ ਉਨਾਂ ਨੂੰ ਵਧੇਰੇ ਆਪਣੇ ਲੱਗਣ ਲੱਗ ਪਏ ਹਨ। ਇਸ ਸਭ ਦਾ ਮੁੱਖ ਕਾਰਨ ਪੰਜਾਬੀ ਫਿਲਮਾਂ ਅਤੇ ਗਾਣਿਆਂ ਵਿਚ ਮੁੱਖ ਪਾਤਰਾਂ ਵੱਲੋਂ ਅਜਿਹਾ ਕਰਨਾ ਹੈ। ਆਪਣੀ ਹੈਜੇਮਨੀ ਸਥਾਪਤ ਕਰਨ ਲਈ ਸਾਮਰਾਜਵਾਦੀ ਤਾਕਤਾਂ ਮੀਡੀਆ ਰਾਹੀਂ ਆਪਣੇ ਸੱਭਿਆਚਾਰ ਨੂੰ ਮਸ਼ਹੂਰ ਚੇਤਨਾ ਦਾ ਰੂਪ ਦਿੰਦੀਆਂ ਹਨ। ਅਜਿਹਾ ਕਰਨ ਲਈ ਉਹ ਸਥਾਨਕ ਸੱਭਿਆਚਾਰ ਨੂੰ ਹੀਣਾ ਦਰਸਾਉਂਦੇ ਹਨ ਅਤੇ ਆਪਣੇ ਸੱਭਿਆਚਾਰ ਨੂੰ ਸ੍ਰੇਸ਼ਠ। ਇਸ ਤਰਾਂ ਉਹ ਸਾਨੂੰ ਜ਼ਿਹਨੀ ਰੂਪ ਵਿਚ ਗ਼ੁਲਾਮ ਬਣਾ ਕੇ ਉਪਭੋਗੀ ਬਣਾ ਲੈਂਦੇ ਹਨ। ਸਾਮਰਾਜਵਾਦੀ ਤਾਕਤਾਂ ਹੁਣ ਦੂਜੇ ਮੁਲਕਾਂ ਨੂੰ ਪ੍ਰਤੱਖ ਰੂਪ ਵਿਚ ਗ਼ੁਲਾਮ ਬਣਾਉਣ ਦੀ ਥਾਂ ਸੱਭਿਆਚਾਰਕ ਰੂਪ ਵਿਚ ਆਪਣੇ ਅਧੀਨ ਕਰਨਾ ਚਾਹੁੰਦੀਆਂ ਹਨ। ਉਹ ਆਪਣਾ ਮਕਸਦ ਮੀਡੀਆ ਨੂੰ ਹਥਿਆਰ ਵਜੋਂ ਵਰਤ ਕੇ ਹੀ ਪੂਰਾ ਕਰਦੀਆਂ ਹਨ।

ਸੱਭਿਆਚਾਰ ਨੂੰ ਉਦਯੋਗ ਵਿਚ ਬਦਲ ਕੇ ਮੁਨਾਫ਼ਾ ਕਮਾਉਣ ਲਈ ਕੌਮਾਂਤਰੀ ਕੰਪਨੀਆਂ ਮੀਡੀਆ ਰਾਹੀਂ ਪੰਜਾਬੀ ਸੰਗੀਤ, ਗੀਤੀ-ਰਿਵਾਜ, ਵਿਸ਼ਵਾਸ, ਤਿਉਹਾਰ, ਖੇਡਾਂ ਅਤੇ ਕਲਾ-ਰੂਪਾਂ ਨੂੰ ਵੀ ਨਵੇਂ ਰੂਪ ਦੇ ਰਹੀਆਂ ਹਨ। ਉਨਾਂ ਲਈ ਸੱਭਿਆਚਾਰ ਕੇਵਲ ਅਤੇ ਕੇਵਲ ਪੈਸਾ ਕਮਾਉਣ ਦਾ ਸਾਧਨ ਹੈ। ਇਸ ਦੀ ਮਿਸਾਲ ਪੰਜਾਬੀ ਫਿਲਮਾਂ ਦੇ ਨਾਵਾਂ (ਲਾਵਾਂ-ਫੇਰੇ, ਮੰਜੇ-ਬਿਸਤਰੇ, ਸਰਦਾਰ ਜੀ, ਗੁੱਡੀਆਂ ਪਟੋਲੇ, ਓ. ਅ, ਦਾਣਾ-ਪਾਣੀ ਨਿੱਕਾ ਜ਼ੈਲਦਾਰ, ਸ਼ਰੀਕ, ਸਿੰਘ ਵ/ਸ ਕੌਰ, ਪ੍ਰਾਹੁਣਾ, ਗਿੱਦੜਸਿੰਘੀ, ਆਟੇ ਦੀ ਚਿੜੀ, ਜੱਟ ਬੁਆਇਜ਼, ਜੱਟ ਏਅਰਵੇਜ਼, ਜੱਟ ਇਨ ਗੋਲਮਾਲ, ਜੱਟ ਅਤੇ ਜੂਲੀਅਟ, ਜੱਦੀ ਸਰਦਾਰ ਆਦਿ) ਵਿਚੋਂ ਵੇਖੀ ਜਾ ਸਕਦੀ ਹੈ। ਅਜੋਕੀਆਂ ਪੰਜਾਬੀ ਫਿਲਮਾਂ ਭਾਵੇਂ ਬਹੁਕੌਮੀ ਕੰਪਨੀਆਂ ਵੱਲੋਂ ਬਣਾਈਆਂ ਜਾਂਦੀਆਂ ਹਨ ਪਰ ਪੰਜਾਬੀ ਮਾਨਸਿਕਤਾ ਨੂੰ ਕੈਸ਼ ਕਰਨ ਲਈ ਇਨਾਂ ਦੇ ਨਾਵਾਂ ਵਿਚ ਅਜਿਹੇ ਸ਼ਬਦ ਵਰਤੇ ਜਾਂਦੇ ਹਨ ਜਿਹੜੇ ਸਿੱਧੇ ਰੂਪ ਵਿਚ ਪੰਜਾਬੀ ਲੋਕਾਂ ਨੂੰ ਆਕਰਸ਼ਿਤ ਕਰਦੇ ਹਨ। ਪੰਜਾਬੀ ਫਿਲਮਾਂ ਦੇ ਮੁੱਖ-ਪਾਤਰਾਂ ਨੂੰ ਜਿਸ ਤਰਾਂ ਪੇਸ਼ ਕੀਤਾ ਜਾਂਦਾ ਹੈ ਉਸ ਦਾ ਅਸਲ ਜ਼ਿੰਦਗੀ ਨਾਲ ਦੂਰ-ਦੂਰ ਤਕ ਕੋਈ ਨਾਤਾ ਨਹੀਂ ਹੁੰਦਾ। ਪੰਜਾਬੀ ਗਾਇਕੀ 'ਚੋਂ ਸਥਾਨਿਕਤਾ ਦੇ ਪ੍ਰਭਾਵ ਨੂੰ ਖ਼ਤਮ ਕਰ ਕੇ ਉਸ ਵਿਚ ਪੌਪ ਅਤੇ ਰੈਪ ਮਿਊਜ਼ਿਕ ਨੂੰ ਵਧਾ-ਚੜਾਅ ਕੇ ਦਿਖਾਇਆ ਜਾਂਦਾ ਹੈ।

ਪੰਜਾਬੀ ਗਾਇਕੀ ਵਿਚ ਮੁੱਖ-ਪਾਤਰ ਵਿਹਲੜ, ਹਿੰਸਕ ਅਤੇ ਨਸ਼ਈ ਦਿਖਾਇਆ ਜਾਂਦਾ ਹੈ। ਔਰਤਾਂ ਦੇ ਅਕਸ ਨੂੰ ਢਾਅ ਲਾਉਣ ਵਾਲੀ ਗਾਇਕੀ ਰਾਹੀਂ ਪੰਜਾਬੀ ਔਰਤਾਂ ਨੂੰ ਵੀ ਲੱਚਰ ਅਤੇ ਅਸ਼ਲੀਲ ਪਹਿਰਾਵੇ ਵਿਚ ਪੇਸ਼ ਕੀਤਾ ਜਾਂਦਾ ਹੈ। ਅੱਜ-ਕੱਲ ਤਾਂ ਜ਼ਿਆਦਾਤਰ ਪੰਜਾਬੀ ਗਾਣਿਆਂ ਵਿਚ ਸ਼ਬਦਾਵਲੀ 'ਤੇ ਵੀ ਅੰਗਰੇਜ਼ੀ ਭਾਰੂ ਹੁੰਦੀ ਹੈ। ਸੱਭਿਆਚਾਰ 'ਤੇ ਗਲੋਬਲ ਪ੍ਰਭਾਵ ਪਾ ਕੇ ਉਸ ਦਾ ਸਥਾਨੀਕਰਨ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਵਰਤਮਾਨ ਦੌਰ ਵਿਚ ਸੱਭਿਆਚਾਰਕ ਸਿਰਜਣਾਵਾਂ 'ਚੋਂ ਕਲਾ-ਪੱਖ ਮਨਫ਼ੀ ਹੋ ਰਿਹਾ ਹੈ ਅਤੇ ਇਸ ਦੀ ਥਾਂ ਮਸ਼ੀਨੀ ਵਸਤਾਂ ਨੇ ਲੈ ਲਈ ਹੈ। ਬਿਜਲਈ ਮੀਡੀਆ ਸਾਧਨਾਂ ਰਾਹੀਂ ਮਨੁੱਖੀ ਮਾਨਸਿਕਤਾ ਵਿੱਚੋਂ ਆਰਥਿਕ ਮੁੱਲ ਸਮਾਪਤ ਕਰ ਕੇ 'ਸਟੇਟਸ ਮੁੱਲ' ਸਥਾਪਤ ਕੀਤਾ ਜਾ ਰਿਹਾ ਹੈ। ਘਰੇਲੂ ਵਸਤਾਂ ਦੀ ਥਾਂ ਬਾਜ਼ਾਰੀ (ਡੱਬਾ ਬੰਦ) ਵਸਤਾਂ ਨੂੰ ਉਨਾਂ ਦੇ 'ਸਟੇਟਸ ਮੁੱਲ' ਕਾਰਨ ਹੀ ਤਰਜੀਹ ਦਿੱਤੀ ਜਾਂਦੀ ਹੈ। ਘਰ ਦੀ ਲੱਸੀ ਦੀ ਬਜਾਏ ਬਾਜ਼ਾਰੀ (ਪੈਕੇਟ ਵਾਲੀ) ਲੱਸੀ ਨੂੰ ਵਧੀਆ ਮੰਨਣਾ ਇਸ ਦੀ ਸਪਸ਼ਟ ਉਦਾਹਰਨ ਹੈ। ਸੱਭਿਆਚਾਰਕ ਇਕਰੂਪਤਾ ਦੇ ਵਿਖਾਵੇ ਅਧੀਨ ਪੱਛਮੀ ਸੱਭਿਆਚਾਰ ਦਾ ਦਬਦਬਾ ਬਣਾਉਣ ਅਤੇ ਵਿਖਾਉਣ ਦੀ ਬੁਣਤ ਬੁਣੀ ਜਾ ਰਹੀ ਹੈ। ਟੀਵੀ, ਫਿਲਮਾਂ ਅਤੇ ਸੋਸ਼ਲ ਮੀਡੀਆ ਸਾਈਟਸ ਦੀ ਮਦਦ ਨਾਲ ਹਾਈਪਰ ਰਿਐਲਟੀ ਨੂੰ ਯਥਾਰਥ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਇਨਾਂ ਰਾਹੀਂ ਅਜਿਹੀ ਰਿਐਲਟੀ ਸਿਰਜੀ ਜਾਂਦੀ ਹੈ ਜਿਸ ਨੂੰ ਜਨ-ਸਾਧਾਰਨ ਵੀ ਅਸਲ ਮੰਨਣ ਲੱਗ ਜਾਂਦਾ ਹੈ। ਕਿਸੇ ਕਰੀਮ ਦੀ ਮਦਦ ਨਾਲ ਰੰਗ 'ਕਾਲੇ ਤੋਂ ਗੋਰਾ' ਹੋ ਜਾਂਦਾ ਹੈ ਜਾਂ ਜਵਾਨਾਂ ਵਰਗੀ ਤਾਜ਼ਗੀ ਅਤੇ ਫੁਰਤੀ ਪ੍ਰਾਪਤ ਕਰਨ ਲਈ ਕੋਈ ਕੈਪਸੂਲ (ਦਵਾਈ) ਜਾਂ ਵਿਸ਼ੇਸ਼ ਪ੍ਰਕਾਰ ਦਾ ਘੋਲ ਸਹਾਇਕ ਹੈ, ਇਹ ਇਕ ਹਾਈਪਰ ਰਿਐਲਟੀ ਹੈ।

ਸਰੀਰਕ ਖੇਡਾਂ ਦੀ ਬਜਾਏ ਅੱਜ-ਕੱਲ ਵਰਚੂਅਲ (ਮੋਬਾਈਲ ਅਤੇ ਕੰਪਿਊਟਰ 'ਤੇ) ਖੇਡਾਂ ਨੂੰ ਤਰਜੀਹ ਦੇ ਕੇ ਪ੍ਰਚਾਰਿਆ ਜਾ ਰਿਹਾ ਹੈ। ਇਹੀ ਮੀਡੀਆ ਇਸ ਤੱਥ ਦਾ ਵੀ ਪ੍ਰਚਾਰ ਕਰਦਾ ਹੈ ਕਿ ਮੱਧਕਾਲੀ ਪੰਜਾਬੀ ਨਾਇਕਾਂ ਨਾਲੋਂ ਪੱਛਮੀ ਨਾਇਕ ਵਧੇਰੇ ਬਲਸ਼ਾਲੀ ਅਤੇ ਸੂਝਵਾਨ ਸਨ। ਇਸੇ ਲਈ ਪੰਜਾਬੀ ਬੱਚਿਆਂ ਦੁਆਰਾ ਖੇਡੀਆਂ ਜਾਣ ਵਾਲੀਆਂ ਆਨਲਾਈਨ ਅਤੇ ਕੰਪਿਊਟਰ ਖੇਡਾਂ 'ਚੋਂ ਕਿਸੇ ਦਾ ਵੀ ਨਾਇਕ ਪੰਜਾਬੀ ਨਹੀਂ। ਪੰਜਾਬੀ ਬੱਚਿਆਂ ਦੇ ਰੋਲ ਮਾਡਲ ਵੀ ਪੱਛਮੀ ਨਾਇਕ ਹੀ ਬਣਦੇ ਜਾ ਰਹੇ ਹਨ।

ਇਸ ਤਰਾਂ ਇਹ ਬਹੁ-ਕੌਮੀ ਵਿਦੇਸ਼ੀ ਕੰਪਨੀਆਂ ਸਥਾਨਕ ਸੱਭਿਆਚਾਰ 'ਤੇ ਹਾਵੀ ਹੋ ਕੇ ਉਸ ਨੂੰ ਆਪਣੇ ਮੁਨਾਫ਼ੇ ਲਈ ਵਰਤਣ ਦਾ ਹਰ ਹੀਲਾ ਅਪਣਾਉਂਦੀਆਂ ਹਨ। ਇਹ ਆਪਣੇ ਉਤਪਾਦਾਂ ਨੂੰ ਸਥਾਨਕ ਰੰਗਤ ਦੇ ਕੇ, ਪੰਜਾਬੀ ਗਾਇਕਾਂ ਅਤੇ ਫਿਲਮੀ ਪਾਤਰਾਂ ਰਾਹੀਂ ਇਨਾਂ ਦਾ ਪ੍ਰਚਾਰ ਕਰਵਾ ਕੇ ਅਤੇ ਇਨਾਂ ਨੂੰ ਪੰਜਾਬੀ ਸੱਭਿਆਚਾਰ ਦੇ ਰੰਗ ਵਿਚ ਰੰਗ ਕੇ ਲੋਕਾਂ ਸਾਹਮਣੇ ਇੰਜ ਪੇਸ਼ ਕਰਦੇ ਹਨ ਕਿ ਲੋਕਾਂ ਨੂੰ ਇਹ ਉਤਪਾਦ ਦੇਸੀ ਲੱਗਣ ਲੱਗਦੇ ਹਨ। ਇਨਾਂ ਨੇ ਸੱਭਿਆਚਾਰ ਨੂੰ ਆਪਣੀ ਮਰਜ਼ੀ ਅਨੁਸਾਰ ਢਾਲ ਲਿਆ ਹੈ। ਇਨਾਂ ਮਲਟੀ-ਨੈਸ਼ਨਲ ਕੰਪਨੀਆਂ ਦੀ ਅਜਿਹੀ ਵਿਚਾਰਧਾਰਾ ਤੋਂ ਸੁਚੇਤ ਹੋਣ ਦੀ ਲੋੜ ਹੈ। ਜੇ ਅਜਿਹਾ ਨਾ ਕੀਤਾ ਗਿਆ ਤਾਂ ਨੇੜੇ ਭਵਿੱਖ ਵਿਚ ਛੇਤੀ ਹੀ ਪੰਜਾਬੀ ਸੱਭਿਆਚਾਰ ਆਪਣੀ ਅਸਲ ਹੋਂਦ ਗੁਆ ਬੈਠੇਗਾ।

**ਡਾ. ਵਿਸ਼ਾਲ ਕੁਮਾਰ**

## ਭਗਤ ਸਿੰਘ ਦੀ ਸੋਚ ਅਤੇ ਆਪ ਪਾਰਟੀ ਦੀ ਸੱਤਾ

ਆਮ ਆਦਮੀ ਪਾਰਟੀ ਸੱਤਾ ਵਿੱਚ ਆ ਗਈ ਹੈ। ਸ਼ਹੀਦ ਭਗਤ ਸਿੰਘ ਦੇ ਪਿੰਡ ਸਹੁੰ ਚੁੱਕ ਸਮਾਗਮ ਕਰਕੇ ਨਵੀਂ ਪਿਰਤ ਪਾਈ ਹੈ। ਹੁਣ ਸਰਕਾਰੀ ਦਫਤਰਾਂ ਵਿੱਚ ਮੁੱਖ ਮੰਤਰੀ ਦੀ ਥਾਂ ਭਗਤ ਸਿੰਘ ਦੀ ਫੋਟੋ ਲੱਗੇਗੀ, ਨਾਲ ਹੀ ਡਾ. ਬੀ ਆਰ ਅੰਬੇਡਕਰ ਨੂੰ ਇਹ ਮਾਣ ਦਿੱਤਾ ਜਾਵੇਗਾ। ਇਹਨਾਂ ਦੋਵਾਂ ਸ਼ਖਸੀਅਤਾਂ ਦਾ ਇਸ ਚੋਣ ਰਾਜਨੀਤੀ ਵਿੱਚ ਬਹੁਤ ਮਹੱਤਵਪੂਰਨ ਯੋਗਦਾਨ ਰਿਹਾ ਹੈ, ਭਾਵੇਂ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ਼ਰੇਆਮ ਕਹਿੰਦੇ ਹਨ ਕਿ ਉਹ ਹਨੂੰਮਾਨ ਦੇ ਭਗਤ ਹਨ ਤੇ ਹਰ ਮੰਗਲਵਾਰ ਨੂੰ ਹਨੂੰਮਾਨ ਚਾਲੀਸੇ ਦਾ ਪਾਠ ਕਰਦੇ ਹਨ। ਇਹ ਸਿਆਸਤ ਹੈ, ਜਿਸ ਨੇ ਨਹੀਂ ਸਮਝੀ, ਉਹ ਇਸ ਵਰਤਾਰੇ ਤੋਂ ਸਿੱਖ-ਸਮਝ ਸਕਦਾ ਹੈ।

ਚੋਣ ਵਿੱਚ ਮੁੱਦੇ, ਦਾਅਵੇ, ਵਾਅਦੇ ਅਤੇ ਵਿਸ਼ੇਸ਼ ਕਰਕੇ ਗਰੰਟੀਆਂ ਹੁਣ ਇੱਕੋ ਹੀ ਭਾਵ-ਅਰਥ ਨਾਲ ਵਰਤੇ ਜਾਂਦੇ ਹਨ। ਪੰਜਾਬ ਦੇ ਮੁੱਖ ਮੰਤਰੀ ਨੇ ਆਪਣੀ ਪਾਰਟੀ ਦੀ ਜਿੱਤ ਤੋਂ ਬਾਅਦ ਹਰੇ ਪੈੱਨ ਦੀ ਤਾਕਤ ਦੀ ਵਰਤੋਂ ਦੀ ਗੱਲ ਕੀਤੀ, ਫਿਰ ਆਪਣੀ ਪਾਰਟੀ ਦੇ ਵਿਧਾਇਕਾਂ ਦੀ ਪਹਿਲੀ ਮੀਟਿੰਗ ਦੌਰਾਨ ਵਿਧਾਇਕਾਂ ਨੂੰ ਆਪਣੇ ਹਲਕੇ/ਲੋਕਾਂ ਵਿੱਚ ਵਿਚਰਨ ਦਾ ਸੁਨੇਹਾ ਦਿੱਤਾ ਤੇ ਅੰਤ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਲਾਇਆ। ਇਹ ਦ੍ਰਿਸ਼ ਸ਼ਹੀਦ ਭਗਤ ਸਿੰਘ ਦੀ ਸੋਚ ਨੂੰ ਅਪਣਾਏ ਜਾਣ ਦੀ ਹਾਮੀ ਭਰਦਾ ਹੈ।

ਇੱਕ ਗੱਲ ਇਸੇ ਸੰਦਰਭ ਵਿੱਚ ਹੋਰ ਹੈ ਕਿ ਇਸ ਨਾਅਰੇ ਦੀ ਇਬਾਰਤ ਵਿੱਚ ਵਰਤੇ ਗਏ ਸ਼ਬਦ ਮਹਿਜ਼ ਸ਼ਬਦ ਨਹੀਂ ਹਨ। ਇਹ ਨਾਅਰਾ, ਇਨਕਲਾਬ ਜ਼ਿੰਦਾਬਾਦ ਕਦੋਂ ਸੰਭਵ ਹੈ, ਕਦੋਂ ਇਹ ਸੱਚ ਹੋਵੇਗਾ ? ਇਸ ਨਾਅਰੇ ਦਾ ਦੂਸਰਾ ਅਹਿਮ ਹਿੱਸਾ ਹੈ, 'ਸਾਮਰਾਜਵਾਦ ਮੁਰਦਾਬਾਦ।' ਇਹ ਹਿੱਸਾ ਅਕਸਰ ਬਹੁਤੇ ਲੋਕ ਭੁੱਲ ਜਾਂਦੇ ਹਨ ਜਾਂ ਉਨਾਂ ਦੀ ਸੋਚ ਦਾ ਹਿੱਸਾ ਹੀ ਨਹੀਂ ਬਣ ਸਕਿਆ ਹੈ। ਇਨਕਲਾਬ ਹੈ ਤਬਦੀਲੀ/ਬਦਲਾਅ, ਜਿਨਾਂ ਨੇ ਆਮ ਆਦਮੀ ਪਾਰਟੀ ਨੂੰ ਸੱਤਾ ਵਿੱਚ ਆਉਣ ਦਾ ਮੌਕਾ ਦਿੱਤਾ ਹੈ, ਉਹ 75 ਸਾਲਾਂ ਤੋਂ ਤਬਦੀਲੀ ਉਡੀਕ ਰਹੇ ਹਨ। ਉਨਾਂ ਨੇ ਪਾਰਟੀ ਤੋਂ ਵੱਧ ਬਦਲਾਅ ਨੂੰ ਵੋਟ ਦਿੱਤੀ ਹੈ। ਉਨਾਂ ਸਭਨਾਂ ਲਈ ਇਨਕਲਾਬ ਜ਼ਿੰਦਾਬਾਦ, ਉਨਾਂ ਦੇ ਮਨਾਂ ਦੇ ਬਹੁਤ ਕਰੀਬ ਹੈ। ਪਰ ਇਨਕਲਾਬ ਆਵੇਗਾ ਕਿਵੇਂ ? ਇਹ ਨਾਅਰੇ ਲਗਾਉਣ ਨਾਲ ਨਹੀਂ ਆਉਣਾ। ਇਹ ਬੋਲਣਾ, ਦਿਲੋਂ ਬੋਲਣਾ ਇੱਕ ਵਧੀਆ ਭਾਵਨਾ ਦਾ ਸੂਚਕ ਹੈ। ਇਹ ਠੀਕ ਹੈ ਥੰਮ ਡਿਗੇ ਹਨ, ਹਨੇਰੀ ਚੱਲੀ ਹੈ, ਸੁਨਾਮੀ ਆਈ ਹੈ। ਇਨਾਂ ਦੀ ਆਪਣੀ ਤਾਕਤ ਸੀ, ਬਿਲਕੁਲ ਸੀ, ਪਰ ਥੰਮ ਖੋਖਲੇ ਵੀ ਸੀ, ਸਿਉਂਕ ਲੱਗੀ ਹੋਈ ਸੀ। ਹੁਣ ਸਵਾਲ ਹੈ ਉਸੇ ਜ਼ਮੀਨ 'ਤੇ, ਉਸੇ ਮਿੱਟੀ ਵਿੱਚ, ਜਿੱਥੇ ਸਿਉਂਕ ਦੀ ਮਾਰ ਹੈ, ਥੰਮ ਖੋਖਲੇ ਹੋਣ ਤੋਂ ਬਚਾਉਣ ਦਾ ਰਾਹ ਇਖਤਿਆਰ ਕਰਨਾ ਹੈ, ਇਨਕਲਾਬ ਪਸਰਨ-ਫੈਲਣ ਦਾ ਰਾਹ ਦਿਖਾਵੇਗਾ। ਸਾਮਰਾਜੀ ਵਿਵਸਥਾ ਜਦੋਂ ਹਰ ਪਾਸੇ ਪੂਰੀ ਤੇਜ਼ੀ ਨਾਲ ਪੈਰ ਪਸਾਰ ਰਹੀ ਹੈ, ਉਸ ਦੇ ਚੱਲਦੇ ਇਨਕਲਾਬ ਜ਼ਿੰਦਾਬਾਦ ਦੇ ਨਾਲ ਸਾਮਰਾਜਵਾਦ ਦੇ ਖਾਤਮੇ ਦੀ ਗੱਲ ਵਿਸਾਰ ਦੇਣ ਨਾਲ ਮਨਸ਼ਾ ਪੂਰੀ ਹੋਣ ਦੀ ਸੰਭਾਵਨਾ ਘਟ ਜਾਂਦੀ ਹੈ। ਸਿਰਫ ਦਫਤਰ ਜਾਂ ਸਮਾਗਮੀ ਬੈਨਰਾਂ 'ਤੇ ਭਗਤ ਸਿੰਘ ਦੀ ਫੋਟੋ ਨਾਲ ਬਦਲਾਅ ਨਹੀਂ ਆਉਣਾ। ਇਹ ਭਗਤ ਸਿੰਘ ਦੀ ਸੋਚ ਨੂੰ ਅਪਣਾਉਣ ਨਾਲ ਆਵੇਗਾ, ਤਾਂ ਹੀ ਇਹ ਸੱਚ ਹੋ ਸਕੇਗਾ।

ਇਨਕਲਾਬ ਦਾ ਅਰਥ ਸਿਰਫ ਹਾਕਮਾਂ ਦੀ ਤਬਦੀਲੀ ਹੀ ਨਹੀਂ ਹੋਵੇਗਾ। ਸਭ ਤੋਂ ਵੱਧ ਇਸਦਾ ਅਰਥ ਹੋਵੇਗਾ ਕਿ ਇੱਕ ਬਿਲਕੁਲ ਨਵੇਂ ਢਾਂਚੇ ਅਤੇ ਨਵੇਂ ਰਾਜ ਪ੍ਰਬੰਧ ਦੀ ਸਥਾਪਨਾ। ਇਹ ਕੰਮ ਕੁਰਬਾਨੀ ਮੰਗਦਾ ਹੈ ਤੇ ਸਭ ਨੂੰ ਇਸਦੇ ਲਈ ਤਿਆਰ ਰਹਿਣਾ ਪਵੇਗਾ।

ਦੇਸ਼ ਦੀ ਮੌਜੂਦਾ ਹਾਲਤ ਕਿਵੇਂ ਨਾ-ਬਰਾਬਰੀ ਦੇ ਵੱਖ-ਵੱਖ ਨਜ਼ਰੀਏ ਤੋਂ ਪਰੇਸ਼ਾਨ ਕਰਨ ਵਾਲੀ ਹੈ। ਆਰਥਿਕ ਨਾ-ਬਰਾਬਰੀ ਦੀ ਝਲਕ ਤਾਂ ਸਭ ਨੂੰ ਸਾਫ ਨਜ਼ਰ ਆ ਜਾਂਦੀ ਹੈ, ਪਰ ਲੁਕਵੇਂ ਰੂਪ ਵਿੱਚ ਧਾਰਮਿਕ ਅਤੇ ਜਾਤੀਗਤ ਵਖਰੇਵਾਂ, ਨਾ-ਬਰਾਬਰੀ ਤੋਂ ਵੀ ਅੱਗੇ ਨਫਰਤੀ ਰੂਪ ਧਾਰ ਰਿਹਾ ਹੈ। ਧਰਮ-ਸੰਸਦ ਵਰਗੇ ਵਰਤਾਰੇ ਪ੍ਰੇਸ਼ਾਨ ਹੀ ਨਹੀਂ ਕਰਦੇ, ਦਿਲ ਕੰਬਾਊ ਵੀ ਹਨ।

ਅੰਬੇਡਕਰ ਸਾਹਿਬ ਦੇ ਬਾਰੇ ਵੀ ਗੱਲ ਹੁੰਦੀ ਹੈ, ਪਰ ਉਸ ਦੀ ਸੰਵਿਧਾਨ ਵਿੱਚ ਦਰਜ ਧਾਰਾਵਾਂ ਨੂੰ ਲਾਗੂ ਕਰਨਾ ਤਾਂ ਦੂਰ, ਸਗੋਂ ਤੋੜਨ-ਮਰੋੜਨ ਦੀ ਵੱਧ ਕੋਸ਼ਿਸ਼ ਹੁੰਦੀ ਹੈ। ਉਨਾਂ ਨੂੰ ਉਸ ਪੂਰੇ ਮੁਜੱਸਮੇ ਦੇ ਰੂਪ ਵਿੱਚ ਅਪਣਾਉਣ ਨਾਲ ਹੀ ਪੰਜਾਬ ਦੇ ਲੋਕਾਂ ਦਾ ਕੁਝ ਸੰਵਰ ਸਕਦਾ ਹੈ, ਜਿਸ ਨੂੰ ਉਹ ਉਡੀਕ ਰਹੇ ਹਨ।

ਸੱਤਾ ਤਾਕਤਵਰ ਹੁੰਦੀ ਹੈ। ਸਰਮਾਏਦਾਰੀ ਦੀ ਤਾਕਤ ਉਸ ਤੋਂ ਕਿਤੇ ਵੱਡੀ ਤੇ ਅੰਤਰਰਾਸ਼ਟਰੀ ਪ੍ਰਭਾਵ ਵਾਲੀ ਹੈ। ਇਸ ਲਈ ਉਸ ਦੇ ਪ੍ਰਭਾਵ ਤੋਂ ਬਚਣ ਲਈ ਪੂਰੀ ਤਨਦੇਹੀ ਅਤੇ ਸਟੀਕ ਤੌਰ-ਤਰੀਕੇ ਨਾਲ, ਨਿਸ਼ਾਨਾ ਕੇਂਦਰਤ ਨੀਤੀ ਬਣਾ ਕੇ ਉਸ ਤੋਂ ਛੁਟਕਾਰਾ ਪਾਉਣ ਦੀ ਲੋੜ ਹੈ। ਇਹ ਪ੍ਰਭਾਵ ਲਾਂਭੇ ਰੱਖਿਆ ਜਾ ਸਕਦਾ ਹੈ। ਇਸਦੀ ਸੰਭਾਵਨਾ 'ਤੇ ਯਕੀਨ ਰੱਖਣਾ ਚਾਹੀਦਾ ਹੈ। ਇਸਦੇ ਲਈ ਇੱਕ ਸੋਚ, ਵਿਹਾਰਕ ਪੱਖ ਭਗਤ ਸਿੰਘ ਨੇ ਜਾਨ ਲਾਕ ਦੇ ਹਵਾਲੇ ਨਾਲ ਉਭਾਰਿਆ ਕਿ ਜਦੋਂ ਤਕ ਕਾਨੂੰਨ ਸੱਤਾਧਾਰੀ ਵਰਗ ਵੱਲੋਂ ਬਣਾਏ ਜਾਣਗੇ ਅਤੇ ਅਦਾਲਤਾਂ ਵਿੱਚ ਇਸ ਵਰਗ ਦੇ ਮੈਂਬਰ ਪ੍ਰਧਾਨਗੀ ਕਰਨਗੇ ਤਾਂ ਕਾਨੂੰਨ/ਅਦਾਲਤਾਂ ਆਮ ਲੋਕਾਂ ਲਈ ਨਾ ਮੁੱਕਣ ਵਾਲਾ ਸਫਰ ਹੋਣਗੀਆਂ। ਕਾਨੂੰਨ ਦੇ ਸਾਹਮਣੇ ਬਰਾਬਰੀ ਇੱਕ ਮਜ਼ਾਕ ਬਣੀ ਰਹੇਗੀ।

ਪਰ ਸਾਡੇ ਕੋਲ ਅੱਜ ਇੱਕ ਸਜੀਵ ਉਦਾਹਰਣ ਹੈ, ਸਾਡੇ ਸਮਿਆਂ ਵਿੱਚ ਵਾਪਰੀ। ਅਸੀਂ ਅੱਖੀਂ ਦੇਖੀ, ਖੁਦ ਉਸ ਦਾ ਹਿੱਸਾ ਬਣੇ, ਉਹ ਹੈ ਜਨਤਕ ਤਾਕਤ ਨਾਲ ਲੈ ਕੇ ਤੁਰਿਆ ਜਾਵੇ ਤਾਂ ਸੱਤਾ ਅਤੇ ਸਰਮਾਏਦਾਰੀ ਦੋਹਾਂ ਨੂੰ ਰੋਕਿਆ ਵੀ ਜਾ ਸਕਦਾ ਹੈ ਤੇ ਉਨਾਂ ਦੇ ਇਰਾਦਿਆਂ ਨੂੰ ਬਦਲਿਆ ਵੀ ਜਾ ਸਕਦਾ ਹੈ। ਚੰਡੀਗੜ ਵਿੱਚ ਘੱਟ ਰਹਿ ਕੇ, ਵੱਧ ਸਮਾਂ ਲੋਕਾਂ ਵਿੱਚ ਬਿਤਾਉਣ/ਰਹਿਣ/ਉਨਾਂ ਦੀਆਂ ਮੁਸ਼ਕਲਾਂ ਸਮਝਣ ਦਾ ਸੱਦਾ ਇੱਕ ਉਤਸ਼ਾਹਜਨਕ ਕਾਰਜ ਹੈ। ਲੋਕ ਸਮੂਹ ਨਾਲ ਹੋਵੇਗਾ ਤਾਂ ਸਭ ਕੁਝ ਮੁਮਕਿਨ ਹੈ। ਵਿਅਕਤੀ ਨਹੀਂ ਜਨ-ਅੰਦੋਲਨ ਦੀ ਤਾਕਤ ਨੂੰ ਆਮ ਆਦਮੀ ਪਾਰਟੀ ਨੂੰ ਸਮਝਾਉਣ ਦੀ ਲੋੜ ਨਹੀਂ ਹੈ, ਜਿਨਾਂ ਨੇ ਉਨਾਂ ਨੂੰ ਆਸ ਤੋਂ ਵੱਧ ਸਮਰਥਨ ਦਿੱਤਾ ਹੈ। ਹੁਣ ਇਸ ਜਨ ਸਮੂਹ ਦੇ ਜਜ਼ਬਾਤੀ ਪ੍ਰਗਟਾਵੇ ਨੂੰ ਪਛਾਨਣ ਅਤੇ ਇੱਜ਼ਤ ਦੇਣ ਦੀ ਲੋੜ ਹੈ।

**ਡਾ. ਸ਼ਿਆਮ ਸੁੰਦਰ ਦੀਪਤੀ**

# ਪੰਜਾਬ ਵਿੱਚ ਪਿੱਪਲਾਂ ਦੇ ਥੱਲੇ ਲੱਗਦੀਆਂ ਮਜਲਿਸਾਂ ਗ਼ਾਇਬ

**ਮਾਸਟਰ ਸੰਜੀਵ**

ਰੁੱਖ ਧਰਤੀ ਦਾ ਸ਼ਿੰਗਾਰ ਹੁੰਦੇ ਹਨ। ਪਿੱਪਲ ਇੱਕ ਪਵਿੱਤਰ ਅਤੇ ਮਸ਼ਹੂਰ ਦਰਖ਼ਤ ਹੈ। ਇਸ ਨੂੰ ਅਕਸਰ ਧਾਰਮਿਕ ਸਥਾਨਾਂ ਦੇ ਨਜ਼ਦੀਕ ਲਗਾਇਆ ਜਾਂਦਾ ਹੈ। ਪਿੱਪਲ ਦਾ ਰੁੱਖ ਇੱਕ ਵਿਸ਼ਾਲ, ਵੱਡਾ ਰੁੱਖ ਹੁੰਦਾ ਹੈ ਅਤੇ ਦੂਰ-ਦੂਰ ਤੱਕ ਫੈਲਿਆ ਹੋਇਆ ਹੁੰਦਾ ਹੈ। ਕਈ ਵਾਰ ਪਿੱਪਲ ਨੂੰ ਤ੍ਰਿਵੈਣੀ ਵਿੱਚ ਵੀ ਲਗਾਉਣ ਦੀ ਪਰੰਪਰਾ ਹੈ। ਤ੍ਰਿਵੈਣੀ ਵਿੱਚ ਬਰੋਟਾ (ਬੋਹੜ), ਨਿੰਮ ਤੇ ਪਿੱਪਲ ਦਰਖ਼ਤ ਸ਼ਾਮਿਲ ਹੁੰਦੇ ਹਨ। ਪਿੱਪਲ ਦਾ ਦਰਖ਼ਤ ਅਕਸਰ ਪਹਿਲੇ ਸਮਿਆਂ ਵਿੱਚ ਟੋਭਿਆਂ ਉੱਤੇ, ਧਾਰਮਿਕ ਸਥਾਨਾਂ, ਸਮਾਧਾਂ, ਡੇਰਿਆਂ, ਕਬਰਾਂ ਜਾਂ ਪਿੰਡਾਂ ਦੀਆਂ ਸਾਂਝੀਆਂ ਥਾਵਾਂ ਉੱਤੇ ਆਮ ਹੀ ਲਾਇਆ ਜਾਂਦਾ ਹੁੰਦਾ ਸੀ। ਇਸ ਰੁੱਖ ਦੀ ਉਮਰ ਵੀ ਬਹੁਤ ਲੰਮੀ ਹੁੰਦੀ ਹੈ। ਵਿਦਵਾਨਾਂ ਦਾ ਵਿਸ਼ਵਾਸ ਹੈ ਕਿ ਪਿੱਪਲ ਦਾ ਦਰਖ਼ਤ ਦਿਨ-ਰਾਤ ਸਾਨੂੰ ਆਕਸੀਜਨ ਭਾਵ ਪ੍ਰਾਣ-ਵਾਯੂ ਮੁਹੱਈਆ ਕਰਾਉਂਦਾ ਹੈ। ਜੇਠ-ਹਾੜ ਦੀਆਂ ਧੁੱਪਾਂ ਵਿੱਚ ਪਿੱਪਲ ਦੀ ਮਿੱਠੀ-ਮਿੱਠੀ ਰੁਮਕਦੀ ਹਵਾ ਤੇ ਠੰਢਕ ਕਿਸੇ ਅਨੰਦ ਤੇ ਵਰਦਾਨ ਤੋਂ ਘੱਟ ਨਹੀਂ ਜਾਪਦੀ। ਇਸ ਰੁੱਖ ਤੋਂ ਕਈ ਤਰਾਂ ਦੀਆਂ ਦਵਾਈਆਂ ਵੀ ਬਣਾਈਆਂ ਜਾਂਦੀਆਂ ਹਨ। ਇਸ ਰੁੱਖ ਦੀ ਮਨੁੱਖਤਾ ਨੂੰ ਕਾਫ਼ੀ ਦੇਣ ਹੋਣ ਕਰਕੇ ਸ਼ਾਇਦ ਬਹੁਤੇ ਲੋਕ ਵਿਸ਼ਵਾਸ ਵਜੋਂ ਅਤੇ ਸ਼ਰਧਾ ਭਾਵਨਾ ਹਿਤ ਇਸ ਨੂੰ ਪੂਜਦੇ ਵੀ ਹਨ। ਇਸ ਦਰਖ਼ਤ ਦੇ ਪੱਤੇ ਲੰਮੀ-ਲੰਮੀ ਚੁੰਝ ਵਰਗੇ ਅਤੇ ਚਮਕਦਾਰ ਜਿਹੇ ਹੁੰਦੇ ਹਨ। ਇਨਾਂ ਪੱਤਿਆਂ ਨੂੰ ਪਸ਼ੂ ਅਤੇ ਖ਼ਾਸ ਤੌਰ ’ਤੇ ਹਾਥੀ ਕਾਫ਼ੀ ਖ਼ੁਸ਼ੀ ਨਾਲ਼ ਚਾਰੇ ਵਜੋਂ ਵਰਤਦੇ ਸਨ। ਪਿੱਪਲ ਦਾ ਦਰਖ਼ਤ ਪੰਛੀ-ਪਰਿੰਦਿਆਂ ਦੇ ਲਈ ਇੱਕ ਵੱਡੇ ਰੈਣ-ਬਸੇਰੇ ਦਾ ਕੰਮ ਵੀ ਕਰਦਾ ਹੈ ਅਤੇ ਰਾਹਗੀਰਾਂ ਲਈ ਵੀ ਵੱਡਾ ਆਸਰਾ ਬਣਦਾ ਹੈ। ਵਾਤਾਵਰਨ ਨੂੰ ਦਰੁਸਤ ਰੱਖਣ ਵਿੱਚ ਇਸ ਦਰਖ਼ਤ ਦੀ ਬਹੁਤ ਵੱਡੀ ਭੂਮਿਕਾ ਹੈ, ਕਿਉਂਕਿ ਇਹ ਬਹੁਤ ਜ਼ਿਆਦਾ ਮਾਤਰਾ ਵਿੱਚ ਕਾਰਬਨ ਡਾਈਆਕਸਾਈਡ ਨੂੰ ਸੋਖ ਕੇ ਆਕਸੀਜਨ ਵਿੱਚ ਬਦਲ ਦਿੰਦਾ ਹੈ। ਗਹਿਰਾਈ ਤੱਕ ਇਸ ਦੀਆਂ ਜੜਾਂ ਬਾਰਿਸ਼ ਦੇ ਪਾਣੀ ਨੂੰ ਧਰਤੀ ਦੀ ਕੁੱਖ ਤੱਕ ਪਹੁੰਚਾ ਕੇ ਨਾ ਕੇਵਲ ਪਾਣੀ ਦਾ ਪੱਧਰ ਉੱਚਾ ਕਰਨ ਵਿੱਚ ਮਦਦ ਕਰਦੀਆਂ ਹਨ, ਸਗੋਂ ਬਹੁਤ ਹੀ ਮਜ਼ਬੂਤੀ ਦੇ ਨਾਲ਼ ਮਿੱਟੀ ਦੇ ਖੋਰੇ ਨੂੰ ਵੀ ਰੋਕਦੀਆਂ ਹਨ। ਇਸ ਦੇ ਫਲ਼ ਪੱਤੇ ਆਦਿ ਧਰਤੀ ’ਤੇ ਡਿੱਗ ਕੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਂਦੇ ਹਨ। ਫਿਰ ਫਲ਼ਾਂ ਆਦਿ ਨੂੰ ਕੀੜੇ-ਮਕੌੜੇ ਤੇ ਪੰਛੀ ਪਰਿੰਦੇ ਆਦਿ ਖਾ ਕੇ ਪ੍ਰਸਥਿਤਿਕ ਤੰਤਰ ਨੂੰ ਮਜ਼ਬੂਤ ਬਣਾਉਂਦੇ ਹਨ। ਧੂੜ, ਤਾਪਮਾਨ, ਗੈਸਾਂ ਦੇ ਪ੍ਰਦੂਸ਼ਣ ਅਤੇ ਹੋਰ ਉਤਸਰਜਨਾਂ ਨੂੰ ਰੋਕਣ ਲਈ ਪਿੱਪਲ ਦੇ ਦਰਖ਼ਤ ਦੀ ਬਹੁਤ ਵੱਡੀ ਭੂਮਿਕਾ ਹੈ। ਪਿੱਪਲ ਦੇ ਫਲ਼ ਜਿਸ ਨੂੰ ਕਿ ਗੋਲਾਂ ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ, ਇਨਾਂ ਗੋਲਾਂ ਨੂੰ ਜਾਨਵਰ ਅਤੇ ਪੰਛੀ ਬਹੁਤ ਖ਼ੁਸ਼ੀ ਅਤੇ ਚਾਅ-ਮਲਾਰ ਨਾਲ਼ ਖਾਂਦੇ ਹਨ ਅਤੇ ਫਿਰ ਇਹੀ ਪੰਛੀ-ਪਰਿੰਦੇ ਕੁਦਰਤੀ ਤੌਰ ’ਤੇ ਪਿੱਪਲ ਦੀ ਨਵੀਂ ਪੌਦ ਤਿਆਰ ਕਰਨ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਉਂਦੇ ਹਨ, ਜੋ ਕਿ ਇੱਕ ਕੁਦਰਤੀ ਪ੍ਰਕਿਰਿਆ ਹੈ। ਬੁੱਧ ਧਰਮ ਵਿੱਚ ਪਿੱਪਲ ਦੇ ਦਰਖ਼ਤ ਨੂੰ ‘ਬੋਧੀ ਰੁੱਖ’ ਆਖਿਆ ਜਾਂਦਾ ਹੈ, ਕਿਉਂਕਿ ਮਹਾਤਮਾ ਬੁੱਧ ਜੀ ਨੂੰ ਪਿੱਪਲ ਦੇ ਦਰਖ਼ਤ ਹੇਠਾਂ ਗਿਆਨ ਦੀ ਪ੍ਰਾਪਤੀ ਹੋਈ ਸੀ। ਪਿੱਪਲ ਦੀ ਉਮਰ ਲਗਭਗ ਇੱਕ ਹਜ਼ਾਰ ਸਾਲ ਤੋਂ ਵੀ ਵੱਧ ਮੰਨੀ ਜਾਂਦੀ ਹੈ। ਕਾਫ਼ੀ ਸਮਾਂ ਪਹਿਲਾਂ ਪਿੱਪਲ ਦੇ ਦਰਖ਼ਤ ਦੇ ਥੱਲੇ ਸੱਥਾਂ/ਮਜਲਿਸਾਂ ਲੱਗਦੀਆਂ ਹੁੰਦੀਆਂ ਸਨ ਅਤੇ ਛੋਟੇ-ਵੱਡੇ, ਬਜ਼ੁਰਗ ਸਭ ਪਿੱਪਲ ਦੇ ਦਰਖ਼ਤ ਥੱਲੇ ਸੱਥਾਂ ਵਿੱਚ ਬੈਠ ਕੇ ਹਾਸੇ-ਠੱਠੇ, ਵਿਹਲੀਆਂ ਗੱਲਾਂ, ਮਨੋਰੰਜਨ, ਗਿਲੇ-ਸ਼ਿਕਵੇ, ਵਿਚਾਰ-ਵਟਾਂਦਰੇ, ਸੁੱਖ-ਦੁੱਖ, ਸੁੱਖਾਂ-ਸਾਂਦਾਂ ਤੇ ਮਨ ਦੀਆਂ ਭਾਵਨਾਵਾਂ ਸਾਂਝੀਆਂ ਕਰਕੇ ਉਨਾਂ ਦਾ ਆਦਾਨ-ਪ੍ਰਦਾਨ ਕਰਦੇ ਸਨ। ਇਸ ਤਰਾਂ ਕਰਨ ਨਾਲ਼ ਘਰੇਲੂ ਤੇ ਭਾਈਚਾਰਕ ਸਾਂਝ ਬਣੀ ਰਹਿੰਦੀ ਸੀ ਅਤੇ ਨਵੀਆਂ-ਨਵੀਆਂ ਜੀਵਨ ਸੇਧਾਂ ਨੈਤਿਕਤਾ ਅਤੇ ਕਦਰਾਂ-ਕੀਮਤਾਂ ਵੀ ਪ੍ਰਾਪਤ ਹੁੰਦੀਆਂ ਰਹਿੰਦੀਆਂ ਸਨ। ਪਿੱਪਲ ਥੱਲੇ ਲੱਗਣ ਵਾਲੀਆਂ ਮਜਲਿਸਾਂ ਸਾਡੀਆਂ ਮਾਨਸਿਕ ਪਰੇਸ਼ਾਨੀਆਂ ਨੂੰ ਘਟਾਉਣ ਵਿੱਚ ਵੀ ਸਹਾਇਕ ਸਿੱਧ ਹੁੰਦੀਆਂ ਸਨ। ਪਿੱਪਲ ਦੇ ਦਰਖ਼ਤ ਦਾ ਸੰਬੰਧ ਸਾਡੇ ਸੱਭਿਆਚਾਰ ਅਤੇ ਵਿਰਸੇ ਨਾਲ਼ ਵੀ ਹੈ। ਸਾਉਣ ਮਹੀਨੇ ਕੁੜੀਆਂ ਪਿੱਪਲਾਂ ਹੇਠਾਂ ਪੀਂਘਾਂ ਪਾ ਕੇ ਤੀਆਂ ਦਾ ਤਿਉਹਾਰ ਬੜੇ ਚਾਅ ਨਾਲ਼ ਮਨਾਉਂਦੀਆਂ ਸਨ। ਇਸ ਦਰਖ਼ਤ ਦਾ ਜ਼ਿਕਰ ਆਮ ਤੌਰ ’ਤੇ ਸਾਡੇ ਅਖਾਣਾਂ, ਲੋਕ ਗੀਤਾਂ ਅਤੇ ਲੋਕ ਸਾਹਿਤ ਵਿੱਚ ਵੀ ਮਿਲਦਾ ਹੈ :

‘ਸੁਣ ਪਿੱਪਲਾ ਵੇ ਮੇਰੇ ਪਿੰਡ ਦਿਆ,
ਪੀਂਘਾਂ ਤੇਰੇ ’ਤੇ ਪਾਈਆਂ,
ਦਿਨ ਤੀਆਂ ਦੇ ਆ ਗਏ ਨੇੜੇ,
ਉੱਠ ਪੇਕਿਆਂ ਨੂੰ ਆਈਆਂ।’

ਸਮਾਂ ਬਦਲਣ ਦੇ ਨਾਲ਼-ਨਾਲ਼ ਅੱਜ ਸਾਡੇ ਆਲੇ-ਦੁਆਲੇ ਅਤੇ ਸਮਾਜ ਵਿੱਚੋਂ ਕਈ ਚੀਜ਼ਾਂ ਘਟਦੀਆਂ ਜਾ ਰਹੀਆਂ ਹਨ ਅਤੇ ਇਸੇ ਪਰਿਵਰਤਨ ਸਦਕਾ ਅੱਜ ਪਿੱਪਲ ਦੇ ਦਰਖ਼ਤ ਵੀ ਕਿਸੇ-ਕਿਸੇ ਥਾਂ ’ਤੇ ਹੀ ਦੇਖਣ ਨੂੰ ਮਿਲਦੇ ਹਨ, ਜੋ ਕਿ ਕੇਵਲ ਪੁਰਾਣੇ ਦਰਖ਼ਤ ਹੀ ਹਨ। ਨਵੇਂ ਪਿੱਪਲ ਦੇ ਦਰਖ਼ਤ ਲਗਾਉਣ ਦੀ ਰੀਝ ਦੇਖਣ ਨੂੰ ਨਹੀਂ ਮਿਲ ਰਹੀ। ਪਿੱਪਲ ਦੇ ਦਰਖ਼ਤ ਅਤੇ ਥੜੇ ਘਟਣ ਦੇ ਨਾਲ਼ ਸਮਾਜਿਕ ਪਰਿਵਰਤਨ ਆਉਣ ਸਦਕਾ, ਸਮੇਂ ਦੀ ਘਾਟ, ਆਪਸੀ ਰੁਝੇਵਿਆਂ ਅਤੇ ਨਵੀਂ-ਨਵੀਂ ਤਕਨੀਕ ਆਉਣ ਨਾਲ਼ ਅੱਜ ਪੰਜਾਬ ਵਿੱਚ ਪਿੱਪਲਾਂ ਦੇ ਥੱਲੇ ਲੱਗਦੀਆਂ ਮਜਲਿਸਾਂ ਦੇਖਣ ਨੂੰ ਨਹੀਂ ਮਿਲਦੀਆਂ।

‘ਨਾ ਲੱਗਣ ਪਿੱਪਲੀਂ ਮਜਲਿਸਾਂ,
ਨਾ ਰਹੀਆਂ ਸੱਥਾਂ ਜੀ,
ਹੁਣ ਆਪਣੇ ਘਰਾਂ ਤੱਕ ਸੀਮਤ ਹੋ ਗਏ,
ਲੋਕੀਂ ਲੱਖਾਂ ਜੀ।’

# ਖੇਤੀ ਉਤਪਾਦਨ ਵਧਾਉਣ ਲਈ ਕਿਸਾਨਾਂ ਦੀ ਸਾਰ ਲਈ ਜਾਵੇ

**ਦਵਿੰਦਰ ਸ਼ਰਮਾ**

ਸਭ ਤੋਂ ਪਹਿਲਾਂ ਚੰਗੀ ਖ਼ਬਰ ਇਹ ਹੈ ਕਿ ਭਾਰਤ ਇਸ ਸਾਲ ਅਨਾਜ ਪੈਦਾਵਾਰ ’ਚ ਰਿਕਾਰਡ ਬਣਾਉਣ ਵੱਲ ਵਧ ਰਿਹਾ ਹੈ। ਪ੍ਰਮੁੱਖ ਫ਼ਸਲਾਂ ਦੀ ਪੈਦਾਵਾਰ ਦੇ ਦੂਜੇ ਅਗਾਊਂ ਅਨੁਮਾਨਾਂ ਅਨੁਸਾਰ ਸਾਲ 2021-22 ਵਿੱਚ ਅਨਾਜ ਪੈਦਾਵਾਰ 316.06 ਮਿਲੀਅਨ ਟਨ ਹੋਣ ਦਾ ਅਨੁਮਾਨ ਹੈ। ਇਹ ਇੱਕ ਸਾਲ ਪਹਿਲਾਂ ਦੀ ਤੁਲਨਾ ਨਾਲ਼ੋਂ 5.32 ਮਿਲੀਅਨ ਟਨ ਵੱਧ ਹੈ। ਇਹ ਆਰਥਿਕ ਸਰਵੇਖਣ 2022 ਵੱਲ ਵੀ ਇਸ਼ਾਰਾ ਕਰਦਾ ਹੈ। ਇਸ ਸਾਲ ਖੇਤੀਬਾੜੀ ਦੇ 3.9 ਫ਼ੀਸਦੀ ਦੀ ਦਰ ਨਾਲ਼ ਵਧਣ ਦੀ ਉਮੀਦ ਹੈ, ਜੋ ਕਿ ਪਿਛਲੇ ਵਿੱਤੀ ਸਾਲ ਵਿੱਚ 3.6 ਫ਼ੀਸਦੀ ਸੀ। ਖੇਤੀਬਾੜੀ ਦੇ ਮਜ਼ਬੂਤ ਪ੍ਰਦਰਸ਼ਨ, ਖ਼ਾਸ ਤੌਰ ’ਤੇ ਮਹਾਂਮਾਰੀ ਦੇ ਦੋ ਸਾਲਾਂ ਦੌਰਾਨ, ਜਦੋਂ ਅਰਥਵਿਵਸਥਾ ਗੰਭੀਰ ਤੌਰ ’ਤੇ ਸੁੰਗੜ ਗਈ ਸੀ, ਉਦੋਂ ਖੇਤੀਬਾੜੀ ਨੇ ਦੇਸ਼ ਦੀ ਆਰਥਿਕਤਾ ਨੂੰ ਉਮੀਦ ਦੀ ਇੱਕ ਨਵੀਂ ਕਿਰਨ ਦਿਖਾਈ।

ਹੁਣ ਚਿੰਤਾ ਕਰਨ ਦੀ ਗੱਲ ਇਹ ਹੈ ਕਿ ਹੰਗਰ ਵਾਚ ਸਰਵੇ (ਭੁੱਖਮਰੀ ਸੰਬੰਧੀ) ਦੀ ਦੂਜੀ ਸਰਵੇਖਣ ਰਿਪੋਰਟ ’ਚ ਸ਼ਾਮਿਲ 79 ਫ਼ੀਸਦੀ ਪਰਿਵਾਰਾਂ ਨੇ ਕਿਸੇ ਨਾ ਕਿਸੇ ਰੂਪ ’ਚ ਭੋਜਨ ਅਸੁਰੱਖਿਆ ਦੀ ਸ਼ਿਕਾਇਤ ਕੀਤੀ ਹੈ, ਜਦੋਂ ਕਿ 21 ਫ਼ੀਸਦੀ ਨੇ ਕਿਹਾ ਹੈ ਕਿ ਉਨਾਂ ਨੂੰ ਗੰਭੀਰ ਭੋਜਨ ਅਸੁਰੱਖਿਆ ਦਾ ਸਾਹਮਣਾ ਕਰਨਾ ਪਿਆ। ਇਹ ਸਰਵੇਖਣ ‘ਰਾਈਟ ਟੂ ਫੂਡ ਕੰਪੇਨ’ ਅਤੇ ਕੁਝ ਹੋਰ ਸਹਿਯੋਗੀਆਂ ਵੱਲੋਂ ਕੀਤਾ ਗਿਆ ਹੈ, ਜਿਸ ਵਿੱਚ 14 ਸੂਬਿਆਂ ਦੇ 6697 ਲੋਕਾਂ ਨੂੰ ਸ਼ਾਮਿਲ ਕੀਤਾ ਗਿਆ। ਮਹਾਂਮਾਰੀ ਦੌਰਾਨ ਔਸਤ ਆਮਦਨ ਵਿੱਚ ਗਿਰਾਵਟ ਯਕੀਨੀ ਤੌਰ ’ਤੇ ਇੱਕ ਮਹੱਤਵਪੂਰਨ ਕਾਰਨ ਹੈ, ਪਰ ਭੁੱਖਮਰੀ ’ਤੇ ਨਜ਼ਰ ਰੱਖਣ ਵਾਲੀ ਸੰਸਥਾ ਕਿਸੇ ਨਾ ਕਿਸੇ ਤਰਾਂ ਉਸ ਉੱਚ ਵਿਕਾਸ ਚਾਲ ਨੂੰ ਇਸ ਲਈ ਜ਼ਿੰਮੇਵਾਰ ਮੰਨਦੀ ਹੈ, ਜਿਸ ਲਈ ਦੇਸ਼ ਕੋਸ਼ਿਸ਼ ਕਰਦਾ ਹੈ।

ਗਲੋਬਲ ਹੰਗਰ ਇੰਡੈਕਸ ਵਿੱਚ ਸਾਲ ਦਰ ਸਾਲ ਭਾਰਤ ਦੇ ਨਿਰਾਸ਼ਾਜਨਕ ਪ੍ਰਦਰਸ਼ਨ ਤੋਂ ਅਸੀਂ ਸਾਰੇ ਵਾਕਫ਼ ਹਾਂ। ਜਿਵੇਂ ਕਿ 2021 ਵਿੱਚ ਭਾਰਤ 116 ਦੇਸ਼ਾਂ ਵਿਚੋਂ 101ਵੇਂ ਸਥਾਨ ’ਤੇ ਸੀ, ਉਹ ਪਾਕਿਸਤਾਨ, ਨੇਪਾਲ ਅਤੇ ਬੰਗਲਾਦੇਸ਼ ਤੋਂ ਪਿੱਛੇ ਰਹਿ ਗਿਆ। 2006 ਵਿੱਚ ਪਹਿਲੀ ਵਾਰ ਗਲੋਬਲ ਹੰਗਰ ਇੰਡੈਕਸ ਦੀ ਰਿਪੋਰਟ ਪ੍ਰਕਾਸ਼ਿਤ ਹੋਈ ਸੀ। ਮੇਰਾ ਨਿਰੀਖਣ ਹੈ ਕਿ ਉਸ ਸਮੇਂ ਤੋਂ ਲੈ ਕੇ ਹੁਣ ਤੱਕ ਭਾਰਤ ਦੀ ਦਰਜਾਬੰਦੀ ’ਚ ਕਾਫ਼ੀ ਗਿਰਾਵਟ ਆਈ ਹੈ। ਅਜੀਬ ਗੱਲ ਇਹ ਹੈ ਕਿ ਭੁੱਖਮਰੀ ਦੇ ਬਾਵਜੂਦ ਦੇਸ਼ ਨੇ ਲਗਾਤਾਰ ਵੱਡੇ ਪੱਧਰ ’ਤੇ ਅਨਾਜ ਪੈਦਾਵਾਰ ਵਿੱਚ ਰਫ਼ਤਾਰ ਬਣਾਈ ਰੱਖੀ ਹੈ। ਪਰ ਇਸ ਸਭ ਦੇ ਬਾਵਜੂਦ ਭੁੱਖਮਰੀ ਨੂੰ ਦੂਰ ਕਰਨ ਵਿੱਚ ਨਿਰਾਸ਼ਾਜਨਕ ਪ੍ਰਦਰਸ਼ਨ ਰਾਜਨੀਤਕ ਅਗਵਾਈ ਦੀ ਅਸਫ਼ਲਤਾ ਨੂੰ ਦਰਸਾਉਂਦਾ ਹੈ। ਮੈਂ ਅਜਿਹਾ ਇਸ ਲਈ ਕਹਿ ਰਿਹਾ ਹਾਂ, ਕਿਉਂਕਿ ਅਜਿਹੇ ਸਮੇਂ ਜਦੋਂ ਦੇਸ਼ ਵਿੱਚ 60 ਮਿਲੀਅਨ ਟਨ ਜਾਂ ਉਸ ਤੋਂ ਵੱਧ ਦੀ ਸਾਲਾਨਾ ਅਨਾਜ ਪੈਦਾਵਾਰ ਹੋ ਰਹੀ ਸੀ ਅਤੇ ਉਹ ਇਸ ਸਦੀ ਦੀ ਸ਼ੁਰੂਆਤ ’ਚ ਸੀ। ਕਲਪਨਾ ਕਰੋ, ਏਨਾ ਅਨਾਜ ਭੰਡਾਰ ਉਪਲਬਧ ਹੋਣ ਦੇ ਬਾਵਜੂਦ ਭੁੱਖਮਰੀ ਦੀ ਸਮੱਸਿਆ ਨਾ ਸਿਰਫ਼ ਬਣੀ ਰਹੀ, ਸਗੋਂ ਮਜ਼ਬੂਤ ਰੂਪ ਵਿੱਚ ਟਿਕੀ ਵੀ ਰਹੀ। ਇਸ ਲਈ ਕਿਸ ਨੂੰ ਦੋਸ਼ ਦਿੱਤਾ ਜਾ ਸਕਦਾ ਹੈ ? ਆਖ਼ਿਰਕਾਰ ਨੀਤੀ ਨਿਰਮਾਤਾਵਾਂ ਨੂੰ ਇਹ ਜ਼ਿੰਮੇਵਾਰੀ ਲੈਣੀ ਪਵੇਗੀ ਕਿ ਉਨਾਂ ਨੇ ‘ਸਪੈਸ਼ਲ ਇਕਨਾਮਿਕ ਜ਼ੋਨ ਐਕਟ-2005’ ਨੂੰ ਲਿਆਉਣ ਵੇਲੇ ਉਸ ਤਰਾਂ ਦੀ ਮੁਸਤੈਦੀ ਨਹੀਂ ਦਿਖਾਈ, ਜਿਸ ਤਰਾਂ ਦੀ ਉਹ ਇਸ ਦੀ ਉਦਾਹਰਨ ਦੇਣ ਲੱਗਿਆਂ ਦਿਖਾਉਂਦੇ ਸਨ ਅਤੇ ਜਿਸ ਗਤੀ ਨਾਲ਼ ਸਰਕਾਰ ਨੇ ਇੱਕ ਅਭਿਲਾਸ਼ੀ ਨਿਰਯਾਤ-ਮੁਖੀ ਪ੍ਰਾਜੈਕਟ ਲਈ 45 ਹਜ਼ਾਰ ਹੈਕਟੇਅਰ ਜ਼ਮੀਨ ਐਕੁਆਇਰ ਕੀਤੀ, ਜੋ ਅਖ਼ੀਰ ਵਿੱਚ ਉਮੀਦਾਂ ’ਤੇ ਖ਼ਰਾ ਉਤਰਨ ਵਿੱਚ ਅਸਫ਼ਲ ਰਹੀ।

**ਖੇਤੀ ਸੰਸਾਰ**

ਦੂਜੇ ਪਾਸੇ ਪਿਛਲੇ ਕੁਝ ਸਾਲਾਂ ਵਿੱਚ ਕਿਸਾਨਾਂ ਵੱਲੋਂ ਉਤਪਾਦਿਤ ਸਾਲਾਨਾ ਪੈਦਾਵਾਰ ਵਿੱਚ ਵਾਧਾ ਕੀਤਾ ਗਿਆ ਹੈ, ਜੋ ਹਰ ਸਾਲ ਲਗਭਗ 80 ਤੋਂ 90 ਮਿਲੀਅਨ ਟਨ ਵਿਚਾਲੇ ਹੈ ਅਤੇ ਉਹ ਵੀ ਜਾਰੀ ਹੈ। ਅਨਾਜ ਪੈਦਾਵਾਰ ਵਧਾਉਣ ਲਈ ਕਿਸਾਨਾਂ ਦਾ ਧੰਨਵਾਦ ਕਰਨਾ ਬਣਦਾ ਹੈ, ਜਿਨਾਂ ਕਰਕੇ ਸਰਕਾਰ ਵੱਲੋਂ ਮਹਾਂਮਾਰੀ ਦੇ ਸਾਲਾਂ ਦੌਰਾਨ ਗ਼ਰੀਬਾਂ ਨੂੰ ਮੁਫ਼ਤ ਰਾਸ਼ਨ ਮੁਹੱਈਆ ਕਰਵਾਉਣ ’ਚ ਕਾਮਯਾਬੀ ਮਿਲ ਸਕੀ। ਕਲਪਨਾ ਕਰੋ, ਜੇਕਰ ਸਾਡੇ ਕੋਲ਼ ਵਾਧੂ ਭੋਜਨ ਭੰਡਾਰ ਨਾ ਹੁੰਦਾ ਤਾਂ ਗ਼ਰੀਬਾਂ ਨੂੰ ਭੋਜਨ ਉਪਲਬਧ ਕਰਵਾਉਣ ਵਿੱਚ ਕਿੰਨੀ ਮੁਸ਼ਕਿਲ ਹੁੰਦੀ, ਜੋ ਤਾਲਾਬੰਦੀ ਲੱਗਣ ਤੋਂ ਬਾਅਦ ਰੁਜ਼ਗਾਰ ਖੁੱਸਣ ਕਰਕੇ ਭੋਜਨ ਅਸੁਰੱਖਿਆ ਦੇ ਖ਼ਤਰਨਾਕ ਪੱਧਰ ਦਾ ਸਾਹਮਣਾ ਕਰ ਰਹੇ ਸਨ। ਸ਼ਾਇਦ, ਉਸ ਸਥਿਤੀ ’ਚ ਭਾਰਤ ਨੂੰ ਦੋ ਮਹਾਂਮਾਰੀਆਂ ਕੋਰੋਨਾ ਵਾਇਰਸ ਦੇ ਨਾਲ਼-ਨਾਲ਼ ਭੋਜਨ ਦੀ ਕਮੀ ਦੇ ਕਹਿਰ ਦਾ ਵੀ ਸਾਹਮਣਾ ਕਰਨਾ ਪੈਂਦਾ। ਜਿਵੇਂ ਕਿ ਹੰਗਰ ਵਾਚ ਸਰਵੇਖਣ ਰਿਪੋਰਟ ਅਤੇ ਕਈ ਹੋਰ ਅਧਿਐਨਾਂ ਤੋਂ ਪਤਾ ਲਗਦਾ ਹੈ ਕਿ ਇਹ ਯਕੀਨੀ ਬਣਾਉਣ ਦੀ ਬਜਾਏ ਕਿ ਕੋਈ ਵੀ ਭੁੱਖਾ ਅਤੇ ਪੌਸ਼ਟਿਕ ਤੌਰ ’ਤੇ ਕੁਪੋਸ਼ਿਤ ਨਾ ਰਹੇ, ਅੰਤਰਰਾਸ਼ਟਰੀ ਵਪਾਰ ਨੂੰ ਵਿਗਾੜਨ ਸੰਬੰਧੀ ਵਿਸ਼ਵ ਵਪਾਰ ਸੰਗਠਨ (ਡਬਲਿਊ.ਟੀ.ਓ.) ਦੀਆਂ ਸਖ਼ਤ ਪ੍ਰਤੀਕਿਰਿਆਵਾਂ ਨੂੰ ਸੱਦਾ ਦਿੰਦੇ ਹੋਏ ਸਬਸਿਡੀ ਵਾਲੇ ਅਨਾਜ ਦੀ ਬਰਾਮਦ ਦੇ ਨਾਲ਼-ਨਾਲ਼ ਝੋਨੇ ਦੇ ਵਾਧੂ ਭੰਡਾਰ ਵੀ ਇੱਕ ਮਹੱਤਵਪੂਰਨ ਮਾਤਰਾ ਬਰਾਮਦ ਕੀਤੀ ਜਾਂਦੀ ਰਹੀ ਹੈ।

ਅਨਾਜ ਉਤਪਾਦਨ ਦੀ ਗੱਲ ਕਰੀਏ ਤਾਂ ਕਣਕ ਅਤੇ ਝੋਨੇ ਅਧੀਨ ਆਉਂਦੇ ਖੇਤਰ ਨੂੰ ਘੱਟ ਕਰਨ ਦੀ ਜ਼ਰੂਰਤ ’ਤੇ ਚੱਲ ਰਹੀਆਂ ਚਰਚਾਵਾਂ ਦੇ ਬਾਵਜੂਦ ਇਸ ਸਾਲ ਕਣਕ ਅਤੇ ਝੋਨੇ ਦੀ ਭਾਰੀ ਪੈਦਾਵਾਰ ਹੋਣ ਦੀ ਉਮੀਦ ਹੈ। ਕਣਕ ਦੀ ਪੈਦਾਵਾਰ ਵਿੱਚ ਇਸ ਵਾਰ ਪਿਛਲੇ ਸਾਰੇ ਰਿਕਾਰਡ ਟੁੱਟਣ ਦੀ ਉਮੀਦ ਹੈ। ਇਸ ਵਾਰ ਕਣਕ ਦੀ ਪੈਦਾਵਾਰ 111.32 ਮਿਲੀਅਨ ਟਨ ਹੋਣ ਦਾ ਅਨੁਮਾਨ ਹੈ, ਜੋ ਪਿਛਲੇ ਸਾਲ ਦੀ ਤੁਲਨਾ ਵਿੱਚ 2.73 ਮਿਲੀਅਨ ਟਨ ਜ਼ਿਆਦਾ ਹੈ। ਜੇਕਰ ਅਸੀਂ 2016-17 ਅਤੇ 2020-21 ਦਰਮਿਆਨ ਕਣਕ ਪੈਦਾਵਾਰ 103.88 ਮਿਲੀਅਨ ਟਨ ਦੀ ਔਸਤ ਪੈਦਾਵਾਰ ਵੱਲ ਦੇਖੀਏ ਤਾਂ ਇਹ ਇਸ ਸਾਲ 7.44 ਮਿਲੀਅਨ ਟਨ ਵਧਣ ਦਾ ਅਨੁਮਾਨ ਹੈ। ਇਸ ਸਾਲ ਚੌਲ਼ਾਂ ਦੀ ਪੈਦਾਵਾਰ ਵੀ ਵਧਣ ਦਾ ਅਨੁਮਾਨ ਹੈ। ਚੌਲ਼ਾਂ ਦੀ ਪੈਦਾਵਾਰ 2020-21 ’ਚ 124.37 ਮਿਲੀਅਨ ਟਨ ਤੋਂ ਵਧ ਕੇ 2021-22 ਵਿੱਚ 127.93 ਮਿਲੀਅਨ ਟਨ ਹੋਣ ਦਾ ਅਨੁਮਾਨ ਹੈ। ਬਾਰਿਸ਼ ਹੁੰਦੀ ਹੈ ਤਾਂ ਖ਼ੁਸ਼ੀਆਂ ਦੀ ਬਰਸਾਤ ਹੁੰਦੀ ਹੈ। ਇਹੀ ਕਾਰਨ ਹੈ ਕਿ ਇੱਕ ਭਰਪੂਰ ਮੌਨਸੂਨ ‘ਫ਼ੀਲ ਗੁੱਡ ਫ਼ੈਕਟਰ’ ਨੂੰ ਵਧਾਉਂਦਾ ਹੈ, ਇਸ ਲਈ ਅਰਥਵਿਵਸਥਾ ਨੂੰ ਹਰ ਸਾਲ ਚੰਗੇ ਮਾਨਸੂਨ ਦੇ ਮੌਸਮ ਦੀ ਸਖ਼ਤ ਜ਼ਰੂਰਤ ਹੁੰਦੀ ਹੈ।

ਪਿਛਲੇ ਤਿੰਨ ਸਾਲਾਂ ਤੋਂ 2019 ਤੋਂ ਬਾਅਦ ਭਾਰਤ ਵਿੱਚ ਆਮ ਨਾਲ਼ੋਂ ਵੱਧ ਬਾਰਿਸ਼ ਹੋਈ ਹੈ, ਜਿਸ ਨਾਲ਼ ਖੇਤੀਬਾੜੀ ਲਈ ਰਿਕਾਰਡ ਫ਼ਸਲ ਪ੍ਰਾਪਤ ਕਰਨਾ ਸੌਖਾ ਹੋ ਗਿਆ ਹੈ ਅਤੇ ਇਸ ਤਰਾਂ ਇਹ ਅਰਥਵਿਵਸਥਾ ਨੂੰ ਉੱਪਰ ਉਠਾਉਣ ਲਈ ਇੱਕ ਮਜ਼ਬੂਤ ਆਧਾਰ ਮੁਹੱਈਆ ਕਰਵਾਉਂਦਾ ਹੈ। ਜਦੋਂ ਮਹਾਂਮਾਰੀ ਦੀ ਲਪੇਟ ਵਿੱਚ ਆਉਣ ਕਾਰਨ ਵਿਸ਼ਵ ਅਰਥਵਿਵਸਥਾ ਗੰਭੀਰ ਮੰਦੀ ਵੱਲ ਜਾਂਦੀ ਦੇਖੀ ਗਈ, ਤਾਂ ਖ਼ੁਸ਼ਕਿਸਮਤੀ ਨਾਲ਼ ਬਾਰਿਸ਼ ਆਮ ਵਾਂਗ ਹੁੰਦੀ ਰਹੀ। ਇੱਕ ਚੰਗਾ ਮੌਨਸੂਨ ਦਾ ਮੌਸਮ ਅਤੇ ਖੇਤੀ ਹੀ ਇਕਲੌਤੀ ਤਾਰਨਹਾਰ ਦੇ ਰੂਪ ’ਚ ਉੱਭਰੇ।

2003-04 ਤੋਂ ਬਾਅਦ ਜਦੋਂ ਕੁੱਲ ਅਨਾਜ ਪੈਦਾਵਾਰ 212 ਮਿਲੀਅਨ ਟਨ ਸੀ, ਉਹ ਹੁਣ 2021-22 ’ਚ ਵਧ ਕੇ 316.06 ਮਿਲੀਅਨ ਟਨ ਹੋਣ ਦਾ ਅਨੁਮਾਨ ਹੈ। ਪਿਛਲੇ 17 ਸਾਲਾਂ ਵਿੱਚ 104.06 ਮਿਲੀਅਨ ਟਨ ਦੇ ਵਾਧੇ ਨਾਲ਼ ਬਹੁਤ ਜ਼ਿਆਦਾ ਉੱਨਤੀ ਹੋਈ ਹੈ। ਇਹ ਕਿਸੇ ਵੀ ਮੁਲਾਂਕਣ ਨਾਲ਼ੋਂ ਛੋਟੀ ਉਪਲਬਧੀ ਨਹੀਂ ਹੈ। ਪਰ ਫਿਰ ਅਜਿਹਾ ਕਿਉਂ ਹੈ ਕਿ ਪੈਦਾਵਾਰ ’ਚ ਤਾਂ ਵਾਧਾ ਜਾਰੀ ਹੈ, ਪਰ ਜੋ ਕਿਸਾਨ ਆਪਣੀ ਮਿਹਨਤ ਅਤੇ ਮਜ਼ਦੂਰੀ ਨਾਲ਼ ਇਸ ਨੂੰ ਸੰਭਵ ਬਣਾਉਂਦੇ ਹਨ, ਉਹ ਬਹੁਤ ਦੁਖੀ ਹਨ। ਅਜਿਹਾ ਕਿਉਂ ਹੈ ਕਿ ਜਦੋਂ ਦੇਸ਼ ਰਿਕਾਰਡ ਅਨਾਜ ਪੈਦਾਵਾਰ ਹੋਣ ਦਾ ਜਸ਼ਨ ਮਨਾਉਂਦਾ ਹੈ, ਤਾਂ ਕਿਸਾਨਾਂ ਲਈ ਜੀਵਨ ਆਮਦਨ ਦੀ ਇੱਕ ਗਾਰੰਟੀ ਦੇਣ ਦੇ ਮੁੱਦੇ ’ਤੇ ਸਾਰੇ ਖ਼ਾਮੋਸ਼ ਕਿਉਂ ਹੋ ਜਾਂਦੇ ਹਨ ? ਆਖ਼ਿਰਕਾਰ, ਅਸਲ ਅਰਥਾਂ ਵਿੱਚ ਕਿਸਾਨ ਜੋ ਆਪਣੀ ਅਣਥੱਕ ਮਿਹਨਤ ਨਾਲ਼ ਅਨਾਜ ਪੈਦਾ ਕਰਦੇ ਹਨ, ਉਹ ਹੀ ਦੇਸ਼ ਦੀ ਆਰਥਿਕ ਪੂੰਜੀ ਹਨ। ਅਸਲ ਵਿੱਚ ਉਹ ਹੀ ਧਨ ਨਿਰਮਾਤਾ ਹਨ। ਦੇਸ਼ ਦੇ ਹੋਰ ਧਨ ਨਿਰਮਾਤਾਵਾਂ ਵਾਂਗ ਕਿਸਾਨ ਭਾਵੇਂ ਬਹੁਤੇ ਖ਼ੁਸ਼ਹਾਲ ਪੂੰਜੀ ਵੀ ਹੋਣ ਤਾਂ ਵੀ ਘੱਟੋ-ਘੱਟ ਆਰਾਮ ਨਾਲ਼ ਰਹਿਣ ਲਈ ਉਨਾਂ ਨੂੰ ਵਾਜਿਬ ਸਹੂਲਤਾਂ ਜ਼ਰੂਰ ਮਿਲਣੀਆਂ ਚਾਹੀਦੀਆਂ ਹਨ।

ਇਹ ਦੇਖਦੇ ਹੋਏ ਕਿ 70 ਫ਼ੀਸਦੀ ਪੇਂਡੂ ਪਰਿਵਾਰ ਖੇਤੀ ’ਚ ਲੱਗੇ ਹੋਏ ਹਨ। ਉਹ ਯਕੀਨੀ ਤੌਰ ’ਤੇ ਉਸ ਆਬਾਦੀ ਦਾ ਇੱਕ ਮਹੱਤਵਪੂਰਨ ਅਨੁਪਾਤ ਬਣਾਉਂਦੇ ਹਨ, ਜੋ ਭੁੱਖੇ ਪੇਟ ਸੌਂਦੇ ਹਨ। ਆਰਥਿਕ ਸੋਚ ਵਿੱਚ ਇਹ ਮਤਭੇਦ ਖੇਤੀ ਅਬਾਦੀ ਨੂੰ ਜਾਣ-ਬੁੱਝ ਕੇ ਗ਼ਰੀਬ ਰੱਖਦੇ ਹੋਏ ਉੱਚ ਅਨਾਜ ਪੈਦਾਵਾਰ ਦੇ ਲਈ ਕੋਸ਼ਿਸ਼ਾਂ ਕਰਨਾ ਖ਼ਤਮ ਹੋਣਾ ਚਾਹੀਦਾ ਹੈ। ਇਹ ਮੰਨਣਾ ਕਿ ਅਨਾਜ ਪੈਦਾਵਾਰ ਵੱਧ ਹੋਵੇਗੀ ਤਾਂ ਖੇਤੀ ਆਮਦਨ ਵੱਧ ਹੋਵੇਗੀ, ਇੱਕ ਆਰਥਿਕ ਧਾਰਨਾ ਹੈ, ਜੋ ਨਾ ਸਿਰਫ਼ ਭਾਰਤ ਵਿੱਚ ਸਗੋਂ ਅਮੀਰ ਤੇ ਵਿਕਸਿਤ ਦੇਸ਼ਾਂ ਵਿੱਚ ਵੀ ਗ਼ਲਤ ਸਾਬਤ ਹੋਈ ਹੈ।

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਯੂਰਪ ਦਾ ਸਭ ਤੋਂ ਭਿਆਨਕ ਯੁੱਧ



**ਬਲਰਾਜ ਸਿੰਘ ਸਿੱਧੂ**
**ਸੀਨੀਅਰ ਪੁਲਿਸ ਅਧਿਕਾਰੀ**
**ਮੋਬਾਈਲ : 95011-00062**

ਰੂਸ ਦੇ ਯੂਕਰੇਨ ਉੱਪਰ ਹਮਲੇ ਹੋਏ ਨੂੰ ਮਹੀਨੇ ਤੋਂ ਵੱਧ ਸਮਾਂ ਹੋ ਗਿਆ ਹੈ ਤੇ ਇਹ ਦੂਸਰੀ ਸੰਸਾਰ ਜੰਗ ਤੋਂ ਬਾਅਦ ਯੂਰਪ ਦਾ ਸਭ ਤੋਂ ਭਿਆਨਕ ਯੁੱਧ ਬਣ ਗਿਆ ਹੈ। ਰੂਸ ਦੀ ਹਾਲਤ ਸੱਪ ਦੇ ਮੂੰਹ ਵਿਚ ਕੋਹੜ ਕਿਰਲੀ ਵਰਗੀ ਹੋ ਗਈ ਹੈ, ਨਾ ਖਾਣ ਜੋਗਾ ਤੇ ਨਾ ਛੱਡਣ ਜੋਗਾ।

ਯੂਕਰੇਨੀ ਰਾਸ਼ਟਰਪਤੀ ਵਲੋਦੀਮੀਰ ਜ਼ੇਲੈਂਸਕੀ ਨੇ ਕਮਾਲ ਦੀ ਬਹਾਦਰੀ ਅਤੇ ਸਿਰੜ ਦਾ ਵਿਖਾਵਾ ਕੀਤਾ ਹੈ। ਪੱਛਮੀ ਦੇਸ਼ਾਂ ਦੀ ਸਲਾਹ ਦੇ ਉਲਟ ਉਹ ਕੀਵ ਵਿਖੇ ਡਟਿਆ ਹੋਇਆ ਹੈ ਤੇ ਆਪਣੀਆਂ ਫ਼ੌਜਾਂ ਦੀ ਦਲੇਰੀ ਨਾਲ ਅਗਵਾਈ ਕਰ ਰਿਹਾ ਹੈ।

ਰੂਸ ਨੇ ਯੂਕਰੇਨ ਦਾ ਲੱਕ ਤੋੜਨ ਲਈ ਆਮ ਗੋਲਾ-ਬਾਰੂਦ ਤੋਂ ਇਲਾਵਾ ਆਪਣੇ ਸਭ ਤੋਂ ਆਧੁਨਿਕ ਹਥਿਆਰਾਂ ਜਿਵੇਂ ਫਾਸਫੋਰਸ, ਕਲੱਸਟਰ ਅਤੇ ਥਰਮੋਬਾਰਿਕ ਬੰਬ, ਕਿੰਜਲ ਹਾਈਪਰਸੋਨਿਕ ਅਤੇ ਇਸਕੰਦਰ ਮਿਜ਼ਾਈਲਾਂ ਆਦਿ ਦੀ ਵਰਤੋਂ ਕਰ ਕੇ ਵੇਖ ਲਈ ਹੈ ਪਰ ਕੋਈ ਫ਼ਾਇਦਾ ਨਹੀਂ ਹੋਇਆ। ਕੀਵ, ਲਵੀਵ, ਉਡੇਸਾ, ਮਾਰੀਉਪੋਲ ਅਤੇ ਖਾਰਕੀਵ ਵਰਗੇ ਘੁੱਗ ਵੱਸਦੇ ਖ਼ੂਬਸੂਰਤ ਸ਼ਹਿਰ ਮਲਬੇ ਦਾ ਢੇਰ ਬਣ ਗਏ ਹਨ। ਪਹਿਲਾਂ ਰੂਸ ਨੇ ਕਿਹਾ ਸੀ ਕਿ ਉਹ ਸਿਰਫ਼ ਸੈਨਿਕ ਟਿਕਾਣਿਆਂ ਨੂੰ ਨਿਸ਼ਾਨਾ ਬਣਾਏਗਾ ਪਰ ਯੂਕਰੇਨ ਦੀ ਦ੍ਰਿੜਤਾ ਅਤੇ ਟਾਕਰੇ ਦੀ ਇੱਛਾ ਸ਼ਕਤੀ ਤੋਂ ਖਿਝੇ ਹੋਏ ਪੁਤਿਨ ਨੇ ਹੁਣ ਘਰਾਂ, ਹਸਪਤਾਲਾਂ, ਸਕੂਲਾਂ ਅਤੇ ਸਿਵਲ ਸਰਕਾਰੀ ਇਮਾਰਤਾਂ ਨੂੰ ਵੀ ਢਹਿ-ਢੇਰੀ ਕਰਨਾ ਸ਼ੁਰੂ ਕਰ ਦਿੱਤਾ ਹੈ। ਪੈਂਤੀ ਲੱਖ ਤੋਂ ਵੱਧ ਯੂਕਰੇਨੀ ਆਪਣਾ ਘਰ-ਬਾਰ ਛੱਡ ਕੇ ਗੁਆਂਢੀ ਦੇਸ਼ਾਂ ਵਿਚ ਰਫਿਊਜੀਆਂ ਵਾਲਾ



ਜੀਵਨ ਬਤੀਤ ਕਰ ਰਹੇ ਹਨ ਪਰ ਰੂਸ ਨੂੰ ਸਬਕ ਸਿਖਾਉਣ ਅਤੇ ਮਾਤ ਭੂਮੀ ਦੀ ਰਾਖੀ ਲਈ ਹਜ਼ਾਰਾਂ ਆਮ ਯੂਕਰੇਨੀ ਨਾਗਰਿਕ ਹਥਿਆਰ ਚੁੱਕ ਕੇ ਆਪਣੀ ਫ਼ੌਜ ਦਾ ਸਾਥ ਦੇ ਰਹੇ ਹਨ। ਛਾਪਾਮਾਰ ਜੰਗ ਤੋਂ ਡਰਦੀ ਮਾਰੀ ਰੂਸੀ ਫ਼ੌਜ ਅਜੇ ਤਕ ਕਿਸੇ ਵੀ ਅਹਿਮ ਸ਼ਹਿਰ ਵਿਚ ਦਾਖ਼ਲ ਨਹੀਂ ਹੋ ਸਕੀ। ਰੂਸ ਤੋਂ ਪਹਿਲਾਂ ਵੀ ਕਈ ਮਹਾ-ਸ਼ਕਤੀਆਂ ਦੁਸ਼ਮਣ ਦੇਸ਼ ਨੂੰ ਕਮਜ਼ੋਰ ਸਮਝ ਕੇ ਸ਼ਰਮਿੰਦਗੀ ਭਰੀ ਹਾਰ ਦਾ ਸਾਹਮਣਾ ਕਰ ਚੁੱਕੀਆਂ ਹਨ। ਫਰਾਂਸ ਦਾ ਬਾਦਸ਼ਾਹ ਨੈਪੋਲੀਅਨ (ਸ਼ਾਸਨ ਮਈ 1804 ਤੋਂ ਅਪ੍ਰੈਲ 1814) ਸੰਸਾਰ ਦੇ ਚੋਟੀ ਦੇ ਜੇਤੂਆਂ ਵਿਚ ਆਉਂਦਾ ਹੈ। ਉਸ ਨੇ ਇੰਗਲੈਂਡ ਅਤੇ ਰੂਸ ਨੂੰ ਛੱਡ ਕੇ ਤਕਰੀਬਨ ਸਾਰੇ ਯੂਰਪ 'ਤੇ ਕਬਜ਼ਾ ਜਮਾ ਲਿਆ ਸੀ। ਰੂਸ ਉਸ ਵੇਲੇ ਯੂਰਪ ਦੇ ਕਮਜ਼ੋਰ ਦੇਸ਼ਾਂ ਵਿਚ ਗਿਣਿਆ ਜਾਂਦਾ ਸੀ ਤੇ ਨੈਪੋਲੀਅਨ ਹੱਥੋਂ ਕਈ ਵਾਰ ਹਾਰ ਖਾਣ ਦੇ ਬਾਵਜੂਦ ਤਤਕਾਲੀ ਬਾਦਸ਼ਾਹ ਜ਼ਾਰ ਅਲੈਗਜ਼ੈਂਡਰ ਨੇ ਗੋਡੇ ਨਹੀਂ ਸਨ ਟੇਕੇ। ਰੂਸ ਨੂੰ ਸਬਕ ਸਿਖਾਉਣ ਲਈ ਨੈਪੋਲੀਅਨ ਨੇ 24 ਜੂਨ 1812 ਨੂੰ ਸਾਢੇ ਛੇ ਲੱਖ ਫ਼ੌਜ ਲੈ ਕੇ ਰੂਸ 'ਤੇ ਚੜ੍ਹਾਈ ਕਰ ਦਿੱਤੀ।

ਫਰਾਂਸ ਦੀਆਂ ਰੂਸ ਨਾਲ ਬੋਰੋਦੀਨੋ, ਸਮਾਲੈਂਸਕ, ਮਲੋਆਸਵੈਤ, ਕਰਾਸਨੋਈ ਦੇ ਸਥਾਨ 'ਤੇ ਵੱਡੀਆਂ ਜੰਗਾਂ ਹੋਈਆਂ ਤੇ 14 ਸਤੰਬਰ ਨੂੰ ਨੈਪੋਲੀਅਨ ਨੇ ਮਾਸਕੋ 'ਤੇ ਕਬਜ਼ਾ ਕਰ ਲਿਆ ਸੀ। ਰੂਸੀਆਂ ਨੇ ਮਾਸਕੋ ਅਤੇ ਆਸ-ਪਾਸ ਦੇ ਸ਼ਹਿਰਾਂ, ਪਿੰਡਾਂ, ਅਨਾਜ ਦੇ ਗੋਦਾਮਾਂ ਅਤੇ ਖੇਤ-ਖਲਿਹਾਨਾਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਜਿਸ ਕਾਰਨ ਫਰਾਂਸੀਸੀ ਫ਼ੌਜ ਵਿਚ ਭੁੱਖਮਰੀ ਫੈਲ ਗਈ। ਉੱਪਰੋਂ ਰੂਸ ਦੀ ਜ਼ਬਰਦਸਤ ਠੰਡ, ਬਿਮਾਰੀਆਂ ਅਤੇ ਛਾਪਾਮਾਰ ਜੰਗ ਨੇ ਫਰਾਂਸੀਸੀਆਂ ਦੀ ਜਾਨ ਤੰਗ ਕਰ ਦਿੱਤੀ ਤੇ ਉਹ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿਚ ਮਰਨ ਲੱਗ ਪਏ। ਰੂਸੀ ਬਾਦਸ਼ਾਹ ਨੇ ਨੈਪੋਲੀਅਨ ਦੀ ਕੋਈ ਵੀ ਸ਼ਰਤ ਮੰਨਣ ਤੋਂ ਇਨਕਾਰ ਕਰ ਦਿੱਤਾ। ਆਖ਼ਰ ਮਜਬੂਰ ਹੋ ਕੇ ਨੈਪੋਲੀਅਨ ਨੇ ਦਸੰਬਰ 1812 'ਚ ਵਾਪਸ ਚਾਲੇ ਪਾ ਦਿੱਤੇ। ਉਸ ਦੀ ਸਾਢੇ ਛੇ ਲੱਖ ਫ਼ੌਜ ਵਿੱਚੋਂ ਸਿਰਫ਼ 10000 ਸੈਨਿਕ ਹੀ ਜ਼ਿੰਦਾ ਫਰਾਂਸ ਪਹੁੰਚ ਸਕੇ। ਨੈਪੋਲੀਅਨ ਫਿਰ ਕਦੇ ਇਸ ਨੁਕਸਾਨ ਤੋਂ ਉੱਭਰ ਨਾ ਸਕਿਆ ਤੇ 19 ਅਕਤੂਬਰ 1813 ਨੂੰ ਰੂਸ, ਇੰਗਲੈਂਡ, ਜਰਮਨੀ ਅਤੇ ਆਸਟਰੀਆ ਦੀਆਂ ਸਾਂਝੀਆਂ ਫ਼ੌਜਾਂ ਨੇ ਉਸ ਨੂੰ ਲੀਪਜ਼ਿਗ ਦੀ ਜੰਗ ਵਿਚ ਹਰਾ ਕੇ ਤਖ਼ਤ-ਬਰਦਾਰ ਕਰ ਦਿੱਤਾ। ਨੈਪੋਲੀਅਨ ਵਾਲੀ ਗ਼ਲਤੀ ਹਿਟਲਰ ਨੇ ਵੀ ਕੀਤੀ ਸੀ। ਦੂਸਰੇ ਸੰਸਾਰ ਯੁੱਧ ਦੌਰਾਨ ਉਸ ਨੇ ਸਾਰੇ ਯੂਰਪ 'ਤੇ ਕਬਜ਼ਾ ਜਮਾ ਲਿਆ ਤੇ ਹਵਾਈ ਬੰਬਾਰੀ ਨਾਲ ਇੰਗਲੈਂਡ ਦਾ ਲੱਕ ਤੋੜ ਕੇ ਰੱਖ ਦਿੱਤਾ ਸੀ। ਹਿਟਲਰ ਕਮਿਊਨਿਸਟਾਂ ਨੂੰ ਬੇਹੱਦ ਨਫ਼ਰਤ ਕਰਦਾ ਸੀ। ਇਸ ਕਾਰਨ 22 ਜੂਨ 1941 ਨੂੰ ਉਸ ਨੇ ਬਿਨਾਂ ਕਿਸੇ ਕਾਰਨ ਰੂਸ 'ਤੇ ਹਮਲਾ ਬੋਲ ਦਿੱਤਾ। ਉਹ ਪੋਲੈਂਡ 'ਤੇ ਕਬਜ਼ਾ ਕਰ ਕੇ ਰੂਸ ਦੇ ਵਿਸ਼ਾਲ ਇਲਾਕਿਆਂ ਨੂੰ ਰੌਂਦਦਾ ਹੋਇਆ ਮਾਸਕੋ ਦੇ ਨਜ਼ਦੀਕ ਪਹੁੰਚ ਗਿਆ ਪਰ ਸ਼ੁਰੂਆਤੀ ਕਾਮਯਾਬੀ ਦੇ ਬਾਵਜੂਦ ਜਰਮਨ ਫ਼ੌਜ ਮਾਸਕੋ ਨੂੰ ਜਿੱਤ ਨਾ ਸਕੀ। ਰੂਸੀ ਫ਼ੌਜ ਦੇ ਕਰੜੇ ਵਿਰੋਧ ਕਾਰਨ ਹਿਟਲਰ ਨੇ ਮਾਸਕੋ ਦੀ ਬਜਾਏ ਰੂਸ ਦੇ ਦੱਖਣ ਵੱਲ ਹਮਲਾ ਕਰਨ ਦਾ ਫ਼ੈਸਲਾ ਕਰ ਲਿਆ।

**ਵਿਸ਼ਵ ਦਰਪਣ**

ਉਸ ਦਾ ਮਕਸਦ ਸਟਾਲਿਨਗਰਾਦ 'ਤੇ ਕਬਜ਼ਾ ਜਮਾ ਕੇ ਵੋਲਗਾ ਦਰਿਆ ਜੋ ਕੈਸਪੀਅਨ ਸਾਗਰ ਤੋਂ ਕੇਂਦਰੀ ਰੂਸ ਵੱਲ ਇਕ ਅਹਿਮ ਜਲ ਮਾਰਗ ਸੀ, ਨੂੰ ਬੰਦ ਕਰਨਾ ਸੀ ਜਿਸ ਨਾਲ ਮਾਸਕੋ ਅਤੇ ਕੇਂਦਰੀ ਰੂਸ ਵੱਲ ਹਥਿਆਰਾਂ ਅਤੇ ਰਸਦ ਦੀ ਸਪਲਾਈ ਬੰਦ ਹੋ ਜਾਣੀ ਸੀ। ਸਟਾਲਿਨਗਰਾਦ ਦੀ ਲੜਾਈ 23 ਅਗਸਤ 1942 ਤੋਂ 2 ਫਰਵਰੀ 1943 ਤਕ ਚੱਲੀ ਤੇ ਜਰਮਨ ਫ਼ੌਜ ਇੱਥੇ ਬੁਰੀ ਤਰ੍ਹਾਂ ਫਸ ਗਈ। ਸਿਰਫ਼ ਛੇ ਮਹੀਨਿਆਂ ਵਿਚ ਹੀ 8 ਲੱਖ ਦੇ ਕਰੀਬ ਜਰਮਨ ਅਤੇ 11 ਲੱਖ ਦੇ ਲਗਪਗ ਰੂਸੀ ਸੈਨਿਕ ਮਾਰੇ ਗਏ। ਆਖ਼ਰ ਜਰਮਨੀ ਨੂੰ ਸ਼ਹਿਰ ਖ਼ਾਲੀ ਕਰਨਾ ਪਿਆ। ਇਸ ਜੰਗ ਤੋਂ ਬਾਅਦ ਦੁਬਾਰਾ ਜਰਮਨੀ ਦੇ ਪੈਰ ਨਾ ਲੱਗੇ ਤੇ 2 ਸਤੰਬਰ 1945 ਨੂੰ ਰੂਸ, ਅਮਰੀਕਾ, ਇੰਗਲੈਂਡ ਅਤੇ ਫਰਾਂਸ ਦੀਆਂ ਸਾਂਝੀਆਂ ਫ਼ੌਜਾਂ ਨੇ ਬਰਲਿਨ 'ਤੇ ਕਬਜ਼ਾ ਕਰ ਲਿਆ ਅਤੇ ਜਰਮਨੀ ਨੂੰ ਪੂਰਬੀ ਅਤੇ ਪੱਛਮੀ ਜਰਮਨੀ ਵਿਚ ਵੰਡ ਦਿੱਤਾ ਗਿਆ।

ਵੀਅਤਨਾਮ ਦੀ ਜੰਗ ਵਿਚ ਅਮਰੀਕਾ ਵਰਗੀ ਸੁਪਰ ਪਾਵਰ ਨੂੰ ਵੀਅਤਨਾਮ ਵਰਗੇ ਛੋਟੇ ਜਿਹੇ ਦੇਸ਼ ਤੋਂ ਮੂੰਹ ਦੀ ਖਾਣੀ ਪਈ ਸੀ। ਮਈ 1954 ਵਿਚ ਫਰਾਂਸ ਨੇ ਵੀਅਤਨਾਮ ਨੂੰ ਆਜ਼ਾਦ ਕਰ ਕੇ ਕਮਿਊਨਿਸਟ ਉੱਤਰੀ ਵੀਅਤਨਾਮ ਅਤੇ ਪੱਛਮ ਪੱਖੀ ਦੱਖਣੀ ਵੀਅਤਨਾਮ ਵਿਚ ਵੰਡ ਦਿੱਤਾ। ਦੱਖਣੀ ਵੀਅਤਨਾਮ ਦੀ ਸੁਰੱਖਿਆ ਅਮਰੀਕਾ ਨੇ ਸੰਭਾਲ ਲਈ ਤਾਂ ਜੋ ਏਸ਼ੀਆ ਵਿਚ ਰੂਸ ਅਤੇ ਚੀਨ ਦੇ ਪ੍ਰਭਾਵ ਨੂੰ ਹੋਰ ਫੈਲਣ ਤੋਂ ਰੋਕਿਆ ਜਾ ਸਕੇ। ਇਸ ਦਾ ਟਾਕਰਾ ਕਰਨ ਲਈ ਰੂਸ ਤੇ ਚੀਨ ਨੇ ਉੱਤਰੀ ਵੀਅਤਨਾਮ ਨੂੰ ਭਾਰੀ ਆਰਥਿਕ ਅਤੇ ਸੈਨਿਕ ਮਦਦ ਭੇਜਣੀ ਸ਼ੁਰੂ ਕਰ ਦਿੱਤੀ। ਇਸ 'ਤੇ ਅਮਰੀਕਾ ਨੇ 1 ਨਵੰਬਰ 1955 ਨੂੰ ਉੱਤਰੀ ਵੀਅਤਨਾਮ 'ਤੇ ਹਮਲਾ ਕਰ ਦਿੱਤਾ। ਜਵਾਬ ਵਿਚ ਉੱਤਰੀ ਵੀਅਤਨਾਮ ਨੇ ਗੁਰੀਲਾ ਜੰਗ ਸ਼ੁਰੂ ਕਰ ਦਿੱਤੀ ਜੋ 30 ਅਪ੍ਰੈਲ 1975 ਤਕ ਲਗਾਤਾਰ 19 ਸਾਲ 6 ਮਹੀਨੇ ਚੱਲਦੀ ਰਹੀ। ਇਸ 'ਚ ਲਗਭਗ ਦੋ ਲੱਖ ਉੱਤਰੀ ਵੀਅਤਨਾਮੀ ਤੇ 60000 ਦੇ ਕਰੀਬ ਅਮਰੀਕੀ ਸੈਨਿਕ ਮਾਰੇ ਗਏ। ਇਸ ਜੰਗ ਵਿਚ ਹੋਈ ਸ਼ਰਮਨਾਕ ਹਾਰ ਕਾਰਨ ਅੰਤਰਰਾਸ਼ਟਰੀ ਪੱਧਰ 'ਤੇ ਅਮਰੀਕਾ ਦੀ ਇੱਜ਼ਤ ਮਿੱਟੀ ਵਿਚ ਮਿਲ ਗਈ। ਅਮਰੀਕਾ ਦੇ ਭੱਜਣ ਤੋਂ ਕੁਝ ਕੁ ਦਿਨਾਂ ਬਾਅਦ ਹੀ ਉੱਤਰੀ ਵੀਅਤਨਾਮ ਨੇ ਦੱਖਣੀ ਵੀਅਤਨਾਮ 'ਤੇ ਕਬਜ਼ਾ ਕਰ ਲਿਆ। 24 ਦਸੰਬਰ 1979 ਨੂੰ ਸੋਵੀਅਤ ਸੰਘ ਨੇ ਅਫ਼ਗਾਨਿਸਤਨ ਦੇ ਰਾਸ਼ਟਰਪਤੀ ਬਾਬਰਕ ਕਾਰਮਾਲ ਦੀ ਕਮਿਊਨਿਸਟ ਸਰਕਾਰ ਨੂੰ ਮੁਜਾਹਦੀਨ ਤੋਂ ਬਚਾਉਣ ਖ਼ਾਤਰ ਡੇਢ ਲੱਖ ਫ਼ੌਜ ਅਫ਼ਗਾਨਿਸਤਾਨ ਵਿਚ ਉਤਾਰ ਦਿੱਤੀ।

ਬਾਕੀ ਸਫ਼ਾ 34 'ਤੇ

# ਖਤਰਨਾਕ ਮਹਾਂਮਾਰੀ ਬਣ ਚੁੱਕਾ ਹੈ ਮੈਡੀਕਲ ਮਾਫੀਆ



**ਅਸ਼ੋਕ ਸੋਨੀ ਕਾਲਮਨਵੀਸ**
**ਮੋ. 9872705078**

ਡਾਕਟਰ ਵਾਕਈ ਰੱਬ ਦਾ ਹੀ ਰੂਪ ਹੁੰਦੇ ਹਨ। ਇਕ ਬੇਹੱਦ ਹੋਣਹਾਰ ਵਿਦਿਆਰਥੀ ਬਹੁਤ ਔਖੇ ਕੰਪੀਟੀਸ਼ਨ ਇਕ ਟੈਸਟ ਪਾਸ ਕਰਨ ਤੋਂ ਬਾਅਦ ਸਾਲਾਂਬੱਧੀ ਦਿਨ-ਰਾਤ ਲਗਾਤਾਰ ਕੀਤੀ ਸਖ਼ਤ ਮਿਹਨਤ ਤੇ ਲੱਖਾਂ-ਕਰੋੜਾਂ ਰੁਪਏ ਖਰਚ ਕੇ ਹੀ ਡਾਕਟਰ ਬਣਦਾ ਹੈ। ਇੰਨੇ ਸਾਲਾਂ ਦੀ ਤਪੱਸਿਆ ਕਰਨ ਤੋਂ ਬਾਅਦ ਵੀ ਉਹ ਸਾਡੀ ਜਾਨ ਬਚਾਉਣ ਲਈ ਫੇਰ ਦਿਨ-ਰਾਤ ਸਾਡਾ ਇਲਾਜ ਕਰਦਾ ਹੈ, ਉਸ ਇਨਸਾਨ ਦਾ ਸਮਾਜ ਵਿੱਚ ਖਾਸ ਰੁਤਬਾ ਤੇ ਸਨਮਾਨ ਬੇਹੱਦ ਜ਼ਰੂਰੀ ਏ ਪਰ ਡਾਕਟਰਾਂ ਵਿੱਚੋਂ ਹੀ ਕੁੱਝ ਕੁ ਕਾਲੀਆਂ ਭੇਡਾਂ ਮੈਡੀਕਲ ਮਾਫੀਆ ਨਾਲ ਰਲ਼ ਕੇ ਇਸ ਪਵਿੱਤਰ ਸੇਵਾ ਦੇ ਕੰਮ ਨੂੰ ਦਾਗਦਾਰ ਕਰਦੀਆਂ ਹਨ, ਜੋ ਬੇਹੱਦ ਹੀ ਸੋਚਣ ਦਾ ਵਿਸ਼ਾ ਹੈ। ਅੱਜ-ਕੱਲ ਦੇ ਆਧੁਨਿਕ ਯੁੱਗ ਵਿੱਚ ਇਲਾਜ ਦੇ ਪਵਿੱਤਰ ਧੰਦੇ ਵਿੱਚ ਪਾਪ ਦਾ ਮਿਸ਼ਰਣ ਬਹੁਤ ਵੱਧ ਚੁੱਕਿਆ ਹੈ। ਹਾਲਾਂਕਿ ਬਹੁਤ ਸਾਰੇ ਸਰਕਾਰੀ, ਪ੍ਰਾਈਵੇਟ ਹਸਪਤਾਲ ਤੇ ਸਰਕਾਰੀ, ਪ੍ਰਾਈਵੇਟ ਡਾਕਟਰ ਨੈਤਿਕਤਾ ਨਾਲ ਇਸ ਪਵਿੱਤਰ ਧੰਦੇ ਨੂੰ ਸੇਵਾ-ਭਾਵਨਾ ਨਾਲ ਚਲਾ ਰਹੇ ਹਨ ਪਰ ਜ਼ਿਆਦਾਤਰ ਵੱਡੀਆਂ ਥਾਵਾਂ ਤੇ ਹਸਪਤਾਲ ਮੈਨੇਜਮੈਂਟ, ਡਾਕਟਰਾਂ, ਦਵਾਈ ਕੰਪਨੀਆਂ ਤੇ ਮੈਡੀਕਲ ਨਾਲ ਸਬੰਧਤ ਵੱਡੇ ਅਦਾਰਿਆਂ ਦਾ ਮਾਫੀਆ ਗਠਜੋੜ ਆਮ ਗਰੀਬ, ਮਜ਼ਬੂਰ ਤੇ ਬਿਮਾਰ ਲੋਕਾਂ ਦਾ ਇਸ ਤਰਾਂ ਨਾਲ ਖ਼ੂਨ ਪੀ ਰਿਹਾ ਹੈ ਕਿ ਅੱਜ ਕੱਲ ਲੋਕ ਬੀਮਾਰੀਆਂ ਨਾਲੋਂ ਜ਼ਿਆਦਾ ਡਾਕਟਰਾਂ ਤੋਂ ਡਰਨ ਲੱਗ ਪਏ ਹਨ। ਆਮ ਲੋਕਾਂ ਦੀ ਬੇਦਰਦੀ ਨਾਲ



ਅੰਨੇਵਾਹ ਲੁੱਟ ਕਰਨ ਵਾਲਾ ਇਹ ਜ਼ਾਲਮ ਸਫੈਦਪੋਸ਼ ਮਾਫੀਆ ਪਿੰਡਾਂ, ਮੰਡੀਆਂ, ਛੋਟੇ ਸ਼ਹਿਰਾਂ ਤੋਂ ਲੈ ਕੇ ਵੱਡੇ ਮਹਾਂਨਗਰਾਂ ਤੱਕ ਹਰੇਕ ਥਾਂ 'ਤੇ ਧੜੱਲੇ ਨਾਲ ਚੱਲ ਰਿਹਾ ਹੈ। ਆਓ ਸ਼ਰੇਆਮ ਕੀਤੀ ਜਾਂਦੀ ਲੁੱਟ ਤੇ ਝਾਤੀ ਮਾਰੀਏ, ਸਾਰੇ ਤਾਂ ਨਹੀਂ ਪਰ ਬਹੁਤ ਸਾਰੇ ਡਾਕਟਰਾਂ ਕੋਲ ਮੈਡੀਕਲ ਕੰਪਨੀਆਂ ਆਪਣੇ ਐਮ ਆਰ ਰਾਹੀਂ ਉਨਾਂ ਨੂੰ ਆਪਣੀ ਦਵਾਈ, ਇੰਜੈਕਸ਼ਨ ਤੇ ਹੋਰ ਪ੍ਰੋਡਕਟ ਆਪਣੇ ਮਰੀਜਾਂ ਰਾਹੀਂ ਪ੍ਰਮੋਟ ਕਰਨ ਲਈ ਵੱਡੇ-ਵੱਡੇ ਤੋਹਫੇ, ਵਿਦੇਸ਼ ਯਾਤਰਾਵਾਂ, ਮਹਿੰਗੀਆਂ ਕਾਰਾਂ ਆਦਿ ਦਿੰਦੀਆਂ ਹਨ ਤੇ ਉਸ ਸਾਰੇ ਖਰਚੇ ਦਾ ਮੁੱਲ ਆਮ ਲੋਕ ਦਵਾਈਆਂ ਦੇ ਪੱਤੇ ਤੇ ਪ੍ਰਿੰਟ ਕੀਤੇ ਦਸ-ਪੰਦਰਾਂ ਗੁਣਾ ਰੇਟ ਨਾਲ ਉਤਾਰਦੇ ਹਨ। ਜ਼ਿਆਦਾਤਰ ਡਾਕਟਰ ਜੈਨਰਿਕ ਦਵਾਈਆਂ ਦੀ ਥਾਂ ਤੇ ਮਜਬੂਰ, ਪ੍ਰੇਸ਼ਾਨ ਤੇ ਗਰੀਬ ਮਰੀਜਾਂ ਨੂੰ ਮਹਿੰਗੀਆਂ ਤੇ ਬੇਲੋੜੀਆਂ ਦਵਾਈਆਂ, ਇੰਜੈਕਸ਼ਨ ਆਦਿ ਲਿਖ ਦਿੰਦੇ ਹਨ। ਮੇਰੇ ਆਪਣੇ ਇਕ ਨਜ਼ਦੀਕੀ ਰਿਸ਼ਤੇਦਾਰ ਜੋ ਰਿਟਾਇਰਡ ਫਾਰਮਾਸਿਸਟ ਹੈ ਉਨਾਂ ਨੇ ਆਪਣੇ ਹੀ ਕਿਸੇ ਹੋਰ ਰਿਟਾਇਰਡ ਸਾਥੀ ਨਾਲ ਅਬੋਹਰ ਦੇ ਇਕ ਆਮ ਛੋਟੇ ਜਿਹੇ ਪ੍ਰਾਈਵੇਟ ਹਸਪਤਾਲ ਵਿੱਚ ਮੈਡੀਕਲ ਸਟੋਰ ਸਾਂਝੇ ਤੌਰ 'ਤੇ ਠੇਕੇ ਲਿਆ ਜਿੱਥੇ ਉਹ 95000 ਰੁਪਏ ਮਹੀਨੇ ਦਾ ਡਾਕਟਰ ਨੂੰ ਇਕਮੁਸ਼ਤ ਦਿੰਦੇ ਸਨ ਤੇ ਫੇਰ ਵੀ ਉਨਾਂ ਦੋਵਾਂ ਨੂੰ ਹੋਰ ਸਾਰਾ ਖਰਚਾ ਕੱਢ-ਕੱਢਾ ਕੇ ਮਰੀਜ਼ਾਂ ਨੂੰ ਡਾਕਟਰ ਦੀਆਂ ਕਹੀਆਂ ਮਹਿੰਗੀਆਂ ਦਵਾਈਆਂ ਵੇਚ ਕੇ ਘੱਟੋ-ਘੱਟ 50-50 ਹਜ਼ਾਰ ਰੁਪਏ ਬਣਦਾ ਸੀ। ਸਾਲ ਕੁ ਬਾਅਦ ਡਾਕਟਰ ਸਾਬ ਨੇ ਉਨਾਂ ਨਾਲ ਵੀ ਮੈਡੀਕਲ ਦਾ ਠੇਕਾ ਬੰਦ ਕਰਦਿਆਂ ਮੈਡੀਕਲ 'ਤੇ ਆਪਣਾ ਹੀ ਬੰਦ ਰੱਖ ਲਿਆ ਪਰ ਡਾਕਟਰ ਸਾਬ ਦੇ ਲਾਲਚ ਕਾਰਨ ਮਰੀਜਾਂ ਤੇ ਮਹਿੰਗੀਆਂ ਦਵਾਈਆਂ ਦਾ ਭਾਰ ਘਟਣ ਦੀ ਥਾਂ ਪਹਿਲਾਂ ਤੋਂ ਵੀ ਜ਼ਿਆਦਾ ਪੈ ਰਿਹਾ ਹੈ। ਹੁਣ ਆਮ ਮਰੀਜਾਂ ਦੀ ਇਸ ਲੁੱਟ ਨੂੰ ਤੁਸੀਂ ਇਲਾਜ ਕਹੋਗੇ, ਵਪਾਰ ਕਹੋਗੇ ਜਾਂ ਠੱਗੀ ? ਕਈ ਡਾਕਟਰ ਸਿਰਫ ਆਪਣੇ ਕਮਿਸ਼ਨ ਲਈ ਹੀ ਖ਼ੂਨ ਦੇ ਬੇਲੋੜੇ ਟੈਸਟ, ਐਕਸ ਰੇ, ਅਲਟਰਾਸਾਊਂਡ, ਸੀ ਟੀ ਸਕੈਨ, ਐਮ ਆਰ ਆਈ ਪਤਾ ਨਹੀਂ ਕਿਹੜੇ-ਕਿਹੜੇ ਮਹਿੰਗੇ ਸਕੈਨ ਕਰਵਾਉਂਦੇ ਹਨ। ਇਹ ਕਮਿਸ਼ਨ ਦਾ ਗੰਦਾ ਧੰਦਾ ਬਿਲਕੁਲ ਖੁੱਲਾ-ਭੇਦ ਹੈ। ਮੈਂ ਆਪ ਪਿਛਲੇ ਹਫਤੇ ਮੇਰੇ ਭਰਾ ਦੀ ਐਮ ਆਰ ਆਈ ਕਰਵਾਈ ਤਾਂ ਸ਼੍ਰੀ ਗੰਗਾਨਗਰ ਦੇ ਇਕ ਇਮਾਨਦਾਰ ਡਾਕਟਰ

**ਖਤਰਨਾਕ ਮਹਾਂਮਾਰੀ ਬਣ...**

ਸ਼੍ਰੀ ਅਭਿਸ਼ੇਕ ਮਈਯਰ ਜੀ ਦੇ ਹਸਪਤਾਲ ਦੀ ਪਰਚੀ ਕਾਰਨ ਮੇਰੇ ਕੋਲੋਂ ਹੌਲੀ ਜਿਹੀ 3500 ਰੁਪਏ ਜਦਕਿ ਉੱਥੇ ਹੋਰ ਹਸਪਤਾਲਾਂ ਤੋਂ ਆਏ ਮਰੀਜਾਂ ਤੋਂ 4500 ਰੁਪਏ ਲਏ ਜਾ ਰਹੇ ਸਨ, ਕਿਉਂਕਿ 100 ਰੁਪਏ ਕਮਿਸ਼ਨ ਸਿੱਧਾ ਉਨਾਂ ਡਾਕਟਰਾਂ ਦਾ ਸੀ। ਕਈ ਹਸਪਤਾਲਾਂ ਵਿੱਚ ਵੱਡੇ ਆਪ੍ਰੇਸ਼ਨ, ਗੋਡੇ ਬਦਲਵਾਉਣ, ਸਟੰਟ ਪਵਾਉਣ, ਬਾਈਪਾਸ ਸਰਜਰੀ ਆਦਿ ਕਰਵਾਉਣ ਦੇ ਮਰੀਜ ਲਿਜਾਉਣ ਲਈ ਦਲਾਲੀ ਦੇ ਸ਼ਰੇਆਮ ਪੈਕੇਜ ਹੁੰਦੇ ਹਨ। ਹੁਣ ਤਾਂ ਇਹ ਮੈਡੀਕਲ ਮਾਫੀਆ ਆਮ ਲੋਕਾਂ ਦੇ ਨਾਲ-ਨਾਲ ਸਰਕਾਰ ਨੂੰ ਵੀ ਪੂਰਾ ਰਗੜਾ ਲਾ ਰਿਹਾ ਹੈ। ਕਈ ਸਰਕਾਰੀ ਸਕੀਮਾਂ ਅਧੀਨ ਪ੍ਰਾਈਵੇਟ ਹਸਪਤਾਲਾਂ ਵਿੱਚ ਆਮ ਲੋਕਾਂ ਦਾ ਮੁਫਤ ਇਲਾਜ ਹੁੰਦਾ ਹੈ ਪਰ ਉਸਦੇ ਪੈਸੇ ਸਰਕਾਰ ਭਰਦੀ ਹੈ। ਹੁਣ ਇਹ ਮਾਫੀਆ ਮਰੀਜ ਦਾ ਇਲਾਜ ਤਾਂ ਕਿਸੇ ਹੋਰ ਛੋਟੀ ਬੀਮਾਰੀ ਦਾ ਕਰਦੇ ਹਨ ਪਰ ਸਰਕਾਰੀ ਖਾਤਿਆਂ 'ਚ ਲੱਖਾਂ ਰੁਪਏ ਦੇ ਫਰਜੀ ਬਿੱਲ ਪਾ ਕੇ ਸ਼ਰੇਆਮ ਸਰਕਾਰੀ ਪੈਸੇ ਦਾ ਗਬਨ ਕਰਦੇ ਹਨ। ਇਨਾਂ ਕਾਰਨਾਂ ਕਰਕੇ ਹੀ ਲੋਕਾਂ ਵਿੱਚ ਡਾਕਟਰਾਂ ਪ੍ਰਤੀ ਭਰੋਸਾ ਘਟਦਾ ਜਾ ਰਿਹਾ ਹੈ। ਅੱਜ ਕੱਲ ਜ਼ਿਆਦਾਤਰ ਬੱਚਿਆਂ ਦਾ ਜਨਮ ਨਾਰਮਲ ਡਿਲੀਵਰੀ ਦੀ ਥਾਂ ਤੇ ਸਿਜ਼ੇਰੀਅਨ ਨਾਲ ਹੋਣਾ ਵੀ ਇਸੇ ਲਈ ਵੱਡਾ ਸ਼ੱਕ ਪੈਦਾ ਕਰਦਾ ਹੈ।

ਸਰਕਾਰੀ ਹਸਪਤਾਲਾਂ ਵਿੱਚ ਜੇਕਰ ਤੁਹਾਡਾ ਜਾਣਕਾਰ ਡਾਕਟਰ ਜਾਂ ਕੋਈ ਮੁਲਾਜ਼ਮ ਨਹੀਂ ਹੈ ਤਾਂ ਤੁਹਾਡਾ ਰੱਬ ਹੀ ਰਾਖ਼ਾ। ਮੈਂ ਪਿੱਛੇ ਜਿਹੇ ਸਰਕਾਰੀ ਮੈਡੀਕਲ ਕਾਲਜ ਫਰੀਦਕੋਟ ਵਿੱਚ ਭਰਤੀ ਸੀ। ਮੇਰੀ ਲੱਤ ਦੇ ਪਲੱਸਤਰ ਦੌਰਾਨ ਸਰਕਾਰੀ ਡਾਕਟਰ ਸਾਹਿਬ ਨੇ ਹੱਥ ਤੱਕ ਨਹੀਂ ਲਾਇਆ ਕਿਉਂਕਿ ਉੱਥੇ ਹੱਥ ਧੋਣ ਲਈ ਪਾਣੀ ਨੇੜੇ ਨਹੀਂ ਸੀ, ਡਾਕਟਰ ਸਾਹਿਬ ਕੋਲ ਖੜ੍ਹੇ ਰਹੇ ਤੇ ਮੇਰਾ ਪਲੱਸਤਰ ਮੇਰੇ ਨਾਲ ਗਏ ਮੇਰੇ ਭਰਾ ਤੇ ਭਤੀਜੇ ਨੇ ਕੀਤਾ ਜੋ ਦੋਵੇਂ ਅਧਿਆਪਕ ਹਨ, ਜੋ ਕਿ ਗਲਤ ਹੋ ਗਿਆ ਤੇ ਮੈਨੂੰ ਇਹ ਪਲੱਸਤਰ ਪ੍ਰਾਈਵੇਟ ਡਾਕਟਰ ਤੋਂ ਦੁਬਾਰਾ ਕਰਵਾਉਣਾ ਪਿਆ। ਤੁਸੀਂ ਕੋਰੋਨਾ ਤੋਂ ਪਹਿਲਾਂ ਜਾਂ ਅੱਜ ਦੇ ਹਾਲਾਤ ਵੇਖੋ, ਹਰੇਕ ਡਾਕਟਰ ਦੇ ਕਲੀਨਿਕ ਵਿੱਚ ਭੀੜ ਏਨੀ ਹੈ ਕਿ ਪੈਰ ਰੱਖਣ ਨੂੰ ਥਾਂ ਹੈ ਨਹੀਂ। ਪਰ ਕੋਰੋਨਾ ਕਾਰਨ ਲਗਭਗ ਡੇਢ ਸਾਲ ਤੱਕ ਇੰਨੇ ਸਾਰੇ ਬੀਮਾਰ ਲੋਕਾਂ ਦਾ ਇਲਾਜ ਕਿੱਥੇ ਹੋਇਆ? ਸਰਕਾਰ ਨੂੰ ਇਸ ਮੈਡੀਕਲ ਮਾਫੀਆ ਤੇ ਜਲਦੀ ਤੋਂ ਪਹਿਲਾਂ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ ਦੀ ਲੋੜ ਹੈ ਤਾਂ ਜੋ ਆਮ ਗਰੀਬ, ਬੀਮਾਰ ਤੇ ਭੋਲੇ-ਭਾਲੇ ਲੋਕਾਂ ਦਾ ਸ਼ੋਸ਼ਣ ਰੋਕਿਆ ਜਾ ਸਕੇ ਤੇ ਨਾਲ ਹੀ ਸਮਾਜ ਵਿੱਚ ਡਾਕਟਰਾਂ ਦਾ ਸਨਮਾਨ ਕਾਇਮ ਰਹੇ।

# ਸੰਯੁਕਤ ਸਮਾਜ ਮੋਰਚੇ ਦਾ ਸਿਆਸਤ ਵਿਚ ਬੁਰਾ ਹਸ਼ਰ ਕਿਉਂ ਹੋਇਆ ?

**ਡਾ. ਧਰਮ ਸਿੰਘ**

ਚੋਣਾਂ ਤੋਂ ਪਹਿਲਾਂ ਮੇਰਾ ਇਕ ਲੇਖ ਇਕ ਅਖ਼ਬਾਰ ਵਿਚ ਛਪਿਆ ਸੀ, ਉਸ ਲੇਖ ਦਾ ਸਾਰੰਸ਼ ਇਹ ਸੀ ਕਿ ਕਿਸਾਨ ਆਗੂਆਂ ਨੂੰ ਸਿਆਸਤ ਵਿਚ ਪੈਰ ਨਹੀਂ ਪਾਉਣਾ ਚਾਹੀਦਾ ਅਤੇ ਬਾਕੀ ਰਹਿੰਦੀਆਂ ਮੰਗਾਂ ਮਨਵਾਉਣ ਲਈ ਪੂਰਾ ਜ਼ੋਰ ਲਾ ਦੇਣਾ ਚਾਹੀਦਾ।

ਇਹ ਬਾਕੀ ਮੰਗਾਂ ਹਨ ਜਿਵੇਂ ਕਿ ਹਰ ਫ਼ਸਲ ਲਈ ਘੱਟੋ-ਘੱਟ ਸਮਰਥਨ ਮੁੱਲ ਨਿਰਧਾਰਤ ਕਰਵਾਉਣ ਤੇ ਉਸ ਨੂੰ ਕਾਨੂੰਨੀ ਮਾਨਤਾ ਦਿਵਾਉਣ, ਸ਼ਹੀਦ ਹੋ ਗਏ ਕਿਸਾਨਾਂ ਨੂੰ ਮੁਆਵਜ਼ਾ ਦਿਵਾਉਣਾ, ਲਖੀਮਪੁਰ ਖੀਰੀ ਦੀ ਘਟਨਾ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਦਿਵਾਉਣਾ ਤੇ ਕਿਸਾਨਾਂ ਖ਼ਿਲਾਫ਼ ਦਰਜ ਪਰਚਿਆਂ ਨੂੰ ਰੱਦ ਕਰਵਾਉਣ ਆਦਿ ਵੱਲ ਧਿਆਨ ਦੇਣਾ ਚਾਹੀਦਾ ਹੈ। ਕੁਝ ਜਥੇਬੰਦੀਆਂ ਚੋਣਾਂ ਲੜਨ ਦੇ ਹੱਕ ਵਿਚ ਸਨ ਅਤੇ ਕੁਝ ਨਹੀਂ।

ਇਹੋ ਜਿਹੀ ਦੁਚਿੱਤੀ ਵਿਚ ਸੰਯੁਕਤ ਸਮਾਜ ਮੋਰਚਾ (ਐੱਸਐੱਸਐੱਮ) ਚੋਣਾਂ ਵਿਚ ਕੁੱਦ ਪਿਆ। ਇਨਾਂ ਚੋਣਾਂ ਵਿਚ ਸੰਯੁਕਤ ਸਮਾਜ ਮੋਰਚਾ ਦਾ ਜੋ ਹਸ਼ਰ ਹੋਇਆ, ਉਸ ਦਾ ਵਿਸ਼ਲੇਸ਼ਣ ਇਸ ਲਈ ਜ਼ਰੂਰੀ ਹੈ ਕਿਉਂਕਿ ਇਹ ਭਵਿੱਖ ਲਈ ਇਕ ਸਬਕ ਹੈ। ਇਸ ਮੋਰਚੇ ਵੱਲੋਂ ਚੋਣਾਂ ਵਿਚ ਉਤਾਰੇ ਗਏ 94 ਉਮੀਦਵਾਰਾਂ 'ਚੋਂ 93 ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਹਨ। ਪ੍ਰਸ਼ਨ ਇਹ ਹੈ ਕਿ ਅਜਿਹਾ ਕਿਉਂ ਵਾਪਰਿਆ ? ਇਸ ਦਾ ਪਹਿਲਾ ਕਾਰਨ ਮੋਰਚੇ ਵਿਚਲੀ ਨਾਇਤਫ਼ਾਕੀ ਹੈ। ਜਥੇਬੰਦੀਆਂ ਵਿਚਲੀ ਦੁਚਿੱਤੀ ਨੇ ਮੋਰਚੇ ਦੀ ਸ਼ਕਤੀ ਨੂੰ ਭਾਰੀ ਸੱਟ ਮਾਰੀ ਹੈ। ਕਿਸਾਨ ਆਗੂ ਇਹ ਸਮਝੀ ਬੈਠੇ ਸਨ ਕਿ ਕਿਸਾਨ ਅੰਦੋਲਨ ਦੀ ਜਿੱਤ ਕਰਕੇ ਕਿਸਾਨ ਭਾਈਚਾਰਾ ਸਾਰੇ ਦਾ ਸਾਰਾ ਉਨਾਂ ਦੀ ਹਮਾਇਤ ਵਿਚ ਉਮੜ ਆਵੇਗਾ ਪਰ ਕੀ ਇਹ ਉਨਾਂ ਦੀ ਖ਼ਾਮ ਖ਼ਿਆਲੀ ਸੀ ਕਿਉਂਕਿ ਹਕੀਕੀ ਹਾਲਾਤ ਇੰਨੇ ਸਰਲ ਨਹੀਂ ਸਨ। ਵਰਤਮਾਨ ਸਮੇਂ ਵਿਚ ਹਾਲਾਤ ਬਦਲ ਗਏ ਹਨ। ਕਿਸਾਨ ਵੱਖ-ਵੱਖ ਰਾਜਨੀਤਕ ਪਾਰਟੀਆਂ ਨਾਲ ਜੁੜੇ ਹੋਏ ਹਨ ਅਤੇ ਇਹ ਕਲਪਨਾ ਨਹੀਂ ਕੀਤੀ ਜਾ ਸਕਦੀ ਕਿ ਇਨਾਂ ਦੀਆਂ ਸਾਰੀਆਂ ਦੀਆਂ ਸਾਰੀਆਂ ਵੋਟਾਂ ਕਿਸੇ ਇਕ ਦੇ ਹੱਕ ਵਿਚ ਭੁਗਤਣਗੀਆਂ ? ਉਂਜ ਵੀ ਕਿਸਾਨਾਂ ਦੀ ਵੋਟ ਪ੍ਰਤੀਸ਼ਤ ਇੰਨੀ ਨਹੀਂ ਹੈ ਕਿ ਉਹ ਕਿਸੇ ਨੂੰ ਜਿਤਾ ਸਕਣ ?

ਦੂਜਾ ਵੱਡਾ ਕਾਰਨ ਹੈ ਕਿਸਾਨ ਅੰਦੋਲਨ ਅਤੇ ਚੋਣਾਂ ਦੇ ਮਨੋਰਥ ਵਿਚ ਅੰਤਰ ਹੋਣਾ। ਚੋਣਾਂ ਦਾ ਮਨੋਰਥ ਹੋਰ ਹੈ ਪਰ ਮੋਰਚੇ ਦਾ ਮਨੋਰਥ ਵੱਖਰਾ ਸੀ। ਕਿਸਾਨ ਹੱਕਾਂ ਦੀ ਰਾਖੀ ਨੇ ਮੋਰਚੇ ਨੂੰ ਕਾਮਯਾਬ ਕੀਤਾ ਸੀ ਕਿਉਂਕਿ ਇਹ ਭਵਿੱਖ ਦੀ ਰੋਟੀ ਨਾਲ ਜੁੜਿਆ ਹੋਇਆ ਸੀ। ਰੋਟੀ ਜ਼ਿੰਦਗੀ ਦੀ ਜ਼ਮਾਨਤ ਹੈ। ਚੋਣਾਂ ਤੋਂ ਬਿਨਾਂ ਤਾਂ ਗੁਜ਼ਾਰਾ ਸੰਭਵ ਹੈ ਪਰ ਰੋਟੀ ਤੋਂ ਬਿਨਾਂ ਨਹੀਂ। ਸੋ, ਚੋਣਾਂ ਅਤੇ ਮੋਰਚੇ ਦੇ ਮਕਸਦ ਵਿਚ ਹੀ ਇਕ ਬੁਨਿਆਦੀ ਅੰਤਰ ਸੀ।

ਕਿਸਾਨ ਆਗੂਆਂ ਨੂੰ ਖੇਤ ਮਜ਼ਦੂਰਾਂ ਅਤੇ ਸਾਧਨ-ਵਿਹੂਣੇ ਲੋਕਾਂ ਦੀ ਵੱਡੀ ਗਿਣਤੀ ਆਪਣੇ ਨਾਲ ਹੋਣ ਦੀ ਖ਼ੁਸ਼ਫ਼ਹਿਮੀ ਸੀ। ਉਹ ਇਹ ਅਨੁਮਾਨ ਲਗਾਉਣ ਵਿਚ ਸਫਲ ਨਹੀਂ ਹੋ ਸਕੇ ਕਿ ਅੱਜ ਖੇਤ ਮਜ਼ਦੂਰਾਂ ਅਤੇ ਥੁੜੋਂ ਟੁੱਟੇ ਲੋਕਾਂ ਦੀ ਮਾਨਸਿਕਤਾ ਵਿਚ ਬਹੁਤ ਫ਼ਰਕ ਆ ਚੁੱਕਾ ਹੈ।

ਕੋਈ ਵੇਲਾ ਸੀ ਜਦ ਪੇਂਡੂ ਮਜ਼ਦੂਰਾਂ ਨੂੰ ਪਿੰਡਾਂ ਵਿਚੋਂ ਹੀ ਰੁਜ਼ਗਾਰ ਮਿਲ ਜਾਂਦਾ ਸੀ ਪਰ ਖੇਤੀ ਦੇ ਮਸ਼ੀਨੀਕਰਨ ਨੇ ਸਭ ਕੁਝ ਬਦਲ ਕੇ ਰੱਖ ਦਿੱਤਾ ਹੈ। ਖੇਤੀ ਦਾ ਮਸ਼ੀਨੀਕਰਨ ਹੋ ਚੁੱਕਾ ਹੈ। ਇਸ ਲਈ ਮਜ਼ਦੂਰਾਂ ਦੀ ਬਹੁਤੀ ਲੋੜ ਨਹੀਂ। ਜਿਹੜੀ ਮੌਸਮੀ ਲੋੜ ਹੁੰਦੀ ਵੀ ਹੈ, ਉਹ ਪਰਵਾਸੀ ਮਜ਼ਦੂਰ ਪੂਰੀ ਕਰ ਦਿੰਦੇ ਹਨ।

ਪੇਂਡੂ ਮਜ਼ਦੂਰਾਂ ਲਈ ਮਜ਼ਦੂਰੀ ਦੇ ਹੋਰ ਵੀ ਕਈ ਰਾਹ ਖੁੱਲ ਚੁੱਕੇ ਹਨ। ਮਕਾਨ-ਉਸਾਰੀ, ਰੰਗ-ਰੋਗਨ, ਕਾਰਖਾਨੇ, ਰੇਹੜੀਆਂ-ਫੜੀਆਂ, ਦੁਕਾਨਾਂ ਉੱਪਰ ਸਹਾਇਕਾਂ, ਚੌਕੀਦਾਰੀ ਤੇ ਹੋਰ ਅਨੇਕ ਤਰਾਂ ਦੇ ਕੰਮ ਪੈਦਾ ਹੋ ਚੁੱਕੇ ਹਨ। ਰੁਜ਼ਗਾਰ ਦੀ ਤਲਾਸ਼ ਵਿਚ ਪੇਂਡੂ ਮਜ਼ਦੂਰ ਪਿੰਡੋਂ ਬਾਹਰ ਦੂਰ-ਦਰਾਜ ਥਾਵਾਂ ਉੱਪਰ ਵੀ ਚਲਿਆ ਜਾਂਦਾ ਹੈ ਕਿਉਂਕਿ ਆਵਾਜਾਈ ਦੇ ਸਾਧਨ ਸਹਿਜੇ ਹੀ ਉਪਲਬਧ ਹਨ। ਖੇਤੀ 'ਤੇ ਨਿਰਭਰਤਾ ਘਟਣ ਨਾਲ ਪੇਂਡੂ ਮਜ਼ਦੂਰ ਦੀ ਕਿਸਾਨਾਂ ਅਤੇ ਭੂਮੀਪਤੀਆਂ ਨਾਲ ਉਹ ਨੇੜਤਾ ਨਹੀਂ ਜੋ ਅੱਜ ਤੋਂ ਪੰਜਾਹ ਸਾਲ ਪਹਿਲਾਂ ਸੀ। ਉਨਾਂ ਦਾ ਆਪਸੀ ਰਿਸ਼ਤਾ ਨਿੱਘਾ ਤਾਂ ਕੀ ਰਹਿਣਾ ਹੈ, ਸਗੋਂ ਤਿੜਕ ਚੁੱਕਾ ਹੈ। ਖੇਤੀ 'ਤੇ ਨਿਰਭਰਤਾ ਨਾ ਰਹਿਣ ਅਤੇ ਰਿਸ਼ਤਿਆਂ ਵਿਚਲੀ ਤਲਖ਼ੀ ਨੂੰ ਜਾਂ ਤਾਂ ਸੰਯੁਕਤ ਸਮਾਜ ਮੋਰਚਾ ਦੇ ਆਗੂ ਸਮਝ ਨਹੀਂ ਸਕੇ ਜਾਂ ਜਾਣਬੁੱਝ ਕੇ ਅਵੇਸਲੇ ਹੋ ਰਹੇ ਹਨ।

ਕੋਈ ਸਮਾਂ ਸੀ ਜਦ ਅੱਖ ਦੀ ਸ਼ਰਮ ਮਾਰਦੀ ਸੀ ਪਰ ਹੁਣ ਇਹ ਸ਼ਰਮ ਖੰਭ ਲਾ ਕੇ ਉੱਡ ਗਈ ਹੈ। ਸਮੇਂ ਜਾਂ ਹਾਲਾਤ ਨਾਲ ਹਮਕਦਮ ਹੋ ਕੇ ਭੂਮੀਪਤੀ ਨਹੀਂ ਤੁਰ ਸਕੇ ਜਿਸ ਕਰਕੇ ਉਨਾਂ ਦੀ ਮਾਨਸਿਕਤਾ ਵਿਚ ਬਹੁਤੀ ਤਬਦੀਲੀ ਨਹੀਂ ਆਈ। ਪਿੰਡਾਂ ਵਿਚ ਹੁੰਦੀ ਧੱਕੇਸ਼ਾਹੀ, ਹੈਂਕੜ ਅਤੇ ਜਾਤ ਦਾ ਅਭਿਮਾਨ ਪਹਿਲਾਂ ਦੀ ਤਰਾਂ ਹੀ ਹੈ। ਖੇਤ ਮਜ਼ਦੂਰ ਅਤੇ ਥੁੜੋਂ ਟੁੱਟੇ ਲੋਕ ਅੱਜ ਵੀ ਪੀੜਤ ਮਹਿਸੂਸ ਕਰਦੇ ਹਨ। ਇਕ ਮਿਸਾਲ ਤਾਂ ਇਨਾਂ ਚੋਣਾਂ ਦੀ ਪ੍ਰਕਿਰਿਆ 'ਚੋਂ ਹੀ ਮਿਲੀ ਹੈ।

ਸੰਯੁਕਤ ਸਮਾਜ ਮੋਰਚੇ ਵੱਲੋਂ ਇਕ ਰਾਖਵੀਂ ਸੀਟ ਲਈ ਇਕ ਦਲਿਤ ਨੂੰ ਟਿਕਟ ਦਿੱਤੀ ਗਈ। ਜਦ ਵਿਹਾਰਕ ਰੂਪ ਵਿਚ ਉਸ ਨੇ ਵਿਚਰਨਾ ਸ਼ੁਰੂ ਕੀਤਾ ਤਾਂ ਮਹਿਸੂਸ ਕੀਤਾ ਕਿ ਉਸ ਪ੍ਰਤੀ ਮੋਰਚੇ ਦੇ ਨੇਤਾਵਾਂ ਦਾ ਰਵੱਈਆ ਸਨਮਾਨਜਨਕ ਨਹੀਂ ਸੀ। ਤੰਗ ਆ ਕੇ ਉਸ ਨੇ ਟਿਕਟ ਵਾਪਸ ਕਰ ਦਿੱਤੀ ਤੇ ਚੋਣ ਲੜਨ ਤੋਂ ਨਾਂਹ ਕਰ ਦਿੱਤੀ।

ਫਿਲਮਾਂ, ਵੀਡੀਓਜ਼, ਟੀਵੀ ਆਦਿ ਸੰਚਾਰ ਅਤੇ ਪ੍ਰਚਾਰ ਦੇ ਸਾਧਨਾਂ ਨੇ ਪੇਂਡੂ ਕਿਸਾਨੀ ਨੂੰ ਬਹੁਤ ਵਡਿਆਇਆ ਹੈ। ਪਹਿਲਾਂ ਅੱਤਵਾਦ ਦੌਰਾਨ ਅਤੇ ਫਿਰ ਸੁਭਾਵਿਕ ਸ਼ਹਿਰੀਕਰਨ ਦੀ ਪ੍ਰਕਿਰਿਆ ਨੇ ਜ਼ਮੀਨਾਂ ਮਹਿੰਗੀਆਂ ਕਰ ਦਿੱਤੀਆਂ। ਉਧਰ ਹਰੇ ਇਨਕਲਾਬ ਦੀ ਪੂੰਜੀ ਨੇ ਵੀ ਅਹਿਮ ਯੋਗਦਾਨ ਪਾਇਆ ਹੈ। ਇੰਜ ਭੂਮੀਪਤੀਆਂ ਕੋਲ ਪੈਸਾ ਆ ਗਿਆ ਹੈ ਅਤੇ ਉਨਾਂ ਨੇ ਆਪਣੀ ਤੁਲਨਾ ਕਈ ਕਿਸਮ ਦੇ ਟੈਕਸ ਚੋਰੀ ਕਰਕੇ ਬਣੇ ਬੈਠੇ ਸੇਠਾਂ ਅਤੇ ਧਨ ਕੁਬੇਰਾਂ ਨਾਲ ਕਰਨੀ ਸ਼ੁਰੂ ਕਰ ਦਿੱਤੀ ਹੈ।

ਰਹਿੰਦੀ ਕਸਰ ਚੇਅਰਮੈਨੀਆਂ, ਡਾਇਰੈਕਟਰੀਆਂ, ਪ੍ਰਧਾਨਗੀਆਂ ਅਤੇ ਮੈਂਬਰਸ਼ਿਪਾਂ ਨੇ ਪੂਰੀ ਕਰ ਦਿੱਤੀ ਹੈ। ਕੋਈ ਮੰਨੇ ਭਾਵੇਂ ਨਾ, ਇਹ ਇਕ ਹਕੀਕਤ ਹੈ ਕਿ ਕਾਸ਼ਤਕਾਰਾਂ ਅਤੇ ਗ਼ੈਰ- ਕਾਸ਼ਤਕਾਰਾਂ ਦਾ ਰਿਸ਼ਤਾ ਪਹਿਲਾਂ ਵਾਲੇ ਨਿੱਘ ਵਾਲਾ ਨਹੀਂ ਰਿਹਾ ਸਗੋਂ ਇਸ ਵਿਚ ਤਲਖ਼ੀ ਆ ਗਈ ਹੈ।

ਇੰਜ ਆਪਸੀ ਨਿਰਭਰਤਾ ਖ਼ਤਮ ਹੋ ਜਾਣ ਨਾਲ, ਆਮਦਨੀ ਦੇ ਹੋਰ ਸਮਾਨਾਂਤਰ ਵਸੀਲਿਆਂ, ਰਾਜਸੀ ਚੇਤਨਾ ਆਦਿ ਨੇ ਅੱਜ ਦੇ ਵੋਟਰ ਨੂੰ ਪਹਿਲਾਂ ਨਾਲੋਂ ਕਿਤੇ ਵੱਧ ਚੌਕਸ ਅਤੇ ਚੌਕੰਨਾ ਬਣਾ ਦਿੱਤਾ ਹੈ। ਕੋਈ ਪ੍ਰੇਰਨਾ, ਲਾਲਚ ਅਤੇ ਅਹਿਸਾਨ ਕਿਸੇ ਕੰਮ ਆਉਣ ਵਾਲਾ ਨਹੀਂ। ਆਮ ਆਦਮੀ ਪਾਰਟੀ ਨੂੰ ਜੋ ਭਰਵਾਂ ਹੁੰਗਾਰਾ ਮਿਲਿਆ ਹੈ, ਉਸ ਨੇ ਉੱਪਰ ਵਰਣਿਤ ਪ੍ਰੰਪਰਾਗਤ ਸੋਚ ਅਤੇ ਰਵੱਈਏ ਨੂੰ ਨਕਾਰਿਆ ਹੈ। ਪੰਜਾਬ ਦੀਆਂ ਕੁੱਲ ਇਕ ਸੌ ਸਤਾਰਾਂ ਸੀਟਾਂ 'ਚੋਂ ਤੀਹ ਤੋਂ ਉੱਪਰ ਤਾਂ ਦਲਿਤ ਭਾਈਚਾਰੇ ਲਈ ਰਾਖਵੀਆਂ ਹਨ। ਇਨਾਂ ਤੋਂ ਬਿਨਾਂ ਨਵੀਂ ਬਣੀ ਵਿਧਾਨ ਸਭਾ ਵਿਚ ਜੇਤੂ ਰਹੇ 92 ਵਿਧਾਇਕਾਂ 'ਚੋਂ ਦੋ ਦਰਜਨ ਵਿਧਾਇਕ ਕਿਰਤੀ ਵਰਗ 'ਚੋਂ ਹਨ ਜਿਨਾਂ ਦਾ ਨਾ ਕੋਈ ਸਿਆਸੀ ਪਿਛੋਕੜ ਹੈ ਅਤੇ ਨਾ ਹੀ ਉਹ ਕਿਸੇ ਅਮੀਰ ਘਰਾਣੇ 'ਚੋਂ ਹਨ।

ਰਵਾਇਤੀ ਪੁਰਾਣੀਆਂ ਰਾਜਨੀਤਕ ਪਾਰਟੀਆਂ ਵਿਚ ਧਨਾਢ, ਸ਼ਰਾਬ ਕਾਰੋਬਾਰੀ, ਕਾਰਖਾਨੇਦਾਰ, ਵੱਡੀ ਜ਼ਿਮੀਂਦਾਰੀ ਦੇ ਮਾਲਕ ਅਤੇ ਟਰਾਂਸਪੋਰਟਰ ਹਨ। ਇਕ ਮੀਡੀਆ ਰਿਪੋਰਟ ਮੁਤਾਬਕ ਪੰਜਾਬ ਦੇ ਇਕ ਕਈ ਵਾਰ ਰਹੇ ਮੁੱਖ ਮੰਤਰੀ, ਮੰਤਰੀ ਤੇ ਕੇਂਦਰੀ ਮੰਤਰੀ ਨੂੰ ਇਕ-ਦੋ ਨਹੀਂ, ਇਕੱਠੀਆਂ ਗਿਆਰਾਂ ਪੈਨਸ਼ਨਾਂ ਮਿਲਦੀਆਂ ਹਨ ਜਿਨਾਂ ਦੀ ਕੁੱਲ ਰਕਮ ਪੌਣੇ ਛੇ ਲੱਖ ਤੋਂ ਉੱਪਰ ਪ੍ਰਤੀ ਮਹੀਨਾ ਹੈ।

ਪੰਜ-ਪੰਜ ਪੈਨਸ਼ਨਾਂ ਵਾਲੇ ਤਾਂ ਕਈ ਵਿਧਾਇਕ ਹਨ ਜਿਨਾਂ ਨੂੰ ਸਵਾ ਤਿੰਨ ਲੱਖ ਰੁਪਏ ਦੇ ਕਰੀਬ ਹਾਸਲ ਹੋ ਰਹੇ ਹਨ। ਹੋਰ ਸਹੂਲਤਾਂ, ਭੱਤੇ ਅਤੇ ਰਿਆਇਤਾਂ ਵੱਖ ਹਨ। ਹਿੱਸਾ-ਪੱਤੀ ਵਾਲੀ ਆਮਦਨ ਦਾ ਕੋਈ ਮੇਚ-ਬੰਨਾ ਨਹੀਂ। ਕਿਸੇ ਦੇ ਪੈਟਰੋਲ ਪੰਪ ਹਨ ਅਤੇ ਕਿਸੇ ਦੇ ਹੋਟਲ ਦਾ ਹੋਰ ਕਾਰੋਬਾਰ। ਅਜਿਹੇ ਵਿਧਾਇਕ ਤਕਰੀਬਨ ਹਰ ਪਾਰਟੀ ਵਿਚ ਰਹੇ ਹਨ। ਹਰ ਹੀਲੇ ਪੈਸਾ ਇਕੱਠਾ ਕਰਨ ਦੀ ਹੋੜ ਨੇ ਅਰਾਜਕਤਾ ਅਤੇ ਬਦਅਮਨੀ ਵਾਲਾ ਮਾਹੌਲ ਬਣਾ ਰੱਖਿਆ ਸੀ।

ਅਜਿਹੇ ਲੋਕਾਂ ਤੋਂ ਆਮ ਵੋਟਰ ਨਿਰਾਸ਼ ਵੀ ਸੀ ਅਤੇ ਨਾਰਾਜ਼ ਵੀ। ਸੁਹਿਰਦਤਾ ਦੀ ਘਾਟ, ਕਥਨੀ ਤੇ ਕਰਨੀ ਵਿਚ ਅੰਤਰ ਅਤੇ ਆਮ ਲੋਕਾਂ ਦੇ ਸਰੋਕਾਰਾਂ ਵੱਲੋਂ ਬੇਮੁੱਖਤਾ ਨੇ ਰਵਾਇਤੀ ਪਾਰਟੀਆਂ ਤੋਂ ਲੋਕਾਂ ਦਾ ਮੋਹ ਭੰਗ ਕਰ ਦਿੱਤਾ। ਪੰਜਾਬ ਵਿਚ ਧਰਮ, ਜਾਤ, ਰੁਤਬਾ, ਅਹਿਸਾਨਮੰਦੀ, ਲਾਲਚ ਆਦਿ ਅਜੋਕੇ ਵੋਟਰ ਨੂੰ ਨਹੀਂ ਭਰਮਾ ਸਕੇ।

ਸੰਯੁਕਤ ਸਮਾਜ ਮੋਰਚੇ ਦੀ ਹਾਰ ਵਿਚ ਦੁਚਿੱਤੀ, ਚੋਣ ਕਮਿਸ਼ਨ ਵੱਲੋਂ ਦਫ਼ਤਰੀ ਕਾਰ-ਵਿਹਾਰ ਵਿਚ ਦੇਰੀ, ਸਮੇਂ ਦੀ ਘਾਟ, ਕਮਜ਼ੋਰ ਸੰਗਠਨ ਆਦਿ ਕੁਝ ਹੋਰ ਛੋਟੇ-ਮੋਟੇ ਕਾਰਨ ਵੀ ਜ਼ਿੰਮੇਵਾਰ ਬਣੇ ਪਰ ਇਹ ਬਹੁਤ ਨਿਗੂਣੇ ਹਨ। ਅੱਜ ਦਾ ਵੋਟਰ ਕੇਵਲ ਵਿਕਾਸ ਕਰਨਾ-ਕਰਾਉਣਾ ਹੀ ਲੋਚਦਾ ਹੈ।

# ਲੈਨਿਨ, ਪਾਸ਼ ਤੇ ਭਗਤ ਸਿੰਘ



**ਰਾਜਵਿੰਦਰ ਸਿੰਘ ਰਾਹੀ**

ਬੀਤੇ ਦਿਨੀਂ ਪੰਜਾਬੀ ਟ੍ਰਿਬਿਊਨ ਵਿਚ ਕਵੀ ਰਾਜਵਿੰਦਰ ਮੀਰ ਦਾ ਲੇਖ ਛਪਿਆ ਹੈ 'ਭਗਤ ਸਿੰਘ, ਗਣੇਸ਼ ਸ਼ੰਕਰ ਵਿਦਿਆਰਥੀ ਅਤੇ ਪਾਸ਼'।

ਲੇਖਕ ਨੇ ਪਹਿਲਾਂ ਤਾਂ ਤਿੰਨਾਂ ਦੀ ਸਿਧਾਂਤਕ ਸਾਂਝ ਦਾ ਅਧਾਰ ਲੈਨਿਨਵਾਦ ਨੂੰ ਬਣਾਉਣ ਦੀ ਕੋਸ਼ਿਸ਼ ਕੀਤੀ, ਅਖੀਰ ਪਲਟੀ ਇਹ ਮਾਰ ਜਾਂਦਾ ਹੈ ਕਿ ਤਿੰਨਾਂ ਵਿਚ ਕਿਰਤ ਦੇ ਗੌਰਵ ਦੀ ਸਾਂਝ ਸੀ। ਕੀ ਇਹ ਕੋਈ ਅਲੋਕਾਰ ਗੱਲ ਹੈ ? ਇਹ ਸਾਂਝ ਤਾਂ ਸੋਧਵਾਦੀਆਂ ਤੇ ਇਨਕਲਾਬੀਆਂ ਵਿਚ ਵੀ ਹੁੰਦੀ ਹੈ ? ਸੋਧਵਾਦੀ ਕਦੋਂ ਕਿਰਤ ਦੇ ਗੌਰਵ ਤੋਂ ਮੁਨਕਰ ਹੁੰਦੇ ਹਨ ? ਕਿਰਤ ਤੇ ਕਿਰਤੀ ਨੂੰ ਤਾਂ ਹਾਕਮ ਜਮਾਤਾਂ ਵੀ ਵਡਿਆਉਣ ਦੀਆਂ ਨੇ। ਦਰਅਸਲ ਲੇਖਕ ਨੇ ਪਹਿਲੀ ਵਾਰ ਭਗਤ ਸਿੰਘ ਦਾ ਸਿਆਸੀ ਗੁਰੂ ਗਣੇਸ਼ ਸ਼ੰਕਰ ਵਿਦਿਆਰਥੀ ਨੂੰ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਉਥੋਂ ਭਗਤ ਸਿੰਘ ਨੂੰ 1925 ਵਿਚ ਲੈਨਿਨ ਬਾਰੇ ਪਹਿਲੀ ਵਾਰ ਪਤਾ ਲੱਗਿਆ। ਇਸ ਬਾਰੇ ਲੇਖਕ ਨਾਂ ਤਾਂ ਕੋਈ ਸਰੋਤ ਦੱਸਦਾ ਹੈ ਤੇ ਨਾ ਹੀ ਕੋਈ ਭਗਤ ਸਿੰਘ ਦਾ ਹਵਾਲਾ ਦਿੰਦਾ ਹੈ ਜਿਸ ਵਿਚ ਉਸ ਨੇ ਇਹ ਪਰਵਾਨ ਕੀਤਾ ਹੋਵੇ। ਲੇਖਕ ਭਗਤ ਸਿੰਘ ਨੂੰ ਪਰਪੱਕ ਮਾਰਕਸਵਾਦੀ ਲੈਨਿਨਵਾਦੀ ਸਿੱਧ ਕਰਨ ਦੇ ਝੱਸ ਵਿਚ ਲਿਖਦਾ ਹੈ ਕਿ 'ਕੁਝ ਕਮਿਊਨਿਸਟ ਕਹਾਉਂਦੇ ਗਰੁੱਪਾਂ ਦੀ ਸਰਗਰਮੀ ਤੋਂ ਭਗਤ ਸਿੰਘ ਨੇ ਬਹੁਤ ਪਹਿਲਾਂ ਭਾਂਪ ਲਿਆ ਸੀ ਕਿ ਇਨਾਂ ਦਾ ਵਿਚਾਰਧਾਰਕ ਪੱਖ ਬਹੁਤ ਕਮਜ਼ੋਰ ਹੈ', ਪਰ ਲੇਖਕ ਅੱਗੇ ਲਿਖਦਾ ਹੈ ਕਿ ਭਗਤ ਸਿੰਘ ਨੇ ਲੈਨਿਨ ਬਾਰੇ ਗਣੇਸ਼ ਸ਼ੰਕਰ ਵਿਦਿਆਰਥੀ ਦੇ ਕਥਨ ਨੂੰ ਅਮਲ ਵਿਚ ਉਤਾਰਿਆ'। ਵਿਦਿਆਰਥੀ ਦੇ ਜਿਸ ਕਥਨ ਦੀ ਲੇਖਕ ਟੂਕ ਦਿੰਦਾ ਹੈ ਉਹ ਉਲਝਿਆ ਹੋਇਆ ਹੈ ਉਸ ਤੋਂ ਕੁਝ ਵੀ ਸਪੱਸ਼ਟ ਨਹੀਂ ਹੁੰਦਾ ਕਿ ਇਨਕਲਾਬ ਕਿਉਂ ਹੁੰਦਾ ਹੈ। ਪਰ ਫਿਰ ਵੀ ਭਗਤ ਸਿੰਘ ਨੇ ਲੈਨਿਨ ਨੂੰ ਕਿਵੇਂ ਅਮਲ ਵਿਚ ਉਤਾਰਿਆ ? ਉਹ ਤਾਂ ਅਖੀਰ ਤੱਕ ਸਾਂਡਰਸ ਨੂੰ ਮਾਰਨ ਤੇ ਬੰਬ ਸੁੱਟਣ ਵਰਗੇ ਦਹਿਸ਼ਤਗਰਦ ਐਕਸ਼ਨ ਕਰਦਾ ਰਿਹਾ ਹੈ। ਜਿਨਾਂ ਕਾਰਨ ਉਸ ਨੂੰ ਫਾਂਸੀ ਲੱਗੀ ਹੈ। ਉਹ ਅਖੀਰ 2 ਫਰਵਰੀ 1931 ਨੂੰ ਸਿਆਸੀ ਕਾਰਕੁੰਨਾਂ ਦੇ ਨਾਂ ਲਿਖੇ ਇਕ ਖਤ ਵਿਚ ਕਹਿੰਦਾ ਹੈ ਕਿ ਉਹ ਹੁਣ ਦਹਿਸ਼ਤਪਸੰਦ ਨਹੀਂ ਇਕ ਕ੍ਰਾਂਤੀਕਾਰੀ ਹੈ, ਉਸ ਸਾਹਮਣੇ ਲੰਮਾ ਪ੍ਰੋਗਰਾਮ ਹੈ।' ਪ੍ਰੋਗਰਾਮ ਕੀ ਹੈ ਇਸ ਬਾਰੇ ਕੁਝ ਨਹੀਂ ਦੱਸਦਾ। ਰਾਜਵਿੰਦਰ ਮੀਰ ਸਮੇਤ ਕਾਮਰੇਡ ਕਹਿੰਦੇ ਹਨ ਕਿ ਭਗਤ ਸਿੰਘ ਨੇ ਜੇਲ ਵਿਚ ਮਾਰਕਸਵਾਦ ਲੈਨਿਨਵਾਦ ਦਾ ਡੂੰਘਾ ਅਧਿਐਨ ਕੀਤਾ। ਪਰ ਅਧਿਐਨ ਕਰਕੇ ਪ੍ਰੋਗਰਾਮ ਜਾਂ ਸਿਧਾਂਤ ਕੀ ਦਿੱਤਾ ? ਪੱਟਿਆ ਪਹਾੜ ਤੇ ਨਿਕਲਿਆ ਚੂਹਾ ਅਖੇ ਮੈਂ ਨਾਸਤਿਕ ਹਾਂ, ਜਿਹੜਾ ਕਾਮਰੇਡ ਕਹਿੰਦੇ ਨੇ ਕਿ ਅਖੀਰ ਭਗਤ ਸਿੰਘ ਬੰਬ ਪਸਤੌਲ ਤਿਆਗ ਕੇ ਜਨਤਕ ਜਥੇਬੰਦੀਆਂ ਬਣਾ ਕੇ ਇਨਕਲਾਬ ਕਰਨ ਲਈ ਕਹਿੰਦਾ ਹੈ ਪਰ ਇਹ ਤਾਂ ਕਮਿਊਨਿਸਟ ਪਾਰਟੀ ਤੇ ਕਿਰਤੀ/ ਗ਼ਦਰੀ ਬਾਬੇ 1920 ਤੋਂ ਹੀ ਕਹਿੰਦੇ ਆ ਰਹੇ ਸੀ। ਮਾਰਕਸਵਾਦ ਲੈਨਿਨਵਾਦ ਨੂੰ ਉਨਾਂ ਨੇ ਅਮਲ ਵਿਚ ਉਤਾਰਿਆ ਸੀ। 1921 ਐਸ.ਏ ਡਾਂਗੇ ਦੀ ਕਿਤਾਬ ਛਪੀ ਸੀ 'ਲੈਨਿਨ ਬਨਾਮ ਗਾਂਧੀ' ਜਿਸ ਨੇ ਭਾਰਤ ਵਿਚ ਮਾਰਕਸਵਾਦ ਦਾਖ਼ਲ ਕਰਕੇ ਬੌਧਿਕ ਬਹਿਸ ਛੇੜੀ ਸੀ। 1921 ਵਿਚ ਐਮ.ਐਨ ਰਾਏ ਨੇ ਭਾਰਤੀ ਕਮਿਊਨਿਸਟ ਪਾਰਟੀ ਬਣਾਈ ਜਿਸ ਨੇ ਟਰੇਡ ਯੂਨੀਅਨਾਂ ਉਸਾਰੀਆਂ। 1921 ਵਿਚ ਲਹੌਰ ਦੇ ਟਰੇਡ ਯੂਨੀਅਨ ਆਗੂਆਂ ਗੁਲਾਮ ਹੁਸੈਨ, ਐਮ.ਏ ਖਾਨ ਤੇ ਐਸ.ਡੀ ਹਸਨ ਨੇ ਉਰਦੂ ਵਿਚ ਇਨਕਲਾਬ ਨਾਂ ਦਾ ਪਰਚਾ ਕੱਢਿਆ। ਪੰਜਾਬ ਵਿਚ ਗ਼ਦਰ ਪਾਰਟੀ ਦੇ ਜਨਰਲ ਸਕੱਤਰ ਭਾਈ ਸੰਤੋਖ ਸਿੰਘ 1923 ਨੂੰ ਮਾਰਕਸੀ ਵਿਚਾਰਾਂ ਦਾ ਪਰਚਾ ਕਿਰਤੀ ਕੱਢਿਆ ਜਿਸ ਨੇ ਸਪੱਸ਼ਟ ਲਿਖਿਆ ਕਿ ਹੁਣ ਇਕੱਲੇ ਅੰਗਰੇਜ਼ਾਂ ਨੂੰ ਕੱਢਣ ਦਾ ਕੰਮ ਹੀ ਨਹੀਂ ਮਾਰਕਸਵਾਦ ਲੈਨਿਨਵਾਦ ਅਨੁਸਾਰ ਕਿਰਤੀਆਂ ਨੂੰ ਜਥੇਬੰਦ ਕਰਕੇ ਰੂਸ ਵਾਂਗ ਸਮਾਜਵਾਦੀ ਨਿਜ਼ਾਮ ਸਥਾਪਤ ਕਰਨਾ ਹੈ। ਉਨਾਂ ਨੇ ਕਿਸਾਨ ਸਭਾਵਾਂ ਬਣਾ ਕੇ ਯੁਗ ਪਲਟਾਊ ਸੰਘਰਸ਼ ਵੀ ਕੀਤੇ। ਸੁਆਲ ਪੈਦਾ ਹੁੰਦਾ ਹੈ ਕਿ ਭਗਤ ਸਿੰਘ ਕਿਰਤੀਆਂ ਤੇ ਕਮਿਊਨਿਸਟਾਂ ਵਿਚ ਸ਼ਾਮਲ ਕਿਉਂ ਨਹੀਂ ਹੁੰਦਾ ? ਉਹ ਬਾਕੂਨਿਨ ਤੇ ਕਰੋਪਟਕਿਨ ਵਾਲਾ ਦਹਿਸ਼ਤਵਾਦੀ ਰਾਹ ਹੀ ਕਿਉਂ ਚੁਣਦਾ ਹੈ। ਜਦ ਕਿ ਉਹ ਪਹਿਲਾਂ ਹੀ ਮਾਰਕਸਵਾਦ ਲੈਨਿਨਵਾਦ ਬਾਰੇ ਜਾਣਦਾ ਸੀ। ਕਾਨਪੁਰ ਦਾ ਮੋਢੀ ਕਾਮਰੇਡ ਸੱਤਿਆ ਭਗਤ ਇਕ ਮੁਲਾਕਾਤ ਵਿਚ ਕਹਿੰਦਾ ਹੈ ਭਗਤ ਸਿੰਘ ਨੇ 1925 ਵਿਚ ਮੇਰੀ ਦੁਕਾਨ ਤੋਂ ਰੂਸੀ ਇਨਕਲਾਬ ਬਾਰੇ ਦੋ ਕਿਤਾਬਾਂ ਖਰੀਦੀਆਂ ਸਨ। ਦਰਅਸਲ ਮਾਰਕਸਵਾਦ ਲੈਨਿਨਵਾਦ ਅਨੁਸਾਰ ਕੰਮ ਕਰਨ ਲਈ ਆਪਾ ਗੁਆਉਣਾ ਪੈਂਦਾ ਹੈ, ਜਨਤਕ ਜਥੇਬੰਦੀਆਂ ਉਸਾਰਨ ਦਾ ਅਣਖਿਝ ਚੀੜਾ ਕੰਮ ਸਬਰ ਤੇ ਠਰੰਮੇ ਦੀ ਮੰਗ ਕਰਦਾ ਹੈ। ਭਗਤ ਸਿੰਘ ਅਨਾਰਕਿਸ਼ਟਾਂ ਅਨੁਸਾਰ ਠਾਹ-ਠੂਹ ਕਰਕੇ ਫੌਰੀ ਮਸ਼ਹੂਰੀ ਖੱਟਣਾ ਚਾਹੁੰਦਾ ਸੀ ਜਿਸ ਵਿਚ ਉਹ ਆਸ ਨਾਲੋਂ ਵੱਧ ਕਾਮਯਾਬ ਹੋਇਆ ਹੈ।

**ਵਿਚਾਰ ਚਰਚਾ**

ਪੰਜਾਬ ਦੇ ਕਾਮਰੇਡਾਂ ਦੀ ਬੌਧਿਕ ਕੰਗਾਲੀ ਤੇ ਰੋਣਾ ਵੀ ਆਉਂਦਾ ਹੈ ਤੇ ਖਿਝ ਵੀ ਚੜਦੀ ਹੈ। ਇਨਾਂ ਨੂੰ ਨਾ ਪੰਜਾਬ ਦੇ ਇਤਿਹਾਸ ਦਾ ਪਤਾ ਹੈ ਨਾ ਕਮਿਊਨਿਸਟ ਲਹਿਰ ਦੇ ਇਤਿਹਾਸ ਦਾ ਨਾ ਮਾਰਕਸਵਾਦ ਲੈਨਿਨਵਾਦ ਬਾਰੇ ਕੁਝ ਪਤਾ ਹੈ। ਉਹ ਸਾਰਾ ਕੁਝ ਭਗਤ ਸਿੰਘ ਤੇ ਲੱਦਣਾ ਚਾਹੁੰਦੇ ਹਨ।

ਹਾਂ, ਗਣੇਸ਼ ਸ਼ੰਕਰ ਵਿਦਿਆਰਥੀ , ਭਗਤ ਸਿੰਘ ਤੇ ਪਾਸ਼ ਦੀ ਸਾਂਝ ਦਾ ਆਧਾਰ ਲੈਨਿਨਵਾਦ ਨਹੀਂ ਬਣਦਾ ਹਿੰਦੂ ਅਥਵਾ ਭਾਰਤੀ ਰਾਸ਼ਟਰਵਾਦ ਬਣਦਾ ਹੈ। ਭਗਤ ਸਿੰਘ ਦੀ ਹਿੰਦੁਸਤਾਨ ਰੀਪਬਲਿਕ ਆਰਮੀ ਵਿਚ ਕੁਲ ਪੈਂਤੀ ਕੁ ਜਣੇ ਸਨ ਜੋ ਜਾਂ ਤਾਂ ਆਰੀਆ ਸਮਾਜੀ ਹਨ ਜਾਂ ਆਰੀਆ ਸਮਾਜੀ ਪਿਛੋਕੜ ਨਾਲ ਸਬੰਧ ਰੱਖਦੇ ਹਨ। ਇਨਾਂ ਵਿਚ ਇਕ ਵੀ ਸਿਖ ਤੇ ਮੁਸਲਮਾਨ ਨਹੀਂ ਹੈ। ਇਸ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਇਨਾਂ ਲੋਕਾਂ ਦੀ ਵਿਚਾਰਧਾਰਾ ਕੀ ਸੀ ? ਜੇ ਭਗਤ ਸਿੰਘ ਨੂੰ ਲੈਨਿਨ ਦੀ ਸਮਝ ਹੁੰਦੀ ਤਾਂ ਉਹ ਮੁਸਲਮਾਨ ਤੇ ਸਿੱਖ ਘੱਟਗਿਣਤੀਆਂ ਦੀ ਹੋਂਦ ਤੇ ਹਸਤੀ ਨੂੰ ਬਚਾਉਣ ਲਈ ਰਾਸ਼ਟਰਵਾਦ ਦੀ ਨਹੀਂ ਖੁਦਮੁਖਤਿਆਰੀ ਕੌਮੀ ਰਾਜਾਂ ਦੀ ਗੱਲ ਕਰਦਾ। ਜੇਕਰ ਪਾਸ਼ ਨੂੰ ਲੈਨਿਨਵਾਦ ਦੀ ਸਮਝ ਹੁੰਦੀ ਤਾਂ ਉਹ ਸਿੱਖ ਘੱਟ ਗਿਣਤੀ ਦਾ ਆਪਣੀ ਧਾਰਮਿਕ ਤੇ ਸੱਭਿਆਚਾਰਕ ਹਸਤੀ ਬਚਾਉਣ ਲਈ ਕੀਤੇ ਜਾ ਰਹੇ ਸੰਘਰਸ਼ ਦਾ ਅੰਨਾ ਵਿਰੋਧ ਕਰਕੇ ਹਿੰਦੂਤਵੀ ਭਾਰਤੀ ਸਟੇਟ ਦੀ ਸੇਵਾ ਵਿਚ ਨਾ ਭੁਗਤਦਾ। ਲੈਨਿਨਵਾਦ ਕੌਮਾਂ ਨੂੰ ਆਪਾ ਨਿਰਣੈ ਦਾ ਹੱਕ ਦੇਣ ਦੀ ਗੱਲ ਆਖਦਾ ਹੈ। ਉਸ ਨੇ ਸੋਵੀਅਤ ਯੂਨੀਅਨ ਦੀ ਉਸਾਰੀ ਹੀ ਵੱਖ- ਵੱਖ ਕੌਮਾਂ ਨੂੰ ਖ਼ੁਦਮੁਖਤਿਆਰੀ ਦੇ ਕੇ ਕੀਤੀ ਸੀ।

ਅੱਜ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਸਭ ਤੋਂ ਵੱਧ ਐਮ.ਫਿਲ, ਪੀਐਚ-ਡੀ ਪਾਸ਼ ਦੀ ਕਵਿਤਾ 'ਤੇ ਹੋ ਰਹੀਆਂ ਹਨ। ਉਸ ਦੀ ਕਵਿਤਾ ਨਿਆਣਿਆਂ ਦੇ ਰੁਜ਼ਗਾਰ ਦਾ ਸਾਧਨ ਬਣ ਚੁੱਕੀ ਹੈ, ਇਹ ਭਾਰਤੀ ਸਟੇਟ ਦੀ ਸੇਵਾ ਦਾ ਫਲ਼ ਹੈ। ਭਾਰਤੀ ਸਟੇਟ ਵਲੋਂ ਲੈਨਿਨਵਾਦੀ ਪਾਸ਼ ਦੀ ਯਾਦ ਵਿਚ ਕਰਨਾਲ (ਹਰਿਆਣਾ) ਦੀ ਪੁਲਿਸ ਲਾਈਨ ਵਿਚ ਲੱਖਾਂ ਰੁਪਏ ਖਰਚ ਕੇ ਲਾਇਬ੍ਰੇਰੀ ਬਣਾਈ ਜਾਂਦੀ ਹੈ, ਦੂਜੇ ਪਾਸੇ ਲੈਨਿਨਵਾਦੀ ਕਵੀ ਵਰਵਰਾ ਰਾਓ ਨੂੰ ਜੇਲ ਵਿਚ ਸੁਟਿਆ ਜਾਂਦਾ ਹੈ। ਇਹ ਕਿਉਂ ? ਕੀ ਰਾਜਵਿੰਦਰ ਮੀਰ ਤੇ ਉਸ ਦੇ ਜੋਟੀਦਾਰ ਇਸ ਦਾ ਜੁਆਬ ਦੇਣਗੇ ?

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





**PROPERTY ADDRESS: 27022 RIVER ROADM, NEWMAN CA 95360.**

## RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

RANJIT SINGH
(Lic: 01922089)

## ਸ਼੍ਰੋਮਣੀ ਕਮੇਟੀ ਪ੍ਰਧਾਨ...

ਪ੍ਰਗਟਾਵਾ ਕਰ ਰਹੀ ਹੈ । ਸ਼੍ਰੋਮਣੀ ਕਮੇਟੀ ਦਾ ਇਹ ਜਨਰਲ ਇਜਲਾਸ ਭਾਰਤ ਸਰਕਾਰ ਪਾਸੋਂ ਪੁਰਜ਼ੋਰ ਮੰਗ ਕਰਦਾ ਹੈ ਕਿ ਪਿਛਲੇ ਤਿੰਨ ਦਹਾਕਿਆਂ ਤੋਂ ਜੇਲਾਂ ਵਿਚ ਬੰਦ ਸਿੱਖ ਕੈਦੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ । ਮਤਾ ਨੰਬਰ -9 ਸ਼੍ਰੋਮਣੀ ਕਮੇਟੀ ਦਾ ਇਹ ਜਨਰਲ ਇਜਲਾਸ ਚੰਡੀਗੜ ਦੇ ਮੁਲਾਜ਼ਮਾਂ ਨੂੰ ਕੇਂਦਰ ਸਰਕਾਰ ਅਧੀਨ ਕਰਨ ਵਾਲੇ ਫ਼ੈਸਲੇ ਦੀ ਕਰੜੀ ਨਿੰਦਾ ਕਰਦਾ ਹੈ । ਚੰਡੀਗੜ ਪੰਜਾਬ ਦੇ ਪਿੰਡਾਂ ਦੀ ਕੀਮਤੀ ਜ਼ਮੀਨ ' ਤੇ ਵੱਸਿਆ ਹੋਇਆ ਹੈ , ਜਿਸ ' ਤੇ ਪੰਜਾਬ ਦਾ ਹੀ ਹੱਕ ਹੈ । ਕੇਂਦਰ ਸਰਕਾਰ ਵੱਲੋਂ ਪੰਜਾਬ ਪੁਨਰਗਠਨ ਐਕਟ 1966 ਦੀ ਉਲੰਘਣਾ ਕਰਕੇ ਚੰਡੀਗੜ ਪ੍ਰਸ਼ਾਸਨ ਦੇ ਮੁਲਾਜ਼ਮਾਂ ਦੀਆਂ ਸੇਵਾ ਸ਼ਰਤਾਂ ਕੇਂਦਰੀ ਨਿਯਮਾਂ ਅਨੁਸਾਰ ਕਰਨਾ ਪੰਜਾਬ ਨਾਲ ਵੱਡਾ ਧੱਕਾ ਹੈ । ਇਸ ਨਾਲ ਪੰਜਾਬ ਤੋਂ ਬਾਹਰਲੇ ਅਫ਼ਸਰ ਚੰਡੀਗੜ ' ਤੇ ਥੋਪਣ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ , ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ । ਇਸ ਤੋਂ ਪਹਿਲਾਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪੰਜਾਬ ਦੀ ਲਾਜ਼ਮੀ ਨੁਮਾਇੰਦਗੀ ਨੂੰ ਖ਼ਤਮ ਕਰਕੇ ਵੀ ਕੇਂਦਰ ਸਰਕਾਰ ਨੇ ਪੰਜਾਬ ਨਾਲ ਵਿਤਕਰਾ ਕੀਤਾ ਹੈ । ਪੰਜਾਬ ਦੇ ਪਾਣੀ ਪਹਿਲਾਂ ਹੀ ਖੋਹੇ ਜਾ ਚੁੱਕੇ ਹਨ ਅਤੇ ਹੁਣ ਦਰਿਆਵਾਂ ' ਤੇ ਬਣੇ ਬਿਜਲੀ ਪਲਾਂਟ ਵੀ ਹਥਿਆਉਣ ਦਾ ਯਤਨ ਕੀਤਾ ਜਾ ਰਿਹਾ ਹੈ । ਇਹ ਵਿਤਕਰਾ ਕਿਸੇ ਤਰਾਂ ਵੀ ਜਾਇਜ਼ ਨਹੀਂ ਹੈ । ਸ਼੍ਰੋਮਣੀ ਕਮੇਟੀ ਦਾ ਇਹ ਜਨਰਲ ਇਜਲਾਸ ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਕੀਤੇ ਜਾ ਰਹੇ ਵਿਤਕਰਿਆਂ ਦੀ ਕਰੜੀ ਆਲੋਚਨਾ ਕਰਦਾ ਹੋਇਆ ਪੰਜਾਬ ਦੇ ਹੱਕਾਂ ਹਿੱਤਾਂ ਨਾਲ ਖੜਨ ਦੀ ਵਚਨਬੱਧਤਾ ਪ੍ਰਗਟਾਉਂਦਾ ਹੈ ।

ਜਨਰਲ ਇਜਲਾਸ ਕੇਂਦਰ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਉਹ ਆਪਣੇ ਅਜਿਹੇ ਤਾਨਾਸ਼ਾਹੀ ਫ਼ੈਸਲਿਆਂ ' ਤੇ ਰੋਕ ਲਗਾਏ ਅਤੇ ਪੰਜਾਬ ਨੂੰ ਦਬਾਉਣ ਵਾਲੀਆਂ ਨੀਤੀਆਂ ਬੰਦ ਕਰੇ । ਮਤਾ ਨੰਬਰ 10 ਸ਼੍ਰੋਮਣੀ ਕਮੇਟੀ ਦਾ ਇਹ ਜਨਰਲ ਇਜਲਾਸ ਭਾਰਤ ਸਰਕਾਰ ਪਾਸੋਂ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਇਤਿਹਾਸਕ ਅਸਥਾਨ ਗੁਰਦੁਆਰਾ ਗਿਆਨ ਗੋਦੜੀ ਹਰਿ ਕੀ ਪਾਉੜੀ ਹਰਿਦੁਆਰ ( ਉਤਰਾਂਚਲ ) , ਗੁਰਦੁਆਰਾ ਡਾਂਗਮਾਰ ਤੇ ਚੁੰਗਥਾਂਗ ( ਸਿੱਕਮ ) , ਗੁਰਦੁਆਰਾ ਬਾਵਲੀ ਮੱਠ , ਮੰਗੂ ਮੱਠ ਤੇ ਪੰਜਾਬੀ ਮੱਠ ਜਗਨਨਾਥ ਪੁਰੀ ( ਉੜੀਸਾ ) ਦੇ ਲੰਮੇ ਸਮੇਂ ਤੋਂ ਅਟਕੇ ਮਸਲੇ ਹੱਲ ਕਰਨ ਦੀ ਮੰਗ ਕਰਦਾ ਹੈ । ਸ਼੍ਰੋਮਣੀ ਕਮੇਟੀ ਵੱਲੋਂ ਇਨਾਂ ਇਤਿਹਾਸਕ ਅਸਥਾਨਾਂ ਦੇ ਮਾਮਲਿਆਂ ਦਾ ਸਰਲੀਕਰਨ ਲੰਮੇ ਅਰਸੇ ਤੋਂ ਮੰਗਿਆ ਜਾ ਰਿਹਾ ਹੈ , ਪਰੰਤੂ ਅਫ਼ਸੋਸ ਹੈ ਕਿ ਪਹਿਲੇ ਪਾਤਸ਼ਾਹ ਨਾਲ ਸਬੰਧਤ ਇਨਾਂ ਅਸਥਾਨਾਂ ਦੀ ਸੇਵਾ - ਸੰਭਾਲ ਅਤੇ ਲੋੜੀਂਦੇ ਸੇਵਾ ਕਾਰਜਾਂ ਦਾ ਪੰਥ ਨੂੰ ਮੌਕਾ ਨਹੀਂ ਦਿੱਤਾ ਜਾ ਰਿਹਾ । ਹਰਿਦੁਆਰ ਵਿਖੇ ਗੁਰਦੁਆਰਾ ਹਰਿ ਕੀ ਪਉੜੀ ਦੀ ਮੁੜ ਸਥਾਪਨਾ ਦਾ ਮਾਮਲਾ ਵੀ ਹੁਣ ਤੱਕ ਹੱਲ ਨਹੀਂ ਕੀਤਾ ਗਿਆ । ਇਸ ਨਾਲ ਸੰਗਤ ਅੰਦਰ ਰੋਸ ਦੀ ਭਾਵਨਾ ਬਣੀ ਹੋਈ ਹੈ । ਸ਼੍ਰੋਮਣੀ ਕਮੇਟੀ ਦਾ ਇਹ ਜਨਰਲ ਇਜਲਾਸ ਭਾਰਤ ਸਰਕਾਰ ਨੂੰ ਪੁਰਜ਼ੋਰ ਅਪੀਲ ਕਰਦਾ ਹੈ ਕਿ ਸਿੱਖਾਂ ਦੇ ਇਨਾਂ ਪਾਵਨ ਅਸਥਾਨਾਂ ਦੀ ਸੇਵਾ ਸੰਭਾਲ ਦੇ ਨਾਲ - ਨਾਲ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਮਾਮਲਿਆਂ ਦਾ ਹੱਲ ਕਰਨ ਲਈ ਸੰਜੀਦਗੀ ਦਿਖਾਏ । ਮਤਾ ਨੰਬਰ ਸ਼੍ਰੋਮਣੀ ਕਮੇਟੀ ਜਿੱਥੇ ਮਿਆਰੀ ਤੇ ਸਸਤੀ ਵਿੱਦਿਆ ਦਾ ਪ੍ਰਬੰਧ ਕਰਨ ਲਈ ਵਚਨਬੱਧ ਹੈ , ਉੱਥੇ ਹੀ ਅੰਮ੍ਰਿਤਧਾਰੀ ਸਿੱਖ ਵਿਦਿਆਰਥੀਆਂ ਨੂੰ ਵਿੱਦਿਆ ਦੇ ਖੇਤਰ ਵਿਚ ਹੋਰ ਬੁਲੰਦੀਆਂ ਤੱਕ ਪਹੁੰਚਾਉਣ ਲਈ ਸਾਲਾਨਾ ਵਜ਼ੀਫ਼ਾ ਰਾਸ਼ੀ ਦਾ ਵੀ ਪ੍ਰਬੰਧ ਕਰਦੀ ਹੈ । ਇਸ ਦੇ ਨਾਲ ਹੀ ਧਰਮ ਪ੍ਰਚਾਰ ਲਹਿਰ ਤਹਿਤ ਅੰਮ੍ਰਿਤਧਾਰੀ ਗੁਰਸਿੱਖ ਬੱਚੀਆਂ ਨੂੰ ਉਚੇਰੀ ਵਿੱਦਿਆ ਵਿਚ ਨਿਪੁੰਨ ਕਰਨ ਲਈ ਮੁਫ਼ਤ ਵਿੱਦਿਆ ਦੇਣ ਦਾ ਵੀ ਉਪਰਾਲਾ ਕਰ ਰਹੀ ਹੈ । ਇਸ ਸਬੰਧ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਸਥਿਤ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਵਿਖੇ 200 ਅੰਮ੍ਰਿਤਧਾਰੀ ਗੁਰਸਿੱਖ ਬੱਚੀਆਂ ਨੂੰ ਪਿਛਲੇ ਸਾਲ ਤੋਂ ਮੁਫ਼ਤ ਪੜਾਈ , ਰਿਹਾਇਸ਼ ਤੇ ਖਾਣਾ ਮੁਹੱਈਆ ਕਰਵਾਇਆ ਜਾ ਰਿਹਾ ਹੈ । ਇਹ ਜਨਰਲ ਇਜਲਾਸ ਫ਼ੈਸਲਾ ਕਰਦਾ ਹੈ ਕਿ ਅੰਮ੍ਰਿਤਧਾਰੀ ਗੁਰਸਿੱਖ ਬੱਚੀਆਂ ਨੂੰ ਇਸ ਮੁਫ਼ਤ ਵਿੱਦਿਆ ਦੇ ਪ੍ਰੋਗਰਾਮ ਵਿਚ ਹੋਰ ਵਿਸਥਾਰ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫ਼ਤਿਹਗੜ ਸਾਹਿਬ ਵਿਖੇ 200 ਅੰਮ੍ਰਿਤਧਾਰੀ ਗੁਰਸਿੱਖ ਬੱਚੀਆਂ ਨੂੰ ਵਿੱਦਿਆ ਦਿੱਤੀ ਜਾਵੇਗੀ । ਇਸ ਸਬੰਧ ਵਿਚ ਸ਼ਰਤਾਂ ਮਾਤਾ ਸਾਹਿਬ ਗਰਲਜ਼ ਕਾਲਜ ਤਲਵੰਡੀ ਸਾਬੋ ਵਾਲੀਆਂ ਹੀ ਹੋਣਗੀਆਂ । ਮਤਾ ਨੰਬਰ -12 ਸ਼੍ਰੋਮਣੀ ਕਮੇਟੀ ਇਤਿਹਾਸਕ ਗੁਰਦੁਆਰਾ ਸਾਹਿਬਾਨ ਦਾ ਪੰਥਕ ਮਰਯਾਦਾ ਅਨੁਸਾਰ ਪ੍ਰਬੰਧ ਚਲਾਉਣ , ਸਿਹਤ ਅਤੇ ਸਿੱਖਿਆ ਦੇ ਖੇਤਰ ਵਿਚ ਉਪਰਾਲੇ ਕਰਨ ਦੇ ਨਾਲ - ਨਾਲ ਲੋਕ ਭਲਾਈ ਦੇ ਕਾਰਜ ਵੀ ਕਰ ਰਹੀ ਹੈ । ਇਸ ਮਾਨਵ ਭਲਾਈ ਕਾਰਜਾਂ ਨੂੰ ਹੋਰ ਅੱਗੇ ਵਧਾਉਂਦਿਆਂ ਇਹ ਜਨਰਲ ਇਜਲਾਸ ਫ਼ੈਸਲਾ ਕਰਦਾ ਹੈ ਕਿ ਖ਼ਾਲਸਾ ਪੰਥ ਦੇ ਤਿੰਨ ਤਖ਼ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ , ਤਖ਼ਤ ਸ੍ਰੀ ਕੇਸਗੜ ਸਾਹਿਬ ਸ੍ਰੀ ਅਨੰਦਪੁਰ ਸਾਹਿਬ , ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਅਤੇ ਇਸ ਦੇ ਨਾਲ ਹੀ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਠੱਠਾ ( ਤਰਨ ਤਾਰਨ ) ਵਿਖੇ ਚਾਰ ਮੈਡੀਕਲ ਸਟੋਰ ਖੋਲੇ ਜਾਣਗੇ । ਇਨਾਂ ਦਾ ਮੰਤਵ ਲੋੜਵੰਦਾਂ ਤੱਕ ਸਸਤੀਆਂ ਦਵਾਈਆਂ ਪਹੁੰਚਾਉਣਾ ਹੈ । ਇਨਾਂ ਮੈਡੀਕਲ ਸਟੋਰਾਂ ' ਤੇ ਲਾਗਤ ਕੀਮਤ ' ਤੇ ਦਵਾਈਆਂ ਦਾ ਪ੍ਰਬੰਧ ਕੀਤਾ ਜਾਵੇਗਾ ਤੇ ਲੋੜ ਪੈਣ ' ਤੇ ਇਸ ਦਾ ਹੋਰ ਵਿਸਥਾਰ ਵੀ ਕੀਤਾ ਜਾਵੇਗਾ । ਇਸ ਸਬੰਧੀ ਖ਼ਰਚੇ ਭਾਈਚਾਰਕ ਸੁਧਾਰ ਫ਼ੰਡ ਵਿੱਚੋਂ ਕੀਤੇ ਜਾਣਗੇ ।

**ਵਿਰੋਧੀ ਧਿਰ ਨੇ ਕੀਤਾ ਬਾਈਕਾਟ**

ਸ਼੍ਰੋਮਣੀ ਕਮੇਟੀ ਦਾ ਸਾਲ 2022-23 ਲਈ 988 ਕਰੋੜ 54 ਲੱਖ ਦਾ ਬਜਟ ਪੇਸ਼ ਕੀਤਾ । ਬਜਟ ਵਿਚ ਗੁਰਦੁਆਰਾ ਸੈਕਸ਼ਨ 85 , ਸ਼੍ਰੋਮਣੀ ਕਮੇਟੀ , ਧਰਮ ਕਮੇਟੀ , ਟਰੱਸਟਾਂ , ਪ੍ਰੈੱਸਾਂ ਆਦਿ ਵਿਚ ਹੋਣ ਵਾਲੇ ਅਨੁਮਾਨ ਖ਼ਰਚ ਲਈ ਪੇਸ਼ ਕੀਤਾ ਹੈ। ਵਿਰੋਧੀ ਧਿਰ ਨੇ ਬਜਟ ਪੇਸ਼ ਕਰਨ ਸਮੇਂ ਬਾਈਕਾਟ ਕੀਤਾ । ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਤਖ਼ਤ ਸ੍ਰੀ ਕੇਸਗੜ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਨੇ ਇਜਲਾਸ ਦੀ ਆਰੰਭਤਾ ਦੀ ਅਰਦਾਸ ਕੀਤੀ। ਇਜਲਾਸ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਵੀ ਮੌਜੂਦ ਸਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ ਸਾਲਾਨਾ ਬਜਟ ਪੇਸ਼ ਕੀਤਾ । ਸ਼੍ਰੋਮਣੀ ਕਮੇਟੀ ਦਾ ਸਾਲ 2022-23 ਦਾ ਬਜਟ ਗੁਰਦੁਆਰਾ ਸੈਕਸ਼ਨ 85 , ਸ਼੍ਰੋਮਣੀ ਕਮੇਟੀ , ਧਰਮ ਪ੍ਰਚਾਰ ਕਮੇਟੀ , ਟਰੱਸਟਾਂ , ਪ੍ਰੈੱਸਾਂ ਆਦਿ ਲਈ ਪੇਸ਼ ਕੀਤਾ ਜਾਂਦਾ ਹੈ।

## ਦਰਬਾਰ ਸਾਹਿਬ ਜੀ ਤੋਂ ਲਾਈਵ ਗੁਰਬਾਣੀ ਕੀਰਤਨ ਲਈ ਜਥੇਦਾਰ ਨੇ ਦਿੱਤੇ ਨਿਰਦੇਸ਼

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖ ਬੁੱਕ ਕਲੱਬ ਪਬਲਿਸ਼ਰ ਦੇ ਮਾਲਕ ਥਮਿੰਦਰ ਸਿੰਘ ਅਨੰਦ ਵੱਲੋਂ ਅਮਰੀਕਾ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਗਿਆ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਆਪਣੇ ਪੱਧਰ ' ਤੇ ਆਨਲਾਈਨ/ ਆਫ਼ਲਾਈਨ ਪ੍ਰਕਾਸ਼ਿਤ ਕੀਤੇ ਸਨ। ਇਸ ਅਤਿ- ਸੰਵੇਦਨਸ਼ੀਲ ਮਾਮਲੇ ਨੂੰ ਵਿਚਾਰਨ ਲਈ ਸਿੱਖ ਵਿਦਵਾਨਾਂ ਦੀ ਸਬ-ਕਮੇਟੀ ਨਿਯਤ ਕੀਤੀ ਗਈ ਸੀ ਜਿਸ ਦੀ ਪੁੱਜੀ ਰਿਪੋਰਟ ਅਨੁਸਾਰ ਥਮਿੰਦਰ ਸਿੰਘ ਵੱਲੋਂ ਆਪਣੀ ਮਰਜ਼ੀ ਨਾਲ ਹੀ ਲਗਾਂ-ਮਾਤਰਾਵਾਂ, ਬਿੰਦੀਆਂ ਲਗਾਈਆਂ ਤੇ ਹਟਾਈਆਂ ਗਈਆਂ ਹਨ। ਇਸ 'ਤੇ ਥਮਿੰਦਰ ਸਿੰਘ ਨੂੰ ਹਦਾਇਤ ਕੀਤੀ ਗਈ ਹੈ ਕਿ ਉਕਤ ਕਾਰਜ ਨੂੰ ਤੁਰੰਤ ਰੋਕ ਕੇ ਇਸ ਨੂੰ ਸਿੱਖ ਬੁੱਕ ਕਲੱਬ ਦੀ ਵੈੱਬਸਾਈਟ ਅਤੇ ਹੋਰ ਆਨਲਾਈਨ ਪਲੇਟਫਾਰਮਾਂ ਤੋਂ ਹਟਾਇਆ ਜਾਵੇ ਅਤੇ ਨਾਲ ਹੀ ਇਸ ਸਬੰਧੀ ਆਪਣਾ ਸਪਸ਼ਟੀਕਰਨ ਇਕ ਮਹੀਨੇ ਦੇ ਅੰਦਰ-ਅੰਦਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜਿਆ ਜਾਵੇ। ਪੀ ਟੀਸੀ ਚੈਨਲ ਦੇ ਖ਼ਿਲਾਫ਼ ਪੁੱਜੀਆਂ ਸ਼ਿਕਾਇਤ ਪੱਤ੍ਰਿਕਾਵਾਂ ਅਤੇ ਈ-ਮੇਲਾਂ ਸਬੰਧੀ ਜਥੇਦਾਰ ਨੇ ਸ਼੍ਰੋਮਣੀ ਕਮੇਟੀ ਨੂੰ ਦੇਸ਼ - ਵਿਦੇਸ਼ ਵਿਚ ਵੱਸਦੇ ਸਿੱਖਾਂ ਲਈ ਦਰਬਾਰ ਸਾਹਿਬ ਜੀ ਤੋਂ ਲਾਈਵ ਗੁਰਬਾਣੀ ਕੀਰਤਨ ਦਾ ਪ੍ਰਸਾਰ ਚਲਾਉਣ ਲਈ ਆਪਣਾ ਨਿੱਜੀ ਚੈਨਲ ਸ਼ੁਰੂ ਕਰੇ। ਸਿੰਘ ਸਾਹਿਬ ਨੇ ਇਹ ਵੀ ਕਿਹਾ ਕਿ ਜਿੱਥੇ ਕਿਤੇ ਵੀ ਸਿੱਖ ਵੱਸਦਾ ਹੈ ਉਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਚਨਾਂ ' ਤੇ ਪਹਿਰਾ ਦਿੰਦਿਆਂ ਹੋਇਆ ਤਿਆਰ - ਬਰ - ਤਿਆਰ ਸ਼ਸਤਰ ਧਾਰੀ ਹੋਵੇ।

## ਸ਼੍ਰੋਮਣੀ ਕਮੇਟੀ 'ਚ...

ਪਿਛਲੇ ਪੰਜ ਸਾਲਾਂ ਦੇ ਅਰਸੇ ਦੌਰਾਨ ਗੁਰੂ ਘਰਾਂ ਦੇ ਦਰਸ਼ਨ-ਦੀਦਾਰੇ ਕਰਨ ਲਈ ਆਉਣ ਵਾਲੇ ਪਤਵੰਤੇ ਸੱਜਣਾਂ ਅਤੇ ਹੋਰਨਾਂ ਲੋਕਾਂ ਨੂੰ ਮਾਣ-ਸਤਿਕਾਰ ਵਜੋਂ ਸਿਰੋਪਾਉ ਭੇਟ ਕਰਨ ਲਈ 18 ਕਰੋੜ 7 ਲੱਖ ਰੁਪਏ ਤੋਂ ਵੱਧ ਦਾ ਕਪੜਾ ਖ਼ਰੀਦ ਕੇ ਤਕਰੀਬਨ 36 ਲੱਖ 5 ਹਜ਼ਾਰ ਦੇ ਕਰੀਬ ਸਿਰੋਪਾਉ ਦਿਤੇ ਗਏ ਹਨ।

ਸਭ ਤੋਂ ਵੱਧ ਸਿਰੋਪਾਉ ਦੇ ਕਪੜੇ ਦੀ ਵਰਤੋਂ ਸਾਲ 2015-16 ਵਿਚ ਕੀਤੀ ਗਈ ਹੈ ਕਿਉਂਕਿ ਹੋਰਨਾਂ ਸਾਲਾਂ ਦੇ ਮੁਕਾਬਲੇ ਇਸ ਸਾਲ 6 ਕਰੋੜ 7 ਲੱਖ 26 ਹਜ਼ਾਰ 870 ਰੁਪਏ ਦਾ ਕਪੜਾ ਖ਼ਰੀਦਿਆ ਗਿਆ ਅਤੇ ਪ੍ਰਤੀ ਸਿਰੋਪਾ ਅੰਦਾਜ਼ਨ 50 ਰੁਪਏ ਦੇ ਹਿਸਾਬ ਨਾਲ ਇਸ ਸਾਲ ਵਿਚ 12 ਲੱਖ 14 ਹਜ਼ਾਰ 537 ਸਿਰੋਪਾਉ ਬਣਦੇ ਹਨ। ਗੁਰੂ ਘਰਾਂ ਵਿਚ ਆਉਣ ਵਾਲੇ ਪਤਵੰਤੇ ਸੱਜਣਾਂ ਨੂੰ ਪ੍ਰਤੀ ਮਹੀਨੇ ਇਕ ਲੱਖ ਸਿਰੋਪਾਉ ਦੇਣੇ ਬਹੁਤ ਵੱਡੀ ਗਿਣਤੀ ਹੈ। ਜਦੋਂ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਸਿਰੋਪਾਉ ਦਾ ਕਪੜਾ ਨਿੱਜੀ ਕੰਪਨੀਆਂ ਕੋਲੋਂ ਟੈਂਡਰ ਦੇ ਕੇ ਖ਼ਰੀਦਿਆ ਜਾਂਦਾ ਹੈ। ਜਿਹੜਾ ਹੋਰ ਵੀ ਸਸਤਾ ਪੈਂਦਾ ਹੋਵੇਗਾ। ਪਰ ਬੁੱਧੀਜੀਵੀ ਵਰਗ ਵਲੋਂ ਸਿਰੋਪਾਉ ਦੀ ਵੰਡ ਅਤੇ ਗਿਣਤੀ ਨੂੰ ਕਿਸੇ ਰਾਜਨੀਤਕ ਪਾਰਟੀ ਨਾਲ ਜੋੜ ਕੇ ਵੀ ਵੇਖਿਆ ਜਾ ਰਿਹਾ ਹੈ।

ਆਰ.ਟੀ.ਆਈ ਮਾਹਰ ਬ੍ਰਿਸ਼ ਭਾਨ ਬੁਜਰਕ ਨੇ ਜਾਣਕਾਰੀ ਦਿੰਦਿਆਂ ਦਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਕੋਲੋਂ ਸੂਚਨਾ ਦੇ ਅਧਿਕਾਰ ਐਕਟ 2005 ਤਹਿਤ ਸਾਲ 2015 ਤੋਂ ਲੈ ਕੇ ਸਾਲ 2020 ਤੱਕ ਖ਼ਰੀਦ ਕੀਤੇ ਗਏ ਸਿਰੋਪਾਉ ਦੇ ਕਪੜੇ ਦੀ ਕੁਲ ਕੀਮਤ ਸਬੰਧੀ ਪ੍ਰਤੀ ਸਾਲ ਦੇ ਹਿਸਾਬ ਨਾਲ ਸੂਚਨਾ ਅਧਿਕਾਰ ਐਕਟ 2005 ਤਹਿਤ ਪੁੱਛਿਆ ਗਿਆ ਸੀ ਪਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਲੋਕ ਸੂਚਨਾ ਅਧਿਕਾਰੀ ਵਲੋਂ ਰਿਕਾਰਡ ਮੁਹਈਆ ਨਹੀਂ ਕਰਵਾਇਆ ਗਿਆ ਜਿਸ ਕਰ ਕੇ ਸੂਚਨਾ ਐਕਟ ਮੁਤਾਬਕ ਮਾਮਲਾ ਪੰਜਾਬ ਰਾਜ ਸੂਚਨਾ ਕਮਿਸ਼ਨ ਕੋਲ ਜਾਣ ਤੋਂ ਬਾਅਦ ਕਮੇਟੀ ਵਲੋਂ ਸਿਰੋਪਾਉ ਦੇਣ ਲਈ ਖ਼ਰੀਦ ਕੀਤੇ ਗਏ ਕਪੜੇ ਸਬੰਧੀ ਦਿਤੇ ਗਏ ਰਿਕਾਰਡ ਵਿਚ ਦੱਸਿਆ ਗਿਆ ਹੈ ਕਿ ਪੰਜ ਸਾਲਾਂ ਦੇ ਅਰਸੇ ਦੌਰਾਨ 18 ਕਰੋੜ 7 ਲੱਖ 89 ਹਜ਼ਾਰ 649 ਰੁਪਏ ਦਾ ਕਪੜਾ ਖ਼ਰੀਦਿਆ ਗਿਆ ਜਿਸ ਦੌਰਾਨ ਸੱਭ ਤੋਂ ਵੱਧ ਸਾਲ 2015-16 'ਚ 6 ਕਰੋੜ 7 ਲੱਖ 26 ਹਜ਼ਾਰ 870, (60726870) ਰੁਪਏ ਮੁੱਲ ਦਾ ਕਪੜਾ ਖ਼ਰੀਦ ਕੀਤਾ ਗਿਆ ਸੀ।ਸਾਲ 2016-17 ਵਿਚ 2 ਕਰੋੜ 23 ਲੱਖ 86 ਹਜ਼ਾਰ 586, (22386586) ਰੁਪਏ, ਸਾਲ 2017-18 ਵਿਚ 3 ਕਰੋੜ 74 ਲੱਖ 28 ਹਜ਼ਾਰ 243, (37428243) ਰੁਪਏ, ਸਾਲ 2018-19 ਅੰਦਰ 3 ਕਰੋੜ 12 ਲੱਖ 42 ਹਜ਼ਾਰ (31200042) ਰੁਪਏ, ਸਾਲ 20 19-20 ਵਿਚ 2 ਕਰੋੜ 90 ਲੱਖ 47 ਹਜ਼ਾਰ 908, (29047908) ਰੁਪਏ ਦਾ ਸਿਰੋਪਾਉ ਦੇਣ ਲਈ ਕਪੜਾ ਖ਼ਰੀਦਿਆ ਗਿਆ। ਬ੍ਰਿਸ਼ ਭਾਨ ਬੁਜਰਕ ਨੇ ਕਿਹਾ ਕਿ ਸਾਲ 2015-16 ਵਿਚ ਸਿਰੋਪਾਉ ਦੇਣ ਲਈ ਖ਼ਰੀਦੇ ਗਏ ਕਪੜੇ ਦੀ ਕੁਲ ਕੀਮਤ ਦੇ ਹਿਸਾਬ ਨਾਲ ਪ੍ਰਤੀ ਸਿਰੋਪਾਉ 50 ਰੁਪਏ ਕੀਮਤ ਲਗਾ ਕੇ ਸਿਰੋਪਾਉ ਦੀ ਗਿਣਤੀ 12 ਲੱਖ 14 ਹਜ਼ਾਰ 537 ਬਣਦੀ ਹੈ। ਮਤਲਬ ਕਿ ਹਰ ਮਹੀਨੇ ਇਕ ਲੱਖ ਤੋਂ ਵੱਧ ਸਿਰੋਪਾਉ ਸੰਗਤ ਨੂੰ ਦਿਤੇ ਗਏ।

ਇਸੇ ਤਰਾਂ ਹੀ ਸਾਲ 2016-17 ਵਿਚ 4 ਲੱਖ 47 ਹਜ਼ਾਰ 731 ਸਿਰੋਪਾਉ , ਸਾਲ 2017-18 ਵਿਚ 7 ਲੱਖ 49 ਹਜ਼ਾਰ 564 ਸਿਰੋਪਾਉ ਹਰ ਮਹੀਨੇ 70 ਹਜ਼ਾਰ ਤੋਂ ਵੱਧ ਸਿਰੋਪਾਉ ਦਿਤੇ ਗਏ। ਸਾਲ 2018-19 ਵਿਚ 6 ਲੱਖ 24 ਹਜ਼ਾਰ ਸਿਰੋਪਾਉ ਅਤੇ ਸਾਲ 2019-20 ਅੰਦਰ 5 ਲੱਖ 80 ਹਜ਼ਾਰ 958 ਸਿਰੋਪਾਉ ਦਿੱਤੇ ਗਏ। ਜਿਨਾਂ ਦੀ ਕੁਲ ਗਿਣਤੀ 36 ਲੱਖ 15 ਹਜ਼ਾਰ 790 ਬਣਦੀ ਹੈ। ਹਰ ਮਹੀਨੇ ਇਕ ਲੱਖ ਤੋਂ ਲੈ ਕੇ 72 ਹਜ਼ਾਰ ਤੱਕ ਦੇ ਸਿਰੋਪੇ ਵੰਡਣ ਨੂੰ ਦੁਰਵਰਤੋਂ ਹੀ ਮੰਨਿਆ ਜਾ ਸਕਦਾ ਹੈ। ਪਰ ਸਾਲ 20 15-16 ਵਿਚ ਆਮ ਸਾਲਾਂ ਨਾਲੋਂ ਦੁਗਣੇ-ਤਿੱਗਣੇ ਸਿਰੋਪਾਉ ਦੇਣੇ ਅਤੇ 6 ਕਰੋੜ ਤੋਂ ਵੱਧ ਦਾ ਕਪੜਾ ਖ਼ਰੀਦਣਾ ਬਹੁਤ ਵੱਡੀ ਰਕਮ ਹੈ। ਗੁਰੂ ਘਰਾਂ ਅੰਦਰ ਕੀਤੀ ਜਾ ਰਹੀ ਸਿਰੋਪਾ ਸਾਹਿਬ ਦੀ ਦੁਰਵਰਤੋਂ ਨੂੰ ਰੋਕਿਆ ਜਾਵੇ ਅਤੇ ਇਸ ਮਾਮਲੇ ਦੀ ਉਚ ਪਧਰੀ ਜਾਂਚ ਕਰਵਾਈ ਜਾਣੀ ਚਾਹੀਦੀ ਹੈ।

## ਪੰਜਾਬ 'ਚ ਉਚੇਰੀ...

ਹੋਣ, ਉਨਾਂ ਦਾ ਮਿਆਰ ਉੱਚਾ ਚੁੱਕਿਆ ਜਾਵੇ, ਯੋਗ ਟੀਚਰਾਂ ਦੀ ਨਿਯੁਕਤੀ ਹੋਵੇ, ਪਰ ਸਰਕਾਰਾਂ ਇਸ ਪਾਸਿਓਂ ਕੰਨੀ ਕਤਰਾ ਰਹੀਆਂ ਹਨ।

ਹੈਰਾਨੀ ਦੀ ਗੱਲ ਹੈ ਕਿ ਪੰਜਾਬ ਵਿੱਚ ਹਰਿਆਣਾ ਅਤੇ ਹਿਮਾਚਲ ਨਾਲੋਂ ਘੱਟ ਯੂਨੀਵਰਸਿਟੀਆਂ ਹਨ, ਘੱਟ ਮੈਡੀਕਲ ਕਾਲਜ ਹਨ, ਕੀ ਇਹ ਉੱਚ ਸਿੱਖਿਆ ਪ੍ਰਤੀ ਪੰਜਾਬ ਦਾ ਅਵੇਸਲਾਪਨ ਨਹੀਂ ਹੈ ? ਜਦੋਂ ਨੌਜਵਾਨਾਂ ਦੇ ਮਨ 'ਚ ਇਹ ਗੱਲ ਵਸ ਗਈ ਹੋਵੇ ਜਾਂ ਵਸਾ ਦਿੱਤੀ ਗਈ ਹੋਵੇ ਕਿ ਪੰਜਾਬ 'ਚ ਨੌਕਰੀਆਂ ਘੱਟ ਹਨ, ਤਨਖਾਹ ਵੀ ਥੋੜੀ ਮਿਲਦੀ ਹੈ ਤਾਂ ਫਿਰ ਉਹ ਪ੍ਰਵਾਸ ਹੰਢਾਉਣ ਲਈ ਹੀ ਤਾਂ ਮਜਬੂਰ ਹੋਣਗੇ।

## ਸਿੱਖ ਪੰਥ ਵਿੱਚ...

ਇਸ ਕਰਕੇ ਸਿੰਘਾਂ ਦੇ ਸਿਰਾਂ ਲਈ ਇਨਾਮਾਂ ਦਾ ਐਲਾਨ ਕੀਤਾ ਸੀ। ਭਾਈ ਰਤਨ ਸਿੰਘ ਭੰਗੂ ਰਚਿਤ 'ਪੁਰਾਤਨ ਪੰਥ ਪ੍ਰਕਾਸ਼' ਵਿੱਚ ਇਸ ਘਟਨਾ ਬਾਰੇ ਜ਼ਿਕਰ ਕੀਤਾ ਹੈ।

'ਫਿਰ ਕੀ ਸੀ, ਲਾਲਚ ਵੱਸ ਪੈ ਕੇ ਧੜਾ-ਧੜ ਸਿੰਘਾਂ ਦੇ ਖ਼ਿਲਾਫ਼ ਮੁਖ਼ਬਰੀਆਂ ਹੋਣ ਲੱਗ ਪਈਆਂ। ਸਿੰਘ ਹੋਰ ਸੁਚੇਤ ਹੋ ਗਏ ਤਾਂ ਲਾਲਚੀ ਮੁਖ਼ਬਰਾਂ ਨੇ ਸਿੰਘਾਂ ਦੀ ਬਜਾਏ ਸਿੱਖ ਔਰਤਾਂ ਦੇ ਸੀਸ ਕੱਟ ਕੇ ਜਰਵਾਣਿਆਂ ਕੋਲ਼ ਜਾ ਕੇ ਇਹ ਕਹਿ ਕੇ, ਕਿ ਇਹ ਸੀਸ ਸਿੱਖ ਭੁਜੰਗੀਆਂ ਦੇ ਹਨ, ਇਨਾਮ ਪ੍ਰਾਪਤ ਕਰਨੇ ਸ਼ੁਰੂ ਕਰ ਦਿੱਤੇ ਸਨ। ਉਹ ਸਿੱਖ ਔਰਤਾਂ ਜੋ ਕਿ ਅਜੇ ਸਿੱਖ ਭਾਈਆਂ ਵਾਂਗ ਜੰਗਲ ਦੀਆਂ ਵਾਸੀ ਨਹੀਂ ਸਨ ਬਣੀਆਂ, ਐਸੇ ਬੇਰਹਿਮ ਮੁਖ਼ਬਰਾਂ ਦਾ ਸ਼ਿਕਾਰ ਹੋਣ ਲੱਗ ਪਈਆਂ।'

18ਵੀਂ ਸਦੀ ਦੇ ਅੰਗਰੇਜ਼ ਇਤਿਹਾਸਕਾਰ ਕਨਿੰਘਮ ਨੇ ਸਿੱਖ ਬੀਬੀਆਂ ਦੀ ਪਛਾਣ ਬਾਬਤ ਲਿਖਿਆ ਹੈ : 'ਸਿੱਖ ਇਸਤ੍ਰੀਆਂ ਹਿੰਦੂ ਇਸਤ੍ਰੀਆਂ ਤੋਂ ਕੁਝ ਤਾਂ ਪਹਿਰਾਵੇ ਤੋਂ, ਤੇ ਖ਼ਾਸ ਤੌਰ 'ਤੇ ਸਿਰ ਉੱਪਰ ਜੂੜਾ ਕਰਨ ਕਰਕੇ ਅਲੱਗ ਲਗਦੀਆਂ ਹਨ।'

ਭਾਵੇਂ ਕਿ ਅੱਜਕਲ ਸਿੱਖ ਸਮਾਜ ਅੰਦਰ ਕਾਫ਼ੀ ਗਿਣਤੀ ਔਰਤਾਂ ਦਸਤਾਰ ਸਜਾਉਣ ਲੱਗ ਪਈਆਂ ਹਨ, ਪਰ ਬਹੁਗਿਣਤੀ ਲੋਕ ਇਹ ਸਮਝਦੇ ਹਨ ਕਿ ਸਿੱਖ ਬੀਬੀਆਂ ਅੰਦਰ ਦਸਤਾਰ ਸਜਾਉਣ ਦਾ ਰਿਵਾਜ ਅਖੰਡ ਕੀਰਤਨੀ ਜਥੇ ਦੇ ਬਾਨੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਹੁਰਾਂ ਨੇ ਕੀਤਾ ਸੀ। ਜਦਕਿ ਬਹੁਤ ਸਾਰੀਆਂ ਸਿੱਖ ਜਥੇਬੰਦੀਆਂ ਅਤੇ ਸੰਪਰਦਾਵਾਂ ਅੰਦਰ ਪੁਰਾਤਨ ਸਮੇਂ ਤੋਂ ਦਸਤਾਰ ਸਿੱਖ ਬੀਬੀਆਂ ਦੇ ਪਹਿਰਾਵੇ ਦਾ ਹਿੱਸਾ ਰਹੀ ਹੈ। ਮਾਝਾ ਖ਼ਾਲਸਾ ਦੀਵਾਨ, ਪੰਚ ਖ਼ਾਲਸਾ ਦੀਵਾਨ ਭਸੌੜ, ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਦਾ ਜਥਾ, ਭਾਈ ਸਾਹਿਬ ਭਾਈ ਰਣਧੀਰ ਸਿੰਘ ਦਾ ਜਥਾ ਤੇ ਹੋਰ ਬੇਅੰਤ ਸੰਪਰਦਾਈ ਸੰਤ-ਮਹਾਂਪੁਰਖਾਂ ਦੇ ਜਥਿਆਂ ਅੰਦਰ ਬੀਬੀਆਂ ਦਸਤਾਰ ਸਜਾਉਂਦੀਆਂ ਰਹੀਆਂ ਹਨ। ਦਮਦਮੀ ਟਕਸਾਲ ਦੇ ਬਾਰਵੇਂ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਪਰਿਵਾਰ ਦੀਆਂ ਸਭ ਔਰਤਾਂ ਛੋਟੀ ਦਸਤਾਰ (ਕੇਸਕੀ) ਦੀਆਂ ਧਾਰਨੀ ਸਨ। ਕੈਰੋਂ ਤੇ ਫ਼ਿਰੋਜ਼ਪੁਰ ਦੇ ਕੰਨਿਆ ਵਿਦਿਆਲਿਆਂ ਦੀਆਂ ਭੁਜੰਗਣਾਂ ਸਭ ਦਸਤਾਰਧਾਰੀ ਹੁੰਦੀਆਂ ਸਨ।

ਹਾਲਾਂਕਿ ਭਾਰਤੀ ਸੰਵਿਧਾਨ ਦੀ ਧਾਰਾ 25 (ਬੀ) ਸਿੱਖਾਂ ਦੀ ਧਾਰਮਿਕ ਆਜ਼ਾਦੀ ਨੂੰ ਸੁਰੱਖਿਅਤ ਰੱਖਦਿਆਂ ਪੰਜ ਕਕਾਰਾਂ ਵਿੱਚੋਂ ਕਿਰਪਾਨ ਨੂੰ, ਇੱਕ ਸ਼ਸਤਰ ਹੋਣ ਕਾਰਨ, ਕਾਨੂੰਨੀ ਮਾਨਤਾ ਦਿੰਦੀ ਹੈ ਪਰ ਸਮੇਂ ਦੇ ਨਾਲ਼ ਅੱਜ ਲੋੜ ਬਣ ਗਈ ਹੈ ਕਿ ਪੰਜੇ ਕਕਾਰਾਂ ਅਤੇ ਦਸਤਾਰ ਨੂੰ ਵੀ ਕਾਨੂੰਨੀ ਤੌਰ 'ਤੇ ਮਾਨਤਾ ਦਿੱਤੀ ਜਾਵੇ, ਕਿਉਂਕਿ ਅਮਰੀਕਾ, ਕੈਨੇਡਾ ਅਤੇ ਯੂਰਪ ਆਦਿ ਦੇਸ਼ਾਂ ਅੰਦਰ ਬੇਅੰਤ ਸਿੱਖ ਬੀਬੀਆਂ ਦਸਤਾਰ ਸਜਾ ਕੇ ਫ਼ੌਜ, ਪੁਲਿਸ, ਅਦਾਲਤਾਂ ਅਤੇ ਹਵਾਈ ਸੇਵਾਵਾਂ 'ਤੇ ਉੱਚ ਅਹੁਦਿਆਂ 'ਤੇ ਬੈਠੀਆਂ ਹਨ, ਤੇ ਜਿਸ ਦੇਸ਼ ਦੀ ਆਜ਼ਾਦੀ ਲਈ ਸਿੱਖਾਂ ਨੇ 80 ਫ਼ੀਸਦੀ ਕੁਰਬਾਨੀਆਂ ਦਿੱਤੀਆਂ ਹੋਣ, ਅਜਿਹੇ ਸਮੇਂ ਵਿੱਚ ਉੱਥੇ ਸਿੱਖਾਂ ਦੀ ਧਾਰਮਿਕ ਆਜ਼ਾਦੀ ਲਈ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਚਿੰਤਾਜਨਕ ਅਤੇ ਦੁਖਦਾਈ ਹਨ।

## 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ..

ਇਹ ਸਵਾਲ ਇਨਾਂ ਦੁਆਰਾ ਭੇਜੀ ਮੇਲ ਕਰਵਾ ਰਹੀ ਹੈ।

–ਸਿੱਖ ਬੁੱਕ ਕਲੱਬ ਕੀ ਇਹ ਸਾਬਿਤ ਕਰਨਾ ਚਾਹੁੰਦੀ ਹੈ ਕਿ ਸਾਰੇ ਗੁਰੂ ਘਰਾਂ ਵਿਚ ਪ੍ਰਕਾਸ਼ਿਤ ਸਰੂਪ ਗ਼ਲਤ ਹਨ ? ਤੇ ਇਨਾਂ ਦੁਆਰਾ ਤਿਆਰ ਕੀਤਾ ਸਰੂਪ ਹੀ ਇਕਲੌਤਾ ਸਹੀ ਹੈ।

ਜੇਕਰ ਮਨ ਲਿਆ ਜਾਵੇ ਸਿੱਖ ਬੁੱਕ ਵਲੋਂ ਤਿਆਰ ਕੀਤਾ ਸਰੂਪ ਬਿਲਕੁਲ ਸਹੀ ਹੈ ਤਾਂ ਕਿ ਇਨਾਂ ਨੂੰ ਪੰਜ ਤਖ਼ਤ ਸਾਹਿਬਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਮਦਮੀ ਟਕਸਾਲ ਜਾਂ ਕਿਸੇ ਵੀ ਪੰਥਕ ਸੰਪਰਦਾ ਦੀ ਪ੍ਰਵਾਨਗੀ ਮਿਲੀ ਹੈ ?

–ਗੁਰੂ ਸਾਹਿਬ ਜੀ ਦੇ ਪਾਵਨ ਪਵਿੱਤਰ ਸਰੂਪ ਦੀ ਛਪਾਈ ਕਰਨ ਦਾ ਅਹੁਦਾ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਿਰਫ਼ ਤੇ ਸਿਰਫ਼ ਸ਼੍ਰੋਮਣੀ ਗੁਰੂਦਵਾਰਾ ਪ੍ਰਬੰਧਕ ਕਮੇਟੀ ਤੇ ਧਰਮ ਪ੍ਰਚਾਰ ਕਮੇਟੀ ਨੂੰ ਦਿੱਤਾ ਹੈ। ਸਿੱਖ ਬੁੱਕ ਕਲੱਬ ਨੂੰ ਇਹ ਸਵਾਲ ਕੀਤਾ ਜਾਂਦਾ ਹੈ ਕਿ ਇਨਾਂ ਨੂੰ ਸਰੂਪ ਦੀ ਛਪਾਈ ਕਰ ਕੇ ਵੈਬਸਾਈਟ ਉੱਤੇ ਅਪਲੋਡ ਕਰਨ ਦਾ ਅਧਿਕਾਰ ਕਿਸ ਨੇ ਦਿੱਤਾ ਹੈ ?

–ਗੁਰੂ ਕਲਗੀਧਰ ਪਾਤਸ਼ਾਹ ਜੀ ਦੇ ਸਮੇਂ ਤੇ ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ, ਦਸਮ ਦਰਬਾਰੀ ਰਤਨ ਭਾਈ ਹਰੀ ਦਾਸ ਸਿੰਘ ਜੀ ਅਤੇ ਬਹੁਤ ਸਾਰੇ ਸੰਪੂਰਨ ਗੁਰਸਿੱਖਾਂ ਨੇ ਜੋ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੇ ਸਰੂਪ ਤਿਆਰ ਕੀਤੇ ਸਨ ਉਸ ਵਿਚ ਖ਼ੁਦ ਦਸਮ ਪਾਤਸ਼ਾਹ ਜੀ ਨੇ ਆਪਣੀ ਤੀਰ ਵਾਲੀ ਮੋਹਰ ਲਾਈ ਸੀ। ਇਨਾਂ ਸਰੂਪਾਂ ਵਿਚ ਰਾਗ ਮਾਲਾ ਨੂੰ ਅਕਾਲ ਨਾਨਕ ਜੋਤ ਦੀ ਸ੍ਰੀ ਮੁੱਖ ਵਾਕ ਮੰਨਿਆ ਗਿਆ ਹੈ। ਸਿੱਖ ਬੁਕ ਕਲੱਬ ਦੁਆਰਾ ਇਸ ਪਵਿੱਤਰ ਬਾਣੀ ਤੋਂ ਪਹਿਲਾਂ ਇਕ ਖਾਲੀ ਅੰਗ ਪੇਸ਼ ਕਰਨਾ ਅਤੇ ਰਾਗ ਮਾਲਾ ਉਪਰ ਅੰਗਾਂ ਦੀ ਸੰਖਿਆ ਨੂੰ ਨਾ ਦੱਸਣਾ ਇਕ ਬਹੁਤ ਵੱਡੀ ਕੁਰਹਿਤ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤੱਤਕਰੇ ਨਾਲ ਛੇੜਛਾੜ ਕਰਨ ਦੀ ਪ੍ਰਵਾਨਗੀ ਕਿਸ ਨੇ ਦਿੱਤੀ ?

ਉਪਰੋਕਤ ਸਾਰੇ ਕ੍ਰਮਅੰਕ ਨੂੰ ਨਜ਼ਰ ਵਿਚ ਲੈਂਦੇ ਹੋਏ ਸਮੂਹ ਸਿੱਖ ਸੰਗਤਾਂ ਦੀ ਇਕ ਹੀ ਆਵਾਜ਼ ਹੈ ਕਿ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਸਾਡੇ ਗੁਰੂ ਪੀਰ ਤੇ ਰਹਿਬਰ ਹਨ। ਇਨਾਂ ਨਾਲ ਛੇੜਛਾੜ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜ ਤਖ਼ਤ ਸਾਹਿਬਾਨ, ਦਮਦਮੀ ਟਕਸਾਲ, ਤੇ ਸਾਰੇ ਨਿਹੰਗ ਸੰਪ੍ਰਦਾਵਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਿੱਖ ਬੁਕ ਕਲੱਬ ਉਪਰ ਸਖ਼ਤ ਕਾਰਵਾਈ ਕਰਕੇ ਇਸ ਮਨਮੁਖੀ ਸਰੂਪ ਦਾ ਪ੍ਰਚਾਰ ਜਲਦ ਬੰਦ ਕੀਤਾ ਜਾਵੇ। ਤਾਂ ਜੋ ਆਉਣ ਵਾਲੇ ਸਮੇਂ ਵਿਚ ਵੀ ਅਜਿਹਾ ਕੁਝ ਨਾ ਹੋਵੇ ਜੋ ਸਿੱਖ ਪੰਥ ਦੀਆਂ ਭਾਵਨਾਵਾਂ ਨੂੰ ਭੜਕਾਉਣ ਦਾ ਕੰਮ ਕਰੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇੱਕੋ ਇੱਕ ਅਜਿਹੀ ਸਿਰਮੌਰ ਸੰਸਥਾ ਹੈ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਰੇਦਾਰੀ ਕਰ ਰਹੀ ਹੈ । ਕਿਸੇ ਵੀ ਵਿਦਵਾਨਾਂ ਜਾਂ ਸਿੱਖ ਚਿੰਤਕਾਂ ਨੂੰ ਇਹ ਅਥਾਰਟੀ ਨਹੀਂ ਦਿੱਤੀ ਗਈ ਹੈ ਕਿ ਉਹ ਗੁਰੂ ਸਾਹਿਬ ਜੀ ਦੇ ਸਰੂਪ ਦੀ ਛਪਾਈ ਕਰਵਾ ਸਕੇ ।

ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇਲਾਵਾ ਜੇਕਰ ਕੋਈ ਸੰਸਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਕਰਵਾਉਂਦੀ ਹੈ ਤਾਂ ਇਕ ਗੱਲ ਸਪੱਸ਼ਟ ਹੈ ਕਿ ਉਹ ਵਿਚਾਰ ਦਾ ਵਪਾਰ ਕਰ ਰਹੀ ਹੈ। ਇਕ ਗੱਲ ਅਸੀਂ ਸਭ ਜਾਣਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਲੱਖਣ ਤਾਂ ਹੀ ਇਸ ਵਿਚ ਹੈ ਕਿ ਉਹ ਇੱਕੋ ਇੱਕ ਅਜਿਹਾ ਧਰਮ ਗ੍ਰੰਥ ਹੈ ਜਿਸ ਨੂੰ ਖ਼ੁਦ ਰਹਿਬਰਾਂ ਦੁਆਰਾ ਲਿਖਿਆ ਗਿਆ ਹੈ ਤੇ ਦੁਨੀਆਂ ਦੇ ਬਾਕੀ ਧਰਮ ਗ੍ਰੰਥ ਉਨਾਂ ਦੇ ਰਹਿਬਰਾਂ ਤੋਂ ਬਾਅਦ ਕਈ ਸਾਲਾਂ ਪਿੱਛੋਂ ਉਨਾਂ ਦੇ ਅਨੁਯਾਈਆਂ ਵੱਲੋਂ ਲਿਖੇ ਗਏ ਸਨ। ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਦਾ ਕੰਮ ਕੇਵਲ ਇਕ ਸੰਸਥਾ ਕੋਲ ਰਹੇਗਾ ਤਾਂ ਇਸ ਵਿੱਚ ਸ਼ਬਦਾਂ ਦੀ ਰਲਗੱਡ ਨਹੀਂ ਕੀਤੀ ਜਾ ਸਕਦੀ ਤੇ ਨਾ ਹੀ ਨਵੇਂ ਸ਼ਬਦ ਪਾਏ ਜਾ ਸਕਣਗੇ।

## ਬੋਲੇ ਸੋ ਨਿਹਾਲ...

ਉਹ ਵੀ ਬਹਾਦੁਰੀ ਦੇ ਨਿਮਰਤਾ ਦੀ ਰੀਤ ਨੂੰ ਜਿਉਂਦਿਆਂ ਰੱਖਣ ਦਾ ਪਰਵ ਸੀ। ਸਿਰ ਉੱਚਾ ਕਰਕੇ ਤੁਰਨ ਦੀ ਰੀਤ ਦਾ ਜਸ਼ਨ ਸੀ। ਅੰਮ੍ਰਿਤਸਰ ਦਾ ਅਰਥ ਹੈ, 'ਅਮਰਿਤ ਦਾ ਸਰੋਵਰ'। ਅਮਰ ਉਹੀ ਹੁੰਦਾ ਹੈ, ਜਿਹੜਾ ਦੀਨ–ਧਰਮ ਹੇਤੁ ਲੜਨਾ–ਮਰਨਾ ਜਾਣਦਾ ਹੈ। ਧਰਮ ਦੀ ਰੱਖਿਆ ਗੀਤਾਂ ਤੇ ਖੇੜਿਆਂ ਦੀ ਰੱਖਿਆ ਹੈ। ਬਿਨਾਂ ਖੁਸ਼ੀਆਂ ਖੇੜਿਆਂ ਤੇ ਗੀਤਾਂ ਦੇ ਜਿਊਣ ਨਾਲੋਂ ਮਰ ਜਾਣਾ ਕਿਤੇ ਚੰਗਾ ਹੈ। ਜਿਊਣਾ ਇਨਸਾਨਾਂ ਦਾ ਹੁੰਦਾ ਹੈ ਮੁਰਦਿਆਂ ਦਾ ਨਹੀਂ। ਮਨੁੱਖ ਦੇ ਜੀਵਨ ਵਿਚ ਰੂਹ ਦਾ ਅਹਿਸਾਸ ਜਗਾਉਣ ਲਈ ਹੀ ਛੇ ਮਹੀਨੇ ਬਾਅਦ ਦੀਵਾਲੀ ਦੇ ਵਿਸਾਖੀ ਦੇ ਤਿਉਹਾਰ ਮਨਾਏ ਜਾਂਦੇ ਹਨ।

10 ਅਪ੍ਰੈਲ 1760 ਨੂੰ ਵੀ ਵਿਸਾਖੀ ਦਾ ਇਹੋ ਦਿਹਾੜਾ ਗੁਰੂ ਦੀ ਨਗਰੀ ਅੰਮ੍ਰਿਤਸਰ ਵਿਚ ਬੜੀ ਧੂਮਧਾਮ ਨਾਲ ਮਨਾਇਆ ਗਿਆ। ਦੀਵਾਨ ਸਜਿਆ ਤੇ ਸਰਬੱਤ ਖਾਲਸਾ ਨੇ ਮਤਾ ਪਾਸ ਕੀਤਾ ਕਿ 'ਅਹਿਮਦ ਸ਼ਾਹ ਅਬਦਾਲੀ ਮਰਾਠਿਆਂ ਨੂੰ ਹਰਾ ਕੇ, ਲੁੱਟਮਾਰ ਕਰਦਾ ਹੋਇਆ ਦਿੱਲੀਓਂ ਪਰਤ ਰਿਹਾ ਹੈ। ਅਸੀਂ ਉਸਦਾ ਹੰਕਾਰ ਭੰਗ ਕਰਨਾ ਹੈ। ਪੰਜਾਬ ਦੀ ਧਰਤੀ ਉੱਤੇ ਪੈਰ ਰੱਖਦਿਆਂ ਹੀ ਉਸਨੂੰ ਅਹਿਸਾਸ ਕਰਾਉਣਾ ਹੈ ਕਿ ਇਹ ਧਰਤੀ ਪੋਰਸ ਦੀ ਧਰਤੀ ਹੈ। ਜੱਗੇ ਜੱਟ ਦੀ ਧਰਤੀ ਹੈ। ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ, ਗੁਰੂ ਗੋਬਿੰਦ ਸਿੰਘ ਤੇ ਬੰਦਾ ਬਹਾਦਰ ਦੀ ਧਰਤੀ ਹੈ। ਮਾਣ–ਮਰਿਆਦਾ ਲਈ ਮਰ ਮਿਟਣ ਵਾਲਿਆਂ ਦੀ ਧਰਤੀ ਹੈ।'

ਇਹ ਗੁਰਮਤਾ ਪਾਸ ਕਰਨ ਪਿੱਛੋਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਦੇ ਜੈਕਾਰੇ ਛੱਡੇ ਜਾ ਰਹੇ ਸਨ ਕਿ ਯਕਦਮ ਇਕ ਰੌਲਾ ਜਿਹਾ ਪੈਣ ਲੱਗ ਪਿਆ ਤੇ ਲੋਕਾਂ ਦੀ ਇਕ ਵੱਡੀ ਭੀੜ ਅੰਦਰ ਆ ਵੜੀ। ਅੱਗੇ ਲੱਗਾ ਆਦਮੀ ਕਹਿ ਰਿਹਾ ਸੀ :–

'ਦੁਖੀਆਂ ਦੀ ਫਰਿਆਦ ਵਾਹਿਗੁਰੂ ਦੇ ਦਰਬਾਰ
ਸੁਣੋ ਸੁਣੋ ਜੱਸਾ ਸਿੰਘ ਸਰਦਾਰ
ਤੁਸੀਂ ਕਹੋ ਕਾਗਜ਼ ਦੀ ਲੇਖੀ
ਮੈਂ ਕਹਾਂ ਅੱਖਾਂ ਦੀ ਦੇਖੀ
ਦੁਰਾਨੀਆਂ ਹੱਥੋਂ ਇੱਜਤ ਲੁਟ ਗਈ ਸਰੇ ਬਾਜ਼ਾਰ
ਸੁਣੋ ਸੁਣੋ ਜੱਸਾ ਸਿੰਘ ਸਰਦਾਰ
ਦੁਖੀਆਂ ਦੀ ਫਰਿਆਦ ਵਾਹਿਗੁਰੂ ਜੀ ਦੇ ਦਰਬਾਰ।'

ਆਉਣ ਵਾਲਾ ਆਦਮੀ ਬੇਨਾਮ ਸੂਫੀ ਫਕੀਰ ਸੀ। ਜੱਸਾ ਸਿੰਘ ਉਸਨੂੰ ਜਾਣਦਾ ਸੀ, ਪਰ ਅਣਜਾਣ ਬਣ ਕੇ ਪੁੱਛਿਆ :–

'ਸਾਈਂ ਜੀ, ਕੀ ਹੋਇਆ ?'

'ਮੈਂ ਇਕ ਫਕੀਰ ਹਾਂ, ਦੁਨੀਆਦਾਰੀ ਨਾਲ ਮੈਨੂੰ ਮਤਲਬ ਨਹੀਂ। ਮੇਰਾ ਆਪਣਾ ਕੋਈ ਦਰਦ ਨਹੀਂ, ਕੋਈ ਤਕਲੀਫ ਨਹੀਂ...ਪਰ ਜਦੋਂ ਦੇਖਿਆ ਕਿ ਦੁਨੀਆਂਦਾਰਾਂ ਉਪਰ, ਬੇਗੁਨਾਹਾਂ–ਲਾਚਾਰਾਂ ਉਪਰ ਜੁਲਮ ਢਾਇਆ ਜਾ ਰਿਹੈ ਤਾਂ ਮੇਰਾ ਦਿਲ ਤੜਫ ਉਠਿਐ, ਕਰਾਹ ਉਠਿਐ। ਤੇ ਮੈਂ ਇਨਾਂ ਦੀ ਫਰਿਆਦ ਗੁਰੂ ਦੇ ਦਰਬਾਰ ਵਿਚ ਲੈ ਆਇਆ ਹਾਂ। ਹਾਂ, ਜੋ ਹੋਇਆ ਏ ਇਨਾਂ ਲੋਕਾਂ ਨੂੰ ਪੁੱਛ ਲਓ।' ਬੇਨਾਮ ਸੂਫੀ ਫਕੀਰ ਯਾਨੀ ਭੂਪੇ ਸ਼ਾਹ ਨੇ ਆਪਣੇ ਨਾਲ ਆਈ ਲੋਕਾਂ ਦੀ ਭੀੜ ਵਿਚਲੇ ਮਰਦ ਔਰਤਾਂ ਵੱਲ ਇਸ਼ਾਰਾ ਕੀਤਾ।

'ਮੈਂ ਆਪਣੇ ਇਕਲੌਤੇ ਪੁੱਤਰ ਦਾ ਵਿਆਹ ਕੁਝ ਦਿਨ ਪਹਿਲਾਂ ਕੀਤਾ ਸੀ। ਘਰੇ ਬਹੂ ਸੀ ਤੇ ਜਵਾਨ ਧੀ। ਦੁਸ਼ਟ ਅਬਦਾਲੀ ਦੇ ਆਦਮੀ ਉਹਨਾਂ ਦੋਹਾਂ ਨੂੰ ਚੁੱਕ ਕੇ ਲੈ ਗਏ। ਕੋਈ ਸਹਾਰਾ ਨਾ ਦੇਖ ਕੇ, ਮੈਂ ਤੁਹਾਡੇ ਕੋਲ ਫਰਿਆਦ ਲੈ ਕੇ ਆਈ ਹਾਂ। ਮੇਰੀ ਬਹੂ ਤੇ ਧੀ ਨੂੰ ਤੁਸੀਂ ਹੀ ਛੁਡਾਅ ਸਕਦੇ ਹੋ। ਹਾਏ ਮੇਰਾ ਘਰ ਉੱਜੜ ਗਿਐ।' ਇਕ ਬੁੱਢੀ ਨੇ ਰੋਂਦਿਆਂ ਹੋਇਆਂ ਫਰਿਆਦ ਕੀਤੀ।

'ਮੈਂ ਜੀ, ਕਿਸੇ ਦੇ ਲੜਾਈ ਝਗੜੇ ਵਿਚ ਨਹੀਂ ਪੈਂਦਾ, ਇਸ ਸਾਧਾਰਨ ਦੁਕਾਨਦਾਰ ਹਾਂ। ਮੇਰੇ ਦੋ ਪੁੱਤਰ ਕਾਰੋਬਾਰ ਵਿਚ ਮੇਰਾ ਹੱਥ ਵੰਡਾਉਂਦੇ ਸਨ। ਅਬਦਾਲੀ ਦੇ ਆਦਮੀ ਦੋਹਾਂ ਨੂੰ ਫੜ ਕੇ ਲੈ ਗਏ। ਤੁਹਾਡੇ ਤੋਂ ਉਮੀਦ ਹੈ, ਹੁਣ ਤੁਹਾਡੇ ਕੋਲ ਫਰਿਆਦ ਲੈ ਕੇ ਆਇਆਂ।'

ਸਾਂਵਲ ਦਾਸ ਨਾਂ ਦਾ ਵਪਾਰੀ ਕਹਿ ਰਿਹਾ ਸੀ। ਦੁਰਾਨੀਆਂ ਨੇ ਉਸਦੀ ਦੁਕਾਨ ਤੇ ਘਰ ਦਾ ਸਾਰਾ ਮਾਲ–ਸਾਮਾਨ ਲੁੱਟ ਲਿਆ ਸੀ। ਪਰ ਉਸਦਾ ਉਸਨੂੰ ਏਨਾ ਦੁੱਖ ਨਹੀਂ ਸੀ, ਜਿੰਨਾ ਪੁੱਤਰਾਂ ਨੂੰ ਫੜ ਕੇ ਲੈ ਜਾਣ ਦਾ ਸੀ।

ਫਰਿਆਦੀਆਂ ਵਿਚ ਜਵਾਨ ਸਿੱਖ ਔਰਤ ਵੀ ਸੀ। ਉਸਦੀਆਂ ਅੱਖਾਂ ਵਿਚ ਅੱਥਰੂ ਸਨ ਪਰ ਚਿਹਰਾ ਗੁੱਸੇ ਕਾਰਨ ਲਾਲ ਹੋਇਆ ਹੋਇਆ ਸੀ। ਉਸ ਨੇ ਜੱਸਾ ਸਿੰਘ ਨੂੰ ਕਿਹਾ :–

'ਸਰਦਾਰ ਜੀ, ਮੇਰਾ ਪਤੀ ਤੁਹਾਡੀ ਸੈਨਾ ਦਾ ਹੀ ਇਕ ਬਹਾਦਰ ਸਿਪਾਹੀ ਸੀ। ਸਾਡਾ ਵਿਆਹ ਇਕ ਸਾਲ ਪਹਿਲਾਂ ਹੋਇਆ ਸੀ। ਇਕ ਹਫਤਾ ਹੋਇਆ ਅਸੀਂ ਪਤੀ ਪਤਨੀ ਦੋਹੇਂ ਆਪਣੇ ਘਰ ਬੈਠੇ ਹੋਏ ਸਾਂ ਕਿ ਅਚਾਨਕ ਦੁਰਾਨੀਆਂ ਸਾਨੂੰ ਆ ਘੇਰਿਆ। ਪਤੀ ਨੇ ਮੈਨੂੰ ਤੂੜੀ ਵਾਲੇ ਕੋਠੇ ਵਿਚ ਲੁਕੋ ਦਿੱਤਾ ਤੇ ਆਪ ਕਿਰਪਾਨ ਚੁੱਕ ਕੇ ਦੁਸ਼ਮਣਾਂ ਨਾਲ ਜਾ ਭਿੜਿਆ। ਦੁਰਾਨੀ, ਪੰਜ ਛੇ ਜਣੇ ਸਨ। ਮੇਰਾ ਪਤੀ ਉਨਾਂ ਨਾਲ ਲੜਦਾ ਹੋਇਆ ਜ਼ਖ਼ਮੀ ਹੋ ਗਿਆ ਤੇ ਉਹ ਉਸਨੂੰ ਫੜ ਕੇ ਲੈ ਗਏ। ਤੁਸੀਂ ਸਾਡੀ ਮਦਦ ਕਰੋ। ਮੈਂ ਵੀ ਤੁਹਾਡੇ ਨਾਲ ਲੜਨ ਲਈ ਜਾਵਾਂਗੀ। ਇਹ ਹੈ ਮੇਰੀ ਕਿਰਪਾਨ ਤੇ ਔਹ ਖੜ੍ਹਾ ਮੇਰਾ ਘੋੜਾ।' ਉਸ ਮੁਟਿਆਰ ਨੇ ਤਲਵਾਰ ਮਿਆਨ ਵਿਚੋਂ ਕੱਢੀ ਤੇ ਬਹਾਰ ਵੱਲ ਇਸ਼ਾਰਾ ਕੀਤਾ ਜਿਧਰ ਘੋੜਾ ਖੜਾ ਸੀ।

ਇਸ ਪਿੱਛੋਂ ਦਰਮਿਆਨੇ ਕੱਦ ਦਾ ਇਕ ਹਿੰਦੁਸਤਾਨੀ ਮੁਸਲਮਾਨ ਆਇਆ। ਉਸਨੇ ਕਿਹਾ, 'ਸਰਦਾਰ ਜੀ, ਮੇਰਾ ਨਾਂ ਬਸ਼ੀਰ ਅਹਿਮਦ ਏ। ਪਿੰਡ ਘੌਂਡਾ ਵਿਚ ਰਹਿੰਦਾ ਹਾਂ ਜੀ। ਇਹ ਵਿਦੇਸ਼ੀ ਮੇਰੀ ਬੀਵੀ ਤੇ ਦੋ ਮਮੇਰੀਆਂ ਭੈਣਾਂ ਨੂੰ ਚੁੱਕ ਕੇ ਲੈ ਗਏ ਜੀ।'

ਜੱਸਾ ਸਿੰਘ ਆਹਲੂਵਾਲੀਆ ਦੇ ਇਲਾਵਾ ਚੜਤ ਸਿੰਘ, ਜੈ ਸਿੰਘ, ਹਰੀ ਸਿੰਘ, ਹਕੀਕਤ ਸਿੰਘ, ਗੁੱਜਰ ਸਿੰਘ ਆਦਿ ਹੋਰ ਕਈ ਮਿਸਲਾਂ ਦੇ ਸਰਦਾਰ ਵੀ ਉੱਥੇ ਹਾਜ਼ਰ ਸਨ। ਲੋਕਾਂ ਦੀਆਂ ਦਰਦ ਭਰੀਆਂ ਫਰਿਆਦਾਂ ਸੁਣ ਕੇ ਉਹਨਾਂ ਦਾ ਖ਼ੂਨ ਉਬਾਲੇ ਖਾਣ ਲੱਗ ਪਿਆ।

'ਸਰਦਾਰਜੀ, ਕੀ ਦੱਸਾਂ। ਜੋ ਕੁਝ ਦੇਖਿਆ, ਬਿਆਨ ਨਹੀਂ ਹੋ ਸਕਦਾ। ਇਹ ਸਭ ਦੇਖ ਦੇਖ ਕੇ ਅੱਖਾਂ ਪੱਕ ਗਈਆਂ ਨੇ।' ਨੰਦੂ ਨਾਂ ਦਾ ਇਕ ਬਜ਼ੁਰਗ ਕੁਹਾਰ ਬੋਲਿਆ, 'ਮੈਂ ਕਰਨਾਲ ਵਿਚ ਰਹਿੰਦਾ ਹਾਂ ਜੀ। ਬਾਜ਼ਾਰ ਵਿਚ ਪਿਆਊ ਏ। ਮੈਂ ਪਿਆਊ 'ਤੇ ਬੈਠਾ ਆਉਂਦੇ ਜਾਂਦੇ ਲੋਕਾਂ ਨੂੰ ਪਾਣੀ ਪਿਆਉਂਦਾ ਜੀ। ਉਸ ਦਿਨ ਬੁਲੰਦ ਖਾਂ ਨੇ ਸ਼ਹਿਰ ਦੀਆਂ ਸਾਰੀਆਂ ਜ਼ਨਾਨੀਆਂ ਨੂੰ ਘਰਾਂ 'ਚੋਂ ਕੱਢ ਕੇ ਬਾਜ਼ਾਰ ਵਿਚ ਲਿਆ ਖਲਾਰਿਆ। ਉਨਾਂ 'ਚੋਂ ਜਿਹੜੀ ਜਿਸਨੂੰ ਪਸੰਦ ਆਈ ਚੁਣ ਕੇ ਲੈ ਗਏ। ਮੇਰੀ ਜਵਾਨ ਧੀ ਸੰਤੋ ਨੂੰ ਵੀ ਲੈ ਗਏ ਜੀ।'

'ਕੈਦੀ ਬਣਾਏ ਗਏ ਲੋਕਾਂ ਦੀ ਤਾਦਾਦ ਕਿੰਨੀ ਕੁ ਹੋਏਗੀ ?' ਜੱਸਾ ਸਿੰਘ ਨੇ ਬੇਨਾਮ ਸੂਫੀ ਫਕੀਰ ਤੋਂ ਪੁੱਛਿਆ।

'ਪੱਕੀ ਗਿਣਤੀ ਕੋਈ ਨਹੀਂ। ਪਰ ਤਾਦਾਦ ਕਾਫੀ ਸੀ। ਦੋ ਹਜ਼ਾਰ ਤੋਂ ਉਪਰ ਤਾਂ ਸਿਰਫ ਔਰਤਾਂ ਹੀ ਹੋਣੀਆਂ ਨੇ।'

'ਦੋ ਹਜ਼ਾਰ ਤੋਂ ਉਪਰ ?'

'ਜੀ, ਦੋ ਹਜ਼ਾਰ ਤੋਂ ਉਪਰ।'

ਜੱਸਾ ਸਿੰਘ ਦੀਆਂ ਅੱਖਾਂ ਵਿਚ ਖ਼ੂਨ ਉਤਰ ਆਇਆ। ਤਲਵਾਰ ਮਿਆਨ ਵਿਚੋਂ ਖਿੱਚ ਕੇ ਗਰਜਵੀਂ ਆਵਾਜ਼ ਵਿਚ ਬੋਲੇ :–

'ਗੁਰੂ ਦੇ ਦਰਬਾਰ ਵਿਚ ਕੀਤੀ, ਦੀਨ ਦੁਖੀਆਂ ਦੀ ਫਰਿਆਦ ਅਣਸੁਣੀ ਨਹੀਂ ਕੀਤੀ ਜਾ ਸਕਦੀ। ਖਾਲਸਾ ਗੁਰੂ ਦਾ ਰੂਪ ਹੈ। ਇਹਨਾਂ ਔਰਤਾਂ ਨੂੰ ਦੁਰਾਨੀ ਦੀ ਕੈਦ ਵਿਚੋਂ ਮੁਕਤ ਕਰਵਾਉਣਾ ਖਾਲਸੇ ਦੀ ਜ਼ਿੰਮੇਵਾਰੀ ਹੈ।' ਫੇਰ ਉਹ ਆਪਣੇ ਸਰਦਾਰ ਸਾਥੀਆਂ ਵੱਲ ਭੌਂ ਗਏ, 'ਹੁਣ ਤੱਕ ਇਸ ਦੁਰਾਨੀ ਫੌਜ ਦੇ ਪਿੱਛਲੇ ਹਿੱਸੇ ਨੂੰ ਲੁੱਟਦੇ ਰਹੇ ਹਾਂ ਤੇ ਹੁਣ ਕੁਝ ਚਿਰ ਪਹਿਲਾਂ ਹੀ ਅਸਾਂ ਉਸਨੂੰ ਫੇਰ ਲੁੱਟਣ ਦਾ ਗੁਰਮਤਾ ਪਾਸ ਕੀਤਾ ਏ। ਪਰ ਹੁਣ ਮੁੱਖ ਮਸਲਾ ਉਨਾਂ ਔਰਤਾਂ ਦੀ ਰਿਹਾਈ ਹੈ। ਇਹ ਕੰਮ ਬੜਾ ਕਠਿਨ ਵੀ ਹੈ, ਪਰ ਕੰਮ ਜਿੰਨਾਂ ਕਠਿਨ ਹੈ ਓਨਾਂ ਹੀ ਜ਼ਰੂਰੀ ਵੀ ਹੈ। ਉਸਨੂੰ ਕਰਨਾ ਇਸ ਤੋਂ ਵੀ ਵੱਧ ਜ਼ਰੂਰੀ ਹੈ। ਇਕ ਸੀਤਾ ਦਾ ਹਰਨ ਹੋਇਆ ਤਾਂ ਰਾਮ ਨੇ ਲੰਕਾ ਉਪਰ ਚੜਾਈ ਕਰ ਦਿੱਤੀ...ਸਵਾਲ ਸੀਤਾ ਦੀ ਰਿਹਾਈ ਦਾ ਨਹੀਂ ਸੀ, ਰਘੁਵੰਸ਼ ਦੀ ਇੱਜ਼ਤ ਦਾ ਸੀ। ਹੁਣ ਦੋ ਹਜ਼ਾਰ ਤੋਂ ਵੱਧ ਔਰਤਾਂ ਦਾ ਹਰਨ ਹੋਇਆ ਏ, ਖਾਲਸੇ ਦੀ ਤੇ ਪੂਰੇ ਦੇਸ਼ ਦੀ ਇੱਜ਼ਤ ਦਾਅ 'ਤੇ ਲੱਗੀ ਹੋਈ ਏ। ਅਸੀਂ ਹਰ ਹਾਲਤ ਵਿਚ ਇਨਾਂ ਔਰਤਾਂ ਨੂੰ ਦੁਰਾਨੀ ਦੀ ਕੈਦ ਵਿਚੋਂ ਮੁਕਤ ਕਰਾਉਣਾ ਹੈ।'

ਸਰਬੱਤ ਖਾਲਸਾ ਨੇ ਔਰਤਾਂ ਦੀ ਰਿਹਾਈ ਦਾ ਗੁਰਮਤਾ ਪਾਸ ਕੀਤਾ ਤੇ ਤਿਆਰੀ ਸ਼ੁਰੂ ਹੋ ਗਈ।

**ਚਲਦਾ...**

## ਯੂਰਪ ਦਾ ਸਭ...

ਅਮਰੀਕਾ ਦੀ ਅਗਵਾਈ ਹੇਠ ਪਾਕਿਸਤਾਨ, ਸਾਊਦੀ ਅਰਬ, ਇੰਗਲੈਂਡ, ਮਿਸਰ, ਪੱਛਮੀ ਜਰਮਨੀ ਅਤੇ ਇਜ਼ਰਾਈਲ ਆਦਿ ਨੇ ਮੁਜਾਹਦੀਨ ਨੂੰ ਹਥਿਆਰਾਂ ਨਾਲ ਲੈਸ ਕਰਨਾ ਸ਼ੁਰੂ ਕਰ ਦਿੱਤਾ। ਹੈਲੀਕਾਪਟਰਾਂ ਦਾ ਕਾਲ ਸਮਝੀ ਜਾਣ ਵਾਲੀ ਸਟਿੰਗਰ ਮਿਜ਼ਾਈਲ ਪਹਿਲੀ ਵਾਰ ਇੱਥੇ ਹੀ ਰੂਸੀਆਂ ਖ਼ਿਲਾਫ਼ ਵਰਤੀ ਗਈ ਸੀ। ਦਸ ਸਾਲ ਦੀ ਜੰਗ (15 ਫਰਵਰੀ 1989 ਤਕ) ਵਿਚ 35000 ਤੋਂ ਵੱਧ ਸੈਨਿਕ ਮਰਵਾ ਕੇ ਆਖ਼ਰ ਸੋਵੀਅਤ ਸੰਘ ਨੂੰ ਉੱਥੋਂ ਨਿਕਲਣਾ ਪਿਆ। ਇਸ ਜੰਗ ਦਾ ਸੋਵੀਅਤ ਸੰਘ 'ਤੇ ਮਾਰੂ ਅਸਰ ਹੋਇਆ। ਲੱਕ ਤੋੜਵੀਂ ਹਾਰ ਅਤੇ ਆਰਥਿਕਤਾ ਦੀ ਤਬਾਹੀ ਕਾਰਨ ਤਿੰਨ ਸਾਲਾਂ ਬਾਅਦ ਹੀ 1992 ਵਿਚ ਸੋਵੀਅਤ ਸੰਘ ਖ਼ਤਮ ਹੋ ਗਿਆ।

ਸੱਤ ਅਕਤੂਬਰ 2001 ਨੂੰ ਅਮਰੀਕਾ ਨੇ ਵੀ ਰੂਸ ਵਾਲੀ ਗ਼ਲਤੀ ਕਰ ਲਈ। ਉਸ ਨੇ 9 ਸਤੰਬਰ 2001 ਨੂੰ ਅਮਰੀਕਾ ਦੇ ਕਈ ਅਹਿਮ ਟਿਕਾਣਿਆਂ 'ਤੇ ਹਵਾਈ ਜਹਾਜ਼ਾਂ ਰਾਹੀਂ ਹਮਲੇ ਕਰਵਾਉਣ ਦੇ ਦੋਸ਼ੀ ਓਸਾਮਾ–ਬਿਨ–ਲਾਦੇਨ ਨੂੰ ਫੜਨ ਅਤੇ ਉਸ ਦੀ ਪੁਸ਼ਤ–ਪਨਾਹੀ ਕਰਨ ਵਾਲੇ ਤਾਲਿਬਾਨ ਨੂੰ ਸਜ਼ਾ ਦੇਣ ਲਈ ਅਫ਼ਗਾਨਿਸਤਾਨ 'ਤੇ ਹਮਲਾ ਕਰ ਦਿੱਤਾ। ਤਾਲਿਬਾਨ ਦਾ ਤਖ਼ਤਾ ਪਲਟ ਦਿੱਤਾ ਗਿਆ ਅਤੇ 2 ਮਈ 2011 ਨੂੰ ਲਾਦੇਨ ਵੀ ਪਾਕਿਸਤਾਨ ਦੇ ਐਬਟਾਬਾਦ ਸ਼ਹਿਰ ਵਿਖੇ ਮਾਰਿਆ ਗਿਆ। ਪਰ 20 ਸਾਲ ਦੀ ਲੰਬੀ ਲੜਾਈ ਤੋਂ ਬਾਅਦ ਵੀ ਅਮਰੀਕਾ ਤਾਲਿਬਾਨ ਨੂੰ ਖ਼ਤਮ ਨਾ ਕਰ ਸਕਿਆ ਤੇ ਆਖ਼ਰ 30 ਅਗਸਤ 2021 ਨੂੰ ਉਸ ਨੇ ਅਫ਼ਗਾਨਿਸਤਾਨ ਖ਼ਾਲੀ ਕਰ ਦਿੱਤਾ। ਤਾਲਿਬਾਨ ਨੇ ਸਿਰਫ਼ 15–20 ਦਿਨਾਂ 'ਚ ਹੀ ਸਾਰੇ ਦੇਸ਼ ਨੂੰ ਆਪਣੇ ਕਬਜ਼ੇ ਹੇਠ ਲੈ ਲਿਆ। ਅਮਰੀਕੀ ਫ਼ੌਜ ਨੂੰ ਜੰਗੀ ਜਹਾਜ਼ਾਂ ਅਤੇ ਹੈਲੀਕਾਪਟਰਾਂ ਸਮੇਤ ਅਰਬਾਂ ਡਾਲਰ ਦਾ ਗੋਲਾ–ਬਾਰੂਦ ਅਫ਼ਗਾਨਿਸਤਾਨ ਵਿਚ ਹੀ ਛੱਡ ਕੇ ਭੱਜਣਾ ਪਿਆ। ਹੁਣ ਰੂਸ ਬਹੁਤ ਹੀ ਵਿਕਟ ਸਥਿਤੀ 'ਚ ਫਸਿਆ ਹੋਇਆ ਹੈ। ਖ਼ਦਸ਼ਾ ਹੈ ਕਿ ਸ਼ਾਇਦ ਯੁੱਧ ਨੂੰ ਜਲਦੀ ਖ਼ਤਮ ਕਰਨ ਦੀ ਸਨਕ ਵਿਚ ਪੁਤਿਨ ਐਟਮੀ ਤੇ ਕੈਮੀਕਲ ਹਥਿਆਰ ਵਰਤਣ ਦੀ ਗ਼ਲਤੀ ਨਾ ਕਰ ਬੈਠੇ।

## ਪੰਜਾਬ ਦੀ ਰਾਜਧਾਨੀ...

ਚੰਡੀਗੜ੍ਹ 'ਤੇ ਹੱਕੀ ਦਾਅਵੇ ਦੀ ਬੁਨਿਆਦ ਪੰਜਾਬ ਦੇ ਇਤਿਹਾਸ ਨਾਲ ਜੁੜੀ ਹੋਈ ਹੈ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਦੁਆਰਾ ਚੁੱਕਿਆ ਗਿਆ ਇਹ ਕਦਮ ਪੰਜਾਬ ਰੀਆਰਗੇਨਾਈਜੇਸ਼ਨ ਐਕਟ 1966 ਦੇ ਵਿਰੁੱਧ ਹੈ ਅਤੇ ਪੰਜਾਬ ਚੰਡੀਗੜ੍ਹ 'ਤੇ ਆਪਣੇ ਬਣਦੇ ਦਾਅਵੇ ਲਈ ਪੂਰੀ ਤਾਕਤ ਨਾਲ ਲੜੇਗਾ। ਪੰਜਾਬ ਦੇ ਹੋਰ ਆਗੂਆਂ ਨੇ ਵੀ ਅਜਿਹੀਆਂ ਭਾਵਨਾਵਾਂ ਪ੍ਰਗਟਾਈਆਂ ਹਨ। ਭੁਲੱਥ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਭਾਜਪਾ ਦੀ ਕੇਂਦਰ ਸਰਕਾਰ ਵੱਲੋਂ ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਖੋਹਣ ਦੇ ਤਾਨਾਸ਼ਾਹੀ ਫੈਸਲੇ ਦੀ ਸਖ਼ਤ ਨਿਖੇਧੀ ਕੀਤੀ ਹੈ। ਖਹਿਰਾ ਨੇ ਕਿਹਾ ਕਿ ਚੰਡੀਗੜ੍ਹ ਪੰਜਾਬ ਦਾ ਹੈ ਅਤੇ ਇਹ ਇਕਤਰਫਾ ਫੈਸਲਾ ਨਾ ਸਿਰਫ ਸੰਘਵਾਦ 'ਤੇ ਸਿੱਧਾ ਹਮਲਾ ਹੈ ਸਗੋਂ ਕੇਂਦਰ ਸ਼ਾਸਤ ਪ੍ਰਦੇਸ਼ 'ਤੇ ਪੰਜਾਬ ਦੇ 60 ਫੀਸਦੀ ਕੰਟਰੋਲ 'ਤੇ ਵੀ ਹਮਲਾ ਹੈ।ਖਹਿਰਾ ਨੇ ਕਿਹਾ ਕਿ ਇਸ ਦਾ ਮਤਲਬ ਇਹ ਹੈ ਕਿ ਚੰਡੀਗੜ੍ਹ ਵਿਚ ਤਾਇਨਾਤ ਮੁਲਾਜ਼ਮ ਹੁਣ ਪੰਜਾਬ ਦੇ ਸੇਵਾ ਨਿਯਮਾਂ ਦੇ ਅਧੀਨ ਨਹੀਂ ਰਹਿਣਗੇ। ਖਹਿਰਾ ਨੇ ਕਿਹਾ ਕਿ ਇਹ ਕੇਂਦਰ ਸਰਕਾਰ ਵੱਲੋਂ ਕੀਤਾ ਗਿਆ ਧੋਖਾ ਹੈ।ਖਹਿਰਾ ਨੇ ਕਿਹਾ ਕਿ ਮਾਨ ਨੂੰ ਇਸ 'ਤੇ ਸਪੱਸ਼ਟ ਅਤੇ ਸਖ਼ਤ ਸਟੈਂਡ ਲੈਣਾ ਚਾਹੀਦਾ ਹੈ ਕਿਉਂਕਿ ਇਸ ਕਦਮ ਨਾਲ ਚੰਡੀਗੜ੍ਹ 'ਤੇ ਪੰਜਾਬ ਦਾ ਦਾਅਵਾ ਕਮਜ਼ੋਰ ਹੋਵੇਗਾ।

ਦਿੱਲੀ ਦੇ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦਾ ਕਹਿਣਾ ਹੈ ਕਿ 'ਆਪ' ਦੇ ਵਧਦੇ ਸਿਆਸੀ ਘੇਰੇ ਨੂੰ ਦੇਖਦਿਆਂ ਕੇਂਦਰ ਸਰਕਾਰ ਨੇ ਬੁਖਲਾਹਟ ਵਿਚ ਇਹ ਕਦਮ ਚੁੱਕਿਆ ਹੈ। ਸਿਆਸੀ ਧਿਰਾਂ ਦਾ ਕਹਿਣਾ ਹੈ ਕਿ ਚੰਡੀਗੜ੍ਹ ਦੇ ਮੁਲਾਜ਼ਮਾਂ 'ਤੇ ਪੰਜਾਬ ਸੇਵਾਵਾਂ ਨਿਯਮ ਲਾਗੂ ਹੋਣਾ ਇਸ ਗੱਲ ਦਾ ਪ੍ਰਤੀਕ ਸੀ ਕਿ ਚੰਡੀਗੜ੍ਹ ਉੱਤੇ ਮੁੱਢਲਾ ਹੱਕ ਪੰਜਾਬ ਦਾ ਹੈ। ਉਨਾਂ ਕਿਹਾ ਕਿ ਮੁਲਾਜ਼ਮਾਂ ਨੂੰ ਰਾਹਤ ਦੇਣ ਲਈ ਕੇਂਦਰ ਸਰਕਾਰ ਕੋਈ ਹੋਰ ਰਾਹ ਕੱਢ ਸਕਦੀ ਸੀ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਭਾਜਪਾ ਦੀ ਕੇਂਦਰ ਸਰਕਾਰ ਤਾਨਾਸ਼ਾਹੀ ਰਵੱਈਆ ਅਪਣਾ ਕੇ ਲਗਾਤਾਰ ਪੰਜਾਬ ਵਿਰੋਧੀ ਫ਼ੈਸਲੇ ਲੈ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਤੇ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਚੰਡੀਗੜ੍ਹ ਦੇ ਮੁਲਾਜ਼ਮਾਂ ਲਈ ਕੇਂਦਰੀ ਸਿਵਲ ਸੇਵਾਵਾਂ ਨਿਯਮ ਲਾਗੂ ਕਰਨ ਦਾ ਫ਼ੈਸਲਾ ਨਾ ਸਿਰਫ਼ ਪੰਜਾਬ ਪੁਨਰਗਠਨ ਐਕਟ ਦੀ ਉਲੰਘਣਾ ਹੈ ਬਲਕਿ ਇਹ ਰਾਜੀਵ ਗਾਂਧੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਰਮਿਆਨ ਹੋਏ ਸਮਝੌਤੇ ਅਤੇ ਇਸ ਤੋਂ ਬਾਅਦ ਦੇ ਸਾਰੇ ਕਮਿਸ਼ਨਾਂ ਦੀ ਉਲੰਘਣਾ ਹੈ। ਉਨਾਂ ਵਿਚ ਕਿਹਾ ਗਿਆ ਸੀ ਕਿ ਪੰਜਾਬ ਦਾ ਚੰਡੀਗੜ੍ਹ ਪ੍ਰਸ਼ਾਸਨ ਵਿੱਚ ਵੱਡਾ ਹਿੱਸਾ ਬਣਦਾ ਹੈ। ਅਕਾਲੀ ਆਗੂ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਹ ਮਾਮਲਾ ਭਾਵਨਾਵਾਂ ਦਾ ਹੈ ਅਤੇ ਪੰਜਾਬ ਤੇ ਪੰਜਾਬੀਆਂ ਦੀ ਚੰਡੀਗੜ੍ਹ ਨਾਲ ਡੂੰਘੀ ਸਾਂਝ ਹੈ। ਕੇਂਦਰ ਸਰਕਾਰ ਦਾ ਇਹ ਫ਼ੈਸਲਾ ਪੰਜਾਬ ਦੇ ਹੱਕਾਂ ਉੱਪਰ ਡਾਕਾ ਹੈ ।

ਸਾਬਕਾ ਰਾਜ ਸਭਾ ਮੈਂਬਰ ਅਤੇ ਕਾਂਗਰਸੀ ਵਿਧਾਇਕ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਕੇਂਦਰ ਦਾ ਚੰਡੀਗੜ੍ਹ ਦੇ ਮੁਲਾਜ਼ਮਾਂ 'ਤੇ ਕੇਂਦਰੀ ਨਿਯਮ ਲਾਗੂ ਕਰਨ ਦਾ ਫ਼ੈਸਲਾ ਸੰਘੀ ਢਾਂਚੇ ਨੂੰ ਸੱਟ ਮਾਰਨ ਵਾਲਾ ਹੈ। ਇਸ ਖ਼ਿਲਾਫ਼ ਲੜਾਈ ਲਈ ਕਾਨੂੰਨੀ ਬਦਲ ਤਲਾਸ਼ੇ ਜਾਣੇ ਚਾਹੀਦੇ ਹਨ। ਮੁੱਖ ਮੰਤਰੀ ਨੂੰ ਫ਼ੌਰੀ ਐਡਵੋਕੇਟ ਜਨਰਲ ਨਾਲ ਮਸ਼ਵਰਾ ਕਰਨਾ ਚਾਹੀਦਾ ਹੈ।

## ਅਜੋਕੇ ਸਮਾਜ ਵਿਚ...

ਕਹਿਣ ਨੂੰ ਤਾਂ 21ਵੀਂ ਸਦੀ ਆਧੁਨਿਕਤਾ ਦੀ ਸਦੀ ਹੈ ਪਰ ਔਰਤ ਪ੍ਰਤੀ ਨਜ਼ਰੀਏ ਸਬੰਧੀ ਇਹ ਕਿੰਨੀ ਕੁ ਆਧੁਨਿਕ ਹੈ ? ਬਾਰੇ ਵਿਚਾਰਨਾ ਬਣਦਾ ਹੈ। ਵੇਸਵਾਪੁਣੇ ਲਈ ਮਜਬੂਰ ਔਰਤ ਨੂੰ ਸਮਾਜ ਵਿੱਚ 'ਮਾੜੀ' ਤਾਂ ਗਿਣਿਆ ਜਾਂਦਾ ਹੈ ਪਰ ਕਦੇ ਇਸਦੇ ਉਪਜਣ ਲਈ ਜ਼ਿੰਮੇਵਾਰ ਕਾਰਨਾਂ ਬਾਰੇ ਕੀ ਕਦੇ ਸੋਚਿਆ ਜਾਂਦਾ ਹੈ ? ਇੰਝ ਕਮਾਏ ਪੈਸੇ ਨਾਲ ਉਹ ਕੀ ਕਰਦੀ ਹੈ ? ਕੀ ਉਸਦਾ ਵੀ ਕੋਈ ਆਪਣਾ ਪਰਿਵਾਰ ਹੈ ? ਇਨਾਂ ਸਵਾਲਾਂ ਦੇ ਜਵਾਬ ਤਲਾਸ਼ਣ ਦੀ ਕਦੇ ਕੋਸ਼ਿਸ਼ ਕੀਤੀ ਜਾਂਦੀ ਹੈ ?

ਕੁਝ ਸਮਾਂ ਪਹਿਲਾਂ ਇਹ ਸੋਚ ਉੱਭਰ ਰਹੀ ਸੀ ਕਿ ਜਿਵੇਂ ਜਿਵੇਂ ਦੇਸ਼ ਤਰੱਕੀ ਕਰੇਗਾ, ਲੋਕਾਂ ਵਿੱਚ ਜਾਗ੍ਰਿਤੀ ਵਧੇਗੀ ਤਾਂ ਸਮਾਜ ਵਿੱਚ ਦਾਜ ਤੇ ਮਹਿੰਗੇ ਵਿਆਹਾਂ ਦਾ ਰਿਵਾਜ ਘਟ ਜਾਏਗਾ ਤੇ ਆਖ਼ਰ ਖ਼ਤਮ ਹੋ ਜਾਵੇਗਾ, ਪਰ ਹੋਇਆ ਇਸਦੇ ਬਿਲਕੁਲ ਉਲਟ। ਪਿਛਲੇ ਵੀਹ ਤੀਹ ਸਾਲਾਂ ਤੋਂ ਇਹ ਰਿਵਾਜ਼ ਹੋਰ ਵਧ ਗਿਆ ਹੈ ਅਤੇ ਇਸਦਾ ਰੂਪ ਵੀ ਨਿਰੰਤਰ ਬਦਲਦਾ ਜਾ ਰਿਹਾ ਹੈ। ਘਰੇਲੂ ਪੱਖੀਆਂ ਤੋਂ ਵਧਦਾ ਦਾਜ ਹੁਣ ਏਸੀ, ਕਾਰਾਂ ਤੱਕ ਪਹੁੰਚ ਗਿਆ ਹੈ। ਛੋਟੇ ਵੱਡਿਆਂ ਦੀ ਰੀਸ ਕਰਦੇ ਹਨ ਤੇ ਵੱਡੇ ਆਪਣਿਆ ਤੋਂ ਹੋਰ ਵੱਡਿਆਂ ਦੀ। ਫਲਾਣੇ ਮੰਤਰੀ ਜਾਂ ਅਫ਼ਸਰ ਨੇ ਆਪਣੀ ਕੁੜੀ ਦੇ ਵਿਆਹ ਵਿੱਚ ਇਹ ਗੱਡੀ ਦਿੱਤੀ। ਕੀ ਅਜਿਹੇ ਵਰਤਾਰੇ ਦਾਜ ਨੂੰ ਵਧਾਵਾ ਨਹੀਂ ਦੇ ਰਹੇ ? ਜੇ ਪੜਿਆ ਲਿਖਿਆ ਸਥਾਪਤ ਪਰਿਵਾਰ ਜਾਂ ਵੱਡੇ ਅਫ਼ਸਰ, ਮੰਤਰੀ ਆਦਿ ਸਾਦੇ ਢੰਗ ਨਾਲ ਵਿਆਹ ਕਰਦੇ ਹਨ ਤਾਂ ਨਿਮਨ ਵਰਗ ਆਪਣੇ ਆਪ ਇਸਦਾ ਬਹੁਤ ਪ੍ਰਭਾਵ ਕਬੂਲ ਕਰ ਸਕਦਾ ਹੈ, ਪਰ ਇਹ ਵੱਡੇ ਤਾਂ ਕਰੋਨਾ ਲੌਕਡਾਊਨ ਦੌਰਾਨ ਵੀ ਨਿਯਮਾਂ ਨੂੰ ਛਿੱਕੇ ਢੰਗ ਕੇ ਵਿਆਹਾਂ ਤੋਂ 'ਤੇ ਸ਼ਾਹੀ ਖ਼ਰਚ 'ਤੇ ਵਿਖਾਵਾ ਕਰਨ ਤੋਂ ਬਾਜ਼ ਨਹੀਂ ਆਏ।

ਸੁਪਰੀਮ ਕੋਰਟ ਨੇ ਬੇਸ਼ੱਕ ਲੜਕੀ ਨੂੰ ਪਿਤਾ ਦੀ ਜਾਇਦਾਦ ਵਿੱਚੋਂ ਪੁੱਤਰ ਦੇ ਬਰਾਬਰ ਹੱਕ ਦੇ ਦਿੱਤਾ ਹੈ ਪਰ ਕਿ ਵਿਹਾਰ ਦੇ ਵਿੱਚ ਅਜਿਹਾ ਕਰਕੇ ਇੱਕ ਲੜਕੀ ਅੱਗੇ ਤੋਂ ਆਪਣੇ ਭਰਾਵਾਂ ਜਾਂ ਪਰਿਵਾਰ ਦੇ ਹੋਰ ਮੈਂਬਰਾਂ ਨਾਲ ਵਰਤਣ ਦੇ ਕਾਬਲ ਰਹਿ ਸਕਦੀ ਹੈ ? ਦੋ ਭਰਾ ਪਿਤਾ ਦੀ ਜਾਇਦਾਦ ਵਿੱਚ ਬਰਾਬਰ ਦਾ ਹਿੱਸਾ ਲੈ ਕੇ ਆਪਸ ਵਿੱਚ ਵਧੀਆ ਵਰਤਦੇ ਹਨ ਪਰ ਜੇ ਲੜਕੀ ਹਿੱਸਾ ਲੈਂਦੀ ਤਾਂ ਪੇਕੇ ਪਰਿਵਾਰ ਦੇ ਨਾਲ ਨਾਲ ਸਮਾਜ ਦੇ ਤਾਹਨੇ-ਮਿਹਣੇ ਤੇ ਨਫ਼ਰਤ ਦਾ ਸ਼ਿਕਾਰ ਬਣਦੀ ਹੈ। ਸਾਡਾ ਸਮਾਜ ਸਦੀਆਂ ਤੋਂ ਮਰਦ ਪ੍ਰਧਾਨ ਰਿਹਾ ਹੈ। ਇੱਥੇ ਮਰਦਾਂ ਦੀ ਵਿਚਾਰਧਾਰਾ ਹੀ ਜ਼ਿਆਦਾਤਰ ਸਮਾਜ ਦੀ ਬੁਨਿਆਦ ਮੰਨੀ ਜਾਂਦੀ ਹੈ ਤੇ ਇਹੀ ਵਿਚਾਰਧਾਰਾ ਕਿਤੇ ਨਾ ਕਿਤੇ ਅੱਜ ਵੀ ਚੱਲ ਰਹੀ ਹੈ ਕਿਉਂਕਿ 'ਗਿੱਚੀ ਪਿੱਛੇ ਮੱਤ' ਵਾਲੀ ਧਾਰਨਾ ਪੜੇ ਲਿਖੇ ਵਰਗ ਵਿੱਚ ਵੀ ਬਲਵਾਨ ਹੈ। ਔਰਤ ਆਪਣੇ ਆਜ਼ਾਦ ਫ਼ੈਸਲੇ ਲੈਣ ਦੀ ਹੱਕਦਾਰ ਨਹੀਂ। ਔਰਤ ਅਸਹਿ ਪੀੜ ਸਹਿ ਕੇ ਬੱਚੇ ਨੂੰ ਜਨਮ ਦਿੰਦੀ ਹੈ, ਇਨਸਾਨੀ ਜ਼ਾਤ ਨੂੰ ਅਗਾਂਹ ਵਧਾਉਂਦੀ ਹੈ, ਪਰ ਨਾਮ ਜੁੜਦਾ ਹੈ ਪਹਿਲਾਂ ਪਿਤਾ ਦਾ। ਕਿਉਂ ?

ਅੱਜ ਔਰਤ ਆਰਥਿਕ ਪ੍ਰਬੰਧ ਦੇ ਜ਼ਰੂਰੀ ਅੰਗ ਵਜੋਂ ਵੀ ਵਿਚਰ ਰਹੀ ਹੈ। ਕਈ ਪਰਿਵਾਰ ਅਜਿਹੇ ਹਨ ਜਿਨਾਂ ਦਾ ਔਰਤ ਦੀ ਕਮਾਈ ਤੋਂ ਬਿਨਾਂ ਗੁਜ਼ਾਰਾ ਨਹੀਂ। ਔਰਤ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਇੱਕੋ ਵੇਲੇ ਨਿਭਾ ਰਹੀ ਹੈ। ਆਰਥਿਕਤਾ ਦੇ ਨਾਲ ਨਾਲ ਉਸਨੇ ਰਾਜਨੀਤਕ ਚੇਤਨਾ ਵਿੱਚ ਵੀ ਪੈਰ ਪਸਾਰਨੇ ਸ਼ੁਰੂ ਕੀਤੇ ਹਨ, ਪਰ ਇਹ ਤਬਦੀਲੀ ਵੀ ਔਰਤ ਦੀ ਸਥਿਤੀ 'ਚ ਅਸਲ ਤਬਦੀਲੀ ਨਹੀਂ ਲਿਆ ਸਕੀ। ਆਰਥਿਕਤਾ ਦੇ ਘੇਰੇ ਵਿੱਚ ਕੇਵਲ ਪੜੀ ਲਿਖੀ ਨੌਕਰੀ ਪੇਸ਼ਾ ਔਰਤ ਹੀ ਨਹੀਂ ਆਉਂਦੀ ਬਲਕਿ ਪਿੰਡਾਂ ਵਿੱਚ ਕੰਮ ਕਰਦੀਆਂ ਔਰਤਾਂ ਵੀ ਆਪਣੀ ਦਿਹਾੜੀ ਮਜ਼ਦੂਰੀ ਰਾਹੀਂ ਇਸ ਵਿੱਚ ਹਿੱਸਾ ਪਾਉਂਦੀਆਂ ਹਨ। ਪੇਂਡੂ ਇਸਤਰੀਆਂ ਖੇਤੀ ਕਾਰਜਾਂ ਵਿੱਚ ਵੀ ਆਪਣੇ ਪਤੀ ਦੀ ਸਹਾਇਤਾ ਕਰਦੀਆਂ ਹਨ ਅਤੇ ਕੁਝ ਕੁ ਸਿਖਲਾਈ ਕਾਰਜਾਂ ਵਿੱਚ ਵੀ ਮਸਰੂਫ਼ ਰਹਿੰਦੀਆਂ ਹਨ, ਪਰ ਉਨਾਂ ਦੇ ਕੰਮ ਨੂੰ ਗਿਣਿਆ ਨਹੀਂ ਜਾਂਦਾ। ਪੇਂਡੂ ਸੁਆਣੀ ਆਪਣੀਆਂ ਘਰੇਲੂ ਲੋਕ ਕਲਾਵਾਂ ਜਾਂ ਕਿੱਤਿਆਂ ਜ਼ਰੀਏ ਆਪਣੀ ਸੁਹਜਾਤਮਕਤਾ ਤੇ ਆਰਥਿਕਤਾ ਦੋਵਾਂ ਦਾ ਹੀ ਪ੍ਰਗਟਾਵਾ ਕਰਦੀਆਂ ਹਨ, ਪਰ ਇਸਨੂੰ ਕਦੇ ਵੀ ਆਰਥਿਕਤਾ 'ਚ ਯੋਗਦਾਨ ਵਜੋਂ ਨਹੀਂ ਦੇਖਿਆ ਜਾਂਦਾ।

ਅਜੋਕੇ ਸਮਾਜ ਵਿੱਚ ਨਾਅਰੇ ਤਾਂ 'ਔਰਤ ਦੀ ਮਰਦ ਨਾਲ ਬਰਾਬਰੀ' ਦੇ ਲਾਏ ਜਾਂਦੇ ਹਨ ਪਰ ਕਿਥੇ ਹੈ ਇਹ ਬਰਾਬਰੀ। ਖੇਤਾਂ ਵਿੱਚ ਮਜ਼ਦੂਰੀ ਕਰਦੀ ਔਰਤ ਦੀ ਸਥਿਤੀ ਦੇਖ, ਜਿੱਥੇ ਭਾਰੀ ਵਿਤਕਰਾ ਹੈ। ਇਕ ਔਰਤ, ਦੂਜੀ ਦਲਿਤ ਤੇ ਤੀਜਾ ਖੇਤ ਵਿੱਚ ਮਜ਼ਦੂਰੀ ਕਰਦੀ, ਇਹ ਸਥਿਤੀ ਵਿਚਾਰੀ ਜਾਣੀ ਬਣਦੀ ਹੈ। ਉਸ ਨਾਲ ਕੰਮ ਪਾਉਣ ਸਣੇ ਉਜਰਤ ਵਿਚ ਵੀ ਵਿਤਕਰਾ ਹੁੰਦਾ ਹੈ ਤੇ ਮਰਦ ਤੋਂ ਘੱਟ ਮਜ਼ਦੂਰੀ ਮਿਲਦੀ ਹੈ। ਵਿਕਸਤ ਪੂੰਜੀਵਾਦ ਨੇ ਔਰਤ ਦੇ ਸ਼ੋਸ਼ਣ ਵਿੱਚ ਹੋਰ ਵੀ ਵਾਧਾ ਕੀਤਾ ਹੈ। ਆਧੁਨਿਕ ਤਬਦੀਲੀ ਔਰਤ ਦੀ ਬਿਹਤਰੀ ਵੱਲ ਬਹੁਤਾ ਰੁਖ਼ ਨਹੀਂ ਕਰ ਸਕੀ। ਇਸ ਤਬਦੀਲੀ ਨੇ ਮਨੁੱਖੀ ਸੋਚ ਨੂੰ ਸਵੱਛ ਕਰਨ ਦਾ ਹੋਕਾ ਦੇ ਕੇ ਮਨੁੱਖੀ ਰਿਸ਼ਤਿਆਂ ਨੂੰ ਹੋਰ ਵੀ ਗੰਧਲਾ ਕਰ ਦਿੱਤਾ ਹੈ। ਔਰਤ ਆਰਥਿਕਤਾ ਵਿੱਚ ਯੋਗਦਾਨ ਤਾਂ ਪਾ ਰਹੀ ਹੈ ਪਰ ਨਿਰਭਰ ਮਰਦ 'ਤੇ ਹੀ ਹੈ।

ਸੋ, ਆਓ ਅਸੀਂ ਮਿਲ ਕੇ ਅਜਿਹੇ ਸਮਾਜ ਦੀ ਸਿਰਜਣਾ ਕਰੀਏ ਜਿੱਥੇ ਔਰਤ ਤੇ ਮਰਦ ਦਾ ਬਰਾਬਰੀ ਦਾ ਦਰਜਾ ਹੋਵੇ। ਜਿੱਥੇ ਉਹ ਇੱਕ ਦੂਜੇ ਦੀ ਕਾਬਲੀਅਤ ਦੀ ਕਦਰ ਕਰਨ ਅਤੇ ਇੱਕ ਦੂਜੇ ਦੀਆਂ ਕਮੀਆਂ ਨੂੰ ਸੁਧਾਰਨ ਪ੍ਰਤੀ ਸਹਿਣਸ਼ੀਲਤਾ ਤੋਂ ਕੰਮ ਲੈਣ। ਅਜਿਹਾ ਸੁਖਾਵਾਂ ਮਾਹੌਲ ਸਿਰਜਣ ਦੀ ਜ਼ਿੰਮੇਵਾਰੀ ਸਾਡੀ ਸਭ ਦੀ ਹੈ ਅਤੇ ਇਸ ਵਿੱਚ ਆਪੋ ਆਪਣੀ ਭੂਮਿਕਾ ਅਦਾ ਕਰਨਾ ਸਭ ਦਾ ਫ਼ਰਜ਼ ਹੈ। ਸਾਡੀ ਜ਼ਿੰਮੇਵਾਰੀ ਹੈ ਔਰਤ ਦੀ ਮਾਨਸਿਕਤਾ ਨੂੰ ਸਮਝਣ ਦੀ। ਉਸਨੂੰ ਮਾਨਸਿਕ ਸੁਤੰਤਰਤਾ ਦੇਣ ਦੀ। ਸਿੱਖਿਆ ਦੌਰਾਨ ਆ ਰਹੀਆਂ ਮਾਨਸਿਕ ਤੇ ਹੋਰ ਰੁਕਾਵਟਾਂ ਨੂੰ ਦੂਰ ਕਰਨ ਦੀ। ਪਰਿਵਾਰ ਨੂੰ, ਸਮਾਜ ਨੂੰ ਉਸਦੇ ਹਮਸਫ਼ਰ ਨੂੰ ਹਮੇਸ਼ਾ ਔਰਤ ਦਾ ਸਾਥ ਦੇਣਾ ਚਾਹੀਦਾ ਹੈ, ਤਦ ਕੋਈ ਵੀ ਅਜਿਹੀ ਤਾਕਤ ਨਹੀਂ ਜੋ ਔਰਤ ਦੇ ਪੈਰਾਂ ਦੀਆਂ ਬੇੜੀਆਂ ਬਣ ਸਕੇ। ਸਮਾਜ ਵਿੱਚ ਜਦੋਂ ਵੀ ਕੋਈ ਤਬਦੀਲੀ ਵਾਪਰਦੀ ਹੈ, ਸੁਧਾਰ ਹੁੰਦਾ ਹੈ, ਸ਼ੁਰੂਆਤ ਇੱਕ ਵਿਅਕਤੀ ਤੋਂ ਹੀ ਹੁੰਦੀ ਹੈ ਤੇ ਹੌਲੀ ਹੌਲੀ ਉਸ ਨਾਲ ਕਾਫ਼ਲਾ ਜਾ ਜੁੜਦਾ ਹੈ। ਇਸੇ ਤਰਾਂ ਹੀ ਔਰਤ ਨੂੰ ਖ਼ੁਦ ਹੀ ਆਪਣੇ ਹੁੰਦੇ ਸ਼ੋਸ਼ਣ ਵਿਰੁੱਧ ਆਵਾਜ਼ ਉਠਾ ਕੇ ਪਹਿਲ ਕਰਨੀ ਚਾਹੀਦੀ ਹੈ। ਖ਼ਾਸ ਤੌਰ 'ਤੇ ਔਰਤ ਨੂੰ ਔਰਤ ਦੀ ਸਹਾਇਕ ਬਣਨਾ ਚਾਹੀਦਾ ਹੈ। ਸਰਕਾਰ ਨੂੰ ਔਰਤਾਂ ਦੀ ਸੁਰੱਖਿਆ ਦੀ ਪੂਰੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਸਿਰਫ਼ ਅਜ਼ਾਦੀ ਦੇ ਅਧਿਕਾਰ ਨਾਲ ਹੀ ਨਹੀਂ ਬਲਕਿ ਸਮਾਜ ਦਾ ਔਰਤ ਪ੍ਰਤੀ ਸੋਚ ਤੇ ਨਜ਼ਰੀਆ ਬਦਲਣ ਦੀ ਸਖ਼ਤ ਜ਼ਰੂਰਤ ਹੈ।

## ਨਵੀਂ ਪੰਜਾਬ ਸਰਕਾਰ...

ਯੁਵਕਾਂ ਵਿਚ ਬੇਰੁਜ਼ਗਾਰੀ ਦੀ ਦਰ 22 ਫ਼ੀਸਦ ਦੇ ਲਗਭਗ ਹੈ। ਕੁਝ ਸਾਲ ਪਹਿਲਾਂ ਵਿਧਾਨ ਸਭਾ ਵਿਚ ਪੇਸ਼ ਅੰਕੜਿਆਂ ਮੁਤਾਬਿਕ ਪੰਜਾਬ ਵਿਚ 15 ਲੱਖ ਬੇਰੁਜ਼ਗਾਰ ਸਨ, ਮਾਹਿਰਾਂ ਦੇ ਅੰਦਾਜ਼ਿਆਂ ਅਨੁਸਾਰ ਪੰਜਾਬ ਵਿਚ ਬੇਰੁਜ਼ਗਾਰਾਂ ਦੀ ਗਿਣਤੀ 22 ਤੋਂ 25 ਲੱਖ ਹੈ। ਪਿਛਲੀ ਸਰਕਾਰ ਦੁਆਰਾ ਘਰ ਘਰ ਰੁਜ਼ਗਾਰ ਦਾ ਵਾਅਦਾ ਵੀ ਸਿਆਸੀ ਜੁਮਲੇ ਤੱਕ ਹੀ ਸੀਮਤ ਰਿਹਾ। ਇੰਨੀ ਵੱਡੀ ਬੇਰੁਜ਼ਗਾਰੀ ਅਤੇ ਨਸ਼ਿਆਂ ਦੀ ਗੰਭੀਰ ਸਮੱਸਿਆ ਸਾਡੇ ਨੌਜਵਾਨਾਂ ਨੂੰ ਵਿਦੇਸ਼ ਜਾਣ ਲਈ ਮਜਬੂਰ ਕਰ ਰਹੀ ਹੈ। 25000 ਅਸਾਮੀਆਂ ਭਰਨ ਦਾ ਫੈਸਲਾ ਚੰਗੀ ਸ਼ੁਰੂਆਤ ਹੈ ਪਰ ਚੰਗਾ ਹੋਵੇਗਾ ਜੇ ਬਾਕੀ ਖਾਲੀ ਅਸਾਮੀਆਂ ਵੀ ਜਲਦੀ ਭਰ ਲਈਆਂ ਜਾਣ ਅਤੇ ਪ੍ਰਾਈਵੇਟ ਖੇਤਰਾਂ ਵਿਚ ਰੁਜ਼ਗਾਰ ਵਧਾਉਣ ਦੇ ਯਤਨ ਕੀਤੇ ਜਾਣ। ਰੁਜ਼ਗਾਰ ਦੇ ਮੌਕਿਆਂ ਲਈ ਸਰਕਾਰੀ ਅਤੇ ਪ੍ਰਾਈਵੇਟ ਨਿਵੇਸ਼ ਵਧਾਉਣ ਦੀ ਲੋੜ ਹੈ। ਇਸ ਲਈ ਜਿਥੇ ਸਰਕਾਰ ਪਾਸ ਲੋੜੀਂਦੇ ਵਿੱਤੀ ਸਾਧਨ ਹੋਣੇ ਚਾਹੀਦੇ ਹਨ, ਉਥੇ ਰਾਜ ਅੰਦਰ ਪ੍ਰਾਈਵੇਟ ਨਿਵੇਸ਼ ਲਈ ਸੁਖਾਵਾਂ ਮਾਹੌਲ ਬਣਾਉਣਾ ਪਵੇਗਾ। ਆਰਥਿਕਤਾ ਦੇ ਤਿੰਨਾਂ ਖੇਤਰਾਂ (ਖੇਤੀ, ਉਦਯੋਗ, ਸੇਵਾਵਾਂ) ਵਿਚ ਨਿਵੇਸ਼ ਵਧਾਉਣਾ ਪਵੇਗਾ। ਖੇਤੀ ਅਤੇ ਉਦਯੋਗਿਕ ਖੇਤਰਾਂ ਵਿਚਕਾਰ ਢੁਕਵਾਂ ਤਾਲਮੇਲ ਸਥਾਪਤ ਕਰਨਾ ਹੋਵੇਗਾ। ਪੇਂਡੂ ਖੇਤਰ ਵਿਚ ਗੈਰ-ਖੇਤੀ ਖੇਤਰ ਨੂੰ ਵੀ ਵਿਕਸਤ ਕਰਨਾ ਹੋਵੇਗਾ ਅਤੇ ਗੈਰ-ਸੰਗਠਤ ਖੇਤਰ ਵਿਚ ਰੁਜ਼ਗਾਰ ਦਾ ਮਿਆਰ ਵੀ ਸੁਧਾਰਨਾ ਹੋਵੇਗਾ। ਖੇਤੀ ਆਧਾਰਿਤ ਸਨਅਤਾਂ ਨੂੰ ਤਰਜੀਹ ਦੇਣੀ ਪਵੇਗੀ। ਵੱਡੀਆਂ ਅਤੇ ਮਧਿਅਮ ਉਦਯੋਗਿਕ ਇਕਾਈਆਂ ਦੇ ਵਿਕਾਸ ਦੇ ਨਾਲ ਨਾਲ ਲਘੂ ਅਤੇ ਛੋਟੀਆਂ ਉਦਯੋਗਿਕ ਇਕਾਈਆਂ ਦੇ ਵਿਕਾਸ ਵੱਲ ਵਿਸ਼ੇਸ਼ ਧਿਆਨ ਦੇਣਾ ਪਵੇਗਾ। ਪੰਜਾਬ ਵਿਚ 14.65 ਲੱਖ ਲਘੂ ਅਤੇ ਛੋਟੀਆਂ (14.56 ਲੱਖ ਲਘੂ) ਉਦਯੋਗਿਕ ਇਕਾਈਆਂ ਹਨ ਜੋ ਤਕਰੀਬਨ 30 ਲੱਖ ਕਿਰਤੀਆਂ ਨੂੰ ਰੁਜ਼ਗਾਰ ਦੇ ਰਹੀਆਂ ਹਨ। ਲਘੂ ਅਤੇ ਛੋਟੀਆਂ ਇਕਾਈਆਂ ਦੀਆਂ ਦੋ-ਤਿੰਨ ਮੁੱਖ ਸਮੱਸਿਆਵਾਂ ਹਨ। ਇਕ, ਵਿੱਤੀ ਸਾਧਨਾਂ ਦੀ ਘਾਟ, ਦੋ, ਤਕਨੀਕੀ ਨਵੀਨੀਕਰਨ ਨਾ ਹੋਣਾ ਜਾਂ ਬਹੁਤ ਸੀਮਤ ਜਿਹੇ ਢੰਗ ਨਾਲ ਹੋਣਾ, ਤਿੰਨ, ਢੁਕਵੇਂ ਤੇ ਲੋੜੀਂਦੇ ਹੁਨਰਮੰਦਾਂ ਦੀ ਘਾਟ। ਜੇ ਨਵੀਂ ਸਰਕਾਰ ਅਜਿਹੀਆਂ ਸਮੱਸਿਆਵਾਂ ਦਾ ਹੱਲ ਕੱਢੇ ਤਾਂ ਨਾ ਕੇਵਲ ਵਿਕਾਸ ਸਗੋਂ ਰੁਜ਼ਗਾਰ ਵਿਚ ਵੀ ਵਾਧਾ ਹੋਵੇਗਾ।

ਇਸ ਤੋਂ ਇਲਾਵਾ ਬਹੁਤ ਸਾਰੀਆਂ ਕੇਂਦਰੀ ਸਕੀਮਾਂ ਹਨ ਜੋ ਪੰਜਾਬ ਦੇ ਵਿਕਾਸ ਤੇ ਰੁਜ਼ਗਾਰ ਵਿਚ ਅਹਿਮ ਯੋਗਦਾਨ ਪਾ ਸਕਦੀਆਂ ਹਨ ਪਰ ਪੰਜਾਬ ਦੇ ਵਿੱਤੀ ਸਕੰਟ ਕਾਰਨ (ਸਿਆਸੀ ਤੇ ਪ੍ਰਸ਼ਾਸਕੀ ਇੱਛਾ ਸ਼ਕਤੀ ਦੀ ਘਾਟ ਕਾਰਨ) ਸਰਕਾਰ ਆਪਣਾ ਨਿਗੂਣਾ ਜਿਹਾ ਵਿੱਤੀ ਹਿੱਸਾ ਪਾਉਣ ਤੋਂ ਅਸਮਰਥ ਹੈ, ਮਸਲਨ, ਮਗਨਰੇਗਾ ਅਜਿਹੀ ਸਕੀਮ ਹੈ ਜਿਸ ਦਾ ਪੰਜਾਬ ਸਰਕਾਰ ਇਕ ਰੁਪਏ ਵਿਚੋਂ ਕੇਵਲ 10 ਪੈਸੇ ਨਾ ਪਾਉਣ ਹੱਥੋਂ ਹੀ ਪੂਰਾ ਲਾਭ ਨਹੀਂ ਉਠਾ ਰਹੀ। ਜੇ ਇਸ ਸਕੀਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਵੇ ਤਾਂ ਹਰ ਸਾਲ ਤਕਰੀਬਨ 13 ਲੱਖ ਮਨੁੱਖੀ ਦਿਨਾਂ ਦਾ ਵਾਧੂ ਰੁਜ਼ਗਾਰ ਪੈਦਾ ਕੀਤਾ ਜਾ ਸਕਦਾ ਹੈ। ਇਸ ਲਈ ਪੰਜਾਬ ਸਰਕਾਰ ਨੂੰ ਕੇਵਲ 551 ਕਰੋੜ ਰੁਪਏ ਸਾਲਾਨਾ ਹੋਰ ਖਰਚਣੇ ਪੈਣਗੇ ਅਤੇ ਉਹ ਵੀ ਜੀਐੱਸਟੀ ਦੇ ਰੂਪ ਵਿਚ ਵਾਪਸ ਸਰਕਾਰੀ ਖਜ਼ਾਨੇ ਵਿਚ ਆ ਜਾਣਗੇ। ਇਹੀ ਨਹੀਂ, ਅਸੀਂ ਮਗਨਰੇਗਾ ਰਾਹੀਂ ਹਰ ਸਾਲ ਤਕਰੀਬਨ 10000 ਕਰੋੜ ਰੁਪਏ ਕੇਂਦਰ ਸਰਕਾਰ ਤੋਂ ਲਿਆ ਸਕਦੇ ਹਾਂ। ਮਗਨਰੇਗਾ ਤਹਿਤ ਅਸੀਂ ਸੀਮਾਂਤ ਅਤੇ ਛੋਟੇ ਕਿਸਾਨਾਂ ਨੂੰ ਵੀ ਫਾਇਦਾ ਪਹੁੰਚਾ ਸਕਦੇ ਹਾਂ।

ਵਿੱਤੀ ਸੰਕਟ ਦਾ ਹੱਲ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਨਾਲ ਬਹੁਤ ਸਾਰੇ ਹੋਰ ਮਸਲਿਆਂ (ਸਿਹਤ, ਸਿੱਖਿਆ ਆਦਿ) ਦਾ ਹੱਲ ਸੌਖਾ ਹੋ ਜਾਵੇਗਾ। ਪਹਿਲੀਆਂ ਸਰਕਾਰਾਂ ਵਾਂਗ ਓਹੜ-ਪੋਹੜ ਰਾਹੀਂ ਵਕਤ ਟਪਾਉਣ ਦੀ ਬਜਾਇ ਯੋਜਨਾਬੱਧ ਤਰੀਕੇ ਨਾਲ ਪੰਜਾਬ ਦੇ ਸਮੁੱਚੇ ਵਿਕਾਸ ਪ੍ਰਤੀ ਸੁਹਿਰਦ ਯਤਨਾਂ ਦੀ ਲੋੜ ਹੈ। ਪੰਜ ਸਾਲਾ ਰੋਡਮੈਪ ਤਿਆਰ ਕਰਕੇ ਉਸ ਦੇ ਵੱਖ ਵੱਖ ਦਿਸਹੱਦੇ ਤੈਅ ਕਰਕੇ ਦ੍ਰਿੜ ਇਰਾਦੇ ਨਾਲ ਅੱਗੇ ਵਧਣ ਦੀ ਲੋੜ ਹੈ। ਨਵੀਂ ਸਰਕਾਰ ਨੂੰ ਲੋਕ-ਪੱਖੀ ਨੀਤੀਆਂ ਬਣਾ ਕੇ ਦ੍ਰਿੜਤਾ ਤੇ ਦਲੇਰੀ ਨਾਲ ਬੁਨਿਆਦੀ ਮਸਲਿਆਂ ਦਾ ਹੱਲ ਕੱਢਣ ਵੱਲ ਤੁਰਨਾ ਚਾਹੀਦਾ ਹੈ।



# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035